**Reo-Bankowned Properties**
From Sanjose to Sacramento
Call Master of Winners in Multiple Offers
510-304-9292

JASSI GILL
Broker/Owner
GOLDEN STATE REALTY

SELLING MOTELS IS OUR ONLY BUSINESS

Jas Randhawa
510.406.5056
**Howard Johnson Louisiana**
41 Units, Interior Corridor
I-10 Exit Location
Asking $2,850,000
Seller Financing

Bob Seth
408.807.9784
INDUS VALLEY INVESTMENTS

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
**Kuldip Singh Dhariwal**
Attorney At Law
Tel: (510) 744-1280
Fax: (510) 744-4192

ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Tenth Year in Publication
ਕੈਲੇਫੋਰਨੀਆ ਐਡੀਸ਼ਨ Price 50¢
ਸ਼ਿਕਾਗੋ ਅਤੇ ਸਾਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 10, Issue 21, 23 May, 2009 — 20451 N Plum Grove Rd. Palatine, IL 60074 — Ph:847-359-0746, Fax:847-705-9388


## ਡਾ. ਮਨਮੋਹਨ ਸਿੰਘ ਦੂਜੀ ਪਾਰੀ ਲਈ ਤਿਆਰ

**ਬਿੰਦਰ ਬਸਰਾ**

ਲੋਕ ਸਭਾ ਚੋਣਾਂ ਦੇ ਤਾਜ਼ਾ ਨਤੀਜੇ ਕਰੀਬ ਸਾਰੀਆਂ ਰਾਜਨੀਤਕ ਪਾਰਟੀਆਂ ਲਈ ਅਣਕਿਆਸੇ ਰਹੇ ਹਨ। ਸਭ ਤੋਂ ਵੱਡੀ ਪਾਰਟੀ ਦੇ ਰੂਪ 'ਚ ਉਭਰੀ ਕਾਂਗਰਸ ਨੂੰ ਵੀ ਸ਼ਾਇਦ ਏਨੀ ਵੱਡੀ ਜਿੱਤ ਦੀ ਆਸ ਨਹੀਂ ਸੀ, ਜਦਕਿ ਭਾਜਪਾ ਤੇ ਉਸ ਦੀਆਂ ਸਹਿਯੋਗੀ ਪਾਰਟੀਆਂ ਵੱਡੀ ਉਮੀਦ ਲਾਈ ਬੈਠੀਆਂ ਹਨ। ਤੀਜਾ ਮੋਰਚਾ ਖਾਸ ਕਰਕੇ ਖੱਬੇਪੱਖੀਆਂ ਦੀ ਆਸ 'ਤੇ ਪਾਣੀ ਫਿਰ ਗਿਆ ਜਦਕਿ ਲਾਲੂ ਪ੍ਰਸਾਦ ਯਾਦਵ ਅਤੇ ਰਾਮ ਵਿਲਾਸ ਪਾਸਵਾਨ ਕਾਂਗਰਸ ਨੂੰ ਔਕਾਤ ਦਿਖਾਉਂਦੇ ਖ਼ੁਦ ਹਵਾ 'ਚ ਲਟਕ ਗਏ। ਚੋਣ ਨਤੀਜਿਆਂ ਨੇ ਜਿਥੇ ਕਾਂਗਰਸ ਅਤੇ ਯੂ.ਪੀ.ਏ. ਨੂੰ ਇਕ ਵਧੀਆ ਮੌਕਾ ਦਿੱਤਾ ਹੈ, ਉਥੇ ਵੱਡੀ ਚੁਣੌਤੀ ਵੀ ਦਿੱਤੀ ਹੈ ਕਿ ਉਹ ਵੋਟਰਾਂ ਦੀਆਂ ਆਸਾਂ 'ਤੇ ਕਿਵੇਂ ਪੂਰਾ ਉਤਰਨਗੇ।

ਕਾਂਗਰਸ ਪਾਰਲੀਮਾਨੀ ਬੋਰਡ ਵਲੋਂ ਨਾਮਜ਼ਦ ਕੀਤੇ ਜਾਣ ਉਪਰੰਤ ਡਾ. ਮਨਮੋਹਨ ਸਿੰਘ ਦਾ ਪ੍ਰਧਾਨ ਮੰਤਰੀ ਬਣਨਾ ਤੈਅ ਹੈ ਅਤੇ



*ਪ੍ਰਧਾਨ ਮੰਤਰੀ ਨਾਮਜ਼ਦ ਕੀਤੇ ਜਾਣ ਉਪਰੰਤ ਡਾ. ਮਨਮੋਹਨ ਸਿੰਘ ਕਾਂਗਰਸੀ ਪਾਰਲੀਮਾਨੀ ਬੋਰਡ ਦੀ ਚੇਅਰਪਰਸਨ ਸੋਨੀਆਂ ਗਾਂਧੀ ਤੋਂ ਵਧਾਈ ਕਬੂਲਦੇ ਹੋਏ*

ਉਨ੍ਹਾਂ ਨੇ ਰਾਸ਼ਟਰਪਤੀ ਨਾਲ ਮੁਲਾਕਾਤ ਤੋਂ ਬਾਅਦ ਬੀਤੀ 18 ਮਈ ਨੂੰ ਪੁਰਾਣੀ ਪਾਰਲੀਮੈਂਟ ਭੰਗ ਕਰ ਦਿੱਤੀ। ਇਹ ਪਰਚਾ ਪਾਠਕਾਂ ਦੇ ਹੱਥਾਂ ਵਿਚ ਪਹੁੰਚਣ ਤੱਕ ਸ਼ਾਇਦ ਡਾ. ਮਨਮੋਹਨ ਸਿੰਘ ਨੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕ ਵੀ ਲਈ ਹੋਵੇਗੀ। ਇਹ ਵੀ ਕਿਹਾ ਜਾ ਰਿਹਾ ਹੈ ਕਿ ਕਾਂਗਰਸ ਦੀ ਐਡੀ ਭਾਰੀ ਜਿੱਤ ਪਿਛੇ ਡਾ. ਮਨਮੋਹਨ ਸਿੰਘ ਦਾ ਸਾਫ ਸੁਥਰੇ ਪ੍ਰਸ਼ਾਸਕ ਦਾ ਅਕਸ ਬਹੁਤ ਹੱਦ ਤੱਕ ਜ਼ਿੰਮੇਵਾਰ ਹੈ। ਕਾਂਗਰਸ ਨੇ ਆਪਣੇ ਭਾਈਵਾਲਾਂ ਦੇ ਸਬੰਧ ਵਿਚ ਦੂਜੀਆਂ ਸੈਕੂਲਰ ਪਾਰਟੀਆਂ ਨੂੰ ਆਪਣੀ ਪੁਜ਼ੀਸ਼ਨ ਬਿਲਕੁਲ ਸਪੱਸ਼ਟ ਕਰ ਦਿੱਤੀ ਹੈ। ਕਾਂਗਰਸ ਦਾ ਆਖਣਾ ਹੈ ਕਿ ਉਹ ਸਰਕਾਰ ਦੇ ਸਬੰਧ ਵਿਚ ਚੋਣਾਂ ਤੋਂ ਪਹਿਲਾਂ ਯੂ.ਪੀ.ਏ. ਨਾਲ ਜੁੜੇ ਰਹੇ ਆਪਣੇ ਭਾਈਵਾਲਾਂ ਨਾਲ ਹੀ ਕੋਈ ਲੈਣ-ਦੇਣ ਕਰੇਗੀ।

ਕਾਂਗਰਸ ਵਲੋਂ ਦਿੱਤੇ ਗਏ ਇਸ ਬਿਆਨ ਤੋਂ ਬਾਅਦ ਲਾਲੂ ਪ੍ਰਸਾਦ ਯਾਦਵ ਅਤੇ ਮੁਲਾਇਮ ਸਿੰਘ ਯਾਦਵ ਢਿੱਲਾ ਜਿਹਾ ਮੂੰਹ ਬਣਾ ਕੇ ਦਿੱਲੀਓਂ

*(ਬਾਕੀ ਸਫਾ 6 ਉਤੇ)*

## ਲਿੱਟੇ ਮੁਖੀ ਪ੍ਰਭਾਕਰਨ ਫੌਜੀ ਕਾਰਵਾਈ ਵਿਚ ਹਲਾਕ

**ਕੋਲੰਬੋ:** ਫੌਜ ਦੇ ਘੇਰੇ ਵਿਚੋਂ ਬਚ ਨਿਕਲਣ ਦੀ ਕੋਸ਼ਿਸ਼ ਕਰਦਿਆਂ ਲਿੱਟੇ ਮੁੱਖੀ ਵੇਲੂਪਿੱਲੈ ਪ੍ਰਭਾਕਰਨ ਲੰਘੀ 18 ਮਈ ਨੂੰ ਸ੍ਰੀਲੰਕਾ ਦੇ ਵਿਸ਼ੇਸ਼ ਫੌਜੀ ਦਸਤਿਆਂ ਦੀ ਗੋਲੀ ਦਾ ਸ਼ਿਕਾਰ ਹੋ ਗਿਆ।

ਫੌਜ ਦੇ ਬੁਲਾਰੇ ਨੇ ਦੱਸਿਆ ਕਿ ਪ੍ਰਭਾਕਰਨ ਅਤੇ ਉਸ ਦੇ ਦੋ ਖਾਸ ਸਹਿਯੋਗੀਆਂ ਨੇ ਆਪਣੀ



ਆਖਰੀ ਛੁਪਣਗਾਹ ਤੋਂ ਇਕ ਵੈਨ ਅਤੇ ਇਕ ਐਂਬੂਲੈਂਸ ਰਾਹੀਂ ਜੰਗ ਵਾਲੇ ਖੇਤਰ ਵਿਚੋਂ ਬਾਹਰ ਨਿਕਲਣ ਦਾ ਯਤਨ ਕੀਤਾ, ਪਰ ਮਾਰੇ ਗਏ। ਹਾਲਾਂਕਿ ਸਰਕਾਰੀ ਤੌਰ 'ਤੇ ਇਸ ਦੀ ਪੁਸ਼ਟੀ ਲਾਸ਼ਾਂ ਦੇ ਡੀ.ਐਨ.ਏ. ਟੈਸਟ ਤੋਂ ਬਾਅਦ ਹੀ ਕੀਤੀ ਜਾਵੇਗੀ। ਟਾਈਗਰ ਮੁਖੀ ਨਾਲ ਜਿਹੜੇ ਦੋ ਹੋਰ ਵਿਅਕਤੀ ਮਾਰੇ ਗਏ ਹਨ, ਭਾਵੇਂ ਹਾਲੇ ਉਨ੍ਹਾਂ ਦੀ ਪਛਾਣ ਨਹੀਂ ਹੋਈ, ਪਰ ਮੰਨਿਆ ਜਾ ਰਿਹਾ ਹੈ ਕਿ ਇਨ੍ਹਾਂ ਵਿਚੋਂ ਇਕ ਲਿੱਟੇ ਦੇ ਖੁਫੀਆ ਵਿੰਗ ਦਾ ਮੁਖੀ ਪੋਟੂ ਅਮਾਨ ਅਤੇ ਦੂਜਾ ਸਮੁੰਦਰੀ

*(ਬਾਕੀ ਸਫਾ 23 ਉਤੇ)*

## ਮਾਲਵੇ 'ਚ ਕੈਪਟਨ ਦੇ ਪੈਰ ਹਿੱਲੇ, ਦੁਆਬਾ ਕਾਂਗਰਸ ਵਲ ਮੁੜਿਆ

**ਜਸਵੀਰ ਸਿੰਘ ਸ਼ੀਰੀ**

ਕਾਂਗਰਸ ਪਾਰਟੀ ਅਤੇ ਯੂ.ਪੀ.ਏ. ਦੀ ਵੱਡੀ ਜਿੱਤ ਕਾਰਨ ਬਾਗੋ ਬਾਗ ਹੋਏ ਕਾਂਗਰਸ ਦੇ ਹਮਾਇਤੀ ਜ਼ਿਆਦਾ ਬੁੱਧੀਜੀਵੀ ਇਸ ਚੋਣ ਫਤਵੇ ਨੂੰ ਮੁੱਖ ਰੂਪ ਵਿਚ ਖੇਤਰੀ ਪਾਰਟੀਆਂ ਦੇ ਖਾਤਮੇ, ਲੋਕਾਂ ਦੇ ਕੌਮੀ ਪਾਰਟੀਆਂ ਵਲ ਮੋੜੇ ਦਾ ਆਗਾਜ਼ ਕਹਿ ਰਹੇ ਹਨ। ਭਵਿੱਖ ਦੀ ਬੁੱਕਲ ਵਿਚ ਕੀ ਛੁਪਿਆ ਹੈ, ਇਸ ਬਾਰੇ ਹੁਣੇ ਤੋਂ ਤਾਂ ਬਹੁਤਾ ਕੁਝ ਨਹੀਂ ਕਿਹਾ ਜਾ ਸਕਦਾ ਪਰ ਇਨ੍ਹਾਂ ਲੋਕ ਸਭਾ ਚੋਣਾਂ ਤੋਂ ਜਿਹੜੇ ਰੁਝਾਨ ਮਿਲੇ ਹਨ, ਉਨ੍ਹਾਂ ਤੋਂ ਅੰਦਾਜ਼ੇ ਅਤੇ ਕਿਆਸ ਹੀ ਲਗਾਏ ਜਾ ਸਕਦੇ ਹਨ। ਇਨ੍ਹਾਂ ਅੰਦਾਜ਼ਿਆਂ ਦੇ ਵੀ 30-35 ਫੀਸਦੀ ਗਲਤ ਹੋਣ ਦੀਆਂ ਸੰਭਾਵਨਾਵਾਂ ਬਣੀਆਂ ਰਹਿੰਦੀਆਂ ਹਨ। ਜਿਵੇਂ ਇਸ ਵਾਰ ਦੀਆਂ ਲੋਕ ਸਭਾ ਚੋਣਾਂ ਸਮੇਂ ਸਾਡੇ ਸਮੇਤ ਤਕਰੀਬਨ ਸਾਰੇ ਚੋਣ ਸਰਵੇਕਾਰਾਂ ਦੇ ਕਿਆਫੇ ਸਾਬਤ ਹੋਏ।

ਚੋਣਾਂ ਦਾ ਗੁੱਭ ਗੁਭਾਟ ਨਿਕਲ ਚੁੱਕਾ ਹੈ। ਕਾਂਗਰਸ ਦੀ ਹਾਈਕਮਾਂਡ ਖੁਸ਼ ਹੈ, ਇਸ ਕਰਕੇ ਵੀ ਕਿ ਉਹ ਇਕੱਲਿਆਂ ਇਨ੍ਹਾਂ ਚੋਣਾਂ ਵਿਚ ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰੀ ਹੈ ਤੇ ਇਸ ਕਰਕੇ ਵੀ ਕਿ ਜਦੋਂ ਉਸ ਦੀ ਅਗਵਾਈ ਵਾਲਾ ਯੂ.ਪੀ.ਏ. ਇਕ ਵਾਰ ਫਿਰ ਕੇਂਦਰ ਵਿਚ ਸੱਤਾ ਸੰਭਾਲਣ ਦੀ ਕੋਸ਼ਿਸ਼ ਕਰ ਰਿਹਾ ਹੈ ਤਾਂ ਸ੍ਰੀਲੰਕਾ ਸਰਕਾਰ ਅਤੇ ਫੌਜ ਨੇ ਲਿੱਟੇ ਮੁਖੀ ਪ੍ਰਭਾਕਰਨ ਦੇ ਮਾਰੇ ਜਾਣ ਅਤੇ ਇਸ ਅੰਦੋਲਨ ਦੇ ਖਾਤਮੇ ਦੀ ਖ਼ਬਰ ਜਾਰੀ ਕਰ ਦਿੱਤੀ ਹੈ। ਰਾਜੀਵ ਗਾਂਧੀ ਨੂੰ ਕਈ ਸਾਲ ਪਹਿਲਾਂ ਆਤਮਘਾਤੀ ਬੰਬ ਨਾਲ ਉਡਾਉਣ ਲਈ ਮੁੱਖ ਰੂਪ ਵਿਚ ਜ਼ਿੰਮੇਵਾਰ ਵੀ. ਪ੍ਰਭਾਕਰਨ ਦੇ ਮਾਰੇ ਜਾਣ ਦੀ ਖ਼ਬਰ ਨਾਲ ਕਾਂਗਰਸ ਹਾਈਕਮਾਂਡ ਅਤੇ ਮਰਹੂਮ ਪ੍ਰਧਾਨ ਮੰਤਰੀ ਦੇ ਪਰਿਵਾਰ ਦੀ ਖੁਸ਼ੀ ਲਾਜ਼ਮੀ ਦੁਗਣੀ ਹੋ ਰਹੀ ਹੋਵੇਗੀ।

ਪੰਜਾਬ ਵਿਚ ਹੋਈ ਲੋਕ ਸਭਾ ਚੋਣ ਬਾਰੇ ਸਮੁੱਚੇ ਰੂਪ ਵਿਚ ਸਾਡੀ ਰਾਏ ਇਹ ਸੀ ਕਿ ਪੰਜਾਬ ਦਾ ਸ਼ਹਿਰੀ ਹਿੰਦੂ ਅਤੇ ਦਲਿਤ ਵੋਟਰ ਇਸ ਵਾਰ ਅਕਾਲੀ ਭਾਜਪਾ ਗਠਜੋੜ ਦੇ ਉਲਟ ਭੁਗਤ ਰਿਹਾ ਹੈ, ਵੋਟਰ ਦੇ ਸਮੂਹਕ ਰੁਝਾਨ ਸਬੰਧੀ ਸਾਡੀ ਇਹ ਭਵਿੱਖਬਾਣੀ ਪੰਜਾਬ ਦੀਆਂ ਲੋਕ ਸਭਾ ਸੀਟਾਂ ਦੇ ਨਤੀਜਿਆਂ ਨੇ ਸਹੀ ਸਾਬਤ ਕੀਤੀ ਹੈ। ਪਿਛਲੀ

*(ਬਾਕੀ ਸਫਾ 6 ਉਤੇ)*


ਕਾਰ, ਘਰ, ਜੀਵਨ ਤੇ ਬਿਜਨਸ

ਵਾਜਬ ਭਾਅ 'ਤੇ ਬੀਮੇ ਦੀਆਂ ਆਪਣੀਆਂ ਸਭ ਲੋੜਾਂ ਲਈ ਕਾਲ ਕਰੋ
Truck Insurance
Liquor Store/Gas Stations
Workers Compensation
Manjit Gill
Prisident
CA Lic#OB23990
Civil Service Employees
CSE Insurance Group
**Gill Financial & Insurance Services**
510-415-2368
209-524-4008
www.gillfinancial.com

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Wholesale and Retail
Raja Indian Cuisine & Bar
Ph: 510-264-9300
1275 W Winton Ave
Hayward, CA 94545
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of Manpreet S. Gahra

Manpreet S.Gahra
Attorney At Law
*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com



15th Punjabi American Festival
May 24, 2009 Yuba-Sutter Fairgrounds
OVER 50 BOOTHS OF FESTIVAL VENDORS FEATURE:
Arts & Crafts, Traditional Clothing, Children's Games, Punjabi Cuisine, Mehndi Jewelry, Henna Tatoos and More!
PERFORMANCES
This year's festival will highlight performances by internationally acclaimed performance artists:
Ravider Grewal
Davinder Deol
Harinder Sandhu
Rana Ranbir
Gurlej Akhtar
Jelly
And ... fantastic local and regional Punjabi dancers and singers.
TICKETS
Purchase tickets online at
www.punjabiamericanheritagesociety.org
or at any Punjabi store in Yuba City
Ravinder Grewal, Davinder Deol, Harinder Sandhu, Rana Ranbir, Gurlej Akhtar, Jelly
comcast
ZEE TV

# ਨੌਜਵਾਨ ਅਤੇ ਅਨੁਭਵੀ ਆਗੂਆਂ ਦਾ ਸੁਮੇਲ ਹੈ ਨਵੀਂ ਸੰਸਦ

**ਨਵੀਂ ਦਿੱਲੀ:** ਨਵੀਂ ਲੋਕ ਸਭਾ ਨੌਜਵਾਨ ਅਤੇ ਅਨੁਭਵੀ, ਦੋਨਾਂ ਕਿਸਮ ਦੇ ਸੰਸਦ ਮੈਂਬਰਾਂ ਦਾ ਮਿਲਗੋਭਾ ਹੈ। 15ਵੀਂ ਲੋਕ ਸਭਾ ਵਿਚ 25 ਤੋਂ 40 ਸਾਲ ਉਮਰ ਵਰਗ ਦੇ 79 ਸੰਸਦ ਮੈਂਬਰ ਚੁਣ ਕੇ ਆਏ ਹਨ। ਇਨਾਂ ਵਿਚੋਂ ਸਭ ਤੋਂ ਜਿਆਦਾ ਕਾਂਗਰਸ ਦੇ ਹਨ। ਯਾਦ ਰਹੇ ਪਿਛਲੀ ਲੋਕ ਸਭਾ ਵਿਚ ਇਸ ਉਮਰ ਵਰਗ ਦੇ ਸਾਂਸਦਾਂ ਦੀ ਗਿਣਤੀ ਇਸਤੋਂ ਅਧੇ ਤੋਂ ਵੀ ਘੱਟ, 34 ਸੀ।

ਸੰਕੇਤ ਸਾਫ ਹੈ, ਨੌਜਵਾਨਾਂ ਨੂੰ ਦੇਸ਼ ਦੀ ਅਗਵਾਈ ਲਈ ਵੀ ਜਿਆਦਾ ਤਰਜ਼ੀਹ ਦਿੱਤੀ ਗਈ ਹੈ। ਕੁਲ 71.40 ਕਰੋੜ ਮਤਦਾਤਾਵਾਂ ਵਿਚੋਂ ਇਸ ਬਾਰ 4.30 ਕਰੋੜ ਨਵੇਂ ਜੁੜੇ ਸਨ। ਯਾਨੀ ਇਨ੍ਹਾਂ ਨੇ ਪਹਿਲੀ ਬਾਰ ਵੋਟਾਂ ਵਿਚ ਹਿੱਸਾ ਲਿਆ ਹੈ। ਚੋਣ ਮਾਹਿਰਾਂ ਅਨੁਸਾਰ ਰਾਹੁਲ ਗਾਂਧੀ ਦੇ ਆਕਰਸ਼ਣ ਵਿਚ ਨੌਜਵਾਨਾਂ ਦੇ ਜਿਆਦਾ ਵੋਟ ਕਾਂਗਰਸ ਨੂੰ ਮਿਲੇ ਹਨ। ਹੁਣ ਤੱਕ ਸਤਵੀਂ ਲੋਕਸਭਾ ਵਿਚ ਇਸ ਉਮਰ ਵਰਗ ਦੇ ਸਭ ਤੋਂ ਜ਼ਿਆਦਾ, 114 ਸਾਂਸਦ ਚੁਣ ਕੇ ਆਏ ਸਨ।

15ਵੀਂ ਲੋਕ ਸਭਾ ਦੇ ਸਾਂਸਦਾਂ ਦੀ ਔਸਤ ਉਮਰ 53.03 ਸਾਲ ਹੈ। 13ਵੀਂ ਲੋਕ ਸਭਾ ਦੇ ਸਾਂਸਦਾ ਦੀ ਔਸਤ ਉਮਰ ਨਾਲ ਤੁਲਨਾ ਕਰੀਏ ਤਾਂ ਇਸ ਬਾਰ ਇਸ ਵਿਚ 2.2 ਸਾਲ ਦੀ ਕਮੀ ਆਈ ਹੈ ਜੋ ਸਕਾਰਤਮਕ ਸੰਕੇਤ ਹਨ। ਹਾਲਾਂਕਿ ਪਹਿਲੀ ਲੋਕਸਭਾ ਦੇ ਮੈਂਬਰਾਂ ਦੀ ਔਸਤ ਉਮਰ ਹੁਣ ਤੱਕ ਦੀ ਸਭ ਤੋਂ ਘੱਟ 46.5 ਸਾਲ ਸੀ। ਦੇਸ਼ਾਂ ਦੇ ਸਦਨਾਂ ਤੇ ਨਜ਼ਰ ਮਾਰੀਏ ਤਾਂ ਕਰੀਬ-ਕਰੀਬ ਸਥਿਤੀ ਇਕੋ ਜਿਹੀ ਨਜ਼ਰ ਆਉਂਦੀ ਹੈ। ਵਿਸ਼ਵ ਪੱਧਰ 'ਤੇ ਨਜ਼ਰ ਮਾਰੀਏ ਤਾਂ ਬ੍ਰਿਟੇਨ ਦੇ ਨਿਚਲੇ ਸਦਨ, ਹਾਉਸ ਆਫ ਕਾਮਨਸ ਦੇ ਮੈਂਬਰਾਂ ਦੀ ਔਸਤ ਉਮਰ 50.6 ਸਾਲ ਹੈ ਤੇ ਜਾਪਾਨ ਦੇ ਸਾਂਸਦਾਂ ਦੀ ਔਸਤ ਉਮਰ 52.3 ਸਾਲ ਹੈ।

15ਵੀਂ ਲੋਕਸਭਾ ਵਿਚ ਜੇਕਰ 79 ਨੌਜਵਾਨ ਸਾਂਸਦ ਹਨ ਤਾਂ 36 ਇਹੋ ਜਿਹੇ ਹਨ, ਜੋ 70 ਸਾਲ ਜਾਂ ਇਸ ਤੋਂ ਜਿਆਦਾ ਉਮਰ ਦੇ ਹਨ। ਯਾਨੀ ਉਮਰ ਅਤੇ ਅਨੁਭਵ ਦਾ ਬੇਹਤਰੀਨ ਸੁਮੇਲ ਦੇਖਣ ਨੂੰ ਮਿਲੇਗਾ। ਭ ਤੋਂ ਬਜੁਰਗ ਮੈਂਬਰ ਰਾਮਸੁੰਦਰ ਦਾਸ (88) ਹਨ, ਜੋ ਬਿਹਾਰ ਦੇ ਹਾਜੀਪੁਰ ਤੋਂ ਰਾਮਵਿਲਾਸ ਪਾਸਵਾਨ ਨੂੰ ਹਰਾ ਕੇ ਲੋਕ ਸਭਾ ਵਿਚ ਪਹੁੰਚੇ ਹਨ।

ਇਸ ਚੋਣ ਵਿਚ ਨੌਜਵਾਨ ਕਾਰਡ ਵੀ ਖੂਬ ਚਲਿਆ ਹੈ। 15ਵੀਂ ਲੋਕਸਭਾ ਵਿਚ ਪਹੁੰਚੇ ਨੌਜਵਾਨ ਸਾਂਸਦਾਂ ਦੀ ਲੜੀ 'ਤੇ ਨਜ਼ਰ ਮਾਰੀਏ ਤਾਂ ਇਸ ਮਾਮਲੇ ਵਿਚ ਵੀ ਕਾਂਗਰਸ ਨੇ ਭਾਜਪਾ ਨੂੰ ਤੇ ਬਾਕੀ ਹੋਰ ਦਲਾਂ ਨੂੰ ਪਿੱਛੇ ਛੱਡ ਦਿੱਤਾ ਹੈ। ਕਾਂਗਰਸ ਦੇ ਕਰੀਬ ਤਿੰਨ ਦਰਜਨ ਨੌਜਵਾਨ ਚਿਹਰਿਆਂ ਨੇ ਬਾਜੀ ਮਾਰੀ ਹੈ ਤਾਂ ਭਾਜਪਾ ਦੇ ਕਰੀਬ ਇਕ ਦਰਜਨ ਹੀ ਜਵਾਨ ਸਾਂਸਦ ਚੋਣ ਜਿੱਤੇ ਹਨ। ਕਾਂਗਰਸ ਵਲੋਂ ਪਹਿਲੀ ਬਾਰ ਸੰਸਦ ਦੀ ਚੌਖਟ ਤੇ ਪੈਰ ਰਖਣ ਵਾਲਿਆਂ ਵਿਚੋਂ ਆਂਧਰਾ ਪ੍ਰਦੇਸ਼ ਦੇ ਮੁੱਖਮੰਤਰੀ ਵਾਈ ਐਸ ਆਰ ਰੇਡੀ ਦੇ ਪੁੱਤਰ ਜਗਨਨਾਥ ਰੈਡੀ, ਯੂਥ ਕਾਂਗਰਸ ਪ੍ਰਧਾਨ ਅਸ਼ੋਕ ਤੰਵਰ, ਕਾਂਗਰਸ ਸਕੱਤਰ ਭੰਵਰ ਜਿਤੇਂਦਰ ਸਿੰਘ ਅਤੇ ਮੀਨਾਕਸ਼ੀ ਨਟਰਾਜਨ, ਮਹਾਰਾਸ਼ਟਰ ਕਾਂਗਰਸ ਨੇਤਾ ਨਾਰਾਇਣ ਰਾਣੇ ਦੇ ਪੁੱਤਰ ਨੀਲੇਸ਼ ਰਾਣੇ, ਮੌਸਮ ਬੇਨਜ਼ੀਰ ਨੂਰ ਪ੍ਰਮੁੱਖ ਹਨ। ਇਸਦੇ ਇਲਾਵਾ ਦੂਜੀ ਤੀਜੀ ਬਾਰ ਸੰਸਦ ਪਹੁੰਚਣ ਵਾਲੇ ਨੌਜਵਾਨ ਨੇਤਾਵਾਂ ਵਿਚ ਕਾਂਗਰਸ ਜਰਨਲ ਸਕੱਤਰ ਰਾਹੁਲ ਗਾਂਧੀ, ਜੋਤੀਰਾਦਿਤਯਾ ਸਿੰਧਿਆ, ਸਚਿਨ ਪਾਇਲਟ, ਨਵੀਨ ਜਿੰਦਲ, ਪ੍ਰਿਆ ਦੱਤ, ਮਿਲੰਦ ਦੇਵੜਾ, ਜਿਤਿਨ ਪ੍ਰਸਾਦ, ਦੀਪੇਂਦਰ ਹੁੱਡਾ ਅਤੇ ਸੰਦੀਪ ਦੀਕਸ਼ਤ ਜਿਹੇ ਨੇਤਾ ਹਨ।

ਭਾਜਪਾ ਦੇ ਨਵੇਂ ਨੌਜਵਾਨ ਚਿਹਰੇ ਦੇ ਤੌਰ ਤੇ ਵਰੁਣ ਗਾਂਧੀ ਅਤੇ ਕਰਨਾਟਕ ਦੇ ਮੁੱਖ ਮੰਤਰੀ ਬੀ ਐਸ ਯੇਦਯੁਰੱਪਾ ਦੇ ਬੇਟੇ ਬੀਵਾਏ ਰਾਘਵੇਂਦਰ ਲੋਕਸਭਾ ਵਿਚ ਦਿਖਣਗੇ। ਪ੍ਰੇਮ ਕੁਮਾਰ ਧੂਮਲ ਦੇ ਬੇਟੇ ਅਨੁਰਾਗ ਠਾਕੁਰ, ਵਸੁੰਧਰਾ ਰਾਜੇ ਦੇ ਪੁੱਤਰ ਦੁਸ਼ਯੰਤ ਸਿੰਘ ਦੇ ਨਾਲ ਸ਼ਹਿਨਵਾਜ਼ ਹੁਸੈਨ ਅਤੇ ਰਾਕੇਸ਼ ਸਿੰਘ ਜਿਹੇ ਨੌਜਵਾਨ ਚਿਹਰੇ ਦੁਬਾਰਾ ਸੰਸਦ ਵਿਚ ਪਹੁੰਚੇ ਹਨ। ਇਸ ਸੰਦਰਭ ਵਿਚ ਕਾਂਗਰੇਸ ਦੇ ਇਕ ਰਣਨੀਤਿਕਾਰ ਨੇ ਕਿਹਾ ਕਿ ਆਮ ਚੋਣਾ ਵਿਚ ਯੂਪੀਏ ਦੀ ਜਿੱਤ ਵਿਚ ਰਾਹੁਲ ਗਾਂਧੀ ਦੁਆਰਾ ਯੂਥ ਕਾਂਗਰਸ ਅਤੇ ਐਨ ਐਸ ਯੂਆ ਈ ਦੇ ਆਗੂ ਦੇ ਨਾਤੇ ਦੇਸ਼ ਦੇ ਨੌਜਵਾਨਾਂ ਨੂੰ ਮੌਕਾ ਦੇਣ ਦੀ ਰਣਨੀਤਿ ਕਾਰਗਰ ਸਾਬਿਤ ਹੋਈ।

ਉਨ੍ਹਾਂ ਨੇ ਨਾ ਸਿਰਫ ਮੱਧ ਪ੍ਰਦੇਸ਼, ਰਾਜਸਥਾਨ ਵਿਧਾਨਸਭਾ ਚੋਣ ਦੀ ਤਰਜ਼ ਤੇ ਸੰਸਦੀ ਚੋਣ ਵਿਚ ਨਾ ਸਿਰਫ ਨੌਜਵਾਨਾਂ ਨੂੰ ਮੌਕਾ ਦਿੱਤਾ, ਬਲਿਕ ਉਨ੍ਹਾਂ ਦੇ ਪ੍ਰਚਾਰ ਦੇ ਲਈ ਵਕਤ ਕੱਢਣ ਦੇ ਨਾਲ ਨਾਲ ਪਾਰਟੀ ਵਲੋਂ ਪੂਰਾ ਸਹਿਯੋਗ ਵੀ ਦਿੱਤਾ। ਇਸੇ ਕਾਰਣ ਨਵੇਂ ਨੌਜਵਾਨ ਚਿਹਰਿਆਂ ਮਸਲਨ ਮੀਨਾਕਸ਼ੀ ਨੇ ਮੰਦਸੌਰ ਤੋਂ ਭਾਜਪਾ ਦੇ ਅੱਠ ਬਾਰ ਦੇ ਸਾਂਸਦ ਰਹਿ ਚੁਕੇ ਡਾ. ਲਕਸ਼ਮੀਨਰਾਇਣ ਪਾਂਡੇ ਨੂੰ ਹਾਰ ਦੇ ਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਕਾਂਗਰਸ ਅਤੇ ਭਾਜਪਾ ਨੂੰ ਛੱਡ ਹੋਰ ਰਾਜਨੀਤਿਕ ਦਲਾਂ ਤੇ ਨਜ਼ਰ ਮਾਰੀਏ ਤਾਂ ਇਥੇ ਵੀ ਨੌਜਵਾਨ ਉਮੀਦਵਾਰਾਂ ਨੇ ਸਫਲਤਾ ਦੇ ਝੰਡੇ ਗੱਡੇ ਹਨ। ਹਾਲਾਂਕਿ ਇਨ੍ਹਾਂ ਦੀ ਸਫਲਤਾ ਵਿਚ ਇਨ੍ਹਾਂ ਦੀ ਪਰਿਵਾਰਿਕ ਰਾਜਨੀਤਿਕ ਵਿਰਾਸਤ ਦਾ ਹੀ ਅਹਿਮ ਯੋਗਦਾਨ ਰਿਹਾ ਹੈ।

ਨਵੀਂ ਲੋਕਸਭਾ ਵਿਚ ਪ੍ਰਮੁੱਖ ਹਸਤੀਆਂ ਹੋਣਗੀਆਂ ਯੂਪੀਏ ਦੀ ਮੁੱਖੀ ਸੋਨੀਆ ਗਾਂਧੀ ਉਸਦੇ ਨਾਲ ਹੀ ਉਸਦੇ ਅਨੁਭਵੀ ਲੈਫਟੀਨੈਂਟ ਪ੍ਰਣਬ ਮੁਖਰਜੀ, ਪੀ ਚਿੰਦਬਰਮ, ਕਮਲਨਾਥ, ਕਪਿਲ ਸਿੱਬਲ, ਮੀਰਾ ਕੁਮਾਰ, ਯੂਪੀਏ ਵਿਚ ਮੌਜੂਦ ਗਠਜੋੜ ਦੇ ਭਾਈਵਾਲ ਪ੍ਰਮੁੱਖ ਲੀਡਰ ਸ਼ਰਦ ਪਵਾਰ, ਮਮਤਾ ਬੈਨਰਜੀ, ਦਯਾਨਿਧਿ ਮਾਰਨ, ਅਝਾਗਿਰੀ ਅਤੇ ਫਾਰੁਖ ਅਬਦੁੱਲਾ। ਇਨਾਂ ਤੋਂ ਪਿੱਛੋਂ ਕਾਂਗਰਸ ਪਾਰਟੀ ਦੇ ਨੌਜਵਾਨ ਰਹਿਨੁਮਾ ਰਾਹੁਲ ਗਾਂਧੀ ਆਪਣੇ ਨੌਜਵਾਨ ਬ੍ਰਿਗੇਡ ਨਾਲ ਸ਼ਾਮਿਲ ਹੋਣਗੇ। ਜਿਸ ਵਿੱਚ ਪ੍ਰਮੁੱਖ ਤੌਰ 'ਤੇ ਸਚਿਨ ਪਾਇਲਟ, ਦੀਪੇਂਦਰ ਹੁੱਡਾ, ਜੋਤੀਰਾਦਿਤਿਯਾ ਸਿੰਧੀਆ ਅਤੇ ਪਹਿਲੀ ਵਾਰ ਲੋਕਸਭਾ ਵਿੱਚ ਪਹੁੰਚਣ ਵਾਲੇ ਨਵਰੀਤ ਬਿੱਟੂ, ਵਿਜੇਂਦਰ ਸਿੰਗਲਾ, ਸ਼ਰੂਤੀ ਚੌਧਰੀ ਅਤੇ ਅਸ਼ੋਕ ਤੰਵਰ ਵਿਰੋਧੀ ਧਿਰ ਵਿੱਚ ਬੀਜੇਪੀ ਦੇ ਪ੍ਰਮੁੱਖ ਆਗੂ ਅਤੇ ਵਿਰੋਧੀ ਧਿਰ ਦੇ ਲੋਕਸਭਾ ਵਿੱਚ ਆਗੂ ਸ੍ਰੀ ਲਾਲਕ੍ਰਿਸ਼ਨ ਅਡਵਾਨੀ, ਰਾਜਨਾਥ ਸਿੰਘ, ਜਸਵੰਤ ਸਿੰਘ, ਮੁਰਲੀ ਮਨੋਹਰ ਜੋਸ਼ੀ, ਯਸ਼ਵੰਤ ਸਿਨਹਾ ਅਤੇ ਸੁਸ਼ਮਾ ਸਵਰਾਜ ਲੰਮੇ ਸਮੇਂ ਤੋਂ ਬਾਅਦ ਇਹ ਵੇਖਣਾ ਦਿਲਚਸਪ ਹੋਵੇਗਾ ਕਿ ਸੋਨੀਆ ਗਾਂਧੀ ਅਤੇ ਸੁਸ਼ਮਾ ਸਵਰਾਜ ਆਹਮੋ ਸਾਹਮਣੇ ਬੈਠਣਗੀਆਂ। ਲੋਕਸਭਾ ਵਿਚ ਸਾਬਕਾ ਪ੍ਰਧਾਨ ਮੰਤਰੀ ਐਚ ਡੀ ਦੇਵਗੌੜਾ, ਸਾਬਕਾ ਮੁੱਖ ਮੰਤਰੀ ਭਜਨ ਲਾਲ ਅਤੇ ਵੀਰਭਦਰ ਸਿੰਘ ਜਿਹੇ ਲੀਡਰਾਂ ਤੋਂ ਇਲਾਵਾ ਹੋਰ ਪਾਰਟੀਆਂ ਦੇ ਵੱਡੇ ਲੀਡਰ ਵੀ ਸ਼ਾਮਿਲ ਹੋਣਗੇ।

ਦੂਜੀਆਂ ਪਾਰਟੀਆਂ ਦੇ ਲੀਡਰਾਂ ਵਿਚ ਜਨਤਾ ਦਲ ਯੂਨਾਈਟਡ ਦੇ ਸ਼ਰਦ ਯਾਦਵ, ਰਾਸ਼ਟਰੀ ਜਨਤਾ ਦਲ ਦੇ ਲਾਲੂ ਯਾਦਵ, ਸਮਾਜਵਾਦੀ ਪਾਰਟੀ ਦੇ ਮੁਲਾਇਮ ਸਿੰਘ ਯਾਦਵ, ਰਾਸ਼ਟਰੀ ਲੋਕ ਦਲ ਦੇ ਅਜੀਤ ਸਿੰਘ, ਤਾਮਿਲ ਮਨੀਲਾ ਕਾਂਗਰਸ ਦੇ ਮਮਤਾ ਬੈਨਰਜੀ, ਨੈਸ਼ਨਲ ਕਾਂਗਰਸ ਦੇ ਫਾਰੁਖ ਅਬਦੁੱਲਾ ਜਿਹੇ ਆਗੂ ਸ਼ਾਮਿਲ ਹੋਣਗੇ।

ਇਹ ਜ਼ਿਕਰ ਕਰਨਾ ਵੀ ਇਥੇ ਦਿਲਚਸਪੀ ਤੋਂ ਖਾਲੀ ਨਹੀਂ ਹੋਵੇਗਾ ਕਿ ਇਸ ਲੋਕਸਭਾ ਵਿਚ ਅਜ਼ਾਦੀ ਤੋਂ ਬਾਅਦ ਸਭ ਤੋਂ ਵਧੇਰੇ ਔਰਤਾਂ ਮੈਂਬਰ ਹੋਣਗੀਆਂ। ਜਿਨ੍ਹਾਂ ਦੀਆਂ ਗਿਣਤੀ

*(ਬਾਕੀ ਸਫਾ 23 ਉਤੇ)*

PANNUN THE LAW FIRM
ATTORNEYS & COUNSELLORS
ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ

ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ ਜਾਂ ਤੁਸੀ ਡੀਪੋਰਟ ਹੋ ਰਹੇ ਹੋ?
ਤੁਹਾਡੀ ਸੇਵਾ ਵਿੱਚ ਹਾਜ਼ਰ



ਇੰਮੀਗ੍ਰੇਸ਼ਨ ਲਾਅ
- ਸਿਟੀਜ਼ਨਸ਼ਿਪ ਅਪੀਲਜ਼
- ਰੀਲੀਜਿਅਸ ਵਰਕਰਜ਼
- ਬੋਨਾਫਾਇਡ ਅਸਾਇਲਮ ਪਟੀਸ਼ਨਜ਼

ਡੀਪੋਰਟੇਸ਼ਨ ਕੇਸਿਜ਼
- ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ
- 9th & 2nd ਸਰਕਿਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ

NEW YORK
T 718.672.8000
JACKSON HEIGHTS, NY 11370

CALIFORNIA
T 510.796.9000
39300 CIVIC CENTER DR.
SUITE 170 FREMONT, CA 94538
FREMONT, CA 94538

Real Estate and Loans Under One Roof

We can help you get a loan with as little as 3.5% down.
Interest rates are historic low and to get your dream home or investment property.
Call: Sam Chahal Tel: 916-612-5773

Reo-Bankowned Properties
Serving from Bay Area to Sacramento

*For Buying and Selling Residential, Commercial property and for Loans in Sacramento area*
It's a Great time for Investors and first time buyers to buy their dream home.
ਪਹਿਲੀ ਵਾਰ ਘਰ ਖਰੀਦਣ ਅਤੇ ਇਨਵੈਸਟਮੈਂਟ ਲਈ ਸੁਨਹਿਰੀ ਮੌਕਾ



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

We Help You Buy/Sell Business & Homes

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਪੂਰੀ ਜਾਣਕਾਰੀ ਲਈ ਕਾਲ ਕਰੋ।



Price $119,000
3Bed, 2Bath, 1500 SQFT
Built in 1990 in Sacramento 95828



Sale Price $104,000
3Bed, 2Bath, 1230 SQFT,
Sacramento



Sale Price $369,900
5Bed, 3Bath, 4097 SQFT,
Elk Grove



Sale Price $143,900
3Bed, 2.5Bath, 1736 SQFT,
Sacramento



Sale Price $168,000
3Bed, 2Bath,
Elk Grove



Sale Price $115,900
3Bed, 2Bath,
Sacramento

Golden State Realty
Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ‘ਨੀਲੀਆਂ ਲਾਟਾਂ ਦਾ ਸੇਕ’ ਅਤੇ ‘ਸਮਾਂ ਤੇ ਸੁਪਨੇ’ ਰਿਲੀਜ਼

**ਫਰੀਮਾਂਟ:** ਵਿਸ਼ਵ ਪੰਜਾਬੀ ਸਾਹਿਤ ਅਕਾਡਮੀ (ਵਿਪਸਾਅ) ਕੈਲੀਫੋਰਨੀਆ ਵਲੋਂ ਮਿਲਪੀਟਸ ਲਾਇਰਬਰੇਰੀ ਦੇ ਆਡੀਟੋਰੀਅਮ ਵਿਚ ਕਰਵਾਏ ਸਮਾਗਮ ਦੇ ਪਹਿਲੇ ਪੜਾਅ ਵਿਚ ਕੁਲਵਿੰਦਰ ਦਾ ਗ਼ਜ਼ਲ ਸੰਗ੍ਰਹਿ ‘ਨੀਲੀਆਂ ਲਾਟਾਂ ਦਾ ਸੇਕ’ ਅਤੇ ਭਾਰਤ ਤੋਂ ਆਏ ਮਹਿਮਾਨ ਕਹਾਣੀਕਾਰ ਰਣਜੀਤ ਸਿੰਘ ਭਿੰਡਰ ਦਾ ਕਹਾਣੀ ਸੰਗ੍ਰਹਿ ‘ਸਮਾਂ ਤੇ ਸੁਪਨੇ’ ਰਿਲੀਜ਼ ਕੀਤੇ ਗਏ। ਸਾਹਿਤਕ ਗੋਸ਼ਟੀ ਵਿਚ ਡਾ. ਗੁਰੂਮੇਲ ਸਿੱਧੂ, ਸੁਰਿੰਦਰ ਸੀਰਤ ਅਤੇ ਹਰਜਿੰਦਰ ਕੰਗ ਨੇ ਪਰਚੇ ਪੜ੍ਹੇ। ‘ਨੀਲੀਆਂ ਲਾਟਾਂ ਦਾ ਸੇਕ’ ਨੂੰ ਡਾ. ਵੇਦ ਵੱਟੂਕ ਨੇ ਰਿਲੀਜ਼ ਕੀਤਾ। ਡਾ. ਵੱਟੂਕ ਨੇ ਕੁਲਵਿੰਦਰ ਦੀ ਸ਼ਾਇਰੀ ਦੀ ਪ੍ਰਸ਼ੰਸਾ ਕੀਤੀ।

ਸੁਰਿੰਦਰ ਸੀਰਤ ਨੇ ਕੁਲਵਿੰਦਰ ਨੂੰ ਇਕ ਮੁਕੰਮਲ ਗ਼ਜ਼ਲਗੋ ਮੰਨਦਿਆਂ ਕਿਹਾ ਕੁਲਵਿੰਦਰ ਨੇ ਕਾਇਨਾਤ ਦੇ ਅਨੇਕਾਂ ਸੰਦਰਭਾਂ ਵਿਚੋਂ ਲੰਘਣ ਦੀ ਪ੍ਰਕਿਰਿਆ ਨਿਭਾਈ ਹੈ। ਉਸ ਨੇ ਕਰਮਕਾਂਡਾਂ ਨੂੰ ਆਪਣੀ ਮਾਨਸਿਕਤਾ ਵਿਚ ਹੰਢਾਇਆ ਹੈ। ਕਦੀ ਤਾਂ ਉਸ ਨੇ ਇਕ ਵਹਿੰਦੀ ਨਦੀ ਦਾ ਅਨੁਭਵ ਗ੍ਰਹਿਣ ਕੀਤਾ ਹੈ, ਕਿਤੇ ਉਚ ਪਹਾੜਾਂ ਦੀਆਂ ਚੋਟੀਆਂ ਤੇ ਵਰ੍ਹ ਰਹੇ ਬਰਫ਼ ਦਿਆਂ ਪੋਛਿਆਂ ਦੀ ਛੋਹ ਦਾ ਲੰਮਸ ਮਾਣਿਆ ਹੈ, ਕਿਤੇ ਇਸ ਆਰ ਤੋਂ ਉਸ ਪਾਰ ਦਾ ਸੰਕਲਪ ਸਹੇੜਿਆ ਹੈ। ਸ੍ਰੀ ਸੀਰਤ ਨੇ ਕਿਹਾ ਕਿ ਕੁਲਵਿੰਦਰ ਉਨ੍ਹਾਂ ਪੰਜਾਬੀ ਸ਼ਾਇਰਾਂ ਵਿਚੋਂ ਹੈ ਜਿਨ੍ਹਾਂ ਨੂੰ ਗ਼ਜ਼ਲ ਅਰੂਜ਼ ਉਪਰ ਪੂਰੀ ਪਕੜ ਹਾਸਲ ਹੈ।

ਡਾ. ਗੁਰੂਮੇਲ ਸਿਧੂ ਨੇ ਆਪਣਾ ਪਰਚਾ ਪੜ੍ਹਦਿਆਂ ਕਿਹਾ ਕਿ ਕੁਲਵਿੰਦਰ ਤਲਖ਼ੀਆਂ ਵਿਚੋਂ ਰੰਗੀਨੀਆਂ ਭਾਲਦਾ ਹੈ। ਉਹ ਉਦਾਸ ਭਾਵੀ ਅਤੇ ਕਰੁਣਾਮਈ ਸ਼ਿਅਰਾਂ ਰਾਹੀਂ ਭਾਵਕ ਤਰੰਗ ਪੈਦਾ ਕਰਕੇ ਪਾਠਕਾਂ ਦੇ ਦਿਲਾਂ ਵਿਚ ਉਤੇਜਨਾ ਪੈਦਾ ਕਰਦਾ ਹੈ ਜੋ ਉਨ੍ਹਾਂ ਦੇ ਮਨ ਦੀਆਂ ਗੰਢਾਂ ਖੋਲ੍ਹਣ ਵਿਚ ਸਹਾਈ ਹੁੰਦੀ ਹੈ। ਇਹ ਇਕ ਪ੍ਰਕਾਰ ਨਾਲ ਜੀਵਨ ਦਾ ਕਥਾਰਸਿਸ ਹੈ।

ਹਰਜਿੰਦਰ ਕੰਗ ਨੇ ਆਪਣੇ ਪਰਚੇ ਵਿਚ ਕੁਲਵਿੰਦਰ ਵਲੋਂ ਵਰਤੇ ਗਏ ਪ੍ਰਕ੍ਰਿਤਕ ਬਿੰਬਾਂ ਦਾ ਵਿਸਥਾਰਪੂਰਵਕ ਜਾਇਜ਼ਾ ਲਿਆ। ਸ੍ਰੀ ਕੰਗ ਨੇ ਕਿਹਾ ਕਿ ਭਾਸ਼ਾਈ ਸ਼ਬਦਾਂ ਨੂੰ ਕਵਿਤਾ ਵਿਚ 3 ਰੂਪਾਂ-ਹਕੀਕੀ, ਤਕਨੀਕੀ ਅਤੇ ਮਿਜਾਜ਼ੀ ਵਿਚ ਵਰਤਿਆ ਜਾ ਸਕਦਾ ਹੈ। ਕੁਲਵਿੰਦਰ ਨੇ ਸੂਰਜ ਨੂੰ ਹਕੀਕੀ ਰੂਪ ਵਿਚ ਵਰਤਿਆ ਹੈ। ਜਿਵੇਂ:

ਢਲ ਰਿਹਾ ਸੂਰਜ
ਸਮੁੰਦਰ ਵਿਚ ਨ ਲਹਿ ਜਾਵੇ ਕਿਤੇ।
ਸੰਦਲੀ ਆਥਣ
ਸਦਾ ਵਿਛੜੀ ਨ ਰਹਿ ਜਾਵੇ ਕਿਤੇ।

ਸ੍ਰੀ ਕੰਗ ਨੇ ਕਿਹਾ ਕਿ ਕੁਲਵਿੰਦਰ ਪ੍ਰਕਿਰਤੀ ਨਾਲ ਨੇੜਿਓਂ ਜੁੜਿਆ ਹੋਇਆ ਵਿਅਕਤੀ ਹੈ ਅਤੇ ਉਹ ਆਪਣੇ ਅਲੰਕਾਰ ਅਤੇ ਬਿੰਬ ਏਸੇ ਜ਼ਮੀਨ ‘ਚੋਂ ਚੁਣ ਕੇ ਸ਼ਿਅਰਾਂ ਨੂੰ ਖ਼ੂਬ ਸ਼ਿੰਗਾਰਨਾ ਜਾਣਦਾ ਹੈ।


ਗ਼ਜ਼ਲ ਸੰਗ੍ਰਹਿ ‘ਨੀਲੀਆਂ ਲਾਟਾਂ ਦਾ ਸੇਕ’ ਰਿਲੀਜ਼ ਕਰਦੇ ਡਾ. ਵੇਦ ਵੱਟੂਕ

ਜਗਜੀਤ ਨੌਸ਼ਹਿਰਵੀ ਨੇ ਕਿਤਾਬ ਵਿਚ ਦਰਜ ਕੁਲਵਿੰਦਰ ਦੀ ਰਚਨਾ ਪ੍ਰਕਿਰਿਆ ਬਾਰੇ ਲਿਖੇ ਗਏ ਲੰਮੇ ਲੇਖ ਦੇ ਕੁਝ ਅੰਸ਼ ਸਰੋਤਿਆਂ ਨਾਲ ਸਾਂਝੇ ਕੀਤੇ। ਕਿਤਾਬ ਰਿਲੀਜ਼ ਉਪਰੰਤ ਕੁਲਵਿੰਦਰ ਨੇ ਕੁਝ ਸ਼ੇਅਰ ਸਰੋਤਿਆਂ ਨੂੰ ਸੁਣਾ ਕੇ ਦਾਦ ਹਾਸਲ ਕੀਤੀ:

ਇਕ ਨਾ ਇਕ ਦਿਨ ਇਸਦੇ ਉਪਰ
ਉੱਗ ਹੀ ਪੈਣਾ ਗੁਲਾਬ,
ਜਾਣਦਾ ਹਾਂ ਮੈਂ
ਕਿ ਦਿਲ ਦੀ ਧਰਤ ਬੰਜ਼ਰ ਹੈ ਅਜੇ।

———

ਮੈਂ ਨਹੀਂ ਸੂਰਜ
ਕਿ ਹਰ ਇਕ ਸ਼ਾਮ ਨੂੰ ਢਲਦਾ ਰਹਾਂਗਾ।
ਮੈਂ ਬੜਾ ਨਿੱਕਾ ਜਿਹਾ ਦੀਵਾ ਹਾਂ,
ਪਰ ਬਲਦਾ ਰਹਾਂਗਾ।

———

ਮੈਂ ਪਰ ਹੀਣਾ ਪਰਿੰਦਾ ਬੰਦ ਹਾਂ
ਇਕ ਪਿੰਜਰੇ ਅੰਦਰ,
ਮੇਰੇ ਖਾਬਾਂ ‘ਚ ਐਵੇਂ
ਨੀਲ ਅੰਬਰ ਆ ਗਿਆ ਹੈ।

ਕਹਾਣੀਕਾਰ ਰਣਜੀਤ ਸਿੰਘ ਭਿੰਡਰ ਦੇ ਕਹਾਣੀ ਸੰਗ੍ਰਹਿ ‘ਸਮਾਂ ਤੇ ਸੁਪਨੇ’ ਦੀ ਜਾਣ ਪਹਿਚਾਣ ਹਰਜਿੰਦਰ ਕੰਗ ਨੇ ਕਰਾਈ ਅਤੇ ਇਸ ਕਿਤਾਬ ਨੂੰ ਕਹਾਣੀਕਾਰ ਕਰਮ ਸਿੰਘ ਮਾਨ ਨੇ ਰਿਲੀਜ਼ ਕੀਤਾ। ਰਣਜੀਤ ਸਿੰਘ ਭਿੰਡਰ ਨੇ ਆਪਣੇ ਨਵੇਂ ਕਹਾਣੀ ਸੰਗ੍ਰਹਿ ਵਿਚੋਂ ‘ਸਾਂਝ’ ਕਹਾਣੀ ਪੜ੍ਹਕੇ ਸੁਣਾਈ।

ਸਾਹਿਤਕ ਗੋਸ਼ਟੀ ਦੌਰਾਨ ਹਰਜਿੰਦਰ ਕੰਗ ਨੇ ਡਾ. ਗੁਰੂਮੇਲ ਸਿੱਧੂ ਦੀ ਕਿਤਾਬ ‘ਖੁੱਲ੍ਹੀ ਕਵਿਤਾ ਦੇ ਮਾਪਦੰਡ’ ਬਾਰੇ ਆਪਣਾ ਸੰਖੇਪ ਪਰਚਾ ਪੜ੍ਹਿਆ। ਕੰਗ ਨੇ ਕਿਹਾ ਕਿ ਇਹ ਕਿਤਾਬ ਪੰਜਾਬੀ ਵਿਚ ਖੁੱਲ੍ਹੀ ਕਵਿਤਾ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੋਨਾਂ ਲਈ ਹੀ ਕਵਿਤਾ ਦੀਆਂ ਬਰੀਕੀਆਂ ਨੂੰ ਸਮਝਣ ਲਈ ਬਹੁਤ ਹੀ ਲਾਹੇਵੰਦੀ ਸਾਬਤ ਹੋਏਗੀ। ਡਾ. ਸਿਧੂ ਹੋਰਾਂ ਇਸ ਕਿਤਾਬ ਵਿਚ ਵਿਸਥਾਰ ਸਾਹਿਤ ਖੁੱਲ੍ਹੀ ਕਵਿਤਾ ਦੇ ਵਿਭਿੰਨ ਮਾਪਦੰਡਾਂ ਦਾ ਜਾਇਜ਼ਾ ਲਿਆ ਹੈ। ਉਨ੍ਹਾਂ ਅਨੁਸਾਰ ਖੁਲ੍ਹੀ ਕਵਿਤਾ ਲਈ ਛੰਦ ਵਿਧਾਨ ਅਤੇ ਸੰਗੀਤਕ ਲੈਅਬੱਧਤਾ ਦਾ ਪਾਬੰਦ ਹੋਣਾ ਬਹੁਤ ਜ਼ਰੂਰੀ ਹੈ।

ਉੱਘੇ ਗਾਇਕ ਸੁਖਦੇਵ ਸਾਹਿਲ ਨੇ ਕੁਲਵਿੰਦਰ ਦੀਆਂ 3 ਗ਼ਜ਼ਲਾਂ ਦਾ ਗਾਇਨ ਕਰਕੇ ਮਹਿਫਲ ਨੂੰ ਹੋਰ ਵੀ ਖ਼ੂਬਸੂਰਤ ਬਣਾ ਦਿੱਤਾ। ਜਗਜੀਤ ਨੌਸ਼ਹਿਰਵੀ ਨੇ ਕਿਹਾ ਕਿ ਸਾਹਿਲ ਅਤੇ ਕੁਲਵਿੰਦਰ ਦੀ ਗਹਿਰੀ ਦੋਸਤੀ ਹੈ ਅਤੇ ਇਸ ਕਿਤਾਬ ਦੀ ਰਚਨਾ ਦੌਰਾਨ ਗਾਇਕ ਸਾਹਿਲ, ਸ਼ਾਇਰ ਕੁਲਵਿੰਦਰ ਦੇ ਨਾਲ ਨਾਲ ਵਿਚਰਿਆ ਹੈ। ਸਰੋਤਿਆਂ ਦੀ ਫਰਮਾਇਸ਼ ‘ਤੇ ਸੁਖਦੇਵ ਸਾਹਿਲ ਨੇ ਲੋਕ ਗੀਤ ‘ਮਾਹੀਆ’ ਵੀ ਸੁਣਾਇਆ ਜੋ ਸਭ ਨੇ ਬਹੁਤ ਸਰਾਹਿਆ।

ਸਮਾਗਮ ਵਿਚ ਹਾਜ਼ਰ ਸਾਹਿਤਕਾਰਾਂ ਨੇ ਸ਼ਾਇਰ ਰਵਿੰਦਰ ਸਹਿਰਾਅ ਦੇ ਨੌਜਵਾਨ ਪੁੱਤ ਅਮਰਿੰਦਰ ਸਿੰਘ ਸਹਿਰਾਅ ਦੀ ਅਚਾਨਕ ਹੋਈ ਮੌਤ ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ। ਦੂਸਰੇ ਪੜਾਅ ਵਿਚ ਹੋਏ ਕਵੀ ਦਰਬਾਰ ਦੌਰਾਨ ਕੁਲਵਿੰਦਰ, ਫ਼ਾਰੂਖ ਤਰਾਜ਼, ਆਜ਼ਾਦ ਜਲੰਧਰੀ, ਈਸ਼ਰ ਸਿੰਘ ਮੋਮਨ, ਡਾ. ਸੁਖਪਾਲ ਸੰਘੇੜਾ, ਜਗਜੀਤ ਨੌਸ਼ਹਿਰਵੀ, ਰੇਸ਼ਮ ਸਿੱਧੂ, ਡਾ. ਵੇਦ ਵੱਟੂਕ, ਹਰਜਿੰਦਰ ਕੰਗ, ਅਮਨਦੀਪ ਬੋਪਾਰਾਏ, ਗੁਰਚਰਨ ਸਿੰਘ ਫ਼ਲਕ, ਸ਼ਾਇਰਾ ਨਵਨੀਤ ਪੰਨੂ, ਹਰਭਜਨ ਸਿੰਘ ਢਿਲੋਂ, ਮੇਜਰ ਭੁਪਿੰਦਰ ਦਲੇਰ, ਸੁਰਿੰਦਰ ਸੀਰਤ, ਕਮਲ ਬੰਗਾ ਸਮੇਤ ਹੋਰ ਸ਼ਾਇਰਾਂ ਨੇ ਆਪਣਾ ਕਲਾਮ ਸਾਂਝਾ ਕੀਤਾ।

## ਬਾਬਾ ਜਵਾਹਰ ਦਾਸ ਦੀ ਯਾਦ ਵਿਚ ਸਮਾਗਮ

**ਲਿਵਿੰਗਸਟਨ, ਕੈਲੇਫੋਰਨੀਆ:** ਬਾਬਾ ਜਵਾਹਰ ਦਾਸ ਸੂਸਾਂ ਦੀ ਯਾਦ ਵਿਚ ਇਥੇ ਗੁਰਦਵਾਰਾ ਬੀ ਸਟਰੀਟ ਵਿਖੇ ਉਨ੍ਹਾਂ ਦੀਆਂ ਸ਼ਰਧਾਲੂ ਸੰਗਤਾਂ ਵਲੋਂ ਗੁਰਮਤਿ ਸਮਾਗਮ ਕੀਤਾ ਗਿਆ ਜਿਸ ਵਿਚ ਸ੍ਰੀ ਅਖੰਡਪਾਠ ਦੇ ਭੋਗ ਬਾਅਦ ਕੀਰਤਨ ਦਰਬਾਰ ਕੀਤਾ ਗਿਆ।

ਕੀਰਤਨ ਦਰਬਾਰ ਵਿਚ ਭਾਈ ਜਸਵੰਤ ਸਿੰਘ ਹਜ਼ੂਰੀ ਰਾਗੀ ਜਥਾ, ਭਾਈ ਗੁਰਮੀਤ ਸਿੰਘ ਨਿਮਾਣਾ, ਭਾਈ ਮਨਜੀਤ ਸਿੰਘ, ਭਾਈ ਹਰਦੇਵ ਸਿੰਘ ਅਤੇ ਭਾਈ ਗੁਰਨਾਮ ਸਿੰਘ ਦੇ ਜਥਿਆਂ ਨੇ ਸੰਗਤਾਂ ਨੂੰ ਗੁਰਸ਼ਬਦ ਨਾਲ ਜੋੜਿਆ। ਜ਼ਿਕਰਯੋਗ ਹੈ ਕਿ ਬਾਬਾ ਜਵਾਹਰ ਸਿੰਘ ਦੀ ਯਾਦ ਵਿਚ ਪਿੰਡ ਸੂਸਾਂ ਵਿਚ ਹਰ ਸਾਲ ਮੇਲਾ ਲਗਦਾ ਹੈ।

## ਯੂਨਾਈਟਡ ਸਪੋਰਟਸ ਕਲੱਬ ਵਲੋਂ ਕਬੱਡੀ ਮੇਲਾ ਸਤੰਬਰ ’ਚ

**ਫਰੀਮਾਂਟ:** ਯੂਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆ ਵਲੋਂ ਇਕ ਕਬੱਡੀ ਕੱਪ ਟੂਰਨਾਮੈਂਟ ਆਉਂਦੇ ਸਤੰਬਰ ਮਹੀਨੇ ਕਰਵਾਇਆ ਜਾਏਗਾ ਅਤੇ ਇਹ ਕਲੱਬ ਵਲੋਂ ਸੰਨ 2005 ਵਿਚ ਕਰਵਾਏ ਗਏ ਮੇਲੇ ਦੀ ਤਰਜ ਉਤੇ ਹੋਵੇਗਾ। ਇਸ ਸਬੰਧੀ ਫੈਸਲਾ ਲੰਘੇ ਸੋਮਵਾਰ ਕਲੱਬ ਦੇ ਚੇਅਰਮੈਨ ਸ੍ਰੀ ਅਮੋਲਕ ਸਿੰਘ ਗਾਖਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਲਿਆ ਗਿਆ।

ਕਲੱਬ ਦੇ ਇਸ ਫੈਸਲੇ ਦੀ ਜਾਣਕਾਰੀ ਦਿੰਦਿਆਂ ਜਨਰਲ ਸਕੱਤਰ ਗੁਰਦਾਵਰ ਸਿੰਘ ਮਾਨ ਨੇ ਦੱਸਿਆ ਕਿ ਇਹ ਟੂਰਨਾਮੈਂਟ ਕਰਵਾਉਣ ਦਾ ਫੈਸਲਾ ਭਾਈਚਾਰੇ ਦੀ ਮੰਗ ਨੂੰ ਮੁਖ ਰਖਦਿਆਂ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਇਹ ਖੇਡ ਮੇਲਾ ਸਤੰਬਰ ਦੇ ਦੂਜੇ ਅੱਧ ਵਿਚ ਹੋਵੇਗਾ ਜਿਸ ਵਿਚ ਕੋਮਾਂਤਰੀ ਪੱਧਰ ਦੀਆਂ ਕਬੱਡੀ ਟੀਮਾਂ ਕਬੱਡੀ ਓਪਨ, ਅੰਡਰ 21 ਅਤੇ ਅੰਡਰ 18 ਦੇ ਵਰਗਾਂ ਵਿਚ ਭਿੜਣਗੀਆਂ।

ਮੀਟਿੰਗ ਵਿਚ ਚੇਅਰਮੈਨ ਸ੍ਰੀ ਗਾਖਲ ਅਤੇ ਸ੍ਰੀ ਮਾਨ ਤੋਂ ਇਲਾਵਾ ਪ੍ਰਧਾਨ ਬਲਬੀਰ ਸਿੰਘ ਭਾਟੀਆ, ਖਜਾਨਚੀ ਜੁਗਰਾਜ ਸਿੰਘ ਸਹੋਤਾ, ਕੋਚ ਪਰਮਜੀਤ ਸਿੰਘ ਸੰਧੂ ਤੋਂ ਇਲਾਵਾ ਇਕਬਾਲ ਸਿੰਘ ਗਾਖਲ, ਮੱਖਣ ਸਿੰਘ ਬੈਂਸ, ਕੁਲਦੀਪ ਸਿੰਘ ਮਾਨ, ਦਲਜਿੰਦਰ ਸਿੰਘ ਪੱਡਾ, ਨਰੇਂਦਰ ਸਿੰਘ ਸਹੋਤਾ ਹਾਜਰ ਹੋਏ। ਹੋਰ ਜਾਣਕਾਰੀ ਲਈ ਸ੍ਰੀ ਅਮੋਲਕ ਸਿੰਘ ਗਾਖਲ ਫੋਨ 831-247-4637 ਜਾਂ ਪਰਮਜੀਤ ਸਿੰਘ ਸੰਧੂ ਫੋਨ 510-787-3731 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**House For Rent**

*House for rent in Tracy, $1400 a month, including 3 bedrooms, 2 bath. It is near Elementary and Middle School. Available June 1st.* **Contact:209-640-5003**

REAL ESTATE

Specialize in Bay Area

PARMINDER DEOL Call:925-980-1279



ਪਰਮਿੰਦਰ ਦਿਓਲ 925-980-1279

forhomes@yahoo.com

RESIDENTCIAL, BUSINESS AND COMMERCIAL PROPERTIES

ਇਨਵੈਸਟਮੈਂਟ ਕਰਨ ਵਾਲਿਆਂ ਅਤੇ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ

ਕਿਰਾਏ ’ਤੇ ਘਰ ਲੈਣ ਨਾਲੋਂ ਆਪਣਾ ਘਰ ਖਰੀਦਣਾ ਹੁਣ ਕਿਤੇ ਸੌਖਾ ਹੈ। ਤੁਹਾਡੀ ਕਿਸ਼ਤ ਕਿਰਾਏ ਤੋਂ ਵੀ ਘੱਟ ਹੋ ਸਕਦੀ ਹੈ।

Best Time to Buy Bankowned, Foreclosure and Short Sale Properties

ਬਿਹਤਰੀਨ ਸੇਵਾ ਅਤੇ ਸਲਾਹ ਲਈ ਅੱਜ ਹੀ ਕਾਲ ਕਰੋ:

209-996-1681

SBA Loan

HOME LOANS

Sacramento and Central Valley

JAG BHANGU Call: 916-759-1923

Attention Homes Buyer & Realtor

Get qualified for loan before looking for a house.

ਪਹਿਲੀ ਵਾਰ ਘਰ ਖਰੀਦਣ ਵਾਲੇ 8000 ਡਾਲਰ ਦੇ ਟੈਕਸ ਕਰੈਡਿਟ ਦਾ ਲਾਭ ਉਠਾਉਣ

ਮੈਂ ਜਿਸ ਲੋਨ ਅਫਸਰ ਤੋਂ ਘਰ ਲਈ ਲੋਨ ਕਰਵਾ ਰਹੀ ਸਾਂ, ਉਸ ਨੇ ਮੇਰਾ ਲੋਨ ਤਾਂ ਕੀ ਕਰਾਉਣਾ ਸੀ ਸਗੋਂ ਮੇਰਾ 10,000 ਡਾਲਰ ਵੀ ਡੋਬ ਦਿੱਤਾ। ਪਰ ਜੀਵਨ ਸਿੰਘ ਨੇ ਮੇਰਾ ਲੋਨ ਬਹੁਤ ਆਸਾਨ ਸ਼ਰਤਾਂ ’ਤੇ ਝੱਟਪਟ ਕਰਵਾ ਦਿੱਤਾ। -ਸੁਖਵਿੰਦਰ ਬੈਂਸ



ਜੈਗ ਭੰਗੂ

408-598-9605

916-759-1923

Purchase home with 3.5% Down FHA

ਘਰਾਂ ਦੀ ਖਰੀਦ ਲਈ ਬੇ-ਏਰੀਆ, ਸੈਕਰਾਮੈਂਟੋ ਅਤੇ ਸੈਂਟਰਲ ਵੈਲੀ ਲਈ ਲੋਨ ਉਪਲਬਧ ਹੈ।

Direct Mortgage Lender Rates Are LOW Now

CA DRE Lic 01364174

DIRECT LENDERS AND MAJOR BANKS LOAN AVAILABLE

UNITED MORTGAGE & REALTY

Self Employed OK First Time Home Buyers OK

Loan Available For Bank Owned Properties

# ਬਲਦੇਵ ਸਿੰਘ ਮਾਨ ਤੇ ਗਗਨਜੀਤ ਬਰਨਾਲਾ ਨੂੰ ਪਾਰਟੀ ’ਚੋਂ ਕੱਢਿਆ

**ਚੰਡੀਗੜ੍ਹ :** ਸ਼੍ਰੋਮਣੀ ਅਕਾਲੀ ਦਲ (ਬ) ਦੇ ਪ੍ਰਧਾਨ ਅਤੇ ਪੰਜਾਬ ਦੇ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੀ ਪੀ.ਏ.ਸੀ. ਦੇ ਮੈਂਬਰ ਸ. ਬਲਦੇਵ ਸਿੰਘ ਮਾਨ ਅਤੇ ਪਾਰਟੀ ਦੇ ਮੀਤ ਪ੍ਰਧਾਨ ਗਗਨਜੀਤ ਸਿੰਘ ਬਰਨਾਲਾ ਨੂੰ ਲੋਕ ਸਭਾ ਚੋਣਾਂ ਦੌਰਾਨ ਪਾਰਟੀ ਵਿਰੋਧੀ ਸਰਗਰਮੀਆਂ ਕਰਨ ਕਰਕੇ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਖਾਰਜ ਕਰ ਦਿੱਤਾ ਹੈ। ਲੰਘੀ 17 ਮਈ ਨੂੰ ਇਥੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਨੁਸ਼ਾਸਨਹੀਣਤਾ ਕਿਸੇ ਵੀ ਤਰ੍ਹਾਂ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਜਿਸ ਤਰ੍ਹਾਂ ਕਿਸੇ ਨੇ ਵੀ ਲੋਕ ਸਭਾ ਚੋਣਾਂ ਦੌਰਾਨ ਪਾਰਟੀ ਉਮੀਦਵਾਰਾਂ ਦੀ ਵਿਰੋਧਤਾ ਕੀਤੀ ਹੈ ਉਹਨਾਂ ਨਾਲ ਸਖਤੀ ਨਾਲ ਨਜਿੱਠਿਆ ਜਾਵੇਗਾ। ਇਥੇ ਇਹ ਦੱਸਣਯੋਗ ਹੈ ਕਿ ਲੋਕ ਸਭਾ ਹਲਕਾ ਸੰਗਰੂਰ ਸੀਟ ‘ਤੇ ਅਕਾਲੀ ਦਲ ਦੇ ਉਮੀਦਵਾਰ ਸੁਖਦੇਵ ਸਿੰਘ ਢੀਂਡਸਾ ਦੀ ਬਰਨਾਲਾ ਗਰੁੱਪ ਨੇ ਖੁੱਲ੍ਹ ਕੇ ਵਿਰੋਧਤਾ ਕੀਤੀ ਸੀ ਅਤੇ ਇੱਥੇ ਅਕਾਲੀ ਦਲ ਦੋ ਧੜਿਆਂ ਵਿਚ ਵੰਡਿਆ ਗਿਆ ਸੀ, ਜਿਸ ਕਾਰਨ ਇਸ ਸੀਟ ‘ਤੇ ਕਾਫੀ ਹੱਦ ਤੱਕ ਸ੍ਰੀ ਢੀਂਡਸਾ ਦੇ ਵੋਟ ਬੈਂਕ ਨੂੰ ਨੁਕਸਾਨ ਪਹੁੰਚਿਆ।


ਬਲਦੇਵ ਸਿੰਘ ਮਾਨ

ਇਸ ਹਲਕੇ ਵਿਚ ਬਰਨਾਲਾ ਤੇ ਢੀਂਡਸਾ ਗਰੁੱਪ ਵਿਚਾਲੇ ਕਾਫੀ ਪੁਰਾਣੇ ਸਮੇਂ ਤੋਂ ਖਿੱਚੋਤਾਣ ਚੱਲਦੀ ਆ ਰਹੀ ਸੀ ਜੋ ਕਿ ਚੋਣਾਂ ਦੌਰਾਨ ਖੁੱਲ੍ਹ ਕੇ ਸਾਹਮਣੇ ਆਈ। ਅਕਾਲੀ ਦਲ ਦੇ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੱਖ ਵੱਖ ਹਲਕਿਆਂ ਵਿਚ ਜਿੱਥੇ ਜਿੱਥੇ ਅਕਾਲੀ ਦਲ ਨੂੰ ਹਾਰ ਮਿਲੀ ਹੈ, ਉਥੇ ਉਥੇ ਹਾਰ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਆਪਣੇ ਪੱਧਰ ‘ਤੇ ਇਕ ਟੀਮ ਦਾ ਗਠਨ ਕੀਤਾ ਹੈ, ਜਿਹੜੀ ਕਿ ਇਹ ਪਤਾ ਲਗਾਏਗੀ ਕਿ ਕਿਹੜੇ ਕਾਰਨਾਂ ਕਰਕੇ ਉਨ੍ਹਾਂ ਦੇ ਉਮੀਦਵਾਰਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਕਿਹੜੇ ਕਿਹੜੇ ਆਗੂਆਂ ਨੇ ਅੰਦਰਖਾਤੇ ਜਾਂ ਖੁੱਲ੍ਹ ਕੇ ਪਾਰਟੀ ਉਮੀਦਵਾਰਾਂ ਦੀ ਵਿਰੋਧਤਾ ਕੀਤੀ। ਇਸ ਤੋਂ ਬਾਅਦ ਹੀ ਪਾਰਟੀ ਦੀ ਵਿਰੋਧਤਾ ਕਰਨ ਵਾਲੇ ਪਾਰਟੀ ਦੇ ਹੀ ਅੰਦਰੂਨੀ ਆਗੂਆਂ ਖਿਲਾਫ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। ਚੋਣਾਂ ਦੌਰਾਨ ਜਿਹੜੇ ਜਿਹੜੇ ਵਰਕਰਾਂ ਤੇ ਆਗੂਆਂ ਨੇ ਪਾਰਟੀ ਉਮੀਦਵਾਰਾਂ ਦੀ ਵਿਰੋਧਤਾ ਕੀਤੀ ਹੈ, ਉਨ੍ਹਾਂ ਖਿਲਾਫ਼ ਪੂਰੀ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਉਮੀਦਵਾਰਾਂ ਦੀ ਵਿਰੋਧਤਾ ਨਹੀਂ ਸਗੋਂ ਉਮੀਦਵਾਰਾਂ ਦੇ ਨਾਲ ਪੂਰੀ ਪਾਰਟੀ ਦੀ ਵਿਰੋਧਤਾ ਮੰਨੀ ਜਾਵੇਗੀ। ਦੂਜੇ ਪਾਸੇ ਗਗਨਜੀਤ ਬਰਨਾਲਾ ਨੇ ਕਿਹਾ ਕਿ ਅਕਾਲੀ ਦਲ (ਬ) ਦੀ ਹਾਰ ਲਈ ਪਰਮਿੰਦਰ ਸਿੰਘ ਢੀਂਡਸਾ ਵੀ ਬਰਾਬਰ ਦੇ ਜ਼ਿੰਮੇਵਾਰ ਹਨ, ਕਿਉਂਕਿ ਉਹ ਵੀ ਪਾਰਟੀ ਦੇ ਸੀਨੀਅਰ ਆਗੂ ਹਨ।

ਉਨ੍ਹਾਂ ਕਿਹਾ ਕਿ ਇਹ ਕਾਰਵਾਈ ਇਕ ਤਰਫ਼ਾ ਹੈ। 1999 ਵਿਚ ਸੁਖਦੇਵ ਸਿੰਘ ਢੀਂਡਸਾ ਨੇ ਸੁਰਜੀਤ ਸਿੰਘ ਬਰਨਾਲਾ ਦਾ ਵਿਰੋਧ ਕੀਤਾ ਸੀ ਤਾਂ ਫਿਰ ਸ. ਢੀਂਡਸਾ ਨੂੰ ਪਾਰਟੀ ਵਿਚੋਂ ਕਿਉਂ ਨਹੀਂ ਕੱਢਿਆ ਗਿਆ।

ਪਾਰਲੀਮੈਂਟ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ (ਬ) ਦੇ ਸਕੱਤਰ ਜਨਰਲ ਸ. ਸੁਖਦੇਵ ਸਿੰਘ ਢੀਂਡਸਾ ਦੇ ਹਾਰ ਜਾਣ ਉਪਰੰਤ ਸ਼੍ਰੋਮਣੀ ਅਕਾਲੀ ਦਲ (ਬ) ਅੰਦਰ ਧੜੇਬੰਦਕ ਜੰਗ ਸ਼ੁਰੂ ਹੋ ਗਈ ਹੈ। ਸੁਖਦੇਵ ਸਿੰਘ ਢੀਂਡਸਾ ਨੇ ਆਪਣੀ ਹਾਰ ਲਈ ਆਪਣੀ ਹੀ ਪਾਰਟੀ ਦੇ ਰਵਾਇਤੀ ਧੜੇ (ਬਰਨਾਲਾ) ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਪਾਰਟੀ ਪ੍ਰਧਾਨ ਤੋਂ ਸਾਬਕਾ ਕੈਬਨਿਟ ਮੰਤਰੀ ਤੇ ਪਾਰਟੀ ਦੇ ਜਨਰਲ ਸਕੱਤਰ ਬਲਦੇਵ ਸਿੰਘ ਮਾਨ ਅਤੇ ਸਾਬਕਾ ਵਿਧਾਇਕ ਗਗਨਜੀਤ ਸਿੰਘ ਬਰਨਾਲਾ ਨੂੰ ਪਾਰਟੀ ਵਿਚੋਂ ਬਰਤਰਫ਼ ਕਰਵਾ ਦਿੱਤਾ।


ਗਗਨਜੀਤ ਸਿੰਘ ਬਰਨਾਲਾ

ਇਸ ਵਾਰ ਭਾਵੇਂ ਸੁਖਦੇਵ ਸਿੰਘ ਢੀਂਡਸਾ ਤੇ ਉਨ੍ਹਾਂ ਦੇ ਹਮਾਇਤੀ ਆਪਣੀ ਜਿੱਤ ਯਕੀਨੀ ਸਮਝਦੇ ਸਨ ਅਤੇ ਆਪਣੀ ਪਾਰਟੀ ਅੰਦਰ ਚੱਲ ਰਹੀ ਧੜੇਬੰਦੀ ਨੂੰ ਬਹੁਤ ਘਟਾ ਕੇ ਦੇਖਦੇ ਸਨ। ਸੁਖਦੇਵ ਸਿੰਘ ਢੀਂਡਸਾ ਸਣੇ ਉਨ੍ਹਾਂ ਦੇ ਸਾਰੇ ਨਜ਼ਦੀਕੀ ਅਕਾਲੀ ਆਗੂ ਅਕਸਰ ਇਹ ਕਿਹਾ ਕਰਦੇ ਸਨ ਕਿ ਉਨ੍ਹਾਂ ਦੇ ਵਿਰੋਧੀ ਧੜੇ ਬਰਨਾਲਾ ਗਰੁੱਪ ਦਾ ਜਨਤਕ ਆਧਾਰ ਪੂਰੀ ਤਰ੍ਹਾਂ ਖ਼ਤਮ ਹੋ ਚੁੱਕਾ ਹੈ ਤੇ ਬਹੁਤੇ ਲੀਡਰ ਗਗਨਜੀਤ ਸਿੰਘ ਬਰਨਾਲਾ ਤੇ ਬਲਦੇਵ ਸਿੰਘ ਮਾਨ ਤੋਂ ਬਿਨਾਂ ਉਨ੍ਹਾਂ ਦੇ ਕੋਲ ਹੀ ਆ ਚੁੱਕੇ ਹਨ। ਇਕ ਗੱਲ ਹੋਰ ਜੋ ਹੈਰਾਨੀ ਵਾਲੀ ਹੈ ਕਿ ਦਿੜ੍ਹਬਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸੁਖਦੇਵ ਸਿੰਘ ਢੀਂਡਸਾ ਨੂੰ 1700 ਦੇ ਕਰੀਬ ਵਧ ਵੋਟ ਹਾਸਲ ਹੋਏ। ਜਦੋਂ ਕਿ ਸੁਖਦੇਵ ਸਿੰਘ ਢੀਂਡਸਾ ਨੂੰ ਉਨ੍ਹਾਂ ਦੇ ਬੇਟੇ ਪਰਮਿੰਦਰ ਸਿੰਘ ਢੀਂਡਸਾ ਦੇ ਸੁਨਾਮ ਹਲਕੇ ਤੋਂ 1557 ਵੋਟ ਘੱਟ ਮਿਲੇ ਹਨ। ਇਥੇ ਇਹ ਵੀ ਵਰਨਣਯੋਗ ਹੈ ਕਿ ਪਿਛਲੀਆਂ ਪਾਰਲੀਮੈਂਟ ਚੋਣਾਂ ਜਿਸ ਵਿਚ ਸੁਖਦੇਵ ਸਿੰਘ ਢੀਂਡਸਾ ਨੂੰ ਦਿੜ੍ਹਬਾ ਵਿਧਾਨ ਸਭਾ ਹਲਕੇ ਤੋਂ 5 ਹਜ਼ਾਰ ਦੇ ਕਰੀਬ ਵਾਧੂ ਵੋਟ ਮਿਲੇ ਸਨ, ਪਰ ਤਾਂ ਵੀ ਜ਼ਾਬਤੇ ਦਾ ਕੁਹਾੜਾ ਬਲਦੇਵ ਸਿੰਘ ਮਾਨ ਤੇ ਚਲਿਆ ਸੀ ਤੇ ਉਨ੍ਹਾਂ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਗਿਆ ਸੀ। ਧੂਰੀ ਵਿਧਾਨ ਸਭਾ ਹਲਕੇ ਜਿਥੋਂ ਦੇ ਹਲਕਾ ਇੰਚਾਰਜ ਗਗਨਜੀਤ ਸਿੰਘ ਬਰਨਾਲਾ ਦੇ ਬਹੁਤੇ ਪਿੰਡ ਜਿਥੇ ਸ਼੍ਰੋਮਣੀ ਅਕਾਲੀ ਦਲ (ਬ) ਦਾ ਗੜ੍ਹ ਸਨ, ਹੁਣ ਇਹ ਧੂਰੀ ਇਲਾਕੇ ਤੋਂ ਬਾਹਰ ਹੋ ਗਏ ਹਨ ਤੇ ਧੂਰੀ ਵਿਧਾਨ ਸਭਾ ਹਲਕੇ ਤੋਂ ਸੁਖਦੇਵ ਸਿੰਘ ਢੀਂਡਸਾ ਦੇ ਵਫਾਦਾਰ ਇਕਬਾਲ ਸਿੰਘ ਝੂੰਦਾ ਵਿਧਾਇਕ ਹਨ। ਜਿਹੜੇ ਆਜ਼ਾਦ ਜਿੱਤ ਕੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਏ ਹਨ। ਉਸ ਇਲਾਕੇ ਵਿਚੋਂ ਸ. ਢੀਂਡਸਾ ਨੂੰ 8358 ਵੋਟਾਂ ਦੀ ਮਾਰ ਪਈ ਹੈ। ਪਾਰਟੀ ਵਿਚੋਂ ਬਰਤਰਫ਼ ਕਰਨ ਸਬੰਧੀ ਜਦੋਂ ਬਲਦੇਵ ਸਿੰਘ ਮਾਨ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਮੈਂ ਦਿੱਲੀ ਗਿਆ ਹੋਇਆ ਹਾਂ ਵਾਪਸ ਆ ਕੇ ਵਰਕਰਾਂ ਦੀ ਮੀਟਿੰਗ ਕਰਕੇ ਕੋਈ ਫੈਸਲਾ ਲਵਾਂਗਾ।

ਉਨ੍ਹਾਂ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕਿ ਪਾਰਟੀ ਦਾ ਕੋਈ ਨਾ ਵਿਧਾਨ ਹੈ ਨਾ ਹੀ ਕੋਈ ਕਾਨੂੰਨ, ਜਦੋਂ ਮਰਜ਼ੀ ਬਿਨਾਂ ਨੋਟਿਸ ਦਿੱਤੇ ਪਾਰਟੀ ਵਿਚੋਂ ਕੱਢ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਉਹ ਪਾਰਟੀ ਪ੍ਰਧਾਨ ਨਾਲ ਗੱਲਬਾਤ ਕਰਨਗੇ ਕਿ ਉਨ੍ਹਾਂ ਨਾਲ ਇਹ ਵਰਤਾਰਾ ਕਿਉਂ ਹੁੰਦਾ ਹੈ।

## ਢੀਂਡਸੇ ਨੂੰ ਹਰਾਉਣ ਵਾਲੇ ਅਕਾਲੀ ਹੁਣ ਵੱਖਰੀ ਪਾਰਟੀ ਬਣਾਉਣ ਦੀਆਂ ਗੱਲਾਂ ਕਰਨ ਲੱਗੇ

**ਬਰਨਾਲਾ :** ਚੋਣਾਂ ਦੇ ਸਿੱਟੇ ਵਜੋਂ ਪੰਜਾਬ ਅੰਦਰ ਬਦਲ ਰਹੇ ਸਮੀਕਰਣਾਂ ਕਾਰਨ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਸੁਰਜੀਤ ਹੋ ਸਕਦਾ ਹੈ। ਅਕਾਲੀ ਸਿਆਸਤ ਉਤੇ ਨਜ਼ਰ ਰੱਖਣ ਵਾਲੇ ਸੂਤਰਾਂ ਅਨੁਸਾਰ ਲੋਕ ਸਭਾ ਚੋਣਾਂ ‘ਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਹਾਰ ਦੇ ਕਾਰਨਾਂ ਦਾ ਡੂੰਘਾਈ ‘ਚ ਜਾ ਕੇ ਪਤਾ ਕਰਨ ਦੀ ਥਾਂ ਕੁਝ ਆਗੂਆਂ ਅਤੇ ਵਰਕਰਾਂ ਨੂੰ ਜਿਸ ਢੰਗ ਨਾਲ ਜ਼ਾਬਤੇ ਦੀ ਕਾਰਵਾਈ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ, ਉਸ ਨਾਲ ਅਕਾਲੀ ਸਫ਼ਾਂ ‘ਚ ਰੋਹ ਹੋਰ ਵਧੇਗਾ।

ਇਸ ਦਾ ਸਿੱਟਾ ਲੌਂਗੋਵਾਲ ਅਕਾਲੀ ਦਲ ਜਿਸ ਦਾ ਭੋਗ ਪਾ ਕੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਅਤੇ ਬਲਦੇਵ ਸਿੰਘ ਮਾਨ ਬਾਦਲ ਦਲ ‘ਚ ਸ਼ਾਮਲ ਹੋਏ ਸਨ, ਦਾ ਮੁੜ ਤੋਂ ਝੰਡਾ ਚੁਕਣ ਲਈ ਬਾਦਲ ਦਲ ‘ਚੋਂ ਬਰਖ਼ਾਸਤ ਕੀਤੇ ਬਲਦੇਵ ਸਿੰਘ ਮਾਨ ਅਤੇ ਗਗਨਜੀਤ ਸਿੰਘ ਬਰਨਾਲਾ ਸਮੇਤ ਕੁਝ ਰਾਜਸੀ ਆਗੂ ਅੱਗੇ ਆ ਸਕਦੇ ਹਨ।

ਸੂਤਰਾਂ ਦਾ ਕਹਿਣਾ ਹੈ ਕਿ ਜਿਨ੍ਹਾਂ ਆਗੂਆਂ ਨੇ ਆਮ ਵਰਕਰਾਂ ਦੀ ਰਾਏ ਨੂੰ ਅੱਖੋਂ ਉਹਲੇ ਕਰ ਕੇ ਲੌਂਗੋਵਾਲ ਦਲ ਦਾ ਭੋਗ ਪਾਇਆ, ਉਨ੍ਹਾਂ ਦੀ ਹਾਲਤ ‘ਨਾ ਇਧਰ ਦੇ ਰਹੇ-ਨਾ ਉਧਰ ਦੇ ਰਹੇ’ ਵਾਲੀ ਹੋ ਗਈ ਹੈ।

ਉਹ ਬਾਦਲਕਿਆਂ ਦੀ ਈਨ ਮੰਨ ਕੇ ਰਾਜਸੀ ਸ਼ਕਤੀ ਵੀ ਪ੍ਰਾਪਤ ਨਾ ਕਰ ਸਕੇ ਅਤੇ ਜੋ ਲੋਕ ਉਨ੍ਹਾਂ ਨੂੰ ਪਹਿਲਾਂ ‘ਪ੍ਰਧਾਨ ਜੀ’ ਕਹਿ ਕੇ ਬੁਲਾਉਂਦੇ ਸਨ, ਉਹ ਉਸ ਤੋਂ ਵੀ ਗਏ। ਇਹ ਵੀ ਕਿਹਾ ਜਾ ਰਿਹਾ ਹੈ ਕਿ ਲੌਂਗੋਵਾਲ ਦਲ ਦੀ ਸਫ਼ ਵਲੇਟਣ ਕਾਰਨ ਹੀ ਪਿਛਲੇ ਦਿਨੀਂ ਕਈ ਨਾਮੀ-ਗਰਾਮੀ ਜਥੇਦਾਰ ਕਾਂਗਰਸ ਵਲ ਝੁਕੇ ਹਨ।

ਹੁਣ ਜਦੋਂ ਕੁਝ ਅਕਾਲੀ ਆਗੂਆਂ ਨੂੰ ਜ਼ਾਬਤੇ ਦੇ ਆਦੇਸ਼ਾਂ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ ਤਾਂ ਬਹੁਤ ਸਾਰੇ ਅਕਾਲੀ ਵਰਕਰ ਫਿਰ ਤੋਂ ਲੌਂਗੋਵਾਲ ਦਲ ਨੂੰ ਸੁਰਜੀਤ ਕਰਨ ਦੀ ਲੋੜ ਮਹਿਸੂਸ ਕਰ ਰਹੇ ਹਨ।


CALIFORNIA SHINE DENTAL

3151 S White Rd, # 101, San Jose CA 95148

Ph:408-223-9600 www.californiashinedental.com
Email:info@californiashinedental.com

Certified Invisalign Provider

$2500 Off Invisalign
Free Sonicare Toothbrush

Free Dental Exam

Free Teeth Whitening
with treatment $399 value

Cash Patients 50% Off


Dr. Gagan Sandhu, DDS



- New Patients Welcome
- State of the art dental equipment and technology
- Easy Payment Plans available
- Same Day Emergency Service
- Open 7 Days 9am to 7:30pm

Please do call us for second opinion

ਕੈਲੇਫੋਰਨੀਆ ਸ਼ਾਈਨ ਡੈਂਟਲ

3151 S White Rd, # 101, San Jose CA 95148

ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੇ ਬਿਲਕੁਲ ਕਰੀਬ



**Punjab Times**
**Established in 2000**
**10th Year of Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu

**Astt. Editor:**
Jaspreet Kaur
Kuljeet Singh

**Graphics:**
Mandeep Singh

**California Bureau:**
Ashok Bhaura
(Bureau Chief)
925-752-8025
Tarlochan Singh Dupalpur
(408) 903-9952
Charanjit Singh Pannu
408-608-4961
Devinder Singh
(510) 750-5757
Shiara Dhindsa
661-703-6664
**Director Bus. Relations:**
Pritam S. Grewal
408-406-0703

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 75 ਡਾਲਰ,**
**ਪੰਜ ਸਾਲ ਲਈ: 350 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਡਾ. ਮਨਮੋਹਨ ਸਿੰਘ ਦੂਜੀ ਪਾਰੀ ਲਈ ਤਿਆਰ

ਬਰੰਗ ਪਰਤ ਗਏ ਹਨ। ਮੁਲਾਇਮ ਸਿੰਘ ਯਾਦਵ ਦਾ ਆਖਣਾ ਹੈ ਕਿ ਉਹ ਵਿਰੋਧੀ ਧਿਰ ਵਿਚ ਬੈਠਣਗੇ, ਜਦਕਿ ਲਾਲੂ ਪ੍ਰਸਾਦ ਯਾਦਵ ਉਂਜ ਹੀ ਤਰਸ ਜਿਹੇ ਦਾ ਪਾਤਰ ਬਣ ਗਿਆ ਹੈ। ਉਸ ਦਾ ਆਖਣਾ ਹੈ ਕਿ ਕਾਂਗਰਸ ਛੋਟੀਆਂ ਪਾਰਟੀਆਂ ਨੂੰ ਬਹੁਤਾ ਨਹੀਂ ਪੁੱਛਦੀ। ਇਥੇ ਜ਼ਿਕਰਯੋਗ ਹੈ ਕਿ ਖੱਬੇਪੱਖੀ ਪਾਰਟੀਆਂ ਦੀ ਅਗਵਾਈ ਵਾਲੇ ਤੀਜੇ ਮੋਰਚੇ ਅਤੇ ਭਾਰਤੀ ਜਨਤਾ ਪਾਰਟੀ ਨੇ ਵੀ ਵਿਰੋਧੀ ਧਿਰ ਵਿਚ ਬੈਠਣ ਦਾ ਫੈਸਲਾ ਕੀਤਾ ਹੈ।

ਉਧਰ ਦੂਜੇ ਪਾਸੇ ਭਾਜਪਾ ਦੇ ਸਰਕਾਰ ਬਣਾਉਣ ਦੇ ਸੁਪਨਿਆਂ ਦਾ ਮਹਿਲ ਢਹਿ-ਢੇਰੀ ਹੋ ਜਾਣ ਤੋਂ ਬਾਅਦ ਪਾਰਟੀ ਦੀ ਅੰਦਰੂਨੀ ਖਿੱਚੋਤਾਣ ਸਾਹਮਣੇ ਆਉਣੀ ਸ਼ੁਰੂ ਹੋ ਗਈ ਹੈ ਅਤੇ ਖੱਬੇਪੱਖੀ ਵੀ ਹਾਰ ਲਈ ਇਕ ਦੂਜੇ ਨੂੰ ਦੋਸ਼ੀ ਠਹਿਰਾਉਣ ਲੱਗ ਪਏ ਹਨ।

ਯਾਦ ਰਹੇ ਆਖਰੀ ਚੋਣ ਨਤੀਜਿਆਂ ਅਨੁਸਾਰ ਕਾਂਗਰਸ ਪਾਰਟੀ ਨੇ 206 ਸੀਟਾਂ ਜਿੱਤੀਆਂ ਹਨ ਜਦਕਿ ਉਸ ਦੀਆਂ ਭਾਈਵਾਲ ਪਾਰਟੀਆਂ 55 ਸੀਟਾਂ ਬਟੋਰਨ 'ਚ ਕਾਮਯਾਬ ਰਹੀਆਂ। ਉਧਰ ਐਨ.ਡੀ.ਏ. ਦੀ ਮੁੱਖ ਭਾਈਵਾਲ ਭਾਜਪਾ ਨੂੰ 116 ਸੀਟਾਂ ਅਤੇ ਉਸ ਦੀਆਂ ਸਹਿਯੋਗੀ ਪਾਰਟੀਆਂ ਨੂੰ 43 ਸੀਟਾਂ ਨਸੀਬ ਹੋਈਆਂ। ਤੀਜੇ ਫਰੰਟ ਨੂੰ 78 ਸੀਟਾਂ ਮਿਲੀਆਂ ਹਨ, ਜਦਕਿ ਚੌਥਾ ਮੋਰਚਾ ਕੁਲ 26 ਸੀਟਾਂ 'ਤੇ ਹੀ ਜਿੱਤ ਹਾਸਲ ਕਰ ਸਕਿਆ।

ਯੂ.ਪੀ.ਏ. ਦੀ ਗੈਰ ਕਾਂਗਰਸੀ ਮੈਂਬਰਾਂ ਸਮੇਤ ਕੁਲ ਗਿਣਤੀ 261 ਹੈ ਅਤੇ ਉਸ ਨੂੰ ਸਰਕਾਰ ਬਣਾਉਣ ਲਈ 11 ਹੋਰ ਮੈਂਬਰਾਂ ਦੀ ਜ਼ਰੂਰਤ ਹੈ। ਸਰਕਾਰ ਬਣਾਉਣ ਤੇ ਵਿਭਾਗਾਂ ਦੀ ਵੰਡ ਹੁਣ ਕਾਂਗਰਸ ਦੇ ਯੂ.ਪੀ.ਏ. ਦੀਆਂ ਸਹਿਯੋਗੀ ਪਾਰਟੀਆਂ ਲਈ ਮੁੱਖ ਮੁੱਦਾ ਹੈ। ਪਰ ਮਸਲਾ ਹੁਣ 2004 'ਚ ਹੋਈਆਂ ਲੋਕ ਸਭਾ ਦੀਆਂ ਚੋਣਾਂ ਵਿਚ ਪੈਦਾ ਹੋਈ ਸਥਿਤੀ ਜਿੰਨਾ ਗੁੰਝਲਦਾਰ ਨਹੀਂ ਹੈ ਕਿਉਂਕਿ ਉਦੋਂ ਕਾਂਗਰਸ ਨੂੰ ਸਿਰਫ 145 ਸੀਟਾਂ ਮਿਲੀਆਂ ਸਨ ਅਤੇ ਭਾਈਵਾਲ ਵਧ ਹੋਣ ਕਾਰਨ ਉਨ੍ਹਾਂ ਨੂੰ ਰਾਜ਼ੀ ਰੱਖਣ ਦੀ ਵੱਡੀ ਚੁਣੌਤੀ ਸੀ। ਪਰ ਇਸ ਵਾਰ ਅਜਿਹੇ ਦਾਅਵੇ ਕਰਨ ਵਾਲੀਆਂ ਪਾਰਟੀਆਂ ਕਿ 15ਵੀਂ ਲੋਕ ਸਭਾ 'ਚ ਉਨ੍ਹਾਂ ਦੇ ਸਮਰਥਨ ਤੋਂ ਬਿਨਾਂ ਸਰਕਾਰ ਨਹੀਂ ਬਣ ਸਕਦੀ ਅਤੇ ਅਗਲਾ ਪ੍ਰਧਾਨ ਮੰਤਰੀ ਉਨ੍ਹਾਂ ਦੀ ਮਰਜ਼ੀ ਨਾਲ ਹੀ ਬਣੇਗਾ, ਆਪਣੀ ਹਾਰ ਦੇ ਕਾਰਨਾਂ ਦੀ ਥਾਹ ਪਾਉਣ 'ਚ ਜੁਟਣ ਤੋਂ ਪਹਿਲਾਂ ਮਿਹਣੇਬਾਜ਼ੀ 'ਚ ਉਲਝ ਗਈਆਂ ਹਨ।

ਤਾਜ਼ਾ ਚੋਣ ਨਤੀਜਿਆਂ ਤੋਂ ਵੋਟਰਾਂ ਦੇ ਰੁਝਾਨ ਨੂੰ ਸਮਝਣਾ ਮੁਸ਼ਕਲ ਹੋ ਗਿਆ ਹੈ। ਇਨ੍ਹਾਂ ਚੋਣ ਨਤੀਜਿਆਂ ਨੂੰ ਪ੍ਰਭਾਵਤ ਕਰਨ ਵਾਲੇ ਕਿਸੇ ਇਕ ਕਾਰਨ ਦੀ ਨਿਸ਼ਾਨਦੇਹੀ ਕਰਨੀ ਬਹੁਤ ਮੁਸ਼ਕਲ ਹੈ। ਰਾਜਸੀ ਪਾਰਟੀਆਂ ਦੀ ਜਿੱਤ ਅਤੇ ਹਾਰ ਲਈ ਕਈ ਤੱਤ ਜ਼ਿੰਮੇਵਾਰ ਹਨ। ਅਜਿਹਾ ਚੋਣ ਨਤੀਜਿਆਂ ਦੀ ਘੋਖ ਕਰਨ ਤੋਂ ਬਾਅਦ ਸਾਹਮਣੇ ਆਇਆ ਹੈ। ਇਨ੍ਹਾਂ ਚੋਣਾਂ 'ਚ ਸੱਤਾ ਵਿਰੋਧੀ ਕਾਰਕ ਦੀ ਭੂਮਿਕਾ ਕਿਧਰੇ ਵੀ ਵੇਖਣ ਨੂੰ ਨਹੀਂ ਮਿਲੀ। ਉਨ੍ਹਾਂ ਰਾਜਾਂ 'ਚ ਵੀ ਸੱਤਾਧਾਰੀ ਪਾਰਟੀਆਂ ਜੇਤੂ ਰਹੀਆਂ, ਜਿੱਥੇ ਢਿੱਲੀ ਕਾਰਗੁਜ਼ਾਰੀ ਵਾਲੀਆਂ ਸਰਕਾਰਾਂ ਸਨ। ਇਨ੍ਹਾਂ ਚੋਣਾਂ 'ਚ ਕਿਤੇ ਕਿਤੇ ਦੇਖਣ ਨੂੰ ਆਏ ਰਾਸ਼ਟਰੀ ਰੁਝਾਨ ਨੂੰ ਦੇਖਦਿਆਂ ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਖੇਤਰੀ ਪਾਰਟੀਆਂ ਦੇ ਦਿਨ ਲੱਦ ਜਾਣਗੇ। ਉੜੀਸਾ ਵਿਚ ਬੀਜੂ ਜਨਤਾ ਦਲ, ਬਿਹਾਰ ਵਿਚ ਜਨਤਾ ਦਲ (ਯੂ), ਮਹਾਰਾਸ਼ਟਰ ਵਿਚ ਸ਼ਿਵ ਸੈਨਾ ਅਤੇ ਨੈਸ਼ਨਲ ਕਾਂਗਰਸ, ਤਾਮਿਲਨਾਡੂ 'ਚ ਡੀ.ਐਮ.ਕੇ. ਵਰਗੀਆਂ ਖੇਤਰੀ ਪਾਰਟੀਆਂ ਦੇ ਆਧਾਰ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਦਿੱਲੀ 'ਚ ਕਾਂਗਰਸ ਨੇ ਸਾਰੀਆਂ ਹੀ ਸੀਟਾਂ ਜਿੱਤ ਕੇ ਸੱਤਾ ਵਿਰੋਧੀ ਕਾਰਕ ਵਾਲੇ ਰੁਝਾਨ ਦੀ ਫੂਕ ਕੱਢ ਦਿੱਤੀ ਹੈ। ਇਸੇ ਤਰ੍ਹਾਂ ਹਰਿਆਣਾ 'ਚ ਕਾਂਗਰਸ ਨੇ ਕੁਲ 10 ਵਿਚੋਂ 9 ਸੀਟਾਂ 'ਤੇ ਕਬਜ਼ਾ ਕੀਤਾ ਹੈ। ਪੰਜਾਬ ਤੇ ਉਤਰਾਖੰਡ ਵਿਚ ਉਸ ਦੀਆਂ ਸੀਟਾਂ ਦੁਗਣੀਆਂ ਹੋ ਗਈਆਂ ਹਨ ਅਤੇ ਯੂ.ਪੀ. ਦੀਆਂ 80 ਸੀਟਾਂ ਵਿਚੋਂ ਉਸ ਨੇ 20 ਸੀਟਾਂ ਜਿੱਤ ਕੇ ਇਸ ਰਾਜ ਵਿਚ 18 ਸਾਲਾਂ ਬਾਅਦ ਆਪਣੀ ਹੋਂਦ ਨੂੰ ਉਭਾਰਿਆ ਹੈ।

ਇਨ੍ਹਾਂ ਚੋਣਾਂ 'ਚ ਭਾਵੇਂ ਪ੍ਰਮੁੱਖ ਕੌਮੀ ਪਾਰਟੀਆਂ ਕਾਂਗਰਸ ਅਤੇ ਭਾਜਪਾ ਦੀਆਂ ਸੀਟਾਂ 'ਚ ਵਾਧਾ ਹੋਇਆ ਹੈ, ਪਰ ਇਸ ਤੋਂ ਕੌਮੀ ਪਾਰਟੀਆਂ ਦੇ ਦਬਦਬੇ ਦੇ ਯੁੱਗ ਦੀ ਵਾਪਸੀ ਦੇ ਸੰਕੇਤ ਨਹੀਂ ਮਿਲਦੇ ਕਿਉਂਕਿ 2004 ਦੀਆਂ ਕਾਂਗਰਸ ਅਤੇ ਭਾਜਪਾ ਦੀਆਂ ਸੀਟਾਂ ਦੀ ਸੰਖਿਆ 283 ਦੇ ਮੁਕਾਬਲੇ ਵਧ ਕੇ 321 ਹੋ ਗਈ ਹੈ, ਪਰ ਇਨ੍ਹਾਂ ਦੋਹਾਂ ਕੌਮੀ ਪਾਰਟੀਆਂ ਦੇ ਕੁਲ ਵੋਟ ਅਨੁਪਾਤ ਵਿਚ ਕੋਈ ਵਾਧਾ ਨਹੀਂ ਹੋਇਆ। ਪਿਛਲੀ ਵਾਰ ਉਨ੍ਹਾਂ ਨੂੰ 48.7 ਫੀਸਦੀ ਵੋਟਾਂ ਮਿਲੀਆਂ ਸਨ। ਇਸ ਵਾਰ ਦਾ ਅੰਕੜਾ 48.9 ਫੀਸਦੀ ਰਿਹਾ ਹੈ।

ਬਿਹਾਰ 'ਚ ਲਾਲੂ ਤੇ ਪਾਸਵਾਨ ਨੇ ਚੋਣਾਂ ਤੋਂ ਪਹਿਲਾਂ ਕਾਂਗਰਸ ਨੂੰ 3 ਸੀਟਾਂ ਦੇਣ ਦੀ ਜਿੱਦ ਕਰਕੇ ਆਪਸ 'ਚ 26 ਤੇ 14 ਸੀਟਾਂ ਵੰਡ ਲਈਆਂ ਸਨ, ਪਰ ਉਨ੍ਹਾਂ ਦੋਹਾਂ ਨੂੰ ਮੂੰਹ ਦੀ ਖਾਣੀ ਪਈ। ਲਾਲੂ ਯਾਦਵ ਦੀ ਪਾਰਟੀ ਰਾਸ਼ਟਰੀ ਜਨਤਾ ਦਲ ਨੇ ਪਿਛਲੀਆਂ ਚੋਣਾਂ ਵਿਚ 24 ਸੀਟਾਂ ਪ੍ਰਾਪਤ ਕੀਤੀਆਂ ਸਨ, ਪਰ ਇਸ ਵਾਰ ਉਹ ਚਾਰ ਸੀਟਾਂ 'ਤੇ ਹੀ ਸਿਮਟ ਗਈ। ਰਾਮ ਵਿਲਾਸ ਪਾਸਵਾਨ ਦੀ ਲੋਕ ਜਨ ਸ਼ਕਤੀ ਪਾਰਟੀ ਜਿਸ ਨੇ ਪਿਛਲੀ ਵਾਰ ਲੋਕ ਸਭਾ ਚੋਣਾਂ 'ਚ 4 ਸੀਟਾਂ ਜਿੱਤੀਆਂ ਸਨ, ਇਸ ਵਾਰ ਆਪਣਾ ਖਾਤਾ ਵੀ ਨਾ ਖੋਲ੍ਹ ਸਕੀ ਅਤੇ ਪਾਸਵਾਨ ਖੁਦ ਹਾਜੀਪੁਰ ਤੋਂ ਚੋਣ ਹਾਰ ਗਏ।

ਯੂ.ਪੀ. 'ਚ ਮੁਲਾਇਮ ਸਿੰਘ ਯਾਦਵ ਜੋ ਬਸਪਾ ਸਰਕਾਰ ਦੀ ਬਰਖਾਸਤਗੀ ਦੀ ਸ਼ਰਤ 'ਤੇ ਕੇਂਦਰ 'ਚ ਬਣਨ ਵਾਲੀ ਸਰਕਾਰ ਦੀ ਦੁਹਾਈ ਪਾ ਰਿਹਾ ਸੀ, ਦੀ ਪਾਰਟੀ ਪਿਛਲੀ ਲੋਕ ਸਭਾ 'ਚ 36 ਸੀਟਾਂ ਦੇ ਮੁਕਾਬਲੇ 23 ਸੀਟਾਂ 'ਤੇ ਹੀ ਸਿਮਟ ਗਈ। ਮਾਇਆਵਤੀ, ਜੋ ਖੁਦ ਪ੍ਰਧਾਨ ਮੰਤਰੀ ਬਣਨ ਅਤੇ 40 ਤੋਂ ਵਧ ਸੀਟਾਂ ਹਾਸਲ ਕਰਨ ਦਾ ਸੁਪਨਾ ਸੰਜੋਈ ਬੈਠੀ ਸੀ, 21 ਸੀਟਾਂ ਤੱਕ ਹੀ ਅੱਪੜ ਸਕੀ। ਪੰਜਾਬ 'ਚ ਉਸ ਦੇ ਸੋਸ਼ਲ ਇੰਜੀਨੀਅਰਿੰਗ ਫਾਰਮੂਲੇ ਨੇ ਪਾਣੀ ਵੀ ਨਹੀਂ ਮੰਗਿਆ। ਰਾਜਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਮਾਇਆਵਤੀ ਦੇ ਇਸ ਫਾਰਮੂਲੇ ਨਾਲ ਦਲਿਤ ਵੋਟ ਮੁੜ ਕਾਂਗਰਸ ਵਲ ਝੁਕ ਗਈ ਹੈ। ਇਹ ਸਿਧਾਂਤ ਸਿਰਫ ਯੂ.ਪੀ. 'ਚ ਹੀ ਚੱਲ ਸਕਿਆ।

ਖੱਬੇਪੱਖੀਆਂ ਦੀ ਅਗਵਾਈ ਹੇਠ ਬਣਿਆ ਤੀਜਾ ਮੋਰਚਾ, ਜੋ ਚੋਣਾਂ ਦੌਰਾਨ ਹੀ ਟੀ.ਆਰ.ਐਸ. ਦੇ ਕੌਮੀ ਜਮਹੂਰੀ ਗਠਜੋੜ ਅਤੇ ਜਨਤਾ ਦਲ (ਐਸ) ਦੇ ਕਾਂਗਰਸ ਨਾਲ ਜਾਣ ਕਰਕੇ ਖਿੰਡਣ ਲੱਗਾ ਸੀ, ਨੂੰ ਵੀ ਇਨ੍ਹਾਂ ਚੋਣਾਂ 'ਚ ਵੱਡਾ ਧੱਕਾ ਲੱਗਾ। ਖੱਬੇਪੱਖੀ, ਜੋ 100 ਤੋਂ ਵਧ ਸੀਟਾਂ ਲੈ ਕੇ ਤੀਜੇ ਮੋਰਚੇ ਦੀ ਸਰਕਾਰ ਬਣਾਉਣ ਦਾ ਸੁਪਨਾ ਦੇਖ ਰਹੇ ਸਨ, ਵੀ ਮੂਧੇ ਮੂੰਹ ਜਾ ਡਿੱਗੇ। 2004 ਦੀਆਂ ਚੋਣਾਂ 'ਚ ਖੱਬੇਪੱਖੀ ਪਾਰਟੀਆਂ ਨੂੰ 59 ਸੀਟਾਂ ਮਿਲੀਆਂ ਸਨ ਪਰ ਇਸ ਵਾਰ ਉਹ 25 ਸੀਟਾਂ ਤੱਕ ਹੀ ਸਿਮਟ ਕੇ ਰਹਿ ਗਏ। ਪੱਛਮੀ ਬੰਗਾਲ 'ਚ ਤ੍ਰਿਣਮੂਲ ਕਾਂਗਰਸ ਨੇ 19 ਸੀਟਾਂ ਜਿੱਤ ਕੇ ਖੱਬੇਪੱਖੀਆਂ ਨੂੰ ਕਰਾਰਾ ਝਟਕਾ ਦਿੱਤਾ ਹੈ। ਪੱਛਮੀ ਬੰਗਾਲ 'ਚ 'ਨੈਨੋ' ਨਾਲ ਨੈਣ ਮਿਲਾਉਣਾ ਖੱਬਿਆਂ ਨੂੰ ਮਹਿੰਗਾ ਪਿਆ।

ਤਾਮਿਲਨਾਡੂ 'ਚ ਅੰਨਾ ਡੀ.ਐਮ.ਕੇ. ਦੀ ਨੇਤਾ ਜੈਲਲਿਤਾ ਪ੍ਰਧਾਨ ਮੰਤਰੀ ਬਣਨ ਦਾ ਸੁਪਨਾ ਦੇਖਦੀ 8 ਸੀਟਾਂ ਤੱਕ ਸੀਮਤ ਰਹਿ ਗਈ। ਜਨਤਾ ਦਲ (ਐਸ) ਦੇ ਨੇਤਾ ਦੇਵਗੌੜਾ ਨੂੰ ਵੀ ਤਿੰਨ ਸੀਟਾਂ ਹੀ ਨਸੀਬ ਹੋਈਆਂ। ਸ਼ਰਦ ਯਾਦਵ ਜਿਥੇ ਕੌਮੀ ਜਮਹੂਰੀ ਗਠਜੋੜ ਨੂੰ ਹੋਏ ਨੁਕਸਾਨ ਲਈ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਵਜੋਂ ਪੇਸ਼ ਕਰਨਾ ਮੰਨ ਰਹੇ ਹਨ, ਉਥੇ ਮਾਰਕਸੀ ਨੇਤਾ ਤੇ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਬੁੱਧਦੇਵ ਭੱਟਾਚਾਰੀਆ ਨੇ ਪ੍ਰਕਾਸ਼ ਕਾਰਤ ਨੂੰ ਪਾਰਟੀ ਦੀ ਹਾਰ ਲਈ ਜ਼ਿੰਮੇਵਾਰ ਠਹਿਰਾਇਆ ਹੈ।

# ਮਾਲਵੇ 'ਚ ਕੈਪਟਨ ਦੇ ਪੈਰ ਹਿੱਲੇ, ਦੁਆਬਾ ਕਾਂਗਰਸ ਵਲ ਮੁੜਿਆ

ਵਿਧਾਨ ਸਭਾ ਚੋਣ ਵੇਲੇ ਮਾਝੇ ਅਤੇ ਦੁਆਬੇ ਵਿਚ ਕਾਂਗਰਸ ਪਾਰਟੀ ਨੂੰ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ ਅਤੇ ਪੰਜਾਬ ਦਾ ਹਿੰਦੂ ਅਤੇ ਦਲਿਤ ਤਬਕਾ ਮੁੱਖ ਰੂਪ ਵਿਚ ਅਕਾਲੀ-ਭਾਜਪਾ ਗਠਜੋੜ ਦੇ ਹਿੱਤ ਵਿਚ ਭੁਗਤਿਆ ਸੀ। ਦੁਆਬੇ ਮਾਝੇ ਦੀ ਕਿਸਾਨੀ ਨੇ ਵੀ ਕਿਸੇ ਹੱਦ ਤੱਕ ਅਕਾਲੀ-ਭਾਜਪਾ ਗਠਜੋੜ ਦਾ ਸਾਥ ਦਿੱਤਾ ਸੀ ਪਰ ਮਾਲਵੇ ਦੀ ਕਿਸਾਨੀ ਕੈਪਟਨ ਅਮਰਿੰਦਰ ਸਿੰਘ ਪਿੱਛੇ ਡਟ ਕੇ ਖਲੋ ਗਈ ਸੀ। ਇਸ ਤੋਂ ਇਲਾਵਾ ਡੇਰਾ ਸੱਚਾ ਸੌਦਾ ਵਾਲੀ ਵੋਟ ਵੀ ਕਾਂਗਰਸ ਪਾਰਟੀ ਵਲ ਭੁਗਤੀ ਦੱਸੀ ਜਾਂਦੀ ਸੀ। ਪਰ ਇਸ ਵਾਰ ਡੇਰਾ ਸੱਚਾ ਸੌਦਾ ਦੀ ਵੋਟ ਕਾਂਗਰਸ ਪਾਰਟੀ ਨੂੰ ਸਮੂਹਕ ਰੂਪ ਵਿਚ ਪਈ ਵਿਖਾਈ ਨਹੀਂ ਦਿੰਦੀ। ਖਾਸ ਕਰਕੇ ਫਿਰੋਜ਼ਪੁਰ ਅਤੇ ਬਠਿੰਡਾ ਵਾਲੀ ਸੀਟ 'ਤੇ। ਹਾਲਾਂਕਿ ਹਿੰਦੂ ਵੋਟ ਮਾਲਵੇ ਵਿਚ ਵੀ ਕਾਂਗਰਸ ਪਾਰਟੀ ਦੇ ਹਿੱਤ ਵਿਚ ਭੁਗਤੀ। ਇਸੇ ਕਾਰਨ ਬਠਿੰਡਾ ਸ਼ਹਿਰ ਤੋਂ ਰਣਇੰਦਰ ਸਿੰਘ ਨੂੰ ਵੱਡੀ ਲੀਡ ਪ੍ਰਾਪਤ ਹੋਈ।

ਪਿਛਲੀ ਵਾਰ ਪਾਣੀਆਂ ਸਬੰਧੀ ਬਿਲ ਅਤੇ ਕੁਝ ਹੋਰ ਕਿਸਾਨ ਹਿੱਤੂ ਫੈਸਲਿਆਂ ਕਾਰਨ ਮਾਲਵੇ ਦੀ ਕਿਸਾਨੀ ਸਮੂਹਕ ਰੂਪ ਵਿਚ ਕੈਪਟਨ ਅਮਰਿੰਦਰ ਸਿੰਘ ਅਤੇ ਕਾਂਗਰਸ ਪਾਰਟੀ ਦੀ ਪਿੱਠ ਉਪਰ ਰਹੀ ਸੀ, ਪਰ ਇਸ ਵਾਰ ਅਕਾਲੀ ਉਸ ਨੂੰ ਵੀ ਬਠਿੰਡਾ ਅਤੇ ਫਿਰੋਜ਼ਪੁਰ ਹਲਕਿਆਂ ਵਿਚ ਤੋੜਨ ਵਿਚ ਕਾਮਯਾਬ ਰਹੇ। ਮਾਲਵੇ ਵਿਚ ਕੈਪਟਨ ਅਮਰਿੰਦਰ ਸਿੰਘ ਦਾ ਜਾਦੂ ਅਕਾਲੀ ਇਸ ਕਦਰ ਤੋੜਨ ਵਿਚ ਕਾਮਯਾਬ ਹੋ ਜਾਣਗੇ ਇਸ ਕਿਸਮ ਦਾ ਅੰਦਾਜ਼ਾ ਕਿਸੇ ਨੇ ਵੀ ਨਹੀਂ ਸੀ ਲਾਇਆ। ਉਹ ਵੀ ਸੱਤਾ ਵਿਚ ਰਹਿੰਦਿਆਂ ਬਹੁਤ ਹੀ ਮਾੜੀ ਸਰਕਾਰੀ ਕਾਰਗੁਜ਼ਾਰੀ ਦੇ ਬਾਵਜੂਦ।

ਅਸਲ ਗੱਲ ਇਹ ਹੈ ਕਿ ਹੇਠਲੇ ਪੱਧਰ ਉੱਪਰ ਰਾਜਨੀਤਕ ਮੁਹਿੰਮਾਂ ਵਿੱਢਣ ਅਤੇ ਲੋਕਾਂ ਨਾਲ ਮੇਲ ਜੋਲ ਦੇ ਮਾਮਲੇ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਦਾ ਹਾਲੇ ਵੀ ਕੋਈ ਸਾਨੀ ਨਹੀਂ ਹੈ ਜਦਕਿ ਕੈਪਟਨ ਅਮਰਿੰਦਰ ਸਿੰਘ ਅਤੇ ਉਸ ਦੇ ਪਰਿਵਾਰ ਨੂੰ ਮਾਲਵੇ ਦੇ ਲੋਕਾਂ ਵਿਚ ਬਣੀ ਆਪਣੀ ਲੋਕ ਹਿਤੂ 'ਛਵੀ' ਉਪਰ ਹੀ ਵੱਡਾ ਮਾਣ ਰਿਹਾ ਹੈ। ਕੈਪਟਨਕੇ ਇਸ ਮਾਣ ਦੀ ਘੁਮੇਰ ਵਿਚ ਹੀ





ਮਾਰੇ ਗਏ, ਜਦੋਂਕਿ ਬਾਦਲ ਪਰਿਵਾਰ ਨੇ ਬਠਿੰਡਾ ਸੀਟ ਨੂੰ ਆਪਣੀ ਸਿਆਸੀ ਹੋਂਦ ਲਈ ਲੜੀ ਜਾਣ ਵਾਲੀ ਜੰਗ ਵਜੋਂ ਲਿਆ। ਉਨ੍ਹਾਂ ਇਸ ਇਲਾਕੇ ਦੇ ਹਰ ਵੋਟਰ ਤੱਕ ਪਹੁੰਚ ਕੀਤੀ। ਫੌਜੀ ਹੋਣ ਦਾ ਮਾਨ ਕੈਪਟਨ ਦੇ ਟੱਬਰ ਦੇ ਪੱਲੇ ਸੀ, ਫੌਜੀ ਜਰਨੈਲਾਂ ਵਰਗੀ ਮੁਹਿੰਮ ਸੁਖਬੀਰਕਿਆਂ ਨੇ ਵਿੱਢੀ। ਜਿਸ ਨੇ ਬਠਿੰਡਾ ਵਿਚ ਸਾਰੀ ਸਥਿਤੀ ਬਦਲ ਕੇ ਰੱਖ ਦਿੱਤੀ। ਜਿਥੋਂ ਤੱਕ ਫਿਰੋਜ਼ਪੁਰ ਦਾ ਸੁਆਲ ਹੈ, ਇਕ ਪਾਸੇ ਤਾਂ ਜਾਤੀ-ਸਮੀਕਰਨ ਜਗਮੀਤ ਸਿੰਘ ਦੂਜੇ ਪਾਸੇ ਕਾਂਗਰਸ ਦੀ ਅੰਦਰਲੀ ਫੁਟ ਵੀ ਇਸ ਹਲਕੇ ਵਿਚ ਜਗਮੀਤ ਸਿੰਘ ਬਰਾੜ ਨੂੰ ਉਲਟੀ ਪਈ। ਸੰਗਰੂਰ ਤੋਂ ਅਕਾਲੀਆਂ ਦੀ ਫੁੱਟ ਨੇ ਸੁਖਦੇਵ ਸਿੰਘ ਢੀਂਡਸੇ ਦੀ ਹਾਰ ਵਿਚ ਭਾਵੇਂ ਯੋਗਦਾਨ ਪਾਇਆ, ਪਰ ਸ਼ਹਿਰੀ ਹਿੰਦੂ ਵੋਟ ਵੀ ਕਾਂਗਰਸ ਪਾਰਟੀ ਨੂੰ ਭੁਗਤੀ।

ਆਨੰਦਪੁਰ ਸਾਹਿਬ ਦਾ ਨਤੀਜਾ ਵੀ ਸਾਡੀਆਂ ਕਿਆਸਅਰਾਈਆਂ ਦੇ ਉਲਟ ਗਿਆ। ਇਥੇ ਵੀ ਅਕਾਲੀਆਂ ਦੀ ਫੁੱਟ ਰਵਨੀਤ ਸਿੰਘ ਬਿੱਟੂ ਦੀ ਜਿੱਤ ਵਿਚ ਯੋਗਦਾਨ ਪਾ ਗਈ। ਇਸ ਤੋਂ ਇਲਾਵਾ ਬਹੁਜਨ ਸਮਾਜ ਪਾਰਟੀ ਅਤੇ ਸੀ.ਪੀ.ਐਮ. ਦਾ ਉਮੀਦਵਾਰ ਰੌਲੇ ਰੱਪੇ ਅਨੁਸਾਰ ਵੋਟਾਂ ਨਾ ਖਿਚ ਸਕਿਆ। ਇਨ੍ਹਾਂ ਚੋਣਾਂ ਦੌਰਾਨ ਇਕ ਪਾਸੇ ਤਾਂ ਸੱਚਾ ਸੌਦਾ ਵਾਲਿਆਂ ਨੇ ਮਾਲਵੇ 'ਚ ਕਾਂਗਰਸ ਪਾਰਟੀ ਦੀ ਠੋਕ ਕੇ ਹਮਾਇਤ ਕਰਨ ਵਿਚ ਝਿਜਕ ਵਿਖਾਈ ਦੂਜੇ ਪਾਸੇ ਕੈਪਟਨ ਵਲੋਂ ਡੇਰਾ ਸੱਚਾ ਸੌਦਾ ਵਿਚ ਫੇਰਾ ਪਾ ਆਉਣ ਦੀ ਅਫਵਾਹ ਕਾਰਨ ਕੱਟੜਪੰਥੀ ਸਿੱਖਾਂ ਦੀ ਕੁਝ ਵੋਟ, ਖਾਸ ਕਰਕੇ ਬਠਿੰਡਾ ਵਿਚ, ਪਾਰਟੀ ਦੇ ਉਲਟ ਭੁਗਤੀ। ਇਸੇ ਕਾਰਨ ਹੀ ਇਸ ਖਿੱਤੇ ਵਿਚੋਂ ਅਕਾਲੀ ਦੋ ਸੀਟਾਂ ਹਾਸਲ ਕਰਨ ਵਿਚ ਕਾਮਯਾਬ ਰਹੇ। ਕੁਝ ਲੋਕ ਤਾਂ ਇਹ ਵੀ ਆਖ ਰਹੇ ਹਨ ਕਿ ਬਾਦਲ ਬਠਿੰਡਾ ਸੀਟ 'ਤੇ ਡੇਰੇ ਨਾਲ ਅੰਦਰ ਖਾਤੇ ਸਮਝੌਤਾ ਕਰਨ ਵਿਚ ਕਾਮਯਾਬ ਰਿਹਾ ਪਰ ਇਹ ਠੀਕ ਨਹੀਂ ਜਾਪਦਾ।

ਆਉਂਦੀਆਂ ਵਿਧਾਨ ਸਭਾ ਚੋਣਾਂ ਤੱਕ ਪੰਜਾਬ ਦੇ ਵੋਟਰ ਦਾ ਰੁਖ ਕੀ ਹੋਵੇਗਾ? ਇਹ ਇਸ ਗੱਲ 'ਤੇ ਮੁਨੱਸਰ ਕਰਦਾ ਹੈ ਕਿ ਮੌਜੂਦਾ ਅਕਾਲੀ ਭਾਜਪਾ ਸਰਕਾਰ ਅਗਲੇ ਢਾਈ ਤਿੰਨ ਸਾਲਾਂ ਤੱਕ ਲੋਕ ਮਸਲਿਆਂ ਵਲ ਕੀ ਪਹੁੰਚ ਅਖਤਿਆਰ ਕਰਦੀ ਹੈ। ਇਨ੍ਹਾਂ ਲੋਕ ਸਭਾ ਚੋਣਾਂ ਵਿਚ ਦਿੱਲੀ, ਆਂਧਰਾ ਪ੍ਰਦੇਸ਼, ਤਾਮਿਲਨਾਡੂ, ਉੜੀਸਾ ਅਤੇ ਬਿਹਾਰ ਵਿਚ ਲੋਕਾਂ ਨੇ ਉਥੋਂ ਦੀਆਂ ਸੂਬਾਈ ਹਕੂਮਤਾਂ ਦੇ ਹਿੱਤ ਵਿਚ ਹੀ ਫਤਵਾ ਦਿੱਤਾ। ਇਹ ਸੂਬਾਈ ਹਕੂਮਤਾਂ ਨੂੰ ਲੋਕਾਂ ਵਲੋਂ ਕੀਤੇ ਗਏ ਵਿਕਾਸ ਕਾਰਜਾਂ ਲਈ ਸ਼ਾਬਾਸ਼ ਹੈ। ਕੁਝ ਢਿੱਲੀ ਕਾਰਗੁਜ਼ਾਰੀ ਵਾਲੇ ਵੀ ਮੁੜ ਜਿੱਤ ਗਏ ਹਨ। ਪੰਜਾਬ ਦੀ ਮੌਜੂਦਾ ਅਕਾਲੀ ਸਰਕਾਰ ਪੰਜਾਬ ਦੇ ਗਰੀਬ ਲੋਕਾਂ ਦੀ ਵਿੱਦਿਆ, ਰੁਜ਼ਗਾਰ, ਸਿਹਤ ਸਹੂਲਤਾਂ ਅਤੇ ਹੋਰ ਵਿਕਾਸ ਕਾਰਜਾਂ ਲਈ ਫੌਰੀ ਧਿਆਨ ਦੇਣਾ ਸ਼ੁਰੂ ਕਰਦੀ ਹੈ ਤਾਂ ਅਗਲੀ ਵਿਧਾਨ ਸਭਾ ਚੋਣ ਤੱਕ ਵੋਟਰ ਉਸ ਵਲ ਮੁੜ ਪਰਤ ਸਕਦਾ ਹੈ।

ਭਾਰਤੀ ਜਨਤਾ ਪਾਰਟੀ ਨੂੰ ਖਾਸ ਤੌਰ 'ਤੇ ਆਪਣਾ ਅੰਗਾ ਸੁਆਰਨ ਦੀ ਲੋੜ ਪਵੇਗੀ। ਪੰਜਾਬ ਸਰਕਾਰ ਨੂੰ ਅਸਲ ਵਿਚ ਪੰਜਾਬ ਦੇ ਹਿੰਦੂ ਵਪਾਰੀ ਤਬਕੇ, ਪੰਜਾਬ ਦੀ ਬੇਜ਼ਮੀਨੀ ਦਲਿਤ ਆਬਾਦੀ ਅਤੇ ਪੰਜਾਬ ਦੀ ਕਿਸਾਨ ਜਨਤਾ ਦੇ ਹਿੱਤਾਂ ਵਲ ਬਰਾਬਰ ਧਿਆਨ ਦੇਣਾ ਪਵੇਗਾ। ਅਜਿਹੀ ਨੀਤੀ ਦੀ ਅਣਹੋਂਦ ਵਿਚ ਮੌਜੂਦਾ ਅਕਾਲੀ-ਭਾਜਪਾ ਸਰਕਾਰ ਦਾ ਬੁਰਾ ਹਾਲ ਹੋਣਾ ਤੈਅ ਹੈ। ਹੁਣ ਵਾਲੀ ਚਾਲੇ ਤੁਰਿਆਂ ਅਕਾਲੀ-ਭਾਜਪਾ ਸਰਕਾਰ ਦਾ ਹਾਲ ਮਾੜਾ ਹੀ ਦਿਸਦਾ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿੱਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਪੰਜਾਬ ਦੇ ਚਰਚਿਤ ਲੋਕ ਸਭਾ ਹਲਕਿਆਂ ਦਾ ਇਕ ਵੇਰਵਾ

## ਫਰੀਦਕੋਟ ਲੋਕ ਸਭਾ ਸੀਟ



ਜੇਤੂ - ਪਰਮਜੀਤ ਗੁਲਸ਼ਨ
ਵਿਰੋਧੀ - ਸੁਖਵਿੰਦਰ ਡੈਨੀ
ਸ਼੍ਰੋਮਣੀ ਅਕਾਲੀ ਦਲ (457725)
ਕਾਂਗਰਸ (395668)
ਜਿੱਤ ਦਾ ਫਰਕ 62057



### ਵਿਧਾਨ ਸਭਾ ਵਾਰ ਸਥਿਤੀ

| ਖੇਤਰ | ਸ਼੍ਰੋਮਣੀ ਅਕਾਲੀ ਦਲ | ਕਾਂਗਰਸ |
|---|---|---|
| ਨਿਹਾਲ ਸਿੰਘ ਵਾਲਾ | 56787 | 51072 |
| ਬਾਘਾ ਪੁਰਾਣਾ | 47380 | 45966 |
| ਮੋਗਾ | 48990 | 54010 |
| ਧਰਮਕੋਟ | 52234 | 40226 |
| ਗਿਦੜਬਾਹਾ | 63833 | 37113 |
| ਫਰੀਦਕੋਟ | 44051 | 42068 |
| ਜੈਤੋ | 48091 | 39276 |
| ਕੋਟਕਪੂਰਾ | 42496 | 41035 |
| ਰਾਮਪੁਰਾ ਫੂਲ | 46586 | 44209 |

## ਪਟਿਆਲਾ ਲੋਕ ਸਭਾ ਸੀਟ



ਜੇਤੂ - ਪ੍ਰਨੀਤ ਕੌਰ
ਵਿਰੋਧੀ - ਪ੍ਰੇਮ ਸਿੰਘ ਚੰਦੂਮਾਜਰਾ
ਕਾਂਗਰਸ (474188)
ਸ਼੍ਰੋਮਣੀ ਅਕਾਲੀ ਦਲ (376799)
ਜਿੱਤ ਦਾ ਫਰਕ 97389



### ਵਿਧਾਨ ਸਭਾ ਵਾਰ ਸਥਿਤੀ

| ਖੇਤਰ | ਕਾਂਗਰਸ | ਸ਼੍ਰੋਮਣੀ ਅਕਾਲੀ ਦਲ |
|---|---|---|
| ਨਾਭਾ | 58106 | 41055 |
| ਪਟਿਆਲਾ | 63996 | 34032 |
| ਰਾਜਪੁਰਾ | 48806 | 37433 |
| ਡੇਰਾ ਬੱਸੀ | 52794 | 43680 |
| ਘਨੌਰ | 44862 | 41837 |
| ਸਨੌਰ | 57792 | 54228 |
| ਪਟਿਆਲਾ | 59554 | 19784 |
| ਸਮਾਨਾ | 52145 | 44325 |
| ਸ਼ੁਤਰਾਣਾ | 48376 | 48254 |

## ਗੁਰਦਾਸਪੁਰ ਲੋਕ ਸਭਾ ਸੀਟ



ਜੇਤੂ - ਪ੍ਰਤਾਪ ਬਾਜਵਾ
ਵਿਰੋਧੀ - ਵਿਨੋਦ ਖੰਨਾ
ਕਾਂਗਰਸ (447969)
ਭਾਜਪਾ (439610)
ਜਿੱਤ ਦਾ ਫਰਕ 8359



### ਵਿਧਾਨ ਸਭਾ ਵਾਰ ਸਥਿਤੀ

| ਖੇਤਰ | ਕਾਂਗਰਸ | ਭਾਜਪਾ |
|---|---|---|
| ਸੁਜਾਨਪੁਰ | 44922 | 44340 |
| ਭੋਆ | 47076 | 45633 |
| ਪਠਾਨਕੋਟ | 42496 | 41048 |
| ਗੁਰਦਾਸਪੁਰ | 44377 | 50715 |
| ਦੀਨਾਨਗਰ | 54181 | 50737 |
| ਕਾਦੀਆਂ | 61175 | 49242 |
| ਬਟਾਲਾ | 61711 | 40099 |
| ਫਤਹਿਗੜ੍ਹ | 42709 | 52810 |
| ਡੇਰਾ ਬਾਬਾ | 49322 | 60986 |

## ਫਤਹਿਗੜ੍ਹ ਸਾਹਿਬ ਲੋਕ ਸਭਾ ਸੀਟ



ਜੇਤੂ - ਸੁਖਦੇਵ ਸਿੰਘ ਲਿਬੜਾ
ਵਿਰੋਧੀ - ਚਰਣਜੀਤ ਸਿੰਘ ਅਟਵਾਲ
ਕਾਂਗਰਸ (392554)
ਸ਼੍ਰੋਮਣੀ ਅਕਾਲੀ ਦਲ (359255)
ਜਿੱਤ ਦਾ ਫਰਕ 34299



### ਵਿਧਾਨ ਸਭਾ ਵਾਰ ਸਥਿਤੀ

| ਖੇਤਰ | ਕਾਂਗਰਸ | ਸ਼੍ਰੋਮਣੀ ਅਕਾਲੀ ਦਲ |
|---|---|---|
| ਬੱਸੀ ਪਠਾਣਾਂ | 36055 | 35966 |
| ਫਤਹਿਗੜ੍ਹ | 43548 | 30920 |
| ਅਮਲੋਹ | 38451 | 7272 |
| ਖੰਨਾ | 46204 | 36446 |
| ਸਮਰਾਲਾ | 47849 | 47401 |
| ਸਾਹਨੇਵਾਲ | 46818 | 43947 |
| ਪਾਇਲ | 47143 | 45867 |
| ਰਾਏਕੋਟ | 45906 | 44299 |
| ਅਮਰਗੜ੍ਹ | 46264 | 38668 |

## ਆਨੰਦਪੁਰ ਸਾਹਿਬ ਲੋਕ ਸਭਾ ਸੀਟ



ਜੇਤੂ - ਰਵਨੀਤ ਬਿੱਟੂ
ਵਿਰੋਧੀ - ਡਾ. ਦਲਜੀਤ ਚੀਮਾ
ਕਾਂਗਰਸ (404818)
ਸ਼੍ਰੋਮਣੀ ਅਕਾਲੀ ਦਲ (335629)
ਜਿੱਤ ਦਾ ਫਰਕ 69189



### ਵਿਧਾਨ ਸਭਾ ਵਾਰ ਸਥਿਤੀ

| ਖੇਤਰ | ਕਾਂਗਰਸ | ਸ਼੍ਰੋਮਣੀ ਅਕਾਲੀ ਦਲ |
|---|---|---|
| ਆਨੰਦਪੁਰ ਸਾਹਿਬ | 46040 | 44926 |
| ਚਮਕੌਰ ਸਾਹਿਬ | 53218 | 43436 |
| ਖਰੜ | 59130 | 34589 |
| ਗੜ੍ਹਸ਼ੰਕਰ | 36047 | 38863 |
| ਬਲਾਚੌਰ | 30367 | 30157 |
| ਨਵਾਂਸ਼ਹਿਰ | 38572 | 37587 |
| ਬੰਗਾ | 38024 | 33895 |

## ਖਡੂਰ ਸਾਹਿਬ ਲੋਕ ਸਭਾ ਸੀਟ



ਜੇਤੂ - ਰਤਨ ਸਿੰਘ ਅਜਨਾਲਾ
ਵਿਰੋਧੀ - ਰਾਣਾ ਗੁਰਜੀਤ ਸਿੰਘ
ਕਾਂਗਰਸ (435720)
ਸ਼੍ਰੋਮਣੀ ਅਕਾਲੀ ਦਲ (467980)
ਜਿੱਤ ਦਾ ਫਰਕ 32260



### ਵਿਧਾਨ ਸਭਾ ਵਾਰ ਸਥਿਤੀ

| ਖੇਤਰ | ਸ਼੍ਰੋਮਣੀ ਅਕਾਲੀ ਦਲ | ਕਾਂਗਰਸ |
|---|---|---|
| ਜੰਡਿਆਲਾ ਗੁਰੂ | 48338 | 46061 |
| ਤਰਨਤਾਰਨ | 48529 | 48866 |
| ਖੇਮਕਰਣ | 65874 | 51092 |
| ਪੱਟੀ | 57195 | 47389 |
| ਖਡੂਰ ਸਾਹਿਬ | 56018 | 51353 |
| ਬਾਬਾ ਬਕਾਲਾ | 51800 | 49178 |
| ਕਪੂਰਥਲਾ | 34198 | 45836 |
| ਸੁਲਤਾਨਪੁਰ ਲੋਧੀ | 41745 | 43295 |
| ਜ਼ੀਰਾ | 52608 | 64266 |


**Real Estate and Home Loans**
**For buying or selling your home**
**Call Aman Hundal at: 209-918-6464**

Selling Bank Owned/ Foreclosed homes in entire northern California- Bay Area, Tracy, Modesto, Stockton, Manteca, Lathrop, Tracy, Lodi, Ceres, Riverbank, Patterson, Turlock, Delhi, Livingston, Ripon.

ਓਬਾਮਾ ਪ੍ਰਸ਼ਾਸਨ ਵਲੋਂ ਐਲਾਨੇ ਗਏ ਲੋਨ ਮੋਡੀਫਿਕੇਸ਼ਨ ਅਤੇ ਰੀਫਾਇਨਾਂਸ ਪ੍ਰੋਗਰਾਮ ਦਾ ਲਾਭ ਉਠਾਓ
ਵੱਧ ਜਾਣਕਾਰੀ ਲਈ ਕਾਲ ਕਰੋ

ਟਰੇਸੀ, ਲੈਥਰੋਪ, ਮਾਡੈਸਟੋ, ਸੈਰੀਜ਼ ਅਤੇ ਟਰਲਕ ਏਰੀਏ ਵਿਚ ਤੁਸੀਂ 1.20 ਲੱਖ ਡਾਲਰ ਤੋਂ ਦੋ ਲੱਖ ਡਾਲਰ ਤੱਕ ਦੀ ਕੀਮਤ ਵਿਚ ਚੰਗਾ ਖਾਸਾ ਘਰ ਲੈ ਸਕਦੇ ਹੋ। ਸੈਂਕੜੇ ਘਰ ਵਿਕਾਊ ਹਨ, ਜੇ ਤੁਸੀਂ 700 ਡਾਲਰ ਕਿਰਾਇਆ ਦੇ ਰਹੇ ਹੋ ਤਾਂ ਤੁਹਾਡੇ ਲਈ ਆਪਣਾ ਘਰ ਖਰੀਦਣਾ ਵੱਡਾ ਲਾਹੇਵੰਦ ਰਹੇਗਾ। ਵੇਰਵੇ ਲਈ ਕਾਲ ਕਰੋ:



ਅਮਨਜੋਤ ਸਿੰਘ ਹੁੰਦਲ

ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਐਲਾਨੇ ਗਏ 8 ਹਜ਼ਾਰ ਡਾਲਰ ਦੇ ਕਰੈਡਿਟ ਦਾ ਜ਼ਰੂਰ ਲਾਭ ਉਠਾਓ।

Aman Hundal
Broker Associate/ Realtor
MBA Marketing
License No. : 01839828
Century 21 M&M and Associates
605 Standiford Ave Ste D
Modesto, CA 95350
Cell: 209-918-6464, Fax: 209-552-7285
ahundal@c21mm.com

Century 21
M&M and Associates



**ਫਾਰਮਰਜ਼ ਇੰਸ਼ੋਰੈਂਸ**

*Auto*Home*Life*Business
*Workers Comp.

*ਆਟੋ *ਹੋਮ
*ਬਿਜਨਸ
*ਲਾਈਫ
*ਵਰਕਰਜ਼ ਕੌਂਪ.

Farmers offers more discounts than anybody else.

Call me today to insure that your assets are protected.

ਇੰਸ਼ੋਰੈਂਸ ਦੇ ਬਿਹਤਰੀਨ ਰੇਟ ਲੈਣ ਲਈ ਕਾਲ ਕਰੋ।

Kiran Hundal
(209)345-0183
khundal@farmersagent.com
CA insurance License # 0F96503

1900 Standiford Ave.
Modesto, Ca 95350





FARMERS INSURANCE GROUP
Symbol of Superior Service

FARMERS

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ ਜੋ ਦਫਤਰ ਵਲੋਂ ਮਨਜੂਰਸ਼ੁਦਾ ਹੈ।

ਟਰੱਕ ਇੰਸ਼ੋਰੈਂਸ ਬਹੁਤ ਹੀ ਸਸਤੀ
Truck Insurance at very competitive rates.
ਅਸੀ ਤੁਹਾਨੂੰ ਵਧੀਆ ਰੇਟ ਦਿਵਾਵਾਂਗੇ ਪਰ ਤੁਹਾਡੀ ਕਵਰੇਜ ਘੱਟ ਕਰਕੇ ਨਹੀਂ

# ਕਾਂਗਰਸੀਆਂ ਨੇ ਪੰਜਾਬ ਜਿੱਤਿਆ, ਬਾਦਲਕਿਆਂ ਬਠਿੰਡਾ

## ਪੰਜਾਬ ਵਿਚ ਕਾਂਗਰਸ ਨੂੰ 8, ਭਾਜਪਾ ਨੂੰ 1 ਅਤੇ ਅਕਾਲੀ ਦਲ (ਬ) ਨੂੰ 4 ਸੀਟਾਂ ਮਿਲੀਆਂ

**ਚੰਡੀਗੜ੍ਹ :** ਲੰਘੀ 16 ਮਈ ਨੂੰ ਹੋਈ ਗਿਣਤੀ ਤੋਂ ਬਾਅਦ ਦੇਰ ਸ਼ਾਮ ਪੰਜਾਬ ਦੀਆਂ 13 ਦੀਆਂ 13 ਲੋਕ ਸਭਾ ਸੀਟਾਂ ਦੇ ਨਤੀਜੇ ਸਾਹਮਣੇ ਆਏ। ਇਨ੍ਹਾਂ ਨਤੀਜਿਆਂ ਨੇ ਜਿੱਥੇ ਪਾਰਟੀਆਂ ਦੇ ਵੱਡੇ ਵੱਡੇ ਚੋਣ ਪੰਡਿਤਾਂ ਨੂੰ ਹੈਰਾਨੀ ਵਿਚ ਪਾ ਦਿੱਤਾ। ਕਈ ਬਾਬਾ ਬੋਹੜ ਉਮੀਦਵਾਰਾਂ ਨੂੰ ਲੋਕਾਂ ਨੇ ਚਲਦੇ ਕਰ ਦਿੱਤੇ। ਕਾਂਗਰਸ ਦੀ ਜਿੱਤ ਦਾ ਕਾਰਨ ਮੁੱਖ ਰੂਪ ਵਿਚ ਸ਼ਹਿਰੀ ਹਿੰਦੂ ਵੋਟਰ ਬਣਿਆ, ਜਿਸ ਨੇ ਪਿਛਲੇ ਦੋ ਕੁ ਸਾਲਾਂ ਦੇ ਅਰਸੇ ਵਿਚ ਹੀ ਭਾਜਪਾ ਵਲੋਂ ਮੁੱਖ ਮੋੜ ਲਿਆ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੇ 19 ਸੀਟਾਂ ਜਿੱਤੀਆਂ ਸਨ, ਪਰ ਇਨ੍ਹਾਂ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਸਿਰਫ 3 ਵਿਧਾਨ ਸਭਾ ਹਲਕਿਆਂ ਵਿਚ ਜਿੱਤ ਦਰਜ ਕਰ ਸਕੀ। ਇਸ ਤੋਂ ਇਲਾਵਾ ਦਲਿਤ ਤਬਕਿਆਂ ਦਾ ਵੱਡਾ ਹਿਸਾ ਵੀ ਕਾਂਗਰਸ ਪਾਰਟੀ ਵਲ ਭੁਗਤਿਆ ਭਾਵੇਂ ਕਿ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ 13 ਹਲਕਿਆਂ ਵਿਚ ਹੀ ਮੌਜੂਦ ਸਨ। ਕਾਂਗਰਸ ਪਾਰਟੀ ਭਾਵੇਂ ਪੰਜਾਬ ਵਿਚੋਂ 8 ਸੀਟਾਂ ਜਿੱਤਣ ਵਿਚ ਕਾਮਯਾਬ ਰਹੀ, ਪਰ ਉਸ ਨੂੰ ਬਠਿੰਡਾ ਅਤੇ ਫਰੋਜ਼ਪੁਰ ਸੀਟ ਤੋਂ ਹੱਥ ਧੋਣੇ ਪਏ, ਜਿਨ੍ਹਾਂ 'ਤੇ ਕੈਪਟਨ ਅਮਰਿੰਦਰ ਸਿੰਘ ਦੇ ਪੁੱਤਰ ਰਣਇੰਦਰ ਸਿੰਘ ਅਤੇ ਸੀਨੀਅਰ ਕਾਂਗਰਸੀ ਆਗੂ ਜਗਮੀਤ ਸਿੰਘ ਬਰਾੜ ਨੇ ਚੋਣ ਲੜੀ। ਇਸ ਤੋਂ ਇਲਾਵਾ ਅਮ੍ਰਿਤਸਰ, ਖਡੂਰ ਸਾਹਿਬ ਅਤੇ ਫਰੀਦਕੋਟ ਸੀਟਾਂ ਵੀ ਕਾਂਗਰਸ ਪਾਰਟੀ ਹਾਰ ਗਈ।


ਚੋਣ ਹਾਰਨ ਵਾਲੇ ਵੱਡੇ ਉਮੀਦਵਾਰਾਂ ਵਿਚ ਸੰਗਰੂਰ ਤੋਂ ਅਕਾਲੀ ਦਲ ਦੇ ਉਮੀਦਵਾਰ ਸੁਖਦੇਵ ਸਿੰਘ ਢੀਂਡਸਾ, ਆਵਾਜ਼ੇ ਪੰਜਾਬ ਦੇ ਨਾਂ ਨਾਲ ਜਾਣੇ ਜਾਂਦੇ ਕਾਂਗਰਸ ਦੇ ਫਿਰੋਜ਼ਪੁਰ ਤੋਂ ਉਮੀਦਵਾਰ ਜਗਮੀਤ ਸਿੰਘ ਬਰਾੜ, ਫਤਿਹਗੜ੍ਹ ਸਾਹਿਬ ਤੋਂ ਅਕਾਲੀ ਦਲ ਦੇ ਉਮੀਦਵਾਰ ਚਰਨਜੀਤ ਸਿੰਘ ਅਟਵਾਲ, ਗੁਰਦਾਸਪੁਰ ਤੋਂ ਭਾਜਪਾ ਦੇ ਫਿਲਮੀ ਸਿਤਾਰੇ ਵਿਨੋਦ ਖੰਨਾ, ਪਟਿਆਲਾ ਤੋਂ ਸੀਨੀਅਰ ਅਕਾਲੀ ਨੇਤਾ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਅਤੇ ਜਲੰਧਰ ਤੋਂ ਪ੍ਰਸਿੱਧ ਗਾਇਕ ਹੰਸਰਾਜ ਹੰਸ ਦੇ ਨਾਮ ਸ਼ਾਮਲ ਹਨ।

ਸੂਬੇ ਵਿਚੋਂ ਕਾਂਗਰਸ ਨੂੰ 8 ਸੀਟਾਂ ਮਿਲੀਆਂ ਜਦੋਂ ਕਿ ਅਕਾਲੀ ਦਲ ਨੂੰ 4 ਅਤੇ 1 ਸੀਟ ਭਾਜਪਾ ਨੂੰ ਮਿਲੀ। ਇਸ ਵਾਰੀ ਪਾਰਲੀਮੈਂਟ ਚੋਣਾਂ ਵਿਚ ਪੰਜਾਬ ਭਰ ਵਿਚੋਂ ਔਰਤਾਂ ਦੀ ਚੜ੍ਹਤ ਰਹੀ। ਔਰਤਾਂ ਨੇ ਇਨ੍ਹਾਂ ਚੋਣਾਂ ਵਿਚ 4 ਸੀਟਾਂ ਹਾਸਲ ਕੀਤੀਆਂ।

ਇਨ੍ਹਾਂ ਵਿਚੋਂ 2 ਸੀਟਾਂ ਅਕਾਲੀ ਦਲ ਦੀਆਂ ਉਮੀਦਵਾਰਾਂ ਫਰੀਦਕੋਟ ਤੋਂ ਪਰਮਜੀਤ ਕੌਰ ਗੁਲਸ਼ਨ ਅਤੇ ਬਠਿੰਡਾ ਤੋਂ ਹਰਸਿਮਰਤ ਕੌਰ ਬਾਦਲ ਅਤੇ ਕਾਂਗਰਸ ਵਲੋਂ ਹੁਸ਼ਿਆਰਪੁਰ ਤੋਂ ਸ਼੍ਰੀਮਤੀ ਸੰਤੋਸ਼ ਚੌਧਰੀ ਅਤੇ ਪਟਿਆਲਾ ਤੋਂ ਮਹਾਰਾਣੀ ਪ੍ਰਨੀਤ ਕੌਰ ਦੇ ਨਾਮ ਸ਼ਾਮਲ ਹਨ। ਚੋਣ ਕਮਿਸ਼ਨ ਵਲੋਂ ਮਿਲੇ ਅੰਕੜਿਆਂ ਅਨੁਸਾਰ ਪੰਜਾਬ ਦੀਆਂ 8 ਸੀਟਾਂ 'ਤੇ ਕਾਂਗਰਸ ਦਾ ਕਬਜ਼ਾ ਰਿਹਾ, ਜਿਨ੍ਹਾਂ ਵਿਚ ਸੰਗਰੂਰ, ਗੁਰਦਾਸਪੁਰ, ਜਲੰਧਰ, ਹੁਸ਼ਿਆਰਪੁਰ, ਅਨੰਦਪੁਰ ਸਾਹਿਬ, ਲੁਧਿਆਣਾ, ਫਤਿਹਗੜ੍ਹ ਸਾਹਿਬ, ਬਠਿੰਡਾ ਅਤੇ ਪਟਿਆਲਾ ਦੇ ਨਾਮ ਸ਼ਾਮਲ ਹਨ।

ਜਦੋਂ ਕਿ 4 ਸੀਟਾਂ 'ਤੇ ਅਕਾਲੀ ਦਲ ਜੇਤੂ ਰਿਹਾ ਜਿਨ੍ਹਾਂ ਵਿਚ ਬਠਿੰਡਾ, ਫਿਰੋਜ਼ਪੁਰ, ਫਰੀਦਕੋਟ ਅਤੇ ਖਡੂਰ ਸਾਹਿਬ ਸੀਟਾਂ ਦੇ ਨਾਮ ਸ਼ਾਮਿਲ ਹਨ। ਇਨ੍ਹਾਂ ਤੋਂ ਇਲਾਵਾ ਅੰਮ੍ਰਿਤਸਰ ਹਲਕੇ ਦੀ ਇਕ ਸੀਟ ਭਾਜਪਾ ਨੂੰ ਮਿਲੀ। ਚੋਣ ਕਮਿਸ਼ਨ ਅਨੁਸਾਰ ਬਠਿੰਡਾ ਤੋਂ ਅਕਾਲੀ ਦਲ ਦੀ ਉਮੀਦਵਾਰ ਬੀਬੀ ਹਰਸਿਮਰਤ ਕੌਰ ਬਾਦਲ ਨੇ 529472 ਵੋਟਾਂ ਪ੍ਰਾਪਤ ਕਰਕੇ ਕਾਂਗਰਸੀ ਉਮੀਦਵਾਰ ਯੁਵਰਾਜ ਰਣਇੰਦਰ ਸਿੰਘ ਨੂੰ 1,20,948 ਵੋਟਾਂ ਦੇ ਫਰਕ ਨਾਲ ਹਰਾਇਆ, ਜਦੋਂ ਕਿ ਰਣਇੰਦਰ ਸਿੰਘ ਨੂੰ 408524 ਵੋਟਾਂ ਮਿਲੀਆਂ। ਹਰਸਿਮਰਤ ਕੌਰ ਨੂੰ ਜਨਰਲ ਵੋਟਾਂ 529432 ਅਤੇ 40 ਸਰਵਿਸ ਵੋਟਾਂ ਪਈਆਂ ਅਤੇ ਰਣਇੰਦਰ ਸਿੰਘ ਨੂੰ 408472 ਜਨਰਲ ਵੋਟਾਂ ਅਤੇ 52 ਸਰਵਿਸ ਵੋਟਾਂ ਪਈਆਂ। ਸੀ.ਪੀ.ਆਈ. ਦੇ ਉਮੀਦਵਾਰ ਹਰਦੇਵ ਸਿੰਘ ਅਰਸ਼ੀ ਨੂੰ ਕੁਲ 20020 ਵੋਟਾਂ ਪਈਆਂ।

ਇਸੇ ਤਰ੍ਹਾਂ ਪਟਿਆਲਾ ਹਲਕੇ ਤੋਂ ਮਹਾਰਾਣੀ ਪ੍ਰਨੀਤ ਕੌਰ ਨੇ 474188 ਵੋਟਾਂ ਪ੍ਰਾਪਤ ਕਰਕੇ ਅਕਾਲੀ ਦਲ ਦੇ ਉਮੀਦਵਾਰ ਪ੍ਰੋ.



ਪ੍ਰਕਾਸ਼ ਸਿੰਘ ਬਾਦਲ



ਕੈਪਟਨ ਅਮਰਿੰਦਰ ਸਿੰਘ

ਪ੍ਰੇਮ ਸਿੰਘ ਚੰਦੂਮਾਜਰਾ ਨੂੰ 97389 ਵੋਟਾਂ ਦੇ ਫਰਕ ਨਾਲ ਹਰਾਇਆ। ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੂੰ 376799 ਵੋਟਾਂ ਪਈਆਂ। ਲੋਕ ਸਭਾ ਹਲਕਾ ਖਡੂਰ ਤੋਂ ਅਕਾਲੀ ਦਲ ਦੇ ਉਮੀਦਵਾਰ ਰਤਨ ਸਿੰਘ ਅਜਨਾਲਾ 467980 ਵੋਟਾਂ ਨਾਲ ਜੇਤੂ ਰਹੇ ਤੇ ਉਨ੍ਹਾਂ ਨੇ ਕਾਂਗਰਸੀ ਉਮੀਦਵਾਰ ਰਾਣਾ ਗੁਰਜੀਤ ਸਿੰਘ ਨੂੰ 32260 ਵੋਟਾਂ ਦੇ ਫਰਕ ਨਾਲ ਹਰਾਇਆ, ਜਦੋਂ ਕਿ ਰਾਣਾ ਗੁਰਜੀਤ ਸਿੰਘ ਨੂੰ 435720 ਵੋਟਾਂ ਪਈਆਂ। ਹਲਕਾ ਫਰੀਦਕੋਟ ਤੋਂ ਅਕਾਲੀ ਦਲ ਦੀ ਉਮੀਦਵਾਰ ਬੀਬੀ ਪਰਮਜੀਤ ਕੌਰ ਗੁਲਸ਼ਨ 457734 ਵੋਟਾਂ ਨਾਲ ਜੇਤੂ ਰਹੀ। ਉਨ੍ਹਾਂ ਨੇ ਆਪਣੇ ਵਿਰੋਧੀ ਕਾਂਗਰਸ ਦੇ ਉਮੀਦਵਾਰ ਸੁਖਵਿੰਦਰ ਸਿੰਘ ਡੈਨੀ ਨੂੰ 62042 ਵੋਟਾਂ ਦੇ ਫਰਕ ਨਾਲ ਹਰਾਇਆ, ਜਦੋਂ ਕਿ ਸ੍ਰੀ ਡੈਨੀ ਨੂੰ ਕੁੱਲ 395692 ਵੋਟਾਂ ਪਈਆਂ। ਇਸੇ ਤਰ੍ਹਾਂ ਫਰੀਦਕੋਟ ਤੋਂ ਸੀ. ਪੀ. ਆਈ. ਦੇ ਉਮੀਦਵਾਰ ਕੁਸ਼ਲਿਆ ਚਮਨ ਭੌਰਾ ਨੂੰ ਕੁਲ 19459 ਵੋਟਾਂ ਪਈਆਂ। ਲੋਕ ਸਭਾ ਹਲਕਾ ਜਲੰਧਰ ਤੋਂ ਕਾਂਗਰਸ ਦੇ ਉਮੀਦਵਾਰ ਮਹਿੰਦਰ ਸਿੰਘ ਕੇ.ਪੀ. 408103 ਵੋਟਾਂ ਪ੍ਰਾਪਤ ਕਰਕੇ ਜੇਤੂ ਰਹੇ ਤੇ ਉਨ੍ਹਾਂ ਨੇ ਆਪਣੇ ਵਿਰੋਧੀ ਅਕਾਲੀ ਦਲ ਦੇ ਉਮੀਦਵਾਰ ਹੰਸ ਰਾਜ ਹੰਸ ਨੂੰ ਕੁੱਲ 36445 ਵੋਟਾਂ ਦੇ ਫਰਕ ਨਾਲ ਹਰਾਇਆ।

ਕਾਂਗਰਸੀ ਉਮੀਦਵਾਰ ਹੰਸ ਰਾਜ ਹੰਸ ਨੂੰ ਕੁੱਲ 371658 ਵੋਟਾਂ ਮਿਲੀਆਂ। ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਤੋਂ ਮੁੜ ਬਾਜ਼ੀ ਮਾਰਦੇ ਹੋਏ ਕਾਂਗਰਸੀ ਉਮੀਦਵਾਰ ਸੁਖਦੇਵ ਸਿੰਘ ਲਿਬੜਾ 393557 ਵੋਟਾਂ ਪ੍ਰਾਪਤ ਕਰਕੇ ਜੇਤੂ ਰਹੇ ਤੇ ਉਨ੍ਹਾਂ ਨੇ ਆਪਣੇ ਵਿਰੋਧੀ ਅਕਾਲੀ ਉਮੀਦਵਾਰ ਚਰਨਜੀਤ ਸਿੰਘ ਅਟਵਾਲ ਨੂੰ 34299 ਵੋਟਾਂ ਦੇ ਫਰਕ ਨਾਲ ਹਰਾਇਆ, ਜਦੋਂ ਕਿ ਚਰਨਜੀਤ ਸਿੰਘ ਅਟਵਾਲ ਨੂੰ ਕੁੱਲ 359258 ਵੋਟਾਂ ਪਈਆਂ।

ਇਸੇ ਤਰ੍ਹਾਂ ਸੰਗਰੂਰ ਲੋਕ ਸਭਾ ਹਲਕੇ ਤੋਂ ਕਾਂਗਰਸ ਦੇ ਨੌਜਵਾਨ ਉਮੀਦਵਾਰ ਵਿਜੈਇੰਦਰ ਸਿੰਗਲਾ 358670 ਵੋਟਾਂ ਪ੍ਰਾਪਤ ਕਰਕੇ ਜੇਤੂ ਰਹੇ ਉਨ੍ਹਾਂ ਨੇ ਆਪਣੀ ਵਿਰੋਧੀ ਅਕਾਲੀ ਦਲ ਦੇ ਸਿਟਿੰਗ ਸਾਬਕਾ ਐਮ.ਪੀ. ਸੁਖਦੇਵ ਸਿੰਘ ਢੀਂਡਸਾ ਨੂੰ 40872 ਵੋਟਾਂ ਦੇ ਫਰਕ ਨਾਲ ਹਰਾਇਆ, ਜਦੋਂ ਕਿ ਸੁਖਦੇਵ ਸਿੰਘ ਢੀਂਡਸਾ ਨੂੰ ਕੁਲ 317798 ਵੋਟਾਂ ਪਈਆਂ। ਲੋਕ ਭਲਾਈ ਪਾਰਟੀ ਦੇ ਉਮੀਦਵਾਰ ਬਲਵੰਤ ਸਿੰਘ ਰਾਮੂਵਾਲੀਆ ਨੂੰ ਕੁੱਲ 1,15,012 ਵੋਟਾਂ ਪ੍ਰਾਪਤ ਹੋਈਆਂ।

ਸੀ.ਪੀ.ਆਈ.ਐਮ.ਐਲ. ਦੇ ਉਮੀਦਵਾਰ ਤਰਸੇਮ ਜੋਧਾ ਨੂੰ ਕੁੱਲ 7939 ਵੋਟਾਂ ਪਈਆਂ। ਇਸੇ ਤਰ੍ਹਾਂ ਲੋਕ ਸਭਾ ਹਲਕਾ ਲੁਧਿਆਣਾ ਤੋਂ ਕਾਂਗਰਸੀ ਉਮੀਦਵਾਰ ਮੁਨੀਸ਼ ਤਿਵਾੜੀ ਅਕਾਲੀ ਦਲ ਦੇ ਉਮੀਦਵਾਰ ਗੁਰਚਰਨ ਸਿੰਘ ਗਾਲਿਬ ਨੂੰ 1,13,706 ਵੋਟਾਂ ਦੇ ਫਰਕ ਹਰਾ ਕੇ ਜੇਤੂ ਰਹੇ। ਉਨ੍ਹਾਂ ਨੇ ਕੁੱਲ 449224 ਵੋਟਾਂ ਪ੍ਰਾਪਤ ਕੀਤੀਆਂ ਜਦੋਂ ਕਿ ਸ੍ਰੀ ਗਾਲਿਬ ਨੇ 335552 ਵੋਟਾਂ ਪ੍ਰਾਪਤ ਕੀਤੀਆਂ।

ਗੁਰਦਾਸਪੁਰ ਤੋਂ ਕਾਂਗਰਸ ਦੇ ਉਮੀਦਵਾਰ ਪ੍ਰਤਾਪ ਸਿੰਘ ਬਾਜਵਾ ਨੇ ਆਪਣੇ ਵਿਰੋਧੀ ਭਾਜਪਾ ਦੇ ਉਮੀਦਵਾਰ ਵਿਨੋਦ ਖੰਨਾ ਨੂੰ 8359 ਵੋਟਾਂ ਦੇ ਫਰਕ ਨਾਲ ਹਰਾਇਆ। ਉਨ੍ਹਾਂ ਨੂੰ ਕੁੱਲ 447969 ਵੋਟਾਂ ਪਈਆਂ, ਜਦੋਂ ਕਿ ਵਿਨੋਦ ਖੰਨਾ ਨੂੰ 439610 ਵੋਟਾਂ ਪਈਆਂ। ਹੁਸ਼ਿਆਰਪੁਰ ਤੋਂ ਕਾਂਗਰਸ ਦੀ ਉਮੀਦਵਾਰ ਸ਼੍ਰੀਮਤੀ ਸੰਤੋਸ਼ ਚੌਧਰੀ ਭਾਜਪਾ ਦੇ ਉਮੀਦਵਾਰ ਸੋਮ ਪ੍ਰਕਾਸ਼ ਨੂੰ 291 ਵੋਟਾਂ ਦੇ ਫਰਕ ਨਾਲ ਹਰਾ ਕੇ ਜੇਤੂ ਰਹੀ। ਸ਼੍ਰੀਮਤੀ ਚੌਧਰੀ ਨੂੰ ਕੁੱਲ 358529 ਵੋਟਾਂ ਪਈਆਂ, ਜਦੋਂ ਕਿ ਸੋਮ ਪ੍ਰਕਾਸ਼ ਨੂੰ ਕੁੱਲ 358238 ਵੋਟਾਂ ਪਈਆਂ।

ਇਸੇ ਤਰ੍ਹਾਂ ਲੋਕ ਸਭਾ ਹਲਕਾ ਅਨੰਦਪੁਰ ਸਾਹਿਬ ਤੋਂ ਕਾਂਗਰਸ ਦੇ ਨੌਜਵਾਨ ਉਮੀਦਵਾਰ ਰਵਨੀਤ ਸਿੰਘ ਬਿੱਟੂ ਨੇ ਆਪਣੇ ਵਿਰੋਧੀ ਅਕਾਲੀ ਦਲ ਦੇ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਨੇ 66078 ਵੋਟਾਂ ਨਾਲ ਹਰਾਇਆ। ਸ੍ਰੀ ਬਿੱਟੂ ਨੂੰ ਕੁੱਲ 371351 ਵੋਟਾਂ ਪਈਆਂ, ਜਦੋਂ ਕਿ ਸ੍ਰੀ ਚੀਮਾ ਨੂੰ 305273 ਵੋਟਾਂ ਪਈਆਂ। ਅੰਮ੍ਰਿਤਸਰ ਤੋਂ ਭਾਜਪਾ ਦੇ ਉਮੀਦਵਾਰ ਨਵਜੋਤ ਸਿੰਘ ਸਿੱਧੂ ਨੇ ਆਪਣੇ ਵਿਰੋਧੀ ਕਾਂਗਰਸੀ ਉਮੀਦਵਾਰ ਓਮ ਪ੍ਰਕਾਸ਼ ਸੋਨੀ ਨੂੰ 7332 ਵੋਟਾਂ ਦੇ ਫਰਕ ਨਾਲ ਹਰਾਇਆ। ਸ੍ਰੀ ਸਿੱਧੂ ਨੂੰ ਕੁੱਲ 373739 ਵੋਟਾਂ ਮਿਲੀਆਂ ਜਦੋਂ ਕਿ ਸ੍ਰੀ ਸੋਨੀ ਨੂੰ ਕੁੱਲ 366407 ਵੋਟਾਂ ਮਿਲੀਆਂ।

## ਅੱਠ ਸੀਟਾਂ ਜਿੱਤ ਕੇ ਵੀ ਸੰਤੁਸ਼ਟ ਨਹੀਂ ਅਮਰਿੰਦਰ ਸਿੰਘ

**ਚੰਡੀਗੜ੍ਹ :** ਪੰਜਾਬ ਦੀਆਂ 13 ਦੀਆਂ 13 ਸੀਟਾਂ ਜਿੱਤਣ ਦਾ ਦਾਅਵਾ ਕਰਨ ਵਾਲੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸ ਦੀ ਚੋਣ ਪ੍ਰਚਾਰ ਕਮੇਟੀ ਦੇ ਚੇਅਰਮੈਨ ਕੈਪਟਨ ਅਮਰਿੰਦਰ ਸਿੰਘ ਕਾਂਗਰਸ ਦੇ ਹੱਕ ਵਿਚ 8 ਸੀਟਾਂ ਆਉਣ ਤੋਂ ਬਾਅਦ ਵੀ ਚੋਣ ਨਤੀਜਿਆਂ ਤੋਂ ਸੰਤੁਸ਼ਟ ਨਹੀਂ ਹਨ। ਚੋਣ ਨਤੀਜੇ ਆਉਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਚੋਣ ਨਤੀਜੇ ਉਨ੍ਹਾਂ ਦੀ ਉਮੀਦ ਅਨੁਸਾਰ ਨਹੀਂ ਆਏ ਅਤੇ ਉਨ੍ਹਾਂ ਦੀਆਂ ਉਮੀਦਾਂ 'ਤੇ ਪੂਰੇ ਨਹੀਂ ਉਤਰੇ। ਕੈਪਟਨ ਸਿੰਘ ਨੇ ਕਿਹਾ ਕਿ ਅਸੀਂ 13 ਦੀਆਂ 13 ਸੀਟਾਂ 'ਤੇ ਜਿੱਤ ਪ੍ਰਾਪਤ ਕਰਕੇ ਅਕਾਲੀ ਦਲ ਤੇ ਭਾਜਪਾ ਦਾ ਪੰਜਾਬ ਵਿਚੋਂ ਹੂੰਝਾ ਫੇਰ ਦੇਣਾ ਚਾਹੁੰਦੇ ਸੀ, ਪ੍ਰੰਤੂ 5 ਸੀਟਾਂ ਹਾਰ ਜਾਣ ਨਾਲ ਮੇਰਾ ਇਹ ਸੁਪਨਾ ਪੂਰਾ ਨਹੀਂ ਹੋ ਸਕਿਆ।

ਪੰਜਾਬ ਵਿਚ ਕਾਂਗਰਸ ਦੀ ਸ਼ਾਨਦਾਰ ਜਿੱਤ ਦਾ ਸਿਹਰਾ ਉਨ੍ਹਾਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਨੂੰ ਦਿੰਦਿਆਂ ਕੈਪਟਨ ਸਿੰਘ ਨੇ ਕਿਹਾ ਕਿ ਕਾਂਗਰਸ ਦੀਆਂ ਲੋਕ ਪੱਖੀ ਨੀਤੀਆਂ ਸਦਕਾ ਹੀ ਦੇਸ਼ ਭਰ ਵਿਚ ਕਾਂਗਰਸ ਦੀ ਮੁੜ ਸਰਕਾਰ ਬਣਨ ਜਾ ਰਹੀ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਪੰਜਾਬ ਵਿਚ ਵੀ ਜਲਦ ਹੀ ਕਾਂਗਰਸ ਦੀ ਮੁੜ ਸਰਕਾਰ ਬਣੇਗੀ ਅਤੇ ਪੰਜਾਬ ਦੇ ਲੋਕਾਂ ਦੀਆਂ ਉਮੀਦਾਂ 'ਤੇ ਅਸੀਂ ਪੂਰੀ ਤਰ੍ਹਾਂ ਖਰੇ ਉਤਰਾਂਗੇ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਨਿਸ਼ਾਨਾ ਸੇਧਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ ਵਿਚ ਪੰਜਾਬ ਦੇ ਲੋਕਾਂ ਨੇ ਅਕਾਲੀ-ਭਾਜਪਾ ਸਰਕਾਰ ਦੀਆਂ ਨੀਤੀਆਂ ਖਿਲਾਫ ਵੋਟਾਂ ਪਾਈਆਂ।


ਬਠਿੰਡਾ ਸੀਟ ਹਾਰ ਜਾਣ ਸਬੰਧੀ ਪੁੱਛੇ ਸਵਾਲ ਦੇ ਜੁਆਬ ਵਿਚ ਕੈਪਟਨ ਸਿੰਘ ਨੇ ਕਿਹਾ ਕਿ ਅਕਾਲੀਆਂ ਨੇ ਬਠਿੰਡੇ 'ਚ ਪੈਸਾ ਅਤੇ ਸ਼ਰਾਬ ਪਾਣੀ ਵਾਂਗੂੰ ਵਹਾਅ ਦਿੱਤਾ ਅਤੇ ਪ੍ਰਸ਼ਾਸਨ ਦੇ ਜ਼ੋਰ 'ਤੇ ਜੰਮ ਕੇ ਧੱਕੇਸ਼ਾਹੀ ਕੀਤੀ। ਉਨ੍ਹਾਂ ਕਿਹਾ ਕਿ ਬਠਿੰਡਾ 'ਚ ਯੁਵਰਾਜ ਰਣਇੰਦਰ ਸਿੰਘ ਅਤੇ ਕਾਂਗਰਸੀ ਵਰਕਰਾਂ ਨੇ ਬਹੁਤ ਹੀ ਸਖ਼ਤ ਮਿਹਨਤ ਕੀਤੀ।

ਅਸੀਂ ਬਾਦਲ ਪਰਿਵਾਰ ਨੂੰ ਬਠਿੰਡੇ 'ਚ ਪੂਰੀ ਤਰ੍ਹਾਂ ਘੇਰ ਕੇ ਰੱਖਿਆ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਇਹ ਦੂਜੇ ਉਮੀਦਵਾਰਾਂ ਦੇ ਹੱਕ ਵਿਚ ਚੋਣ ਪ੍ਰਚਾਰ ਕਰ ਹੀ ਨਹੀਂ ਸਕੇ ਅਤੇ ਕੇਵਲ ਬਠਿੰਡਾ 'ਤੇ ਹੀ ਕੇਂਦਰਿਤ ਰਹੇ।

ਕੈਪਟਨ ਸਿੰਘ ਨੇ ਕਿਹਾ ਕਿ ਅਸੀਂ ਅਕਾਲੀਆਂ ਨੂੰ ਬਠਿੰਡੇ ਹਲਕੇ ਵਿਚ ਡਾਂਗ ਦਾ ਜੁਆਬ ਡਾਂਗ ਨਾਲ ਦਿੱਤਾ। ਉਨ੍ਹਾਂ ਕਿਹਾ ਕਿ ਬਠਿੰਡਾ ਸੀਟ ਹਾਰਨ ਨਾਲ ਕਾਂਗਰਸ ਨੂੰ ਕੋਈ ਜ਼ਿਆਦਾ ਫਰਕ ਨਹੀਂ ਪੈਂਦਾ, ਕਿਉਂਕਿ ਦੂਜੇ ਪਾਸੇ ਅਸੀਂ 8 ਸੀਟਾਂ ਜਿੱਤ ਕੇ ਅਕਾਲੀਆਂ ਨੂੰ ਕਰਾਰਾ ਝਟਕਾ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਬਠਿੰਡੇ 'ਚ ਅਕਾਲੀਆਂ ਨੇ ਕਾਂਗਰਸੀ ਵਰਕਰਾਂ 'ਤੇ ਝੂਠੇ ਕੇਸ ਦਰਜ ਕਰਕੇ ਆਪਣੀ ਅਸਲੀ ਹਾਰ ਦਾ ਸਬੂਤ ਦਿੱਤਾ ਹੈ। ਕੈਪਟਨ ਸਿੰਘ ਨੇ ਕਿਹਾ ਕਿ ਅਕਾਲੀ ਭਾਜਪਾ ਸਰਕਾਰ ਜਲਦ ਹੀ ਟੁੱਟਣ ਵਾਲੀ ਹੈ ਅਤੇ ਇਸ ਦੀ ਸ਼ੁਰੂਆਤ ਅੰਦਰਖਾਤੇ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਕਈ ਸੀਨੀਅਰ ਅਕਾਲੀ ਨੇਤਾ ਤੇ ਵਰਕਰ ਸੁਖਬੀਰ ਸਿੰਘ ਬਾਦਲ ਦੀਆਂ ਨੀਤੀਆਂ ਅਤੇ ਉਸ ਦੇ ਰਵੱਈਏ ਤੋਂ ਬਹੁਤ ਦੁਖੀ ਹਨ।



**When business is great but you still need cash, YOU CAN BANK ON ME.**



I help small and medium sized companies with the cash flow they need to grow and prosper!

**I can turn your invoices into cash-instantly!**

For Excellent service and reasonable rates contact:



Dr. Amul Purohit
Global Capital of Northern California Inc.
Ph:530-750-2585, Cell:530-400-1106
Fax: 530-750-2585
e-mail: apurohit@liquidcapitalcorp.com
www.liquidcapitalcorp.com/apurohit

ਅਸੀਂ ਛੋਟੀਆਂ ਅਤੇ ਦਰਮਿਆਨੀਆਂ ਕੰਪਨੀਆਂ ਦੀ ਕੈਸ਼ ਫਲੋਅ ਵਿਚ ਮਦਦ ਕਰਦੇ ਹਾਂ। ਆਪਣੀਆਂ ਇਨਵਾਇਸਾਂ ਨੂੰ ਕੈਸ਼ ਵਿਚ ਤਬਦੀਲ ਕਰੋ

Liquid Capital
FINANCING SUCCESS

ਬਿਜਨਸ ਬੱਲੇ ਬੱਲੇ ਹੈ, ਕੈਸ਼ ਲੱਗਾ ਥੱਲੇ ਹੈ, ਤੁਸੀਂ ਮੇਰੇ 'ਤੇ ਟੇਕ ਰੱਖ ਸਕਦੇ ਹੋ !




# B & Sons Travel

➢ All Airlines ➢ International and Domestic
➢ Wholesale Fares Around the World

**We Will Beat or Match any Fare !**

**Office Hours**
Mon-Fri:
9am -6pm
Saturday
9am-5pm




CST. REG. # 2092042-40

President : Avtar Singh

Tel:707-703-1451, Cell:707-688-6094

Fax : (707) 427-6573, Email:bsonstravel@yahoo.com

1652 West Texas St. Suite 205, Fairfield, CA 94533

We Also Have Special Vacation Packages

Contact any time from anywhere

# ਬਠਿੰਡਾ ਦੇ ਪੇਂਡੂ ਹਲਕਿਆਂ 'ਚ ਅਕਾਲੀਆਂ ਕਾਂਗਰਸ ਨੂੰ ਮਾਤ ਦਿੱਤੀ

**ਬਠਿੰਡਾ :** ਬਠਿੰਡਾ ਲੋਕ ਸਭਾ ਸੀਟ 'ਤੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਨੇ ਆਪਣੀ ਨਿਕਟ ਵਿਰੋਧੀ ਕਾਂਗਰਸ ਨੂੰ 1,20,948 ਵੋਟਾਂ ਦੇ ਫਰਕ ਨਾਲ ਹਰਾ ਦਿੱਤਾ ਹੈ। ਬਠਿੰਡਾ 'ਚ ਹਾਕਮ ਧਿਰ ਨੂੰ ਮਿਲੀ ਲੀਡ ਪੰਜਾਬ 'ਚ ਸਭ ਤੋਂ ਜ਼ਿਆਦਾ ਹੈ। ਹਾਕਮ ਧਿਰ ਦੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਨੂੰ 5,29,472 ਵੋਟਾਂ ਪਈਆਂ ਹਨ, ਜਦਕਿ ਕਾਂਗਰਸ ਦੇ ਉਮੀਦਵਾਰ ਰਣਇੰਦਰ ਸਿੰਘ ਨੂੰ 4,08,524 ਵੋਟਾਂ ਮਿਲੀਆਂ। ਦਿਲਚਸਪ ਪਹਿਲੂ ਇਹ ਰਿਹਾ ਕਿ ਇਨ੍ਹਾਂ ਦੋਵਾਂ ਪ੍ਰਮੁੱਖ ਉਮੀਦਵਾਰਾਂ ਤੋਂ ਇਲਾਵਾ ਬਾਕੀ ਦੇ 20 ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਹਨ।

ਬਠਿੰਡਾ ਸੀਟ ਤੋਂ ਪ੍ਰਮੁੱਖ ਸਿਆਸੀ ਪਰਿਵਾਰਾਂ ਦੇ ਨੂੰਹ ਤੇ ਪੁੱਤ ਦੇ ਮੈਦਾਨ ਵਿਚ ਹੋਣ ਕਾਰਨ ਸਮੁੱਚੇ ਪੰਜਾਬ ਦਾ ਕੇਂਦਰ ਬਿੰਦੂ ਬਣੀ ਹੋਈ ਸੀ। ਬਠਿੰਡਾ ਵਿਚ ਕੁੱਲ 10,49,412 ਵੋਟਾਂ ਪਈਆਂ, ਜਿਸ 'ਚੋਂ 1184 ਵੋਟ ਲੰਬੀ, ਬਠਿੰਡਾ ਦਿਹਾਤੀ ਤੇ ਮੌੜ ਹਲਕਿਆਂ ਦੀ ਇਕ ਇਕ ਈ.ਵੀ.ਐਮ. ਨਾ ਖੁੱਲ੍ਹਣ ਕਾਰਨ ਗਿਣਤੀ 'ਚ ਨਾ ਆਈ। ਡਾਕ ਰਾਹੀਂ ਆਈਆਂ 99 ਵੋਟਾਂ 'ਚੋਂ ਅਕਾਲੀ ਦਲ ਨੂੰ 40 ਤੇ ਕਾਂਗਰਸ ਨੂੰ 52 ਵੋਟਾਂ ਮਿਲੀਆਂ। ਅਕਾਲੀ ਦਲ ਉਮੀਦਵਾਰ ਦੀ ਪਹਿਲੇ ਗਿਣਤੀ ਦੇ ਦੌਰ ਬਾਅਦ ਬਣੀ 7,289 ਦੀ ਲੀਡ ਹਰ ਦੌਰ ਬਾਅਦ ਵਧਦੀ ਹੀ ਰਹੀ। ਅਖੀਰ 'ਤੇ ਇਹ ਲੀਡ 1,20,948 'ਤੇ ਆ ਕੇ ਖੜ੍ਹ ਗਈ।

ਕਾਂਗਰਸੀ ਉਮੀਦਵਾਰ ਰਣਇੰਦਰ ਸਿੰਘ ਬਠਿੰਡਾ ਸ਼ਹਿਰੀ ਤੇ ਮਾਨਸਾ ਵਿਧਾਨ ਸਭਾ ਹਲਕੇ ਤੋਂ ਅਖੀਰ ਤੱਕ ਲੀਡ ਕਰਦੇ ਰਹੇ। ਬਠਿੰਡਾ ਸ਼ਹਿਰੀ ਤੋਂ ਕਾਂਗਰਸ ਦੀ ਲੀਡ 15,289 ਦੀ ਰਹੀ, ਜਦਕਿ ਮਾਨਸਾ ਹਲਕੇ ਤੋਂ ਇਹ ਲੀਡ ਆਖਰੀ ਦੌਰ 'ਤੇ ਆ ਕੇ 1506 ਉਪਰ ਸਿਮਟ ਗਈ।

ਕਾਂਗਰਸ ਨੂੰ ਬਠਿੰਡਾ ਸ਼ਹਿਰੀ ਤੋਂ 60,951 ਵੋਟ ਮਿਲੀ, ਜਦਕਿ ਅਕਾਲੀ ਦਲ ਨੂੰ 45,662 ਵੋਟਾਂ ਪਈਆਂ। ਮਾਨਸਾ ਵਿਚ ਕਾਂਗਰਸ ਨੂੰ 62,663 ਤੇ ਅਕਾਲੀ ਦਲ ਨੂੰ 61,157 ਵੋਟਾਂ ਮਿਲੀਆਂ।

ਬਠਿੰਡਾ ਸ਼ਹਿਰੀ ਹਲਕਾ ਪਹਿਲਾਂ 32 ਪਿੰਡਾਂ ਸਮੇਤ ਹਰਮਿੰਦਰ ਸਿੰਘ ਜੱਸੀ ਦਾ ਵਿਧਾਨ ਸਭਾ ਖੇਤਰ ਰਿਹਾ ਹੈ। ਹੁਣ ਵੀ ਉਹ ਤੇ ਮਾਨਸਾ ਦੇ ਅਜੀਤ ਇੰਦਰ ਸਿੰਘ ਮੋਫਰ ਹੀ ਵਾਹਦ ਬਠਿੰਡਾ ਸੰਸਦੀ ਹਲਕੇ ਦੇ ਵਿਧਾਇਕ ਨਿਕਲੇ ਹਨ, ਜਿਨ੍ਹਾਂ ਕਾਂਗਰਸੀ ਉਮੀਦਵਾਰ ਨੂੰ ਲੀਡ ਦਿਵਾਈ।

ਉਧਰ ਲੰਬੀ ਹਲਕੇ ਨੇ ਬਾਦਲ ਪਰਿਵਾਰ ਦਾ ਉਲਾਂਭਾ ਲਾਹ ਦਿੱਤਾ। ਬਠਿੰਡਾ ਸੰਸਦੀ ਹਲਕੇ ਦੇ ਬਠਿੰਡਾ ਸ਼ਹਿਰੀ ਤੇ ਮਾਨਸਾ ਵਿਧਾਨ ਸਭਾ ਹਲਕੇ ਛੱਡ ਕੇ ਬਾਕੀ ਸੱਤ ਹਲਕਿਆਂ 'ਚੋਂ ਅਕਾਲੀ ਦਲ ਨੇ ਹੀ ਲੀਡ ਕੀਤਾ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਆਪਣੇ ਹਲਕੇ ਲੰਬੀ ਨੇ ਤਾਂ ਇਸ ਵਾਰ ਅਕਾਲੀ ਦਲ ਦੇ ਸਾਰੇ ਧੋਣੇ ਹੀ ਧੋ ਸੁੱਟੇ।

ਇਕੱਲੇ ਇਸ ਹਲਕੇ 'ਚੋਂ ਹੀ ਅਕਾਲੀ ਦਲ ਨੂੰ ਕਾਂਗਰਸ ਨਾਲੋਂ 34,895 ਵੋਟਾਂ ਵਧੇਰੇ ਭੁਗਤੀਆਂ ਹਨ। ਸਾਲ 2007 ਦੀ ਵਿਧਾਨ ਸਭਾ ਚੋਣ 'ਚ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਇਸ ਹਲਕੇ ਤੋਂ ਆਪਣੇ ਨੇੜਲੇ ਵਿਰੋਧੀ ਮਹੇਸ਼ਇੰਦਰ ਸਿੰਘ ਬਾਦਲ ਤੋਂ 9187 ਵੋਟਾਂ ਦੇ ਅੰਤਰ ਨਾਲ ਜਿੱਤੇ ਸਨ। ਲੰਬੀ ਤੋਂ ਬਾਅਦ ਸਰਦੂਲਗੜ੍ਹ ਵਿਧਾਨ ਸਭਾ ਹਲਕਾ ਦੂਜੇ ਅਜਿਹੇ ਹਲਕੇ ਵਜੋਂ ਉਭਰਿਆ।

ਇਥੋਂ ਅਕਾਲੀ ਦਲ ਨੂੰ 23,188 ਵੋਟਾਂ ਵਧੇਰੇ ਮਿਲੀਆਂ ਹਨ। ਅਕਾਲੀ ਦਲ ਨੂੰ ਇਸ ਹਲਕੇ 'ਚੋਂ 66,757 ਵੋਟਾਂ ਪਈਆਂ ਹਨ, ਜਦਕਿ ਕਾਂਗਰਸ ਨੂੰ 43,569 ਵੋਟਾਂ ਮਿਲੀਆਂ ਹਨ। ਸਾਲ 2007 'ਚ ਇਸ ਹਲਕੇ ਤੋਂ ਅਕਾਲੀ ਦਲ ਦੇ ਬਲਵਿੰਦਰ ਸਿੰਘ ਭੂੰਦੜ ਨੂੰ ਕਾਂਗਰਸ ਦੇ ਅਜੀਤ ਇੰਦਰ ਸਿੰਘ ਮੋਫਰ ਨੇ 4352 ਵੋਟਾਂ ਦੇ ਅੰਤਰ ਨਾਲ ਹਰਾਇਆ ਸੀ।

ਅਕਾਲੀ ਦਲ ਨੂੰ ਤੀਜਾ ਸਭ ਤੋਂ ਵਧੇਰੇ ਲੀਡ ਦੇਣ ਵਾਲਾ ਹਲਕਾ ਬੁਢਲਾਡਾ ਹੈ। ਇਸ ਹਲਕੇ ਤੋਂ ਅਕਾਲੀ ਦਲ ਨੂੰ 21,809 ਵੋਟਾਂ ਜ਼ਿਆਦਾ ਮਿਲੀਆਂ। ਅਕਾਲੀ ਦਲ ਨੂੰ 68,451 ਤੇ ਕਾਂਗਰਸ ਨੂੰ 46,642 ਵੋਟਾਂ ਪਈਆਂ। ਸਾਲ 2007 ਦੀਆਂ ਵਿਧਾਨ ਸਭਾ ਚੋਣਾਂ 'ਚ ਅਕਾਲੀ ਦਲ ਦੇ ਹਰਬੰਤ ਸਿੰਘ ਦਾਤੇਵਾਸ ਨੂੰ ਕਾਂਗਰਸ ਦੇ ਮੰਗਤ ਰਾਏ ਬਾਂਸਲ ਨੇ 11,815 ਵੋਟਾਂ ਦੇ ਫਰਕ ਨਾਲ ਹਰਾਇਆ ਸੀ। ਬਠਿੰਡਾ ਜ਼ਿਲੇ 'ਚੋਂ ਭੁੱਚੋ ਹਲਕੇ ਤੋਂ ਅਕਾਲੀ ਦਲ ਨੂੰ ਸਭ ਤੋਂ ਵੱਡੀ ਲੀਡ ਮਿਲੀ। ਇਸ ਹਲਕੇ ਤੋਂ ਅਕਾਲੀ ਦਲ ਨੂੰ 18,654 ਵੋਟਾਂ ਵਧੇਰੇ ਮਿਲੀਆਂ। ਅਕਾਲੀ ਦਲ ਨੂੰ ਇਸ ਹਲਕੇ 'ਚੋਂ 63,648 ਵੋਟਾਂ ਮਿਲੀਆਂ, ਜਦਕਿ ਕਾਂਗਰਸ ਨੂੰ 44,994 ਵੋਟਾਂ ਪਈਆਂ। ਵਿਧਾਨ ਸਭਾ ਚੋਣਾਂ ਮੌਕੇ ਪੁਰਾਣੇ ਨਥਾਣਾ ਹਲਕੇ ਵਜੋਂ ਜਾਣੇ ਜਾਂਦੇ ਇਸ ਹਲਕੇ ਤੋਂ ਕਾਂਗਰਸ ਦੇ ਅਜਾਇਬ ਸਿੰਘ ਭੱਟੀ ਨੇ ਅਕਾਲੀ ਦਲ ਦੇ ਗੁਰਾ ਸਿੰਘ ਤੁੰਗਵਾਲੀ ਨੂੰ 6650 ਵੋਟਾਂ ਦੇ ਅੰਤਰ ਨਾਲ ਹਰਾਇਆ ਸੀ।

ਤਲਵੰਡੀ ਸਾਬੋ ਵਿਧਾਨ ਸਭਾ ਹਲਕੇ 'ਚ ਅਕਾਲੀ ਦਲ ਦੀ ਲੀਡ 14,249 ਦੀ ਰਹੀ। ਇਥੋਂ ਅਕਾਲੀ ਦਲ ਨੂੰ 51,233 ਤੇ ਕਾਂਗਰਸ ਨੂੰ 36,984 ਵੋਟਾਂ ਮਿਲੀਆਂ। ਵਿਧਾਨ ਸਭਾ ਚੋਣਾਂ ਮੌਕੇ ਕਾਂਗਰਸ ਦੇ ਜੀਤ ਮਹਿੰਦਰ ਸਿੰਘ ਸਿੱਧੂ ਨੇ ਅਕਾਲੀ ਦਲ ਦੇ ਅਮਰਜੀਤ ਸਿੰਘ ਧੰਨ ਸਿੰਘ ਖਾਨਾ ਨੂੰ 3790 ਵੋਟਾਂ ਦੇ ਫਰਕ ਨਾਲ ਹਰਾਇਆ ਸੀ। ਪੁਰਾਣੇ ਜੋਗਾ ਹਲਕੇ ਜਿਸ ਨੂੰ ਨਵੀਂ ਹੱਦਬੰਦੀ ਬਾਅਦ ਮੌੜ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਵਿਚ ਵੀ ਅਕਾਲੀ ਦਲ ਨੇ 14,106 ਵੋਟਾਂ ਨਾਲ ਲੀਡ ਕੀਤਾ ਹੈ। ਇਥੇ ਅਕਾਲੀ ਦਲ ਨੂੰ 55,730 ਵੋਟਾਂ ਮਿਲੀਆਂ, ਜਦਕਿ ਕਾਂਗਰਸ ਨੂੰ 41,624 ਵੋਟਾਂ ਪਈਆਂ। ਵਿਧਾਨ ਸਭਾ ਚੋਣ ਮੌਕੇ ਅਕਾਲੀ ਦਲ ਇਸ ਸੀਟ ਤੋਂ 4322 ਵੋਟਾਂ ਦੇ ਫਰਕ ਨਾਲ ਜਿੱਤਿਆ ਸੀ। ਬਠਿੰਡਾ ਦਿਹਾਤੀ ਹਲਕੇ ਤੋਂ ਅਕਾਲੀ ਦਲ ਦੀ ਲੀਡ 10,854 ਦੀ ਰਹੀ। ਅਕਾਲੀ ਦਲ ਨੂੰ ਇਸ ਸੀਟ ਤੋਂ 49,870 ਵੋਟਾਂ ਤੇ ਕਾਂਗਰਸ ਨੂੰ 39,061 ਵੋਟਾਂ ਮਿਲੀਆਂ।

ਹੋਰਨਾਂ ਉਮੀਦਵਾਰਾਂ 'ਚ ਬਹੁਜਨ ਸਮਾਜ ਪਾਰਟੀ ਜੋ ਹਲਕੇ ਵਿਚ ਤੀਜੇ ਥਾਂ 'ਤੇ ਰਹੀ ਨੂੰ 35,094 ਵੋਟਾਂ ਮਿਲੀਆਂ। ਸਾਲ 2004 'ਚ ਬਸਪਾ ਦਾ ਇਹ ਵੋਟ ਆਧਾਰ 31,727 ਸੀ। ਪਰ ਬਸਪਾ ਉਮੀਦਵਾਰ ਨੇਮ ਚੰਦ ਇਸ ਦੇ ਬਾਵਜੂਦ ਜ਼ਮਾਨਤ ਜ਼ਬਤ ਕਰਵਾ ਬੈਠੇ ਹਨ। ਚੌਥੇ ਸਥਾਨ 'ਤੇ ਰਹੇ ਤੀਜੇ ਮੋਰਚੇ ਦੇ ਉਮੀਦਵਾਰ ਹਰਦੇਵ ਅਰਸ਼ੀ ਦਾ ਪ੍ਰਦਰਸ਼ਨ ਆਸ ਤੋਂ ਵੀ ਮਾੜਾ ਰਿਹਾ ਹੈ।

ਉਨ੍ਹਾਂ ਨੂੰ 20,020 ਵੋਟਾਂ ਹੀ ਮਿਲੀਆਂ ਹਨ। ਬਾਕੀ ਉਮੀਦਵਾਰਾਂ 'ਚ ਦਿਆਲ ਚੰਦ ਨੂੰ 8379, ਸੀ.ਪੀ.ਆਈ. (ਐਮ.ਐਲ.) ਲਿਬਰੇਸ਼ਨ ਦੇ ਭਗਵੰਤ ਸਿੰਘ ਸਮਾਓਂ ਨੂੰ 8135, ਜਗਰੂਪ ਸਿੰਘ ਨੂੰ 7804, ਲੋਕ ਜਨ ਸ਼ਕਤੀ ਪਾਰਟੀ ਦੇ ਕਿਰਨਜੀਤ ਸਿੰਘ ਗਹਿਰੀ ਨੂੰ 5262 ਵੋਟਾਂ ਮਿਲੀਆਂ। ਗੀਤਾ ਰਾਣੀ ਨੂੰ 1108, ਚੌਧਰੀ ਰਾਮ ਚੰਦ ਨੂੰ 1085, ਨਵਨੀਤ ਨੂੰ 1937, ਰਾਜ ਕਮਲ ਘਾਰੂ ਨੂੰ 1167 ਵੋਟਾਂ ਮਿਲੀਆਂ।

## ਬਠਿੰਡਾ ਲੋਕ ਸਭਾ ਸੀਟ





ਜੇਤੂ - ਹਰਸਿਮਰਤ ਕੌਰ ਬਾਦਲ
ਵਿਰੋਧੀ - ਰਣਇੰਦਰ ਸਿੰਘ
ਸ਼੍ਰੋਮਣੀ ਅਕਾਲੀ ਦਲ (529472)
ਕਾਂਗਰਸ (408472)
ਜਿੱਤ ਦਾ ਫਰਕ 120927

*ਵਿਧਾਨ ਸਭਾ ਵਾਰ ਸਥਿਤੀ*

| ਖੇਤਰ | ਸ਼੍ਰੋਮਣੀ ਅਕਾਲੀ ਦਲ | ਕਾਂਗਰਸ |
|---|---|---|
| ਲੰਬੀ | 66924 | 32029 |
| ਭੁੱਚੋ ਮੰਡੀ | 6364 | 4491 |
| ਬਠਿੰਡਾ | 45662 | 60951 |
| ਬਠਿੰਡਾ | 49870 | 39016 |
| ਤਲਵੰਡੀ | 51233 | 36984 |
| ਮੌੜ | 55730 | 41624 |
| ਮਾਨਸਾ | 61157 | 62663 |
| ਸਰਦੂਲਗੜ੍ਹ | 68757 | 43569 |
| ਬੁਢਲਾਡਾ | 68451 | 46642 |

# ਅਕਾਲੀਆਂ ਦੀ ਆਪਸੀ ਫੁੱਟ ਨੇ ਹਰਾਇਆ ਸੁਖਦੇਵ ਸਿੰਘ ਢੀਂਡਸੇ ਜਿਹੇ ਸੀਨੀਅਰ ਆਗੂ ਨੂੰ

**ਸੰਗਰੂਰ :** ਸੰਗਰੂਰ ਲੋਕ ਸਭਾ ਸੀਟ ਕਾਂਗਰਸ ਪਾਰਟੀ ਦੇ ਉਮੀਦਵਾਰ ਵਿਜੈਇੰਦਰ ਸਿੰਗਲਾ ਨੇ ਜਿੱਤ ਲਈ ਹੈ, ਉਨ੍ਹਾਂ ਨੇ ਅਕਾਲੀ-ਭਾਜਪਾ ਦੇ ਉਮੀਦਵਾਰ ਤੇ ਮੌਜੂਦਾ ਸੰਸਦ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੂੰ ਕੁੱਲ 40,872 ਵੋਟਾਂ ਦੇ ਫਰਕ ਨਾਲ ਹਰਾਇਆ। ਵਿਜੈਇੰਦਰ ਸਿੰਗਲਾ ਨੂੰ 3,58,670 ਵੋਟਾਂ ਅਤੇ ਸੁਖਦੇਵ ਸਿੰਘ ਢੀਂਡਸਾ ਨੂੰ 1,15,012 ਵੋਟਾਂ, ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਮੁਹੰਮਦ ਜ਼ਮੀਲ-ਉਲ-ਰਹਿਮਾਨ ਨੂੰ 69,943 ਵੋਟਾਂ ਅਤੇ ਅਕਾਲੀ ਦਲ ਅਮ੍ਰਿਤਸਰ ਦੇ ਆਗੂ ਸ. ਸਿਮਰਨਜੀਤ ਸਿੰਘ ਮਾਨ ਨੂੰ ਸਿਰਫ 33,714 ਵੋਟਾਂ 'ਤੇ ਹੀ ਸਬਰ ਕਰਨਾ ਪਿਆ। ਢੀਂਡਸਾ ਨੂੰ ਹਰਾਉਣ ਵਿਚ ਬਰਨਾਲਾ ਧੜੇ ਦੀ ਮੁੱਖ ਭੂਮਿਕਾ ਰਹੀ। ਇਸ ਦੇ ਰੋਸੇ ਕਾਰਨ ਅਕਾਲੀ ਦਲ ਨੇ ਪਿਛੋਂ ਇਸ ਧੜੇ ਦੇ ਆਗੂ ਬਲਦੇਵ ਸਿੰਘ ਮਾਨ ਅਤੇ ਗਗਨਅਜੀਤ ਸਿੰਘ ਬਰਨਾਲਾ ਨੂੰ ਪਾਰਟੀ ਚੋਂ ਖਾਰਜ ਕਰ ਦਿੱਤਾ।

ਲੋਕ ਸਭਾ ਹਲਕੇ ਅਧੀਨ ਪੈਂਦੇ ਕੁੱਲ 9 ਵਿਧਾਨ ਸਭਾ ਹਲਕਿਆਂ ਵਿਚੋਂ 6 ਹਲਕਿਆਂ ਬਰਨਾਲਾ, ਸੰਗਰੂਰ, ਧੂਰੀ, ਮਲੇਰਕੋਟਲਾ, ਭਦੌੜ ਅਤੇ ਸੁਨਾਮ ਤੋਂ ਵਿਜੈਇੰਦਰ ਸਿੰਗਲਾ ਨੇ ਲੀਡ ਹਾਸਲ ਕੀਤੀ, ਜਦੋਂਕਿ ਸੁਖਦੇਵ ਸਿੰਘ ਢੀਂਡਸਾ ਨੂੰ ਸਿਰਫ ਲਹਿਰਾਗਾਗਾ, ਮਹਿਲ ਕਲਾਂ ਅਤੇ ਦਿੜ੍ਹਬਾ ਤੋਂ ਹੀ ਲੀਡ ਪ੍ਰਾਪਤ ਹੋ ਸਕੀ। ਵਿਜੈਇੰਦਰ ਸਿੰਗਲਾ ਨੂੰ ਸਭ ਤੋਂ ਵੱਡੀ ਲੀਡ ਬਰਨਾਲਾ ਹਲਕੇ ਤੋਂ 17,548 ਵੋਟਾਂ ਦੀ ਪ੍ਰਾਪਤ ਹੋਈ, ਜਿਥੋਂ ਕਾਂਗਰਸ ਦੇ ਹੀ ਕੇਵਲ ਸਿੰਘ ਢਿੱਲੋਂ ਵਿਧਾਇਕ ਹਨ। ਸ੍ਰੀ ਸਿੰਗਲਾ ਨੂੰ ਸੰਗਰੂਰ ਤੋਂ 15,082, ਧੂਰੀ ਤੋਂ 8351, ਮਲੇਰਕੋਟਲਾ ਤੋਂ 9740, ਭਦੌੜ ਤੋਂ 3541 ਅਤੇ ਸੁਨਾਮ ਤੋਂ 1557 ਵੋਟਾਂ ਦੀ ਲੀਡ ਪ੍ਰਾਪਤ ਹੋਈ। ਸੁਖਦੇਵ ਸਿੰਘ ਢੀਂਡਸਾ ਦਾ ਸਭ ਤੋਂ ਵਧ ਮਾਣ ਕਾਂਗਰਸੀ ਆਗੂ ਬੀਬੀ ਰਾਜਿੰਦਰ ਕੌਰ ਭੱਠਲ ਦੇ ਜੱਦੀ ਹਲਕੇ ਲਹਿਰਾਗਾਗਾ ਨੇ ਰੱਖਿਆ, ਜਿਥੇ ਢੀਂਡਸਾ ਨੂੰ 10,967 ਵੋਟਾਂ ਦੀ ਲੀਡ ਪ੍ਰਾਪਤ ਹੋਈ। ਸ੍ਰੀ ਢੀਂਡਸਾ ਨੂੰ ਮਹਿਲ ਕਲਾਂ ਤੋਂ 2425 ਵੋਟਾਂ ਅਤੇ ਦਿੜ੍ਹਬਾ ਤੋਂ 1693 ਵੋਟਾਂ ਦੀ ਲੀਡ ਪ੍ਰਾਪਤ ਹੋਈ ਹੈ।

ਸੰਗਰੂਰ ਲੋਕ ਸਭਾ ਹਲਕੇ ਤੋਂ ਨੁਮਾਇੰਦਗੀ ਕਰ ਚੁੱਕੇ ਸਿਮਰਨਜੀਤ ਸਿੰਘ ਮਾਨ ਨੂੰ ਸਿਰਫ 33,174 ਵੋਟਾਂ ਪਈਆਂ, ਜਦੋਂਕਿ ਪਿਛਲੀ ਵਾਰ ਉਨ੍ਹਾਂ ਨੂੰ 2,16,989 ਵੋਟਾਂ ਮਿਲੀਆਂ ਸਨ। ਲੋਕ ਭਲਾਈ ਪਾਰਟੀ ਦੇ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ ਨੂੰ 1,15,012 ਵੋਟਾਂ ਮਿਲੀਆਂ। ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਮੁਹੰਮਦ ਜ਼ਮੀਲ-ਉਲ-ਰਹਿਮਾਨ ਨੇ 69,943 ਵੋਟਾਂ ਪ੍ਰਾਪਤ ਕਰਕੇ ਹਲਕੇ 'ਚ ਬਸਪਾ ਦੇ ਆਧਾਰ ਨੂੰ ਹੋਰ ਮਜ਼ਬੂਤ ਕੀਤਾ ਹੈ। ਪਿਛਲੀਆਂ ਲੋਕ ਸਭਾ ਚੋਣਾਂ 'ਚ ਬਸਪਾ ਨੂੰ ਸਿਰਫ 38,125 ਵੋਟਾਂ 'ਤੇ ਹੀ ਸਬਰ ਕਰਨਾ ਪਿਆ ਸੀ।



ਸੁਖਦੇਵ ਸਿੰਘ ਢੀਂਡਸਾ



ਵਿਜੈਇੰਦਰ ਸਿੰਗਲਾ

MRP TRAVEL
Lowest International and Domestic Fares
FLY ANY AIRLINE OF YOUR CHOICE
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:jkulwant@sbcglobal.net
2123 Port Way, San Jose, CA 95133
CST: 2097308-40
Asiana Airlines THAI KOREAN AIR malaysia SINGAPORE AIRLINES Emirates
We Also Offer Notary Service



NCP College of Nursing
Educate | Grow | Succeed



Start Your Career in Nursing Today!
12- Month Vocational Nursing (LVN) Program
21-Day Nursing Assistant (CNA) Program
Choose which one is right for you...Your career is a call away.
CALL TODAY!
• (LVN) Vocational Nursing Program (Full-time & Part-time classes)
• Required General Science Courses for the LVN Program
• CNA Nursing Assistant Training*
• CNA Acute Care Training*
• NCLEX-PN Test Preparation Workshop
• IV Therapy & Blood Withdrawal Certification Course *
• CPR *
*Offered by Nursing Care Providers, Inc.
For SSF Campus: 257 Longford Drive, Rm#5 South San Francisco, CA 94080 1-800-339-5145
Hayward Campus 21615 Hesperian Blvd. Suite A, Hayward, CA 94541 1-800-611-4054
100% Pass Rate SSF Campus 5 Consecutive Quarters January 2008 – March 2009
Job Placement
Affordable Payment Plans as Low as $10/month On approved credit
www.ncpcollegeofnursing.com
NCP College of Nursing Vocational Nursing Program is accredited and approved by the California Board of Vocational Nursing and Psychiatric Tehnician. The Nursing Assistant Training Program is approved by the Department of Public Health. NCP College of Nursing is approved under Title 38, United States Code, to train veterans and their eligible dependents. NCP College of Nursing is also approved by the State of California as an Eligible Traing Provider through the Workforce Investment Act.

FARMERS INSURANCE GROUP
Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਫਿਰੋਜ਼ਪੁਰ ਸੀਟ : ਸ਼ੇਰ ਸਿੰਘ ਘੁਬਾਇਆ ਨੇ ਅਵਾਜ਼-ਏ-ਪੰਜਾਬ ਖਾਮੋਸ਼ ਕੀਤੀ

**ਫਿਰੋਜ਼ਪੁਰ :** ਫਿਰੋਜ਼ਪੁਰ ਲੋਕ ਸਭਾ ਹਲਕੇ ਵਿਚ ਵੀ ਵੱਡਾ ਉਲਟ ਫੇਰ ਵਾਪਰਿਆ। ਅਕਾਲੀ-ਭਾਜਪਾ ਗੱਠਜੋੜ ਦੇ ਉਮੀਦਵਾਰ ਸ਼ੇਰ ਸਿੰਘ ਘੁਬਾਇਆ ਜਿਹੇ ਨਵੇਂ ਚਿਹਰੇ ਨੇ ਕਾਂਗਰਸ ਦੇ ਘਾਗ ਉਮੀਦਵਾਰ ਜਗਮੀਤ ਸਿੰਘ ਬਰਾੜ ਨੂੰ 21071 ਵੋਟਾਂ ਦੇ ਫਰਕ ਨਾਲ ਹਰਾ ਦਿੱਤਾ। ਅਕਾਲੀ ਦਲ ਦੀ ਇਸ ਹਲਕੇ ਤੋਂ ਇਹ ਲਗਾਤਾਰ ਚੌਥੀ ਜਿੱਤ ਹੈ, ਜਦੋਂਕਿ ਕਾਂਗਰਸ ਇਸ ਹਲਕੇ ਤੋਂ ਲਗਾਤਾਰ ਛੇਵੀਂ ਵਾਰ ਹਾਰੀ। ਇਸ ਇਲਾਕੇ ਵਿਚ ਰਾਏ ਸਿੱਖਾਂ ਦੀ ਆਬਾਦੀ ਕਾਫੀ ਹੈ, ਘੁਬਾਇਆ ਵੀ ਇਸੇ ਭਾਈਚਾਰੇ ਨਾਲ ਸੰਬੰਧਤ ਹਨ ਤੇ ਅਕਾਲੀਆਂ ਦਾ ਇਹ ਪੱਤਾ ਕਾਮਯਾਬ ਰਿਹਾ। ਇਸ ਲੋਕ ਸਭਾ ਹਲਕੇ ਵਿਚ ਆਉਂਦੇ ਕੁੱਲ 9 ਵਿਧਾਨ ਸਭਾ ਹਲਕਿਆਂ ਅੰਦਰ 13 ਲੱਖ 40 ਹਜ਼ਾਰ 341 ਵੋਟਾਂ ਵਿਚੋਂ 9 ਲੱਖ 56 ਹਜ਼ਾਰ 840 ਵੋਟਾਂ ਪੋਲ ਹੋਈਆਂ, ਜੋ ਕੁੱਲ ਵੋਟਾਂ ਦਾ ਕਰੀਬ 71 ਪ੍ਰਤੀਸ਼ਤ ਬਣਦਾ ਹੈ। ਘੁਬਾਇਆ ਨੂੰ 4 ਲੱਖ 50 ਹਜ਼ਾਰ 900 ਵੋਟਾਂ ਪ੍ਰਾਪਤ ਹੋਈਆਂ, ਜਦੋਂਕਿ ਬਰਾੜ ਨੂੰ 4 ਲੱਖ 29 ਹਜ਼ਾਰ 829 ਵੋਟਾਂ ਪਈਆਂ। ਬਸਪਾ ਦੇ ਉਮੀਦਵਾਰ ਗੁਰਦੇਵ ਸਿੰਘ ਮਾਨਸਾਹੀਆ ਨੂੰ 29713 ਵੋਟਾਂ ਮਿਲੀਆਂ, ਜਦੋਂਕਿ ਅਕਾਲੀ ਦਲ (ਅ) ਦੇ ਧਿਆਨ ਸਿੰਘ ਮੰਡ ਨੂੰ 4161 ਵੋਟਾਂ ਪਈਆਂ। ਵਿਧਾਨ ਸਭਾ ਹਲਕੇ ਅਬੋਹਰ ਵਿਚ ਘੁਬਾਇਆ ਨੂੰ 31453 ਵੋਟਾਂ ਮਿਲੀਆਂ, ਜਦੋਂਕਿ ਜਗਮੀਤ ਸਿੰਘ ਬਰਾੜ ਨੂੰ 41942 ਵੋਟਾਂ ਪਈਆਂ। ਵਿਧਾਨ ਸਭਾ ਹਲਕਾ ਫ਼ਾਜ਼ਿਲਕਾ ਤੋਂ ਘੁਬਾਇਆ ਨੂੰ 49921 ਅਤੇ ਬਰਾੜ ਨੂੰ 46678 ਵੋਟਾਂ ਮਿਲੀਆਂ। ਵਿਧਾਨ ਸਭਾ ਹਲਕਾ ਜਲਾਲਾਬਾਦ ਤੋਂ ਅਕਾਲੀ ਉਮੀਦਵਾਰ ਨੂੰ 70789 ਅਤੇ ਕਾਂਗਰਸੀ ਉਮੀਦਵਾਰ ਨੂੰ 50258 ਵੋਟਾਂ ਮਿਲੀਆਂ। ਗੁਰੂ ਹਰਸਹਾਏ ਤੋਂ ਘੁਬਾਇਆ ਨੇ 53421 ਅਤੇ ਬਰਾੜ ਨੇ 44573 ਵੋਟਾਂ ਹਾਸਲ ਕੀਤੀਆਂ। ਫਿਰੋਜ਼ਪੁਰ (ਦਿਹਾਤੀ) ਰਿਜ਼ਰਵ ਵਿਧਾਨ ਸਭਾ ਹਲਕੇ ਵਿਚੋਂ ਘੁਬਾਇਆ ਨੂੰ 67198, ਜਦੋਂਕਿ ਬਰਾੜ 47884 ਵੋਟਾਂ ਮਿਲੀਆਂ। ਵਿਧਾਨ ਸਭਾ ਹਲਕਾ ਫਿਰੋਜ਼ਪੁਰ (ਸ਼ਹਿਰੀ) ਵਿਚ ਘੁਬਾਇਆ ਨੇ 35663 ਤੇ ਬਰਾੜ ਨੇ 53514 ਵੋਟਾਂ ਹਾਸਲ ਕੀਤੀਆਂ। ਵਿਧਾਨ ਸਭਾ ਹਲਕਾ ਬੱਲੂਆਣਾ ਵਿਚ ਅਕਾਲੀ ਉਮੀਦਵਾਰ ਨੂੰ 43545 ਜਦੋਂਕਿ ਕਾਂਗਰਸੀ ਉਮੀਦਵਾਰ ਨੂੰ 47536 ਵੋਟਾਂ ਮਿਲੀਆਂ।

ਮੁਕਤਸਰ ਵਿਧਾਨ ਸਭਾ ਹਲਕੇ ਵਿਚ ਘੁਬਾਇਆ ਨੂੰ 46939, ਜਦੋਂਕਿ ਬਰਾੜ ਨੂੰ 51661 ਵੋਟਾਂ ਮਿਲੀਆਂ। ਵਿਧਾਨ ਸਭਾ ਹਲਕਾ ਮਲੋਟ ਵਿਚ ਘੁਬਾਇਆ ਨੂੰ 51887 ਤੇ ਬਰਾੜ ਨੂੰ 44840 ਵੋਟਾਂ ਪ੍ਰਾਪਤ ਹੋਈਆਂ।


ਜਗਮੀਤ ਸਿੰਘ ਬਰਾੜ


ਸ਼ੇਰ ਸਿੰਘ ਘੁਬਾਇਆ

# ਅਕਾਲੀ ਦਲ ਵਾਲਿਆਂ ਨੇ ਲਾਈ ਨਵਜੋਤ ਸਿੰਘ ਸਿੱਧੂ ਦੀ ਬੇੜੀ ਬੰਨੇ

**ਅੰਮ੍ਰਿਤਸਰ :** ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੇ ਸਾਂਝੇ ਉਮੀਦਵਾਰ ਨਵਜੋਤ ਸਿੰਘ ਸਿੱਧੂ ਨੇ ਕਾਂਗਰਸ ਪਾਰਟੀ ਦੇ ਉਮੀਦਵਾਰ ਓਮ ਪ੍ਰਕਾਸ਼ ਸੋਨੀ ਨੂੰ 6858 ਵੋਟਾਂ ਦੇ ਫਰਕ ਨਾਲ ਹਰਾ ਕੇ ਹੈਟ-ਟਰਿੱਕ ਮਾਰੀ।

ਸ਼੍ਰੀ ਸਿੱਧੂ ਨੂੰ 3,92,046 ਅਤੇ ਸ਼੍ਰੀ ਸੋਨੀ ਨੂੰ 3,85,188 ਵੋਟਾਂ ਮਿਲੀਆਂ। ਆਪਣੀ ਪਾਰਟੀ ਭਾਜਪਾ ਦੇ ਸ਼ਹਿਰੀ ਹਲਕਿਆਂ ਵਿਚੋਂ ਵੱਡੇ ਫਰਕ ਨਾਲ ਹਾਰਨ ਦੇ ਬਾਵਜੂਦ ਸ਼੍ਰੀ ਸਿੱਧੂ ਦੀ ਬੇੜੀ ਨੂੰ ਆਖਰ ਸ਼੍ਰੋਮਣੀ ਅਕਾਲੀ ਦਲ ਨੇ ਕਿਨਾਰੇ 'ਤੇ ਲਾਇਆ। ਬਹੁਜਨ ਸਮਾਜ ਪਾਰਟੀ ਦੇ ਬੀ.ਕੇ.ਐਨ. ਨੇ 10,000 ਦੇ ਕਰੀਬ ਵੋਟਾਂ ਹਾਸਲ ਕੀਤੀਆਂ।

ਇਸ ਲੋਕ ਸਭਾ ਹਲਕੇ ਦੀਆਂ ਕੁੱਲ 12,05,336 ਵੋਟਾਂ ਵਿਚੋਂ 8,15,299 ਵੋਟਾਂ ਪੋਲ ਹੋਈਆਂ। ਸ਼ਹਿਰੀ ਹਲਕਿਆਂ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦਾ ਜਾਦੂ ਪੂਰੀ ਤਰ੍ਹਾਂ ਚੱਲਿਆ ਅਤੇ ਅੰਮ੍ਰਿਤਸਰ ਸ਼ਹਿਰ ਦੇ ਪੰਜ ਵਿਧਾਨ ਸਭਾ ਹਲਕਿਆਂ ਵਿਚੋਂ ਕਾਂਗਰਸੀ ਉਮੀਦਵਾਰ ਸ਼੍ਰੀ ਸੋਨੀ ਨੇ 41,926 ਵੋਟਾਂ ਦੀ ਲੀਡ ਪ੍ਰਾਪਤ ਕੀਤੀ।

ਸ਼੍ਰੀ ਸੋਨੀ ਨੂੰ ਸਭ ਤੋਂ ਵੱਡੀ ਮਾਰ ਵਿਧਾਨ ਸਭਾ ਹਲਕਾ ਮਜੀਠਾ ਅਤੇ ਰਾਜਾਸਾਂਸੀ ਵਿਚੋਂ ਪਈ। ਅਕਾਲੀ ਵਿਧਾਇਕ ਬਿਕਰਮ ਸਿੰਘ ਮਜੀਠੀਆ ਦੇ ਹਲਕਾ ਮਜੀਠਾ ਤੋਂ ਸ਼੍ਰੀ ਸਿੱਧੂ ਨੇ 20,401 ਵੋਟਾਂ ਦੀ ਲੀਡ ਹਾਸਲ ਕੀਤੀ। ਸ਼੍ਰੀ ਸਿੱਧੂ ਨੂੰ ਹਲਕਾ ਰਾਜਾਸਾਂਸੀ ਤੋਂ 15,249 ਵੋਟਾਂ ਅਤੇ ਹਲਕਾ ਅਟਾਰੀ ਤੋਂ 5760 ਵੋਟਾਂ ਦੀ ਲੀਡ ਮਿਲੀ। ਸ਼ਹਿਰੀ ਹਲਕਿਆਂ ਵਿਚੋਂ ਵਿਧਾਨ ਸਭਾ ਹਲਕਾ ਪੱਛਮੀ ਜਿਥੋਂ ਸ਼੍ਰੀ ਸੋਨੀ ਮੌਜੂਦਾ ਵਿਧਾਇਕ ਵੀ ਹਨ, ਤੋਂ ਉਨ੍ਹਾਂ 20,897 ਵੋਟਾਂ ਦੀ ਲੀਡ ਹਾਸਲ ਕੀਤੀ। ਕਾਂਗਰਸੀ ਉਮੀਦਵਾਰ ਸ਼੍ਰੀ ਸੋਨੀ ਨੂੰ ਸਿਹਤ ਮੰਤਰੀ ਪ੍ਰੋ. ਲਕਸ਼ਮੀ ਕਾਂਤਾ ਚਾਵਲਾ ਦੇ ਹਲਕਾ ਅੰਮ੍ਰਿਤਸਰ ਕੇਂਦਰੀ ਤੋਂ 9464 ਵੋਟਾਂ, ਹਲਕਾ ਉਤਰੀ ਤੋਂ 5108 ਵੋਟਾਂ, ਹਲਕਾ ਪੂਰਬੀ ਤੋਂ 8331 ਵੋਟਾਂ ਅਤੇ ਹਲਕਾ ਦੱਖਣੀ ਤੋਂ 1874 ਵੋਟਾਂ ਦੀ ਲੀਡ ਮਿਲੀ।

ਸ਼੍ਰੀ ਸਿੱਧੂ ਸਭ ਤੋਂ ਪਹਿਲਾਂ ਸਾਲ 2004 ਵਿਚ ਇਸ ਲੋਕ ਸਭਾ ਹਲਕੇ ਤੋਂ ਚੋਣ ਮੈਦਾਨ ਵਿਚ ਆਏ ਸਨ ਅਤੇ ਉਨ੍ਹਾਂ ਨੇ ਕਾਂਗਰਸ ਦੇ ਸ਼੍ਰੀ ਆਰ.ਐਲ. ਭਾਟੀਆ ਨੂੰ 1 ਲੱਖ 9 ਹਜ਼ਾਰ ਦੇ ਕਰੀਬ ਵੋਟਾਂ ਦੇ ਫਰਕ ਨਾਲ ਹਰਾਇਆ ਸੀ ਅਤੇ ਬਾਅਦ ਵਿਚ 2007 ਵਿਚ ਹੋਈ ਲੋਕ ਸਭਾ ਦੀ ਜ਼ਿਮਨੀ ਚੋਣ ਵਿਚ ਸ਼੍ਰੀ ਸਿੱਧੂ ਨੇ ਕਾਂਗਰਸ ਦੇ ਉਮੀਦਵਾਰ ਸ਼੍ਰੀ ਸਿੰਗਲਾ ਨੂੰ 77,626 ਵੋਟਾਂ ਦੇ ਫਰਕ ਨਾਲ ਹਰਾਇਆ।

ਅਕਾਲੀਆਂ ਨਾਲ ਹਮੇਸ਼ਾਂ ਝਗੜਦੇ ਰਹੇ ਨਵਜੋਤ ਸਿੰਘ ਸਿੱਧੂ ਨੇ ਭਾਰਤੀ ਜਨਤਾ ਪਾਰਟੀ ਦਾ ਬੁਰਾ ਹਾਲ ਵੇਖ ਕੇ ਹੁਣ ਅਕਾਲੀਆਂ ਪ੍ਰਤੀ ਆਪਣੀ ਭਾਸ਼ਾ ਨਰਮ ਕਰ ਲਈ ਹੈ।

## ਅੰਮ੍ਰਿਤਸਰ ਲੋਕ ਸਭਾ ਸੀਟ



ਜੇਤੂ - ਨਵਜੋਤ ਸਿੰਘ ਸਿੱਧੂ
ਵਿਰੋਧੀ - ਓ.ਪੀ. ਸੋਨੀ
ਭਾਜਪਾ (392046) ਕਾਂਗਰਸ (381588)
ਜਿੱਤ ਦਾ ਫਰਕ 6858



### ਵਿਧਾਨ ਸਭਾ ਵਾਰ ਸਥਿਤੀ

| ਖੇਤਰ | ਭਾਜਪਾ | ਕਾਂਗਰਸ |
|---|---|---|
| ਅਜਨਾਲਾ | 47109 | 39095 |
| ਰਾਜਾਸਾਂਸੀ | 57518 | 42329 |
| ਮਜੀਠਾ | 52956 | 32555 |
| ਨਾਰਥ | 45800 | 50908 |
| ਸੈਂਟਰਲ | 35145 | 45209 |
| ਅਟਾਰੀ | 48351 | 42591 |
| ਸਾਊਥ | 35778 | 33894 |
| ਈਸਟ | 33075 | 41406 |
| ਵੈਸਟ | 36008 | 56905 |



# ਸ਼ਹਿਰੀ ਵੋਟਰਾਂ ਨੇ ਨਹੀਂ ਰੱਖਿਆ ਰਾਜ ਗਾਇਕ ਹੰਸ ਦਾ ਮਾਣ

**ਜਲੰਧਰ :** ਲੋਕ ਸਭਾ ਹਲਕਾ ਜਲੰਧਰ (ਰਾਖਵਾਂ) ਤੋਂ ਕਾਂਗਰਸੀ ਉਮੀਦਵਾਰ ਮਹਿੰਦਰ ਸਿੰਘ ਕੇ.ਪੀ. ਜੇਤੂ ਰਹੇ। ਕਾਂਗਰਸੀ ਉਮੀਦਵਾਰ ਨੇ ਆਪਣੇ ਮੁੱਖ ਵਿਰੋਧੀ ਅਕਾਲੀ-ਭਾਜਪਾ ਗੱਠਜੋੜ ਦੇ ਸਾਂਝੇ ਉਮੀਦਵਾਰ ਹੰਸ ਰਾਜ ਹੰਸ ਨੂੰ 36,445 ਵੋਟਾਂ ਦੇ ਫਰਕ ਨਾਲ ਹਰਾਇਆ। ਦੋਆਬੇ ਦੀ ਇਸ ਵੱਕਾਰੀ ਮੰਨੀ ਜਾਂਦੀ ਸੀਟ ਤੋਂ ਕਾਂਗਰਸੀ ਉਮੀਦਵਾਰ ਨੂੰ 4 ਲੱਖ 8 ਹਜ਼ਾਰ 103 ਵੋਟਾਂ ਮਿਲੀਆਂ, ਜਦੋਂਕਿ ਹੰਸ ਰਾਜ ਹੰਸ ਨੂੰ 3 ਲੱਖ 71 ਹਜ਼ਾਰ 658 ਵੋਟ ਪ੍ਰਾਪਤ ਹੋਏ।

ਪਿਛਲੀਆਂ 2004 ਦੀਆਂ ਪਾਰਲੀਮਾਨੀ ਚੋਣਾਂ 'ਚ ਇਸ ਸੀਟ ਤੋਂ ਕਾਂਗਰਸੀ ਆਗੂ ਰਾਣਾ ਗੁਰਜੀਤ ਸਿੰਘ ਨੇ ਭਾਜਪਾ ਦੇ ਨਰੇਸ਼ ਗੁਜਰਾਲ ਨੂੰ 33 ਹਜ਼ਾਰ ਵੋਟਾਂ ਦੇ ਫਰਕ ਨਾਲ ਹਰਾਇਆ ਸੀ। ਜਲੰਧਰ ਲੋਕ ਸਭਾ ਹਲਕੇ ਵਿਚ ਇਸ ਵਾਰ ਬਹੁਜਨ ਸਮਾਜ ਪਾਰਟੀ ਨੇ ਆਪਣੀ ਸਥਿਤੀ ਪਹਿਲਾਂ ਨਾਲੋਂ ਮਜ਼ਬੂਤ ਕੀਤੀ ਹੈ।

ਬਸਪਾ ਉਮੀਦਵਾਰ ਸੁਰਜੀਤ ਸਿੰਘ ਨੇ 93 ਹਜ਼ਾਰ 592 ਵੋਟਾਂ ਪ੍ਰਾਪਤ ਕੀਤੀਆਂ, ਜਦੋਂਕਿ ਪਿਛਲੀ ਵਾਰ ਬਸਪਾ ਉਮੀਦਵਾਰ ਦੇਵੀ ਦਾਸ ਨਾਹਰ ਨੇ 70 ਹਜ਼ਾਰ ਦੇ ਕਰੀਬ ਵੋਟ ਲਏ ਸਨ। ਕਾਂਗਰਸ ਨੇ 1977 ਤੋਂ ਲੈ ਕੇ ਹੁਣ ਤੱਕ ਹੋਈਆਂ 11 ਪਾਰਲੀਮਾਨੀ ਚੋਣਾਂ ਵਿਚੋਂ 7 ਵਾਰ ਇਥੋਂ ਜਿੱਤ ਪ੍ਰਾਪਤ ਕੀਤੀ ਹੈ।

## ਜਲੰਧਰ ਲੋਕ ਸਭਾ ਸੀਟ



ਜੇਤੂ - ਮਹਿੰਦਰ ਸਿੰਘ ਕੇ.ਪੀ.
ਵਿਰੋਧੀ - ਹੰਸ ਰਾਜ ਹੰਸ
ਕਾਂਗਰਸ (408103)
ਸ਼੍ਰੋਮਣੀ ਅਕਾਲੀ ਦਲ (371658)
ਜਿੱਤ ਦਾ ਫਰਕ 36445



### ਵਿਧਾਨ ਸਭਾ ਵਾਰ ਸਥਿਤੀ

| ਖੇਤਰ | ਕਾਂਗਰਸ | ਸ਼੍ਰੋਮਣੀ ਅਕਾਲੀ ਦਲ |
|---|---|---|
| ਸੈਂਟਰਲ | 44219 | 34094 |
| ਸਾਊਥ | 45066 | 32108 |
| ਨਾਰਥ | 55591 | 36815 |
| ਜਲੰਧਰ ਕੈਂਟ | 47804 | 36018 |
| ਫਿਲੌਰ | 42045 | 40602 |
| ਨਕੋਦਰ | 44151 | 50271 |
| ਸ਼ਾਹਕੋਟ | 40557 | 56505 |
| ਕਰਤਾਰਪੁਰ | 48661 | 46355 |
| ਆਦਮਪੁਰ | 39793 | 38808 |

ਕਾਂਗਰਸੀ ਉਮੀਦਵਾਰ ਮਹਿੰਦਰ ਸਿੰਘ ਕੇ.ਪੀ. ਜਿੱਤ ਦਾ ਕਾਰਨ ਸ਼ਹਿਰੀ ਖੇਤਰ ਦੇ ਵਿਧਾਨ ਸਭਾ ਹਲਕਿਆਂ 'ਚ ਅਕਾਲੀ ਦਲ ਦੇ ਮੁਕਾਬਲੇ ਕਾਂਗਰਸ ਨੂੰ ਕਾਫੀ ਜ਼ਿਆਦਾ ਵੋਟਾਂ ਮਿਲਣਾ ਰਿਹਾ।

ਸ਼ਹਿਰ ਦੇ ਚਾਰਾਂ ਖੇਤਰਾਂ ਜਲੰਧਰ ਪੱਛਮੀ, ਜਲੰਧਰ ਕੇਂਦਰੀ, ਜਲੰਧਰ ਉੱਤਰੀ ਅਤੇ ਜਲੰਧਰ ਕੈਂਟ ਤੋਂ ਅਕਾਲੀ ਭਾਜਪਾ ਗੱਠਜੋੜ ਦੇ ਵਿਧਾਇਕ ਹੋਣ ਦੇ ਬਾਵਜੂਦ ਕਾਂਗਰਸ ਨੇ ਇਨ੍ਹਾਂ ਚਾਰਾਂ ਹਲਕਿਆਂ ਤੋਂ ਵੱਡੀ ਜਿੱਤ ਪ੍ਰਾਪਤ ਕੀਤੀ। ਸ੍ਰੀ ਕੇ.ਪੀ. ਨੂੰ ਜਲੰਧਰ ਪੱਛਮੀ ਤੋਂ 13,498, ਜਲੰਧਰ ਕੇਂਦਰੀ ਤੋਂ, 10,125, ਜਲੰਧਰ ਉੱਤਰੀ ਤੋਂ 18,776 ਅਤੇ ਜਲੰਧਰ ਕੈਂਟ ਤੋਂ 11,786 ਦੀ ਲੀਡ ਮਿਲੀ। ਜ਼ਿਕਰਯੋਗ ਹੈ ਕਿ ਲੰਘੀਆਂ ਵਿਧਾਨ ਸਭਾ ਚੋਣਾਂ 'ਚ ਜਲੰਧਰ ਦੇ 10 ਵਿਧਾਨ ਸਭਾ ਹਲਕਿਆਂ 'ਚੋਂ 9 'ਤੇ ਅਕਾਲੀ ਭਾਜਪਾ ਗੱਠਜੋੜ ਜੇਤੂ ਰਿਹਾ ਸੀ।

ਪੇਂਡੂ ਖੇਤਰਾਂ ਦੇ ਵਿਧਾਨ ਸਭਾ ਹਲਕਿਆਂ ਵਿਚੋਂ ਨਕੋਦਰ ਅਤੇ ਸ਼ਾਹਕੋਟ ਨੂੰ ਛੱਡ ਕੇ ਬਾਕੀ ਸਾਰਿਆਂ ਹਲਕਿਆਂ 'ਚੋਂ ਕਾਂਗਰਸ ਅੱਗੇ ਰਹੀ। ਆਦਮਪੁਰ ਹਲਕੇ 'ਚੋਂ ਕਾਂਗਰਸ ਨੂੰ 39,793 ਵੋਟ ਮਿਲੇ ਜਦਕਿ ਅਕਾਲੀ-ਭਾਜਪਾ ਨੂੰ 38,808, ਕਰਤਾਰਪੁਰ ਹਲਕੇ ਚੋਂ ਕਾਂਗਰਸ ਨੂੰ 48,661 ਵੋਟ ਮਿਲੇ ਜਦਕਿ ਵਿਰੋਧੀ ਅਕਾਲੀ ਭਾਜਪਾ ਨੂੰ 46,355 ਵੋਟ ਮਿਲੇ, ਫਿਲੌਰ ਹਲਕੇ ਚੋਂ ਕਾਂਗਰਸ ਨੂੰ 42,045 ਅਤੇ ਅਕਾਲੀ ਭਾਜਪਾ ਨੂੰ 40,602 ਵੋਟ ਮਿਲੇ। ਨਕੋਦਰ ਹਲਕੇ ਤੋਂ ਹੰਸ ਰਾਜ ਹੰਸ ਨੂੰ 50,271 ਅਤੇ ਮਹਿੰਦਰ ਸਿੰਘ ਕੇ.ਪੀ. 44,151, ਸ਼ਾਹਕੋਟ ਤੋਂ ਹੰਸ ਰਾਜ ਹੰਸ ਨੂੰ 56,505 ਅਤੇ ਕੇ.ਪੀ. ਨੂੰ 44,577 ਵੋਟਾਂ ਮਿਲੀਆਂ।

ਬਸਪਾ ਉਮੀਦਵਾਰ ਨੂੰ ਫਿਲੌਰ ਤੋਂ 32,560, ਨਕੋਦਰ ਤੋਂ 15,659, ਸ਼ਾਹਕੋਟ ਤੋਂ 3,668, ਕਰਤਾਰਪੁਰ ਤੋਂ 7,440, ਜਲੰਧਰ ਪੱਛਮੀ ਤੋਂ 3,083, ਜਲੰਧਰ ਕੇਂਦਰੀ ਤੋਂ 3,546, ਜਲੰਧਰ ਉੱਤਰੀ ਤੋਂ 4,086, ਜਲੰਧਰ ਕੈਂਟ ਤੋਂ 8300 ਅਤੇ ਆਦਮਪੁਰ ਤੋਂ 15,236 ਵੋਟਾਂ ਮਿਲੀਆਂ।

ਮਹਿੰਦਰ ਸਿੰਘ ਕੇ.ਪੀ., ਹੰਸ ਰਾਜ ਹੰਸ ਅਤੇ ਸੁਰਜੀਤ ਸਿੰਘ ਤੋਂ ਇਲਾਵਾ ਹੋਰ 12 ਹੋਰ ਉਮੀਦਵਾਰ ਵੀ ਚੋਣ ਮੈਦਾਨ 'ਚ ਸਨ।

# ਮਾਝੇ ਦੀ ਰਵਾਇਤੀ ਪੰਥਕ ਸੁਰ ਨੇ ਰਾਣੇ ਨੂੰ ਚਿੱਤ ਕੀਤਾ

**ਤਰਨਤਾਰਨ :** ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੇ ਸਾਂਝੇ ਉਮੀਦਵਾਰ ਡਾ. ਰਤਨ ਸਿੰਘ ਅਜਨਾਲਾ ਨੇ ਕਾਂਗਰਸ ਦੇ ਉਮੀਦਵਾਰ ਰਾਣਾ ਗੁਰਜੀਤ ਸਿੰਘ ਨੂੰ 32,260 ਵੋਟਾਂ ਦੇ ਫਰਕ ਨਾਲ ਹਰਾਇਆ। ਇਸ ਹਲਕੇ ਦੀਆਂ ਕੁਲ 13,32,001 ਵੋਟਾਂ ਵਿਚੋਂ 9,46,683 ਵੋਟਾਂ ਪੋਲ ਹੋਈਆਂ ਸਨ। ਡਾ. ਅਜਨਾਲਾ ਨੂੰ 4,67,980 ਜਦੋਂ ਕਿ ਰਾਣਾ ਗੁਰਜੀਤ ਸਿੰਘ ਨੂੰ 4,35,720 ਵੋਟਾਂ ਪਈਆਂ।



ਰਾਣਾ ਗੁਰਜੀਤ ਸਿੰਘ

ਕਾਂਗਰਸ ਅਤੇ ਅਕਾਲੀ ਦਲ ਦੇ ਪ੍ਰਮੁੱਖ ਉਮੀਦਵਾਰਾਂ ਤੋਂ ਇਲਾਵਾ 13 ਹੋਰ ਉਮੀਦਵਾਰ ਵੀ ਆਪਣੀ ਕਿਸਮਤ ਅਜਮਾ ਰਹੇ ਸਨ। ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਡਾ. ਸੁਰਿੰਦਰ ਸਿੰਘ ਸ਼ਾਹੀ ਨੂੰ 13,333 ਭਾਰਤੀ ਗਾਉਂ ਤਾਜ ਦਲ ਦੇ ਉਮੀਦਵਾਰ ਬਲਕਾਰ ਸਿੰਘ ਨੂੰ 2005, ਹਾਸਰਜ ਕਲਾਕਾਰ ਹਰਜਿੰਦਰ ਰਿਖੀ ਨੂੰ 4538 ਵੋਟਾਂ ਹੀ ਮਿਲੀਆਂ।



ਰਤਨ ਸਿੰਘ ਅਜਨਾਲਾ

ਰਾਣਾ ਗੁਰਜੀਤ ਸਿੰਘ ਨੇ ਤਰਨਤਾਰਨ ਤੋਂ 48,866 ਅਤੇ ਡਾ. ਅਜਨਾਲਾ ਨੇ 48,529 ਵੋਟਾਂ ਹਾਸਲ ਕੀਤੀਆਂ। ਕਪੂਰਥਲਾ ਹਲਕੇ ਤੋਂ ਰਾਣਾ ਗੁਰਜੀਤ ਸਿੰਘ ਨੂੰ 45,836 ਅਤੇ ਅਕਾਲੀ ਉਮੀਦਵਾਰ ਨੂੰ 34,198 ਵੋਟਾਂ ਹਾਸਲ ਹੋਈਆਂ।

ਕਿਹਾ ਜਾ ਰਿਹਾ ਹੈ ਕਿ ਇਸ ਇਲਾਕੇ ਦੇ ਰਵਾਇਤੀ ਪੰਥਕ ਜਜ਼ਬੇ ਨੇ ਰਾਣੇ ਨੂੰ ਹਰਾਇਆ ਹੈ।

## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ**

***ਕਾਂਗਰਸ ਸਿੱਖਾਂ ਦੀ ਦੁਸ਼ਮਣ ਨੰਬਰ ਇੱਕ-ਜਥੇਦਾਰ ਮੱਕੜ**

-ਤੇ ਦੁਸ਼ਮਣ ਨੰਬਰ ਦੋ ਬਾਰੇ ਦੱਸਦਿਆਂ ਸੰਗ ਆਉਂਦੀ ਐ? ਕਦੇ ਉਹਦਾ ਵੀ ਜ਼ਿਕਰ ਕਰਿਆ ਕਰੋ।

***ਚੋਣਾਂ 'ਚ ਨਸ਼ਿਆਂ ਦੀ ਵਰਤੋਂ ਨਾ ਕਰਨ ਲਈ ਸਕੂਲੀ ਬੱਚਿਆਂ ਨੇ ਕੱਢੀ ਰੈਲੀ**

-ਸਕੂਲੀ ਬੱਚਿਆਂ ਨੇ ਹੀ ਕੱਢਣੀ ਸੀ, ਨੌਜਵਾਨ ਤਾਂ ਪਹਿਲਾਂ ਹੀ ਨਸ਼ਿਆਂ ਦੀ ਗ੍ਰਿਫ਼ਤ 'ਚ ਆ ਚੁੱਕੇ ਐ।

***ਸਿੱਖ ਵੋਟਰ ਕਰੇ ਤਾਂ ਕੀ ਕਰੇ?**

-ਦਿਮਾਗ ਤੋਂ ਕੰਮ ਲਵੇ।

***ਭਾਜਪਾ ਨੇ ਆਪਣੀ ਹਾਰ ਮੰਨੀ**

-ਮੰਨੀ ਕੀ ਜੀ ਮਨਾ 'ਤੀ ਅਗਲਿਆਂ ਨੇ। ਡੋਲੂ ਵਾਂਗ ਤਾਂ ਮਾਂਜ ਕੇ ਧਰ 'ਤਾ।

***ਮਰਦਾਂ ਦੇ ਮੁਕਾਬਲੇ ਔਰਤਾਂ ਜ਼ਿਆਦਾ ਕਿਉਂ ਰੋਂਦੀਆਂ ਹਨ?**

-ਹਿੰਦੀ ਟੀ.ਵੀ. ਸੀਰੀਅਲ ਦੇਖਣ ਕਰਕੇ।

***ਸੁਖਬੀਰ ਨੇ ਬਠਿੰਡੇ ਵਾਲਾ ਕਿਲਾ ਫਤਿਹ ਕੀਤਾ**

-ਇੱਕ ਕਿਲਾ ਜਿੱਤਣ ਲਈ ਸੱਤ ਕਿਲੇ ਗਵਾ ਲੈਣੇ ਵਧੀਆ ਰਣਨੀਤੀ ਨਹੀਂ ਹੁੰਦੀ।

***ਨਰਿੰਦਰ ਮੋਦੀ ਨੂੰ ਭਵਿੱਖ ਦਾ ਪ੍ਰਧਾਨ ਮੰਤਰੀ ਦੱਸਣਾ ਮਹਿੰਗਾ ਪਿਆ-ਭਾਜਪਾ**

-ਬਹਾਨੇ ਨਾ ਘੜੋ ਮਹਾਸ਼ਾ ਜੀ। ਲੋਕਾਂ ਨੂੰ ਪਤੈ ਪਈ ਅਡਵਾਨੀ ਤੇ ਮੋਦੀ ਇਕੋ ਸਿੱਕੇ ਦੇ ਦੋ ਪਾਸੇ ਐ।


*Visit us on the web:*
***punjabtimesusa.com***
***To Advertise with us call:***
***847-359-0746***



ਮਾਨਤਾ ਪ੍ਰਾਪਤ

# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**Toll Free No. (866) 933-3038**

*ਨੈਸ਼ਨਲ ਟਰੱਕ ਡਰਾਈਵਿੰਗ ਸਕੂਲ ਤੁਹਾਡੇ ਵਾਸਤੇ ਸਸਤੀਆਂ ਤੇ ਬੇਜੋੜ ਸੇਵਾਵਾਂ ਲੈ ਕੇ ਹਾਜ਼ਰ ਹੈ। *ਵਾਜਬ ਰੇਟਾਂ 'ਤੇ ਸਿਖਲਾਈ। *ਸਰਟੀਫਾਈਡ ਪੰਜਾਬੀ/ਇੰਗਲਿਸ਼ ਟਰੇਨਰ। *ਲਾਇਸੈਂਸ ਲੈਣ ਤੋਂ ਬਾਅਦ ਕੰਮ ਲੱਭਣ 'ਚ ਮਦਦ। *ਕੰਪਨੀ ਵਲੋਂ ਟਰੇਨਿੰਗ ਪੂਰੀ ਹੋਣ 'ਤੇ ਸਰਟੀਫਿਕੇਟ। *ਰਿਹਾਇਸ਼ ਫਰੀ। *ਦਸ ਸਪੀਡ ਅਤੇ ਤੇਰਾਂ ਸਪੀਡ ਨਿਊ ਮਾਡਲ ਟਰੱਕਾਂ ਨਾਲ ਟੇਰਨਿੰਗ। *ਨੈਸ਼ਨਲ ਟਰੱਕ ਡਰਾਈਵਿੰਗ ਸਕੂਲ ਕੈਲੇਫੋਰਨੀਆ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।



**ਆਪਣਾ ਨਾਮ ਰਜਿਸਟਰ ਕਰਾਉਣ ਲਈ ਅੱਜ ਹੀ ਸੰਪਰਕ ਕਰੋ।**

**Call: Kashmir Singh**

**916-564-3455**

**4585 Pell Dr. Secramento CA, 95838**



# Reliable and Experienced Real Estate Professional

**ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ**

**ਗੁਰਬੰਸ ਸਿੰਘ ਗਿੱਲ ਫੋਨ: 209-815-1869**

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

**We Specialize in Bankowned, Foreclosure and Short Sale Homes**


*ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।*

**We Do Loan Modification and Credit Repair to Save Your Home From Forclosure**

**Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ**

**Right Time To Buy For Investers And First Time Home Buyers**

REALTY WORLD
Millennium



**Gurbans Singh Gill**
**Realtor**
**11 Years Experiance in Real Estate**
**e-mail: gurbans@gotracy.com**
**Fax: 209-836-0706**
**www.gotracy.com**

**Gurbans Gill 209-815-1869**



# *For Honest and Reliable*
# Real Estate Services

**ਸੈਕਰਾਮੈਂਟੋ ਅਤੇ ਕੈਲੇਫੋਰਨੀਆ ਦੇ ਹੋਰਨਾਂ ਸ਼ਹਿਰਾਂ ਵਿਚ ਮਕਾਨਾਂ ਅਤੇ ਜਾਇਦਾਦ ਦੀਆਂ ਕੀਮਤਾਂ ਬਹੁਤ ਹੇਠਾਂ ਆ ਗਈਆਂ ਹਨ। ਘਰ ਦਾ ਸੌਦਾ ਜਾਂ ਇਨਵੈਸਟਮੈਂਟ ਦਾ ਸੌਦਾ ਮਾਰਨ ਦਾ ਇਹ ਢੁਕਵਾਂ ਮੌਕਾ ਹੈ। ਸਹੀ ਸਲਾਹ ਲਈ ਅੱਜ ਹੀ ਕਾਲ ਕਰੋ।**

*Specializing in Bank Repo. And short sales.*

**Nand S. Brar**
**Broker Associate**
**DRE Lic No: 01816328**



**(916) 501-3974**
**(916) 344-5453**

WestCo Realty
A REAL ESTATE & INVESTMENT GROUP

**Email : nandsbrar@gmail.com, www.westcorealty.com**

## ਯੂ ਪੀ ਏ ਨੂੰ ਸਮਰਥਨ ਦੇਣ ਵਾਲਿਆਂ ਦੀ ਲਾਈਨ ਲੱਗੀ

ਲਖਨਊ: ਕਾਂਗਰਸ ਅਤੇ ਯੂ ਪੀ ਏ ਦੀ ਮਜ਼ਬੂਤ ਸਥਿਤੀ ਨੂੰ ਵੇਖਦਿਆਂ ਨਵੀਂ ਕੇਂਦਰ ਸਰਕਾਰ ਨੂੰ ਹਮਾਇਤ ਦੇਣ ਵਾਲਿਆਂ ਦੀ ਲਾਈਨ ਲਗ ਗਈ ਹੈ। ਨਵੀਂ ਹਾਲਤ ਵਿਚ ਬਹੁਜਨ ਸਮਾਜ ਪਾਰਟੀ ਦੀ ਮੁਖੀ ਨੇ ਆਪਣਾ ਪੈਂਤੜਾ ਬਦਲਿਆ ਤੇ ਮਨਮੋਹਨ ਸਿੰਘ ਸਰਕਾਰ ਨੂੰ ਬਾਹਰੋਂ ਹਮਾਇਤ ਦੇਣ ਦਾ ਫੈਸਲਾ ਕੀਤਾ।ਇਸੇ ਦੌਰਾਨ ਮੁਲਾਇਮ ਸਿੰਘ ਯਾਦਵ ਦੀ ਅਗਵਾਈ ਵਾਲੀ ਸਮਾਜਵਾਦੀ ਪਾਰਟੀ ਨੇ ਬਸਪਾ ਨੂੰ ਪਿੱਛੇ ਛੱਡਦਿਆਂ ਰਾਸ਼ਟਰਪਤੀ ਨੂੰ ਹਮਾਇਤ ਦਾ ਪੱਤਰ ਵੀ ਜਾ ਸੌਂਪਿਆ ਹੈ। ਇਸ ਰਾਸ਼ਟਰੀ ਜਨਤਾ ਦਲ ਦੇ ਆਗੂ ਲਾਲੂ ਪ੍ਰਸਾਦ ਯਾਦਵ,ਜਨਤਾ ਦਲ ਸੈਕੂਲਰ ਦੇ ਸ੍ਰੀ ਦੇਵਗੌੜਾ ਅਤੇ ਨੈਸ਼ਨਲ ਕਾਨਫਰੰਸ ਵੀ ਯੂ ਪੀ ਏ ਨੂੰ ਹਮਾਇਤ ਦੇਣ ਲਈ ਤਰਲੇ ਲੈ ਰਹੇ ਹਨ।


ਬਸਪਾ ਪਾਰਟੀ ਸੁਪਰੀਮੋ ਨੇ ਲਖਨਊ ਵਿਖੇ ਇਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੇ ਕਾਂਗਰਸ ਦੀ ਅਗਵਾਈ ਵਾਲੇ ਯੂ ਪੀ ਏ ਗੱਠਜੋੜ ਨੂੰ ਬਿਨਾ ਸ਼ਰਤ ਬਾਹਰੋਂ ਸਮਰਥਨ ਦੇਣ ਦਾ ਫ਼ੈਸਲਾ ਕੀਤਾ ਹੈ। ਬਸਪਾ ਸੁਪਰੀਮੋ ਨੇ ਕਿਹਾ ਕਿ ਇਹ ਫ਼ੈਸਲਾ ਸਵੇਰੇ ਹੋਈ ਕੌਮੀ ਕਾਰਜਕਾਰਨੀ ਦੀ ਮੀਟਿੰਗ 'ਚ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਜਨਤਾ ਦੇ ਫ਼ੈਸਲੇ ਦਾ ਸਨਮਾਨ ਕਰਦਿਆਂ ਹੀ ਬਸਪਾ ਨੇ ਕਾਂਗਰਸ ਦੀ ਅਗਵਾਈ ਵਾਲੇ ਯੂ ਪੀ ਏ ਗੱਠਜੋੜ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਹੈ।

ਉਨ੍ਹਾਂ ਕਿਹਾ ਕਿ ਕੌਮੀ ਜਨਰਲ ਸਕੱਤਰ ਸਤੀਸ਼ ਚੰਦਰ ਮਿਸ਼ਰ ਇਸ ਸਬੰਧੀ ਕਾਂਗਰਸੀ ਆਗੂਆਂ ਦੇ ਸੰਪਰਕ 'ਚ ਹਨ ਅਤੇ ਉਹ ਸਮਰਥਨ ਦੀ ਚਿੱਠੀ ਰਾਸ਼ਟਰਪਤੀ ਤੇ ਯੂ ਪੀ ਏ ਪ੍ਰਧਾਨ ਨੂੰ ਸੌਂਪਣਗੇ। ਬਸਪਾ ਮੁਖੀ ਨੇ ਕਿਹਾ ਕਿ ਲੋਕ ਸਭਾ ਚੋਣਾਂ 'ਚ ਯੂ ਪੀ ਏ ਦੀ ਜਿੱਤ ਤੋਂ ਬਾਅਦ ਉਨ੍ਹਾਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਵਧਾਈ ਦੇਣ ਲਈ ਫ਼ੋਨ ਕੀਤਾ ਸੀ। ਮਾਇਆਵਤੀ ਅਨੁਸਾਰ ਫ਼ੋਨ 'ਤੇ ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਤੁਸੀਂ ਮੇਰੀ ਭੈਣ ਵਾਂਗ ਹੋ ਅਤੇ ਅਸੀਂ ਚਾਹੁੰਦੇ ਹਾਂ ਕਿ ਦੇਸ਼ 'ਚ ਧਰਮ ਨਿਰਪੱਖ ਤਾਕਤਾਂ ਦੀ ਮਜ਼ਬੂਤੀ ਲਈ ਤੁਸੀਂ ਯੂ ਪੀ ਏ ਦਾ ਸਾਥ ਦਿਓ। ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਦੀ ਇਸ ਗੱਲ ਨੂੰ ਕੌਮੀ ਕਾਰਜਕਾਰਨੀ ਦੀ ਮੀਟਿੰਗ 'ਚ ਰੱਖਿਆ ਗਿਆ, ਜਿਸ ਤੋਂ ਬਾਅਦ ਇਹ ਫ਼ੈਸਲਾ ਲਿਆ ਗਿਆ।

ਇਸ ਦੌਰਾਨ ਵਿਰੋਧੀ ਧਿਰ 'ਚ ਬੈਠਣ ਦਾ ਐਲਾਨ ਕਰਨ ਵਾਲੇ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਮੁਲਾਇਮ ਸਿੰਘ ਯਾਦਵ ਨੇ ਨਵੀਂ ਯੂ ਪੀ ਏ ਸਰਕਾਰ ਨੂੰ ਸਮਰਥਨ ਦੇਣ ਸਬੰਧੀ ਪੱਤਰ ਅੱਜ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੂੰ ਸੌਂਪਿਆ। ਪਾਰਟੀ ਵਲੋਂ ਸਮਰਥਨ ਦਾ ਪੱਤਰ ਰਾਸ਼ਟਰਪਤੀ ਨੂੰ ਸੌਂਪਣ ਤੋਂ ਬਾਅਦ ਪਾਰਟੀ ਦੇ ਜਨਰਲ ਸਕੱਤਰ ਅਮਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਪ੍ਰਧਾਨ ਮੰਤਰੀ ਤੇ ਰਾਹੁਲ ਗਾਂਧੀ ਨਾਲ ਗੱਲਬਾਤ ਤੋਂ ਬਾਅਦ ਹੀ ਸਮਰਥਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਮਰਥਨ ਦੇਣ ਪਿੱਛੇ ਕੋਈ ਸਿਆਸੀ ਹਿੱਤ ਨਹੀਂ ਹੈ ਅਤੇ ਦੇਸ਼ ਦੇ ਵਿਕਾਸ ਤੇ ਧਰਮ ਨਿਰਪੱਖ ਤਾਕਤਾਂ ਨੂੰ ਮਜ਼ਬੂਤ ਕਰਨ ਲਈ ਹੀ ਅਸੀਂ ਯੂ ਪੀ ਏ ਦਾ ਸਮਰਥਨ ਕੀਤਾ ਹੈ। ਸਪਾ ਆਗੂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਪ੍ਰਮਾਣੂ ਸਮਝੌਤੇ ਮੌਕੇ ਸਮਾਜਵਾਦੀ ਪਾਰਟੀ ਵਲੋਂ ਦਿੱਤੇ ਸਮਰਥਨ ਦਾ ਧੰਨਵਾਦ ਵੀ ਕੀਤਾ ਹੈ।

## ਪੰਜਾਬ ਭਾਜਪਾ ਦੇ 19 ਵਿਧਾਇਕਾਂ 'ਚੋਂ 17 ਹਾਰੇ

**ਜਲੰਧਰ :** ਲੋਕ ਸਭਾ ਦੀਆਂ ਚੋਣਾਂ ਵਿਚ ਪੰਜਾਬ ਵਿਚ ਭਾਜਪਾ ਨੂੰ ਮੂੰਹ ਦੀ ਖਾਣੀ ਪਈ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦੇ ਚੁਣੇ ਗਏ 19 ਵਿਧਾਇਕਾਂ ਵਿਚੋਂ 17 ਖੇਤਰਾਂ ਵਿਚ ਅਕਾਲੀ ਭਾਜਪਾ ਗੱਠਜੋੜ ਦੇ ਉਮੀਦਵਾਰ ਹਾਰ ਗਏ ਹਨ।


ਰਾਜਿੰਦਰ ਭੰਡਾਰੀ

ਇਸ ਤੋਂ ਇਹ ਪਤਾ ਲੱਗਦਾ ਹੈ ਕਿ ਸ਼ਹਿਰੀਆਂ, ਵਪਾਰੀਆਂ ਅਤੇ ਉਦਮੀਆਂ ਦਾ ਭਾਜਪਾ ਨਾਲੋਂ ਮੋਹ ਭੰਗ ਹੋ ਗਿਆ ਹੈ। ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੂੰ ਉਮੀਦ ਤੋਂ ਵਧ ਸਫਲਤਾ ਮਿਲੀ ਸੀ, ਪਰ ਉਹ ਵਧ ਸਮੇਂ ਤੱਕ ਟਿਕ ਨਹੀਂ ਸਕੀ।

ਚੋਣ ਕਮਿਸ਼ਨ ਵਲੋਂ ਸਾਰੀਆਂ 13 ਲੋਕ ਸਭਾ ਸੀਟਾਂ ਦੇ ਨਤੀਜਿਆਂ ਦਾ ਵਿਸ਼ਲੇਸ਼ਣ ਕਰਨ ਤੋਂ ਪਤਾ ਲਗਦਾ ਹੈ ਕਿ ਗੁਰਦਾਸਪੁਰ ਲੋਕ ਸਭਾ ਹਲਕੇ ਵਿਚ ਭਾਜਪਾ ਦੇ ਸਾਰੇ 5 ਵਿਧਾਇਕਾਂ ਦੇ ਖੇਤਰ ਵਿਚ ਗੱਠਜੋੜ ਦੇ ਉਮੀਦਵਾਰ ਹਾਰ ਗਏ ਹਨ। ਇਨ੍ਹਾਂ ਵਿਚੋਂ ਸੁਜਾਨਪੁਰ ਤੋਂ ਗਣੇਸ਼ ਸਿੰਘ, ਭੋਆ ਤੋਂ ਬਿਸ਼ੰਬਰਦਾਸ, ਦੀਨਾਨਗਰ ਤੋਂ ਸੀਤਾਰਾਮ ਕਸ਼ਯਪ, ਬਟਾਲਾ ਤੋਂ ਜਗਦੀਸ਼ ਸਾਹਨੀ ਅਤੇ ਪਠਾਨਕੋਟ ਤੋਂ ਮਾਸਟਰ ਮੋਹਨ ਲਾਲ ਸ਼ਾਮਲ ਹਨ।

ਅੰਮ੍ਰਿਤਸਰ ਖੇਤਰ 'ਚ ਪੈਂਦੀ ਅੰਮ੍ਰਿਤਸਰ ਕੇਂਦਰੀ ਸੀਟ ਤੋਂ ਪ੍ਰੋ. ਲਕਸ਼ਮੀਕਾਂਤਾ ਚਾਵਲਾ, ਅੰਮ੍ਰਿਤਸਰ ਉੱਤਰੀ ਤੋਂ ਅਨਿਲ ਜੋਸ਼ੀ, ਹੁਸ਼ਿਆਰਪੁਰ ਲੋਕ ਸਭਾ ਹਲਕੇ ਵਿਚ ਦਸੂਹਾ ਤੋਂ ਅਮਰਜੀਤ ਸਾਹੀ, ਹੁਸ਼ਿਆਰਪੁਰ ਤੋਂ ਤੀਕਸ਼ਣ ਸੂਦ, ਫਗਵਾੜਾ ਤੋਂ ਸਵਰਨਾ ਰਾਮ, ਲੁਧਿਆਣਾ ਲੋਕ ਸਭਾ ਹਲਕੇ ਵਿਚ ਲੁਧਿਆਣਾ ਉੱਤਰੀ ਤੋਂ ਹਰੀਸ਼ ਬੇਦੀ ਅਤੇ ਲੁਧਿਆਣਾ ਕੇਂਦਰੀ ਤੋਂ ਸਤਪਾਲ ਗੋਸਾਈਂ, ਫਿਰੋਜ਼ਪੁਰ ਲੋਕ ਸਭਾ ਹਲਕੇ ਦੇ ਫਿਰੋਜ਼ਪੁਰ ਸਿਟੀ ਤੋਂ ਸੁਖਪਾਲ ਸਿੰਘ ਨੰਨੂ, ਪਟਿਆਲਾ ਲੋਕ ਸਭਾ ਹਲਕੇ ਵਿਚ ਰਾਜਪੁਰਾ ਤੋਂ ਰਾਜ ਖੁਰਾਣਾ ਅਤੇ ਜਲੰਧਰ ਲੋਕ ਸਭਾ ਹਲਕੇ ਵਿਚ ਜਲੰਧਰ ਉੱਤਰੀ ਕੇ.ਡੀ. ਭੰਡਾਰੀ, ਜਲੰਧਰ ਕੇਂਦਰੀ ਤੋਂ ਮਨੋਰੰਜਨ ਕਾਲੀਆ ਅਤੇ ਜਲੰਧਰ ਪੱਛਮੀ ਤੋਂ ਭਗਤ ਚੂਨੀ ਲਾਲ ਦੇ ਖੇਤਰਾਂ ਵਿਚ ਅਕਾਲੀ ਭਾਜਪਾ ਉਮੀਦਵਾਰ ਹਾਰੇ ਹਨ।


ਚੋਣ ਨਤੀਜਿਆਂ 'ਤੇ ਜੇ ਨਜ਼ਰ ਮਾਰੀ ਜਾਏ ਤਾਂ ਪਤਾ ਲੱਗਦਾ ਹੈ ਕਿ ਹਾਰਨ ਵਾਲੇ ਭਾਜਪਾ ਵਿਧਾਇਕਾਂ ਅਤੇ ਕਾਂਗਰਸ ਦੇ ਸਾਬਕਾ ਵਿਧਾਇਕਾਂ ਦਰਮਿਆਨ ਹਾਰ ਜਿੱਤ ਦਾ ਫਰਕ ਕਾਫੀ ਵਧ ਸੀ। ਸੂਬੇ ਵਿਚ ਹਿੰਦੂਆਂ ਦਾ ਇੰਨੀ ਤੇਜ਼ੀ ਨਾਲ ਮੋਹ ਭੰਗ ਹੋਵੇਗਾ, ਬਾਰੇ ਕਲਪਨਾ ਸ਼ਾਇਦ ਭਾਜਪਾ ਦੇ ਸੂਬਾਈ ਯੂਨਿਟ ਨੇ ਵੀ ਨਹੀਂ ਕੀਤੀ ਹੋਵੇਗੀ।

ਭਾਜਪਾ ਦੇ ਵਿਧਾਇਕ ਜੋ ਜਿੱਤ ਦਰਜ ਕਰ ਸਕੇ ਹਨ, ਉਨ੍ਹਾਂ ਵਿਚ ਮੁਕੇਰੀਆਂ ਤੋਂ ਅਰੁਨੇਸ਼ ਸ਼ਾਕਰ, ਫਾਜ਼ਿਲਕਾ ਤੋਂ ਸੁਰਜੀਤ ਕੁਮਾਰ ਜਿਆਣੀ ਆਦਿ ਹਨ।

ਸ਼ਾਕਰ ਦੀ ਜਿੱਤ ਦਾ ਫਰਕ ਲਗਭਗ 1500 ਵੋਟਾਂ ਦੇ ਕਰੀਬ ਹੈ, ਜਦੋਂਕਿ ਜਿਆਣੀ ਲਗਭਗ 2200 ਵੋਟਾਂ ਨਾਲ ਜਿੱਤੇ ਹਨ। ਭਾਜਪਾ ਦੀ ਕਰਾਰੀ ਹਾਰ ਦਾ ਸਿੱਧਾ ਲਾਭ ਮੁੱਖ ਵਿਰੋਧੀ ਪਾਰਟੀ ਕਾਂਗਰਸ ਨੂੰ ਹੀ ਮਿਲਿਆ ਹੈ।

## ਚੰਡੀਗੜ੍ਹ ਵਿਚ ਪਵਨ ਬਾਂਸਲ ਨੇ ਮਾਰੀ ਹੈਟ-ਟਰਿੱਕ

**ਚੰਡੀਗੜ੍ਹ :** ਚੰਡੀਗੜ੍ਹ ਯੂ.ਟੀ. ਲੋਕ ਸਭਾ ਸੀਟ ਤੋਂ ਕਾਂਗਰਸ ਦੇ ਉਮੀਦਵਾਰ ਅਤੇ ਕੇਂਦਰੀ ਵਿੱਤ ਰਾਜ ਮੰਤਰੀ ਪਵਨ ਕੁਮਾਰ ਬਾਂਸਲ ਨੇ ਲਗਾਤਾਰ ਤੀਜੀ ਵਾਰ ਵੱਡੀ ਜਿੱਤ ਹਾਸਲ ਕਰਦਿਆਂ ਹੈਟ ਟਰਿੱਕ ਮਾਰੀ ਹੈ। ਉਂਜ ਹੁਣ ਤੱਕ ਸ੍ਰੀ ਬਾਂਸਲ ਇਸ ਹਲਕੇ ਤੋਂ ਚੌਥੀ ਵਾਰ ਸੰਸਦ ਮੈਂਬਰ ਬਣੇ ਹਨ। ਉਨ੍ਹਾਂ ਨੇ ਆਪਣੇ ਵਿਰੋਧੀ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ ਤੇ ਸਾਬਕਾ ਸੰਸਦ ਮੈਂਬਰ ਸੱਤਪਾਲ ਜੈਨ ਨੂੰ 58967 ਵੋਟਾਂ ਦੇ ਫਰਕ ਨਾਲ ਹਰਾਇਆ। ਸ੍ਰੀ ਜੈਨ ਨੂੰ 1,02,075 ਵੋਟਾਂ ਮਿਲੀਆਂ।


ਪਵਨ ਕੁਮਾਰ ਬਾਂਸਲ


ਸੱਤਪਾਲ ਜੈਨ

ਸ੍ਰੀ ਜੈਨ ਨੂੰ ਹਾਰ ਦੇ ਨਾਲ ਉਸ ਵੇਲੇ ਇਕ ਹੋਰ ਸਦਮਾ ਪੁੱਜਾ, ਜਦੋਂ ਉਨ੍ਹਾਂ ਦੇ ਵੱਡੇ ਭਰਾ ਅਤੇ ਜੈਨ ਨਿਊਜ਼ ਏਜੰਸੀ ਸੈਕਟਰ-22 ਦੇ ਮਾਲਕ ਸੱਤਿਆ ਭੂਸ਼ਣ ਜੈਨ ਦਾ ਵੋਟਾਂ ਦੀ ਗਿਣਤੀ ਦੌਰਾਨ ਹੀ ਅਚਨਚੇਤੀ ਦੇਹਾਂਤ ਹੋ ਗਿਆ। ਚੰਡੀਗੜ੍ਹ ਵਿਚ ਕੁੱਲ 5,24,444 ਵੋਟਾਂ ਵਿਚੋਂ 3,43,557 ਵੋਟਾਂ ਪਈਆਂ ਹਨ। ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਅਤੇ ਸਾਬਕਾ ਕੇਂਦਰੀ ਮੰਤਰੀ ਹਰਮੋਹਨ ਧਵਨ ਨੂੰ 61,434 ਵੋਟਾਂ ਮਿਲੀਆਂ।

ਭਾਵੇਂ ਸ੍ਰੀ ਧਵਨ ਆਪਣੇ ਵਿਰੋਧੀਆਂ ਤੋਂ ਕਾਫੀ ਪਛੜ ਗਏ ਸਨ, ਪਰ ਉਨ੍ਹਾਂ ਨੇ ਚੋਣਾਂ ਦੌਰਾਨ ਚੰਡੀਗੜ੍ਹ ਵਿਚ ਬਸਪਾ ਦੀ ਠੋਸ ਹੋਂਦ ਕਾਇਮ ਕਰ ਦਿੱਤੀ ਹੈ। 2004 ਦੀਆਂ ਚੋਣਾਂ ਦੌਰਾਨ ਬਸਪਾ ਉਮੀਦਵਾਰ ਹੇਮਰਾਜ ਨੂੰ ਕੇਵਲ 6203 ਵੋਟਾਂ ਮਿਲੀਆਂ ਸਨ। ਪਿਛਲੀਆਂ ਚੋਣਾਂ ਦੌਰਾਨ ਸ੍ਰੀ ਧਵਨ ਇਨੈਲੋ ਵਲੋਂ ਚੋਣ ਲੜੇ ਸਨ ਅਤੇ ਉਨ੍ਹਾਂ ਨੂੰ ਸਿਰਫ 17,762 ਵੋਟਾਂ ਹੀ ਮਿਲੀਆਂ ਸਨ।

ਚੰਡੀਗੜ੍ਹ ਲੋਕ ਸਭਾ ਸੀਟ ਤੋਂ ਕੁੱਲ 14 ਉਮੀਦਵਾਰ ਖੜ੍ਹੇ ਸਨ। ਰਾਸ਼ਟਰੀ ਜਨਤਾ ਦਲ ਦੇ ਉਮੀਦਵਾਰ ਹਾਫਿਜ਼ ਅਨਵਰ ਉਲ ਹੱਕ ਨੂੰ 11,549 ਵੋਟਾਂ ਮਿਲੀਆਂ ਹਨ।

ਬਾਕੀ ਆਜ਼ਾਦ ਉਮੀਦਵਾਰਾਂ ਵਿਚ ਐਸ.ਕੇ. ਸੂਰੀ (2776), ਮਾਇਆ ਦੇਵੀ (927), ਰਾਮ ਪਾਲ ਹੰਸ (774), ਗੋਸੁਆਮੀ ਵਿਸ਼ਵਾ ਭੂਸ਼ਣ ਭਾਰਤੀ (658), ਦੇਸਰਾਜ (491), ਅਜੇ ਗੋਇਲ (465), ਹੇਮ ਲਾਲ ਬਾਂਸਲ (387), ਪਾਰਸ ਨਾਥ (366), ਕਾਫਿਲ ਅਹਿਮਦ (321) ਅਤੇ ਦਰਸ਼ਨ ਸਿੰਘ (292) ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਹਨ।

ਸ੍ਰੀ ਬਾਂਸਲ ਚੰਡੀਗੜ੍ਹ ਲੋਕ ਸਭਾ ਸੀਟ ਤੋਂ ਪਹਿਲੀ ਵਾਰ 1991 ਵਿਚ ਜੇਤੂ ਰਹੇ ਹਨ। ਇਸ ਤੋਂ ਬਾਅਦ ਉਹ ਸਾਲ 1999 ਤੋਂ ਲੈ ਕੇ ਨਿਰੰਤਰ ਤੀਸਰੀ ਵਾਰ ਚੋਣ ਜਿੱਤੇ ਹਨ।

**Declare your independence with Solar**

*Go Solar Today and Save Tomorrow!*



With a Grid-Tie System you'll reduce or eliminate your electricity bill, protect against future rate increases, and receive free electricity after your system pays for itself

**Call:1800-780-0032**

**SUPER TRAVEL**

**847-676-9090**

*E-mail: supertravel2003@yahoo.com*

*Lowest Fares With Excellent Service*

*AMERICAN AIR, CONTINENTAL AIR*



*JET AIRWAYS DELTA, AIR INDIA, KLM, LUFTHANSA.*

*For Emergency Call anytime at 847-673-3825*

*EARLY BIRD SALE!!!!*

India $545
London $250

**ਡਾਇਮੰਡ ਹੇਅਰ ਕਟਿੰਗ ਸਲੂਨ**

ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲਿਫਾਈਡ ਬਾਰਬਰ ਨੇ।



**For men, women & Children**

Make-up
Hair cut
Perm
Hair styler



Color
Facial, Threading
Bridal Make-up
Body Art (Henna)

**TONY**
**26655 Mission Blvd.**
**Hayward, CA 94544**

*Wednesday thru Monday 10 am to 7pm, Sunday 11 am to 6.00 pm Tuesday closed*


**Ph: 510-582-2472 Cell: (510) 825-0820**

**Realtor & Mortgage Specialist**
**Bay Area & Central Valley**

ਚੰਗੀ ਜੁਗਤਤ-ਚਿੰਤਾ ਮੁਕਤਤ

ਪੰਜਾਬੀ 'ਚ ਪਹਿਲੀ ਵਾਰ ਪੜ੍ਹੋ ਰਾਜ ਸਿੰਘ ਦੀ ਪੁਸਤਕ 'ਅਮਰੀਕਾ ਵਿਚ ਘਰ ਤੇ ਜਾਇਦਾਦ ਦੀ ਖਰੀਦੋ-ਫਰੋਖ਼ਤ' (ਸੇਵਾ 10 ਡਾਲਰ)

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



RAJ SINGH
M.A., M.Ed Retd. Principal
Realtor & Financial Adviser
Lic#01776459 & OG22467

ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

**Refinance, Home Loan, SBA Loan**
**(All at Best Rates)**

**RAJ SINGH**

**Notary Free**

**Cell:510-452-7370**

ਤੀਹ ਸਾਲਾ ਲੋਨ 10 ਜਾਂ 15 ਸਾਲਾਂ ਵਿਚ ਖਤਮ ਕਰਕੇ ਤੁਹਾਨੂੰ ਛੇਤੀ ਸੁਰਖ਼ਰੂ ਕਰ ਸਕਦੇ ਹਾਂ।

MISSIONPEAK BROKERS, INC.

**46560 Fremont Blvd.**
**Suite #111 Fremont, CA 94538**
singhrajpaul@yahoo.com

ੴ ਸਤਿਗੁਰ ਪ੍ਰਸਾਦਿ


ਸੰਤ ਕਾ ਮਾਰਗ ਧਰਮ ਕੀ ਪਉੜੀ ਕੋ ਵਡਭਾਗੀ ਪਾਵੈ॥

# ਗੁਰਦੁਆਰਾ ਸਾਹਿਬ ਐਲ-ਸਬਰਾਂਟੇ, ਕੈਲੇਫੋਰਨੀਆ

## 59ਵੀਂ ਬਰਸੀ

## ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲੇ

### 31 ਮਈ 2009, ਦਿਨ ਐਤਵਾਰ



ਸੰਤ ਬਾਬਾ ਪ੍ਰੇਮ ਸਿੰਘ ਜੀ

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕੀ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
ਆਪ ਜੀ ਦੀ ਸੇਵਾ ਵਿਚ ਬੇਨਤੀ ਹੈ ਕਿ ਪੰਥ ਦੇ ਮਹਾਨ ਤਵੱਸਵੀ, ਗੁਰਮਤਿ ਪ੍ਰਚਾਰਕ, ਸਮਾਜ ਸੇਵਕ ਅਤੇ ਵਿਦਿਆ-ਦਾਨੀ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲੇ (ਬੇਗੋਵਾਲ, ਜ਼ਿਲ੍ਹਾ ਕਪੂਰਥਲਾ) ਦੀ ਸਾਲਾਨਾ ਬਰਸੀ ਗੁਰਦੁਆਰਾ ਸਾਹਿਬ, ਐਲ-ਸਬਰਾਂਟੇ ਵਿਖੇ ਬੜੇ ਪਿਆਰ ਸਤਿਕਾਰ ਅਤੇ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ। ਇਸ ਸਬੰਧ ਵਿਚ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹਨ।

**ਪ੍ਰੋਗਰਾਮ**

ਆਰੰਭ ਸ੍ਰੀ ਅਖੰਡ ਪਾਠ ਸਾਹਿਬ
29 ਮਈ, 2009 ਦਿਨ ਸ਼ੁੱਕਰਵਾਰ, ਸਵੇਰੇ 10 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ
31 ਮਈ, 2009 ਦਿਨ ਐਤਵਾਰ, ਸਵੇਰੇ 10 ਵਜੇ

ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ 2 ਵਜੇ ਤੱਕ ਕਥਾ-ਕੀਰਤਨ ਦਾ ਪਰਵਾਹ ਚੱਲੇਗਾ। ਉਪਰੰਤ 2 ਵਜੇ ਅਰਦਾਸ ਹੋਵੇਗੀ। ਸਮੂਹ ਸਾਧ ਸੰਗਤ ਦੀ ਸੇਵਾ ਵਿਚ ਬੇਨਤੀ ਹੈ ਕਿ ਪਰਿਵਾਰਾਂ ਸਮੇਤ, ਸਮੇਂ ਸਿਰ ਗੁਰੂ ਘਰ ਪਹੁੰਚ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਇਸ ਮੌਕੇ 'ਤੇ 11 ਵਜੇ ਤੋਂ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ। ਲੰਗਰ ਦੀ ਸੇਵਾ ਸੰਤ ਜੀ ਦੇ ਸ਼ਰਧਾਲੂਆਂ ਵਲੋਂ ਹੋਵੇਗੀ ਜੀ।

***59th Barsi of Sant Baba Prem Singh Ji Muralewale (Begowal, Distt. Kapurthala) is being celebrated at Gurudwara Sahib. El-Sobrante from May 29 to May 31, 2009. All are requested to participate in paying homage to the great Saint of the 20th Century & Seek God's blessings.***

*For More Info. Please Contact:*
**Col Paramjit S. Gahra 510-703-8437; Col Puran S. Ghotra 707-704-6915; Sharanjit S. Kamma 650-238-8525; Harjit Singh 707-334-7514; Jit Singh 650-580-4477; Malkit Singh 510-367-7702; Daljit Singh 650-826-1357.**

**Ad space sponsored by**

# Law Office of Manpreet Singh Gahra

***Berkeley Office :*** *2161, Shattuck Ave., Suite#304, Berkeley, CA 94704,*

***Phone: 510-841-4582***

***Sacramento Office : Ph. 916-924-1617***

# ਪੰਜਾਬ ਟਾਈਮਜ਼

ਸਨਿਚਰਵਾਰ, 23 ਮਈ, 2009

*ਗਿਆਨ ਦੀ ਪਹਿਲੀ ਪਉੜੀ ਇਹ ਜਾਨਣਾ ਹੈ ਕਿ ਅਸੀਂ ਖਿਨ ਖਿਨ ਭੁੱਲਾਂ ਕਰਨ ਵਾਲੇ ਹਾਂ*


## ਸੰਪਾਦਕੀ

## ਮਨਮੋਹਨ ਸਿੰਘ ਫਿਰ ਹੋਣਗੇ ਪ੍ਰਧਾਨ ਮੰਤਰੀ

ਹਾਲ ਹੀ ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਜਿਸ ਕਿਸਮ ਦੇ ਨਤੀਜੇ ਸਾਹਮਣੇ ਆਏ ਹਨ, ਉਸ ਤੋਂ ਸਾਫ ਹੋ ਰਿਹਾ ਹੈ ਕਿ ਯੂ.ਪੀ.ਏ. ਕੇਂਦਰ ਵਿਚ ਆਪਣੇ ਤੌਰ 'ਤੇ ਸਰਕਾਰ ਬਣਾਵੇਗਾ। ਇਸ ਹਾਲਤ ਵਿਚ ਉਸ ਨੂੰ ਨਾ ਤਾਂ ਚੌਥੇ ਮੋਰਚੇ ਦੀ ਬਹੁਤੀ ਲੋੜ ਰਹੀ ਹੈ ਅਤੇ ਨਾ ਹੀ ਖੱਬੇਪੱਖੀਆਂ ਦੀ। ਲੋਕ ਸਭਾ ਚੋਣਾਂ ਵਿਚ ਜਿਨ੍ਹਾਂ ਪਾਰਟੀਆਂ ਨੂੰ ਸਭ ਤੋਂ ਵਧੇਰੇ ਨੁਕਸਾਨ ਹੋਇਆ ਹੈ, ਉਨ੍ਹਾਂ ਵਿਚ ਖੱਬੇਪੱਖੀ, ਭਾਜਪਾ, ਲਾਲੂ ਪ੍ਰਸਾਦ ਯਾਦਵ ਦੀ ਅਗਵਾਈ ਵਾਲਾ ਰਾਸ਼ਟਰੀ ਜਨਤਾ ਦਲ ਅਤੇ ਰਾਮ ਵਿਲਾਸ ਪਾਸਵਾਨ ਦੀ ਅਗਵਾਈ ਵਾਲੀ ਲੋਕ ਜਨ ਸ਼ਕਤੀ ਸ਼ਾਮਲ ਹਨ। ਇਸ ਤੋਂ ਇਲਾਵਾ ਆਂਧਰਾ ਪ੍ਰਦੇਸ਼ ਦੀ ਚੰਦਰਾਬਾਬੂ ਨਾਇਡੂ ਦੀ ਅਗਵਾਈ ਵਾਲੀ ਤੇਲਗੂ ਦੇਸਮ ਵੀ ਆਪਣੀ ਕਾਰਗੁਜ਼ਾਰੀ ਨੂੰ ਉਸ ਪੱਧਰ ਉੱਪਰ ਸੁਧਾਰ ਨਹੀਂ ਸਕੀ, ਜਿਸ ਪੱਧਰ ਉੱਪਰ ਉਸ ਤੋਂ ਆਸ ਕੀਤੀ ਜਾ ਰਹੀ ਸੀ। ਇਸ ਦੇ ਨਾਲ ਹੀ ਤਾਮਿਲਨਾਡੂ ਵਿਚ ਜੈਲਲਿਤਾ ਦੀ ਅਗਵਾਈ ਵਾਲੀ ਅੰਨਾ ਡੀ.ਐਮ.ਕੇ. ਵੀ ਆਪਣੀ ਕਾਰਗੁਜ਼ਾਰੀ ਨੂੰ ਬਹੁਤਾ ਨਹੀਂ ਸੁਧਾਰ ਸਕੀ। ਇਸ ਦੇ ਉਲਟ ਡੀ.ਐਮ.ਕੇ.-ਕਾਂਗਰਸ ਗਠਜੋੜ ਨੇ ਤਾਮਿਲਨਾਡੂ ਵਿਚ ਕਾਫੀ ਚੰਗੀ ਕਾਰਗੁਜ਼ਾਰੀ ਵਿਖਾਈ ਹੈ। ਇਸੇ ਤਰ੍ਹਾਂ ਕਾਂਗਰਸ ਦੀ ਅਗਵਾਈ ਵਾਲਾ ਯੂ.ਡੀ.ਐਫ. ਕੇਰਲਾ ਵਿਚ ਕਾਫੀ ਸਫਲ ਰਿਹਾ ਹੈ ਅਤੇ ਖੱਬੇ ਪੱਖੀਆਂ ਦੀ ਹਾਲਤ ਇਥੇ ਵੀ ਮੰਦੀ ਹੋ ਗਈ ਹੈ। ਪੱਛਮੀ ਬੰਗਾਲ ਵਿਚ ਖੱਬੇ ਪੱਖੀਆਂ ਨੂੰ ਕਾਂਗਰਸ ਅਤੇ ਤ੍ਰਿਣਮੂਲ ਵਾਲੇ ਗੱਠਜੋੜ ਨੇ ਵੱਡੀ ਢਾਹ ਲਾਈ ਹੈ। ਸੋ ਸਪੱਸ਼ਟ ਹੈ ਕਿ ਆਉਂਦੀ ਸਰਕਾਰ ਵੀ ਕਾਂਗਰਸ ਪਾਰਟੀ ਦੀ ਅਗਵਾਈ ਵਿਚ ਯੂ.ਪੀ.ਏ. ਦੀ ਬਣੇਗੀ ਅਤੇ ਇਸ ਦੇ ਪ੍ਰਧਾਨ ਮੰਤਰੀ ਵੀ ਡਾ. ਮਨਮੋਹਨ ਸਿੰਘ ਹੀ ਹੋਣਗੇ।

ਨਤੀਜਿਆਂ ਪਿੱਛੋਂ ਸ੍ਰੀਮਤੀ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਨੇ ਵੀ ਕਿਹਾ ਹੈ ਕਿ ਅਗਲੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਹੀ ਹੋਣਗੇ। ਚੋਣਾਂ ਤੋਂ ਪਹਿਲਾਂ ਜਿਹੜੀਆਂ ਕਿਆਸ-ਅਰਾਈਆਂ ਡਾ. ਮਨਮੋਹਨ ਸਿੰਘ ਤੋਂ ਬਿਨਾਂ ਕਿਸੇ ਹੋਰ ਦੇ ਪ੍ਰਧਾਨ ਮੰਤਰੀ ਬਣਨ ਦੀਆਂ ਲਗਾਈਆਂ ਜਾ ਰਹੀਆਂ ਸਨ, ਉਹ ਯੂ.ਪੀ.ਏ. ਦੀ ਸਮੁੱਚੀ ਕਾਰਗੁਜ਼ਾਰੀ ਨਾਲ ਲਗਭਗ ਠੱਪ ਹੋ ਕੇ ਰਹਿ ਗਈਆਂ ਹਨ। ਇਨ੍ਹਾਂ ਚੋਣ ਨਤੀਜਿਆਂ ਦੇ ਸਿੱਟੇ ਵਜੋਂ ਆਉਂਦੇ ਪੰਜ ਸਾਲਾਂ ਲਈ ਭਾਰਤ ਦੀ ਵਿਦੇਸ਼ ਨੀਤੀ ਅਤੇ ਭਾਰਤ ਵਲੋਂ 1991 ਤੋਂ ਪਿੱਛੋਂ ਅਪਨਾਈਆਂ ਗਈਆਂ ਆਰਥਿਕ ਉਦਾਰੀਕਰਨ ਦੀਆਂ ਨੀਤੀਆਂ ਵਿਚ ਵੀ ਕੋਈ ਤਬਦੀਲੀ ਆਉਣ ਦੀ ਸੰਭਾਵਨਾ ਨਹੀਂ ਹੈ। ਯੂ.ਪੀ.ਏ. ਦੀ ਇਸ ਜਿੱਤ ਨੇ ਇਹ ਵੀ ਸਾਫ ਕਰ ਦਿੱਤਾ ਹੈ ਕਿ ਪਿਛਲੇ ਪੰਜ ਸਾਲਾਂ ਵਿਚ ਇਸ ਗਠਜੋੜ ਦੀ ਸਰਕਾਰ ਦੇ ਅਧੀਨ ਦੇਸ਼ ਵਿਚ ਰਹੀ ਮਹਿੰਗਾਈ ਅਤੇ ਹੋਰ ਆਰਥਿਕ ਮਰਜ਼ਾਂ ਨੂੰ ਵੀ ਲੋਕਾਂ ਨੇ ਨਜ਼ਰਅੰਦਾਜ਼ ਕਰ ਦਿੱਤਾ ਹੈ।

ਇਹ ਭਾਣਾ ਵੀ ਵਾਪਰਿਆ ਕਿ ਵਰੁਣ ਗਾਂਧੀ,ਅਡਵਾਨੀ ਤੇ ਮੋਦੀ ਦੀ ਤਿੱਕੜੀ ਨੇ ਮੁਸਲਿਮ ਵੋਟਰ ਨੂੰ ਕਾਂਗਰਸ ਵਲ ਧੱਕ ਦਿੱਤਾ। ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਰਾਹੁਲ ਦੀ ਕਾਂਗਰਸ ਨੂੰ ਇਕ ਵੱਡੀ ਪਾਰਟੀ ਵਜੋਂ ਉਭਾਰਨ ਦੀ ਯੋਜਨਾ ਨੂੰ ਵੀ ਹੁੰਗਾਰਾ ਮਿਲਿਆ ਹੈ। ਇਥੋਂ ਤੱਕ ਕਿ ਯੂ.ਪੀ. ਵਿਚ ਵੀ ਕਾਂਗਰਸ ਕਾਫੀ ਸੀਟਾਂ ਜਿੱਤਣ ਵਿਚ ਕਾਮਯਾਬ ਰਹੀ ਹੈ। ਇਸ ਦੇ ਉਲਟ ਬਿਹਾਰ ਵਿਚ ਨਿਤੀਸ਼ ਕੁਮਾਰ ਅਤੇ ਭਾਰਤੀ ਜਨਤਾ ਪਾਰਟੀ ਦਾ ਗਠਜੋੜ ਬਿਹਾਰ ਵਿਚ ਸਫਲ ਰਿਹਾ ਹੈ। ਉੱਤਰ ਪ੍ਰਦੇਸ਼ ਵਿਚ ਭਾਵੇਂ ਸਮਾਜਵਾਦੀ ਪਾਰਟੀ ਕਿਸੇ ਹੱਦ ਤੱਕ ਆਪਣਾ ਵੱਕਾਰ ਬਚਾਉਣ ਵਿਚ ਸਫਲ ਹੋ ਗਈ ਹੈ, ਪਰ ਬਿਹਾਰ ਵਿਚ ਰਾਸ਼ਟਰੀ ਜਨਤਾ ਦਲ ਨੂੰ ਵੱਡਾ ਖੋਰਾ ਲੱਗਿਆ। ਇੰਜ ਜਾਪਦਾ ਹੈ ਕਿ ਨਿਤੀਸ਼ ਕੁਮਾਰ ਦੀਆਂ ਰਾਜ ਵਿਚ ਵਿਕਾਸਮੁੱਖੀ ਨੀਤੀਆਂ ਨੂੰ ਬਿਹਾਰ ਦੇ ਲੋਕਾਂ ਨੇ ਵਿਆਪਕ ਹੁੰਗਾਰਾ ਦਿੱਤਾ ਹੈ। ਦਿੱਲੀ ਦੀਆਂ ਸਾਰੀਆਂ ਸੀਟਾਂ ਕਾਂਗਰਸ ਪਾਰਟੀ ਜਿੱਤਣ ਵਿਚ ਕਾਮਯਾਬ ਰਹੀ ਹੈ। ਅਸਲ ਵਿਚ ਦਿੱਲੀ ਵਿਚ ਸ਼ੀਲਾ ਦੀਕਸ਼ਿਤ ਦੀ ਸਰਕਾਰ ਨੇ ਆਪਣੀਆਂ ਪਿਛਲੀਆਂ ਦੋ ਟਰਮਾਂ ਵਿਚ ਵੱਡੀ ਪੱਧਰ 'ਤੇ ਵਿਕਾਸ ਕਾਰਜਾਂ ਨੂੰ ਤਰਜ਼ੀਹ ਦਿੱਤੀ ਹੈ ਅਤੇ ਲੋਕਾਂ ਨੇ ਇਸ ਨੂੰ ਹੁੰਗਾਰਾ ਵੀ ਭਰਿਆ ਹੈ। ਇਨ੍ਹਾਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਦੀ ਸਫਲਤਾ ਪਿੱਛੇ ਬਹੁਤ ਸਾਰੇ ਕਾਰਨ ਕੰਮ ਕਰਦੇ ਵਿਖਾਈ ਦੇ ਰਹੇ ਹਨ। ਇਹ ਗੱਲ ਤਾਂ ਸਾਫ ਰੂਪ ਵਿਚ ਉਭਰੀ ਹੈ ਕਿ ਜਿਸ ਰਾਜ ਜਿਹੜੀ ਸਰਕਾਰ ਨੇ ਲੋਕਾਂ ਦੀਆਂ ਸਮੱਸਿਆਵਾਂ ਅਤੇ ਵਿਕਾਸ ਕਾਰਜਾਂ ਨੂੰ ਤਰਜੀਹ ਦਿੱਤੀ ਹੈ, ਉਸ ਰਾਜ ਵਿਚ ਉਸੇ ਪਾਰਟੀ/ਸਰਕਾਰ ਨੂੰ ਉਸੇ ਅਨੁਪਾਤ ਵਿਚ ਸਫਲਤਾ ਮਿਲੀ ਹੈ। ਆਂਧਰਾ ਪ੍ਰਦੇਸ਼ ਵਿਚ ਉਲਟਫੇਰ ਦੀਆਂ ਸੰਭਾਵਨਾਵਾਂ ਜਤਾਈਆਂ ਜਾ ਰਹੀਆਂ ਸਨ, ਪਰ ਕਾਂਗਰਸ ਇਥੇ ਆਪਣੇ ਆਪ ਨੂੰ ਕਾਇਮ ਰੱਖਣ ਵਿਚ ਕਾਮਯਾਬ ਰਹੀ।

ਚੋਣ ਨਤੀਜਿਆਂ ਨੂੰ ਵੇਖ ਕੇ ਖੱਬੇਪੱਖੀਆਂ ਅਤੇ ਭਾਰਤੀ ਜਨਤਾ ਪਾਰਟੀ ਨੇ ਆਪਣੀ ਹਾਰ ਤਕਰੀਬਨ ਕਬੂਲ ਕਰ ਲਈ ਹੈ। ਖੱਬੇਪੱਖੀ ਆਗੂ ਸ੍ਰੀ ਪ੍ਰਕਾਸ਼ ਕਾਰਤ ਨੇ ਆਪਣੇ ਇਕ ਬਿਆਨ ਵਿਚ ਕਿਹਾ ਕਿ ਪਾਰਟੀ ਨੂੰ ਪੱਛਮੀ ਬੰਗਾਲ ਅਤੇ ਕੇਰਲਾ ਵਿਚ ਵੱਡਾ ਧੱਕਾ ਲੱਗਾ ਹੈ ਅਤੇ ਉਹ ਜਲਦੀ ਹੀ ਇਕ ਮੀਟਿੰਗ ਕਰਕੇ ਆਪਣੇ ਇਸ ਰਾਜਨੀਤਕ ਹਰਜੇ ਸਬੰਧੀ ਵਿਚਾਰ ਵਟਾਂਦਰਾ ਕਰਨਗੇ। ਇਸ ਹਾਰ ਨਾਲ ਕਾਰਤ ਅਤੇ ਬੁੱਧਾਦੇਵ ਭੱਟਾਚਾਰੀਆ ਵਿਚਾਲੇ ਖਿਚੋਤਾਣ ਸ਼ੁਰੂ ਹੋ ਗਈ ਹੈ। ਇਸੇ ਤਰ੍ਹਾਂ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੇ ਵੀ ਕਿਹਾ ਹੈ ਕਿ ਲੋਕ ਸਭਾ ਚੋਣਾਂ ਦੀਆਂ ਪਿਛਲੀਆਂ ਦੋ ਟਰਮਾਂ ਵਿਚ ਭਾਰਤੀ ਜਨਤਾ ਪਾਰਟੀ ਨੂੰ ਵੱਡਾ ਧੱਕਾ ਲੱਗਾ ਹੈ ਅਤੇ ਆਉਂਦੇ ਦਿਨਾਂ ਵਿਚ ਇਸ ਸਬੰਧ 'ਚ ਪਾਰਟੀ ਅੰਦਰ ਵਿਚਾਰ ਚਰਚਾ ਹੋਵੇਗੀ ਅਤੇ ਦੇਸ਼ ਵਿਚ ਪਾਰਟੀ ਦੀ ਹਾਲਤ ਸੁਧਾਰਨ ਲਈ ਕਦਮ ਚੁੱਕੇ ਜਾਣਗੇ। ਸੋ ਸਪੱਸ਼ਟ ਹੈ ਕਿ ਤੀਜਾ ਮੋਰਚਾ ਅਤੇ ਐਨ.ਡੀ.ਏ. ਦੋਨੋਂ ਆਪਣੀ ਹਾਰ ਸਵੀਕਾਰ ਕਰ ਚੁੱਕੇ ਹਨ ਅਤੇ ਪਾਰਲੀਮੈਂਟ ਵਿਚ ਵਿਰੋਧੀ ਬੈਂਚਾਂ 'ਤੇ ਬੈਠਣ ਲਈ ਤਿਆਰ ਹਨ। ਕਥਿਤ ਚੌਥੇ ਮਰਚੇ ਦੇ ਆਗੂ ਲਾਲੂ ਪ੍ਰਸਾਦ ਯਾਦਵ ਅਤੇ ਅਮਰ ਸਿੰਘ ਹੁਣ ਕੇਂਦਰ ਸਰਕਾਰ ਵਿਚ ਸ਼ਾਮਲ ਹੋਣ ਲਈ ਸੋਨੀਆ ਦੇ ਤਰਲੇ ਕਰ ਰਹੇ ਹਨ।

ਜਿਥੋਂ ਤੱਕ ਪੰਜਾਬ ਦਾ ਸਵਾਲ ਹੈ ਇਥੇ ਅਕਾਲੀ-ਭਾਜਪਾ ਗਠਜੋੜ ਪੰਜ ਸੀਟਾਂ ਉੱਪਰ ਜਿੱਤਣ ਵਿਚ ਕਾਮਯਾਬ ਰਿਹਾ ਹੈ ਅਤੇ ਕਈ ਸੀਟਾਂ ਉੱਪਰ ਤਾਂ ਚੋਣ ਵਿਸ਼ਲੇਸ਼ਕਾਂ ਦੀਆਂ ਕਿਆਸਅਰਾਈਆਂ ਦੇ ਉਲਟ ਵੀ ਨਤੀਜੇ ਨਿਕਲੇ ਹਨ। ਅਸੀਂ 'ਪੰਜਾਬ ਟਾਈਮਜ਼' ਦੇ ਕਾਲਮਾਂ ਵਿਚ ਪੰਜਾਬ ਵਿਚੋਂ ਅਕਾਲੀ-ਭਾਜਪਾ ਦੇ ਦੋ ਤੋਂ ਪੰਜ ਸੀਟਾਂ ਤੱਕ ਜਿੱਤਣ ਦੀ ਭਵਿੱਖਬਾਣੀ ਕੀਤੀ ਸੀ। ਭਾਵੇਂ ਕਿ ਕੁਝ ਸੀਟਾਂ ਵਿਚ ਹੇਰ ਫੇਰ ਹੋਇਆ ਹੈ, ਪਰ ਸਮੁੱਚੇ ਰੂਪ ਵਿਚ ਅਕਾਲੀਆਂ ਨੂੰ ਕੁਲ ਮਿਲਾ ਕੇ ਕਾਮਯਾਬੀ ਓਨੀਆਂ ਕੁ ਸੀਟਾਂ 'ਤੇ ਹੀ ਮਿਲੀ ਹੈ। ਪੰਜਾਬ ਲਈ ਇਨ੍ਹਾਂ ਲੋਕ ਸਭਾ ਚੋਣਾਂ ਦਾ ਫਾਇਦਾ ਏਨਾ ਕੁ ਹੀ ਹੋਵੇਗਾ ਕਿ ਅਗਲੇ ਪੰਜ ਸਾਲ ਲਈ ਇਕ ਪੱਗ ਵਾਲਾ ਪ੍ਰਧਾਨ ਮੰਤਰੀ ਫਿਰ ਕੇਂਦਰ ਵਿਚ ਹੋਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸਿੰਘ ਇਜ਼ ਕਿੰਗ!*

*ਕਾਰੀਗਰ ਸੁਨਿਆਰੇ ਦੇ ਹੱਥ ਆ ਕੇ,*
*ਡਲੀ ਸੋਨੇ ਦੀ ਬਣਦੀ ਏ ਰਿੰਗ ਮੀਆਂ।*
*ਹੋਵੇ ਮੱਥੇ 'ਤੇ ਜਿਨ੍ਹਾਂ ਦੇ ਰਾਜ ਲਿਖਿਆ,*
*ਬਣ ਹੀ ਜਾਂਦੇ ਨੇ ਆਖਰ ਉਹ ਕਿੰਗ ਮੀਆਂ।*
*ਕਿਸਮਤ ਦਿੰਦੀ ਪ੍ਰੋਮ ਕੇ ਬਾਦਸ਼ਾਹੀ,*
*ਲੱਗੇ ਫਟਕੜੀ ਨਾਹੀਂ ਕੋਈ ਹਿੰਗ ਮੀਆਂ।*
*ਅੱਡੀ ਚੋਟੀ ਦਾ ਜ਼ੋਰ ਲਾ ਹੰਭ ਚੁੱਕਾ,*
*ਰਿਹਾ ਬਹੁਤ ਅਡਵਾਨੀ ਅੜਿੰਗ ਮੀਆਂ।*
*ਦੇਖੋ ਕੈਸੀ ਵਿਧਾਤੇ ਨੇ ਕਰੀ ਬਖਸ਼ਿਸ਼,*
*ਵਜ਼ੀਰੇ-ਆਜ਼ਮ ਫਿਰ ਬਣੇਗਾ 'ਸਿੰਘ' ਮੀਆਂ!*

## ਲੋਕ ਸਭਾ ਚੋਣਾਂ ਦੇ ਨਤੀਜੇ ਤੇ ਪੰਜਾਬ ਸਿਆਸਤ

ਜਸਵੀਰ ਸਿੰਘ ਸ਼ੀਰੀ

ਪੰਜਾਬ ਵਿਚ ਲੋਕ ਸਭਾ ਚੋਣਾਂ ਦੇ ਨਤੀਜੇ ਆਸ ਮੁਤਾਬਕ ਹੀ ਮਿਲੇ ਹਨ। ਵੱਡਾ ਉਲਟਫੇਰ ਬਠਿੰਡਾ, ਫਿਰੋਜ਼ਪੁਰ ਤੇ ਸੰਗਰੂਰ ਹਲਕੇ ਵਿਚ ਹੋਇਆ ਹੈ। ਫਿਰੋਜ਼ਪੁਰ ਤੋਂ ਕਾਂਗਰਸ ਦਾ ਇਕ ਸਮਰੱਥ ਨੇਤਾ ਜਗਮੀਤ ਸਿੰਘ ਬਰਾੜ ਸ਼ੇਰ ਸਿੰਘ ਘੁਬਾਇਆ ਜਿਹੇ ਨਵੇਂ ਆਗੂ ਤੋਂ ਹਾਰ ਗਿਆ ਹੈ। ਇਸ ਤੋਂ ਇਲਾਵਾ ਬਠਿੰਡਾ ਸੀਟ ਉੱਪਰ ਅਕਾਲੀ ਦਲ (ਬਾਦਲ) ਨੂੰ ਕੈਪਟਨ ਅਮਰਿੰਦਰ ਸਿੰਘ ਦੇ ਮੁਕਾਬਲੇ ਵੱਡੀ ਜਿੱਤ ਮਿਲੀ ਹੈ। ਉਂਜ ਕੁੱਲ ਮਿਲਾ ਕੇ ਜਿਸ ਕਿਸਮ ਦੀਆਂ ਕਿਆਸਅਰਾਈਆਂ ਲੱਗ ਰਹੀਆਂ ਸਨ ਕਿ ਅਕਾਲੀ ਦਲ-ਭਾਜਪਾ ਗਠਜੋੜ 2 ਤੋਂ 5 ਕੁ ਸੀਟਾਂ ਲੈਣ ਵਿਚ ਕਾਮਯਾਬ ਰਹੇਗਾ, ਉਥੇ ਕੁ ਹੀ ਤੋੜਾ ਝੜਿਆ ਹੈ। ਯਾਦ ਰਹੇ ਦਿੱਲੀ ਵਿਚ ਕਾਂਗਰਸ ਪਾਰਟੀ ਵਲੋਂ ਦਿੱਲੀ ਦੰਗਿਆਂ ਦੇ ਦੋ ਦੋਸ਼ੀਆਂ ਜਗਦੀਸ਼ ਟਾਈਟਲਰ ਅਤੇ ਸੱਜਣ ਕੁਮਾਰ ਨੂੰ ਟਿਕਟਾਂ ਦੇਣ ਤੋਂ ਬਾਅਦ ਵਿਆਪਕ ਸਿੱਖ ਰੋਸ ਸਾਹਮਣੇ ਆਇਆ ਸੀ। ਇਸ ਜਜ਼ਬਾਤੀ ਮੁੱਦੇ ਉੱਪਰ ਅਕਾਲੀ ਦਲ ਨੇ ਸਿੱਖ ਲੋਕ ਰਾਇ ਆਪਣੇ ਪੱਖ ਵਿਚ ਜਿੱਤਣੀ ਸ਼ੁਰੂ ਕਰ ਦਿੱਤੀ ਸੀ। ਆਪਣੇ ਪਿਛਲੇ ਦੋ ਸਾਲ ਦੇ ਕਾਰਜਕਾਲ ਵਿਚ ਭਾਵੇਂ ਅਕਾਲੀ-ਭਾਜਪਾ ਗਠਜੋੜ ਕੋਲ ਆਪਣੀ ਸਰਕਾਰ ਦੇ ਪੱਖ ਵਿਚ ਕਹਿਣ ਲਈ ਬਹੁਤਾ ਕੁਝ ਨਹੀਂ ਸੀ, ਪਰ ਉਸ ਨੂੰ ਕਾਂਗਰਸ ਨੇ ਖੁਦ ਹੀ ਇਸ ਕਿਸਮ ਦਾ ਜਜ਼ਬਾਤੀ ਮੁੱਦਾ ਦੇ ਦਿੱਤਾ ਸੀ ਜਿਸ ਨਾਲ ਸਿੱਖ ਵੋਟ ਬੈਂਕ ਵਿਆਪਕ ਪੱਧਰ 'ਤੇ ਅਕਾਲੀ ਦਲ ਦੇ ਪੱਖ ਵਿਚ ਭੁਗਤ ਸਕਦਾ ਸੀ। ਪਰ ਕਾਂਗਰਸ ਪਾਰਟੀ ਨੇ ਆਪਣੀ ਗਲਤੀ ਨੂੰ ਜਲਦੀ ਦਰੁਸਤ ਕਰਨ ਵਿਚ ਹੀ ਭਲਾ ਸਮਝਿਆ। ਖਾਸ ਕਰਕੇ ਜਰਨੈਲ ਸਿੰਘ ਨਾਂ ਦੇ ਇਕ ਪੱਤਰਕਾਰ ਵਲੋਂ ਗ੍ਰਹਿ ਮੰਤਰੀ ਸ੍ਰੀ ਪੀ. ਚਿਦੰਬਰਮ ਉੱਪਰ ਇਕ ਪ੍ਰੈੱਸ ਕਾਨਫਰੰਸ ਦੌਰਾਨ ਜੁੱਤੀ ਸੁੱਟਣ ਤੋਂ ਬਾਅਦ ਕਾਂਗਰਸੀ ਹਲਕਿਆਂ ਵਿਚ ਘਬਰਾਹਟ ਵਿਆਪਕ ਪੱਧਰ 'ਤੇ ਪਸਰ ਗਈ ਸੀ। ਅਸਲ ਵਿਚ ਇਹ ਇਸ ਜੁੱਤੀ ਦਾ ਹੀ ਕਰਿਸ਼ਮਾ ਸੀ ਕਿ ਕਾਂਗਰਸ ਪਾਰਟੀ ਨੇ ਉਪਰੋਕਤ ਦੋ ਉਮੀਦਵਾਰ ਆਪਣੀ ਚੋਣ ਮੁਹਿੰਮ ਵਿਚੋਂ ਹਟਾ ਲਏ। ਕਾਂਗਰਸ ਪਾਰਟੀ ਵਲੋਂ ਕੀਤੇ ਗਏ ਇਸ ਫੈਸਲੇ ਦਾ ਨਾ ਸਿਰਫ ਪੰਜਾਬ ਵਿਚ ਹੀ ਹਾਂ-ਪੱਖੀ ਅਸਰ ਪਿਆ, ਸਗੋਂ ਦਿੱਲੀ ਦੇ ਸਿੱਖ ਵੋਟਰ ਹਲਕਿਆਂ ਉੱਪਰ ਵੀ ਇਸ ਦਾ ਚੰਗਾ ਅਸਰ ਪਿਆ। ਇਥੋਂ ਤੱਕ ਕਿ ਦਿੱਲੀ ਦੀਆਂ ਉਹ ਲੋਕ ਸਭਾ ਸੀਟਾਂ ਜਿਥੋਂ ਜਗਦੀਸ਼ ਟਾਈਟਲਰ ਅਤੇ ਸੱਜਣ ਕੁਮਾਰ ਖੜੇ ਸਨ, ਕਾਂਗਰਸ ਪਾਰਟੀ ਉਨ੍ਹਾਂ ਤੋਂ ਬਿਨਾਂ ਵੀ ਜਿੱਤਣ ਵਿਚ ਕਾਮਯਾਬ ਰਹੀ। ਕਾਂਗਰਸ ਦੇ ਸੱਜਣ ਕੁਮਾਰ ਅਤੇ ਜਗਦੀਸ਼ ਟਾਈਟਲਰ ਨੂੰ ਹਟਾਉਣ ਦੇ ਫੈਸਲੇ ਦਾ ਪੰਜਾਬ ਵਿਚ ਵੀ ਸਾਰਥਕ ਅਸਰ ਪਿਆ ਅਤੇ ਇਥੋਂ ਤੱਕ ਕਿ ਸ਼ਹਿਰੀ ਸਿੱਖ ਵੋਟਰਾਂ ਨੇ ਕਾਂਗਰਸ ਦੇ ਪੱਖ ਵਿਚ ਵੋਟਾਂ ਪਾਈਆਂ। ਇਥੋਂ ਤੱਕ ਕਿ ਪੰਜਾਬ ਦੇ ਪੇਂਡੂ ਸਿੱਖ ਹਲਕਿਆਂ ਨੇ ਵੀ ਕਾਂਗਰਸ ਦੇ ਇਸ ਫੈਸਲੇ ਦਾ ਪ੍ਰਭਾਵ ਕਬੂਲਿਆ। ਇਸ ਤੋਂ ਇਲਾਵਾ ਕਾਂਗਰਸ ਵਲੋਂ ਡਾ. ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਬਣਾਉਣ ਦੀ ਮੁਹਿੰਮ ਅਤੇ ਪੰਜਾਬ ਵਿਚ ਆਣ ਕੇ ਰਾਹੁਲ ਗਾਂਧੀ ਵਲੋਂ ਦੋ ਫੀਸਦੀ ਸਿੱਖਾਂ ਵਿਚੋਂ ਪ੍ਰਧਾਨ ਮੰਤਰੀ ਚੁਣਨ ਦੀ ਗੱਲ ਅਸਰਦਾਰ ਸਿੱਧ ਹੋਈ।

> *ਇਸ ਤੱਥ ਨੇ ਵੀ ਬਠਿੰਡਾ ਲੋਕ ਸਭਾ ਸੀਟ ਦਾ ਫੈਸਲਾ ਦੇਣ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਕਿ ਮਾਲਵੇ ਵਿਚ ਵਿਧਾਨ ਸਭਾ ਚੋਣਾਂ ਦੌਰਾਨ ਆਪਣੀ ਹਾਰ ਨੂੰ ਵੇਖਦਿਆਂ ਅਕਾਲੀ ਦਲ (ਬਾਦਲ) ਨੇ ਮਾਲਵੇ ਅਤੇ ਖਾਸ ਕਰਕੇ ਬਠਿੰਡੇ ਦੇ ਵਿਕਾਸ 'ਤੇ ਜ਼ੋਰ ਦਿੱਤਾ। ਇਸ ਤੋਂ ਇਲਾਵਾ ਬਠਿੰਡਾ ਵਿਚ ਕੈਪਟਨਕਿਆਂ ਦੇ ਜਿੱਤਣ ਦੇ ਹੱਦੋਂ ਵਧ ਵਿਸ਼ਵਾਸ ਨੇ ਵੀ ਉਨ੍ਹਾਂ ਨੂੰ ਮਰਵਾਇਆ। ਕੈਪਟਨ ਪਰਿਵਾਰ ਨੂੰ ਇਸ ਇਲਾਕੇ ਵਿਚ ਆਪਣੀ ਭੱਲ 'ਤੇ ਵਿਸ਼ਵਾਸ ਸੀ ਪਰ ਬਾਦਲ ਪਰਿਵਾਰ ਦੀ ਮਿਹਨਤ ਨੇ ਹਾਲਾਤ ਬਦਲ ਦਿਤੇ। ਪਿਛੋਂ ਕੈਪਟਨ ਨੇ ਵੀ ਬਾਦਲ ਦੇ ਮਿਹਨਤੀ ਸੁਭਾ ਨੂੰ ਸਲਾਮ ਕੀਤੀ।*

ਇਹ ਗੱਲ ਸਮੁੱਚੇ ਰੂਪ ਵਿਚ ਚੋਣ ਵਿਸ਼ਲੇਸ਼ਕਾਂ ਨੇ ਸਵੀਕਾਰ ਕੀਤੀ ਹੈ ਕਿ ਡਾ. ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਬਣਾਉਣ ਦੀ ਕਾਂਗਰਸ ਪਾਰਟੀ ਦੀ ਮੁਹਿੰਮ ਨੇ ਵਿਆਪਕ ਪੱਧਰ 'ਤੇ ਅਸਰ ਪਾਇਆ ਹੈ। ਇਸ ਤੋਂ ਇਲਾਵਾ ਪਿਛਲੇ ਸਮੇਂ ਵਿਚ ਰਾਹੁਲ ਗਾਂਧੀ ਦੀ ਸ੍ਰੀ ਦਰਬਾਰ ਸਾਹਿਬ ਫੇਰੀ ਨੇ ਕਾਫੀ ਸਾਰਥਕ ਅਸਰ ਛੱਡੇ। ਇਨ੍ਹਾਂ ਸਾਰੀਆਂ ਗੱਲਾਂ ਤੋਂ ਇਲਾਵਾ ਰਾਹੁਲ ਗਾਂਧੀ ਦੀ ਗਲੈਮਰਸ ਦਿੱਖ ਵੀ ਨੌਜਵਾਨ ਪੀੜ੍ਹੀ ਉੱਪਰ ਅਸਰ ਛੱਡ ਰਹੀ ਹੈ ਅਤੇ ਇਸ ਨੇ ਇਥੋਂ ਤੱਕ ਕਿ ਪੰਜਾਬ ਵਿਚ ਵੀ ਅਸਰ ਛੱਡਿਆ ਹੈ। ਆਨੰਦਪੁਰ ਸਾਹਿਬ ਤੋਂ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤੇ ਰਵਨੀਤ ਸਿੰਘ ਬਿੱਟੂ ਦੀ ਜਿੱਤ ਇਸੇ ਪੱਖ ਨੂੰ ਸਾਹਮਣੇ ਲਿਆਉਂਦੀ ਹੈ। ਇਸ ਦੇ ਨਾਲ ਹੀ ਸੰਗਰੂਰ ਹਲਕੇ ਵਿਚ ਵਿਜੈਇੰਦਰ ਸਿੰਗਲਾ ਨੇ ਸਿਮਰਨਜੀਤ ਸਿੰਘ ਮਾਨ, ਬਲਵੰਤ ਸਿੰਘ ਰਾਮੂਵਾਲੀਆ ਅਤੇ ਸੁਖਦੇਵ ਸਿੰਘ ਢੀਂਡਸਾ ਜਿਹੇ ਵੱਡੇ ਕੱਦ ਦੇ ਉਮੀਦਵਾਰਾਂ ਨੂੰ ਹਰਾਇਆ ਹੈ।

ਇਸ ਕਿਸਮ ਦੀਆਂ ਗੱਲਾਂ ਵੀ ਸਾਹਮਣੇ ਆਈਆਂ ਹਨ ਕਿ ਚੋਣ ਰਾਜਨੀਤੀ ਵਿਚ ਤੁਹਾਡੇ ਰਾਜਨੀਤਕ, ਆਰਥਿਕ ਮਸਲਿਆਂ ਤੋਂ ਇਲਾਵਾ ਉਮੀਦਵਾਰਾਂ ਦੇ ਕੱਦ-ਕਾਠ, ਉਨ੍ਹਾਂ ਦਾ ਗਲੈਮਰ, ਉਨ੍ਹਾਂ ਦਾ ਵਿਆਪਕ ਪੱਧਰ 'ਤੇ ਜਾਣੀ-ਪਛਾਣੀ ਸਖ਼ਸ਼ੀਅਤ ਹੋਣਾ ਆਦਿ ਵੀ ਕੰਮ ਕਰਦਾ ਹੈ। ਇਸ ਵਾਰ ਦੇ ਚੋਣ ਨਤੀਜੇ ਅਕਾਲੀ ਭਾਜਪਾ ਗਠਜੋੜ ਲਈ ਸੱਟ ਤਾਂ ਹਨ, ਪਰ ਅਜਿਹੀ ਸੱਟ ਨਹੀਂ, ਜਿਸ ਵਿਚੋਂ ਉਹ ਉਭਰ ਨਾ ਸਕਣ। ਇਨ੍ਹਾਂ ਚੋਣਾਂ ਦੌਰਾਨ ਅਕਾਲੀਆਂ ਨਾਲੋਂ ਭਾਜਪਾ ਨੂੰ ਨੁਕਸਾਨ ਵਧੇਰੇ ਹੋਇਆ ਹੈ। ਭਾਰਤੀ ਜਨਤਾ ਪਾਰਟੀ ਨੇ ਗੁਰਦਾਸਪੁਰ, ਅੰਮ੍ਰਿਤਸਰ ਅਤੇ ਹੁਸ਼ਿਆਰਪੁਰ ਤਿੰਨ ਸੀਟਾਂ ਉੱਪਰ ਆਪਣੇ ਉਮੀਦਵਾਰ ਖੜੇ ਕੀਤੇ ਸਨ। ਇਨ੍ਹਾਂ ਵਿਚੋਂ ਸਿਰਫ ਅੰਮ੍ਰਿਤਸਰ ਤੋਂ ਨਵਜੋਤ ਸਿੰਘ ਸਿੱਧੂ ਹੀ ਸਫਲ ਰਹੇ ਹਨ। ਬਾਕੀ 2 ਸੀਟਾਂ ਉੱਪਰ ਕਾਂਗਰਸੀ ਉਮੀਦਵਾਰ ਜਿੱਤ ਗਏ ਹਨ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਮੌਜੂਦਾ ਚੋਣਾਂ ਦੌਰਾਨ ਅਕਾਲੀਆਂ ਅਤੇ ਭਾਰਤੀ ਜਨਤਾ ਪਾਰਟੀ ਵਿਚਾਲੇ ਬਹੁਤਾ ਸਹਿਯੋਗ ਵੇਖਣ ਨੂੰ ਨਹੀਂ ਮਿਲਿਆ ਅਤੇ ਨਾ ਹੀ ਇਕ ਦੂਜੇ ਦੇ ਉਮੀਦਵਾਰਾਂ ਦੇ ਪੱਖ ਵਿਚ ਅਕਾਲੀ ਅਤੇ ਭਾਰਤੀ ਜਨਤਾ ਪਾਰਟੀ ਬਹੁਤੇ ਸਰਗਰਮ ਨਜ਼ਰ ਆਏ। ਅਕਾਲੀਆਂ ਅਤੇ ਖਾਸ ਕਰਕੇ ਬਾਦਲ ਪਰਿਵਾਰ ਲਈ ਵੱਡੀ ਸੱਟ ਤੱਦ ਹੋਣੀ ਸੀ, ਜੇ ਹਰਸਿਮਰਤ ਕੌਰ ਬਾਦਲ ਬਠਿੰਡਾ ਸੀਟ ਤੋਂ ਹਾਰ ਜਾਂਦੀ। ਅਕਾਲੀ ਦਲ (ਬਾਦਲ) ਅਤੇ ਖਾਸ ਕਰਕੇ ਬਾਦਲ ਪਰਿਵਾਰ ਲਈ ਇਹ ਹਾਰ ਏਨੀ ਵੱਡੀ ਹੋਣੀ ਸੀ ਕਿ ਉਸ ਨੇ ਨਾ ਤਾਂ ਪਰਿਵਾਰਕ ਰੂਪ ਵਿਚ ਅਤੇ ਨਾ ਹੀ ਇਕ ਪਾਰਟੀ ਦੇ ਰੂਪ ਵਿਚ ਅਕਾਲੀ ਦਲ ਨੂੰ ਮੁੜ ਖੜ੍ਹਾ ਕਰਨ ਦੇ ਸਮਰੱਥ ਹੋ ਸਕਣਾ ਸੀ। ਇਥੋਂ ਤੱਕ ਕਿ ਇਸ ਹਾਰ ਨਾਲ ਅਕਾਲੀ ਦਲ ਵਿਚ ਟਕਰਾਅ ਅਤੇ ਖਿੰਡਾਅ ਵੀ ਸ਼ੁਰੂ ਹੋ ਸਕਦਾ ਸੀ। ਇਸ ਜਿੱਤ ਨਾਲ ਬਾਦਲ ਪਰਿਵਾਰ ਅਤੇ ਅਕਾਲੀ ਦਲ ਬਾਦਲ ਆਪਣੇ ਆਪ ਨੂੰ ਫਿਲਹਾਲ ਸਾਂਭਣ ਵਿਚ ਕਾਮਯਾਬ ਹੋ ਗਿਆ ਹੈ। ਉਂਜ ਇਹ ਵੀ ਦਿਲਚਸਪ ਹੈ ਕਿ ਕੈਪਟਨ ਅਮਰਿੰਦਰ ਸਿੰਘ ਅਤੇ ਰਣਇੰਦਰ ਸਿੰਘ ਬਠਿੰਡਾ ਸੀਟ ਤੋਂ ਬਾਦਲ ਪਰਿਵਾਰ ਲਈ ਓਡੀ ਚੁਣੌਤੀ ਖੜੀ ਕਰਨ ਦੇ ਕਾਬਲ ਨਹੀਂ ਹੋ ਸਕੇ, ਜਿੱਡੀ ਕਰਨ ਦੇ ਉਹ ਸਮਰੱਥ ਸਨ।

ਅਸਲ ਵਿਚ ਉਨ੍ਹਾਂ ਦਾ ਜ਼ੋਰ ਦੋ ਲੋਕ ਸਭਾ ਸੀਟਾਂ 'ਤੇ ਬਰਾਬਰ ਲੱਗਿਆ ਰਿਹਾ। ਪਟਿਆਲਾ ਅਤੇ ਬਠਿੰਡਾ ਦੋ ਸੀਟਾਂ ਕੈਪਟਨ ਪਰਿਵਾਰ ਵਲੋਂ ਸਮਾਨਾਂਤਰ ਰੂਪ ਵਿਚ ਲੜੀਆਂ ਜਾ ਰਹੀਆਂ ਸਨ। ਜਦੋਂ ਕਿ ਪਹਿਲੇ ਗੇੜ੍ਹ ਵਿਚ ਬਾਦਲ ਪਰਿਵਾਰ ਨੇ ਆਪਣਾ ਸਾਰਾ ਜ਼ੋਰ ਬਠਿੰਡਾ ਉੱਪਰ ਹੀ ਕੇਂਦਰਿਤ ਕਰੀ ਰੱਖਿਆ। ਪਟਿਆਲਾ ਦੀ ਲੋਕ ਸਭਾ ਸੀਟ ਉੱਪਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਦੀ ਵੱਡੀ ਹਾਰ ਦਰਸਾਉਂਦੀ ਹੈ ਕਿ ਅਕਾਲੀਆਂ ਨੇ ਇਥੇ ਆਪਣੀ ਚੁਣੌਤੀ ਨੂੰ ਓਸ ਤਰ੍ਹਾਂ ਨਹੀਂ ਲਿਆ, ਜਿਸ ਤਰ੍ਹਾਂ ਬਠਿੰਡੇ ਵਿਚ ਲਿਆ ਸੀ। ਬਠਿੰਡਾ ਤੋਂ ਕੁਝ ਸੂਤਰਾਂ ਅਨੁਸਾਰ ਅਕਾਲੀਆਂ ਨੇ ਇਥੇ ਆਪਣੀ ਚੋਣ ਮੁਹਿੰਮ ਚਲਾਉਣ ਲਈ ਸਾਰੇ ਪੰਜਾਬ ਵਿਚੋਂ ਤਕਰੀਬਨ 5500 ਦੇ ਕਰੀਬ ਵਰਕਰ ਲਿਆਂਦੇ ਹੋਏ ਸਨ।

ਇਹ ਗੱਲ ਕੈਪਟਨ ਅਮਰਿੰਦਰ ਸਿੰਘ ਆਪ ਸਵੀਕਾਰ ਕਰਦੇ ਹਨ ਕਿ ਉਨ੍ਹਾਂ ਨੇ ਚੋਣ ਕਮਿਸ਼ਨ ਨੂੰ ਕਹਿ ਕੇ ਹੀ ਪੰਜਾਬ ਵਿਚ ਦੋ ਗੇੜ੍ਹਾਂ ਵਿਚ ਚੋਣਾਂ ਕਰਵਾਈਆਂ ਸਨ। ਇਹੋ ਗੱਲ ਕੈਪਟਨ ਦੇ ਉਲਟ ਭੁਗਤੀ ਅਤੇ ਅਕਾਲੀਆਂ ਨੂੰ ਇਹ ਰਾਸ ਆ ਗਈ। ਉਨ੍ਹਾਂ ਨੇ ਪਹਿਲੇ ਗੇੜ੍ਹ ਵਿਚ ਪੰਜਾਬ ਵਿਚੋਂ ਆਪਣਾ ਸਾਰਾ ਸਮਰੱਥ ਕੇਡਰ ਬਠਿੰਡਾ ਵਿਚ ਢੋਹ ਲਿਆ ਅਤੇ ਘਰ ਘਰ ਤੱਕ ਪਹੁੰਚ ਕੀਤੀ। ਬਠਿੰਡਾ ਚੋਣ ਨੂੰ ਨੇੜਿਓਂ ਵੇਖਣ ਵਾਲੇ ਲੋਕ ਦੱਸਦੇ ਹਨ ਕਿ ਜਿੰਨਾ ਜ਼ੋਰ ਅਕਾਲੀਆਂ ਨੇ ਇਸ ਸੀਟ ਉੱਪਰ ਲਾਇਆ, ਓਨਾ ਜ਼ੋਰ ਅੱਜ ਤੱਕ ਕਿਸੇ ਸਿਆਸੀ ਪਾਰਟੀ ਨੇ ਕਿਸੇ ਸੀਟ ਉੱਪਰ ਨਹੀਂ ਲਗਾਇਆ ਹੋਵੇਗਾ। ਅਕਾਲੀ ਦਲ (ਬਾਦਲ) ਵਲੋਂ ਸਾਰੇ ਸਰਕਾਰੀ ਅਤੇ ਪਾਰਟੀ ਸਾਧਨ ਇਥੇ ਝੋਕ ਦਿੱਤੇ ਗਏ ਸਨ। ਇਸ ਤੋਂ ਇਲਾਵਾ ਵੋਟਾਂ ਖਰੀਦਣ ਤੋਂ ਲੈ ਕੇ ਨਸ਼ੇ ਵੰਡਣ ਤੱਕ ਉਹ ਕੋਈ ਢੰਗ ਤਰੀਕਾ ਨਹੀਂ ਜਿਹੜਾ ਅਕਾਲੀਆਂ ਨੇ ਇਥੇ ਨਾ ਵਰਤਿਆ ਹੋਵੇ। ਆਖਰੀ ਦਿਨ ਤਾਂ ਸਮੁੱਚਾ ਅਕਾਲੀ ਦਲ ਬਠਿੰਡਾ ਵਿਚ ਵੋਟਰਾਂ ਨੂੰ ਵਾਹਨਾਂ ਵਿਚ ਢੋਹ ਕੇ ਬੂਥਾਂ ਤੱਕ ਪਹੁੰਚਾਉਣ ਵਿਚ ਲੱਗਾ ਰਿਹਾ ਸੀ।


ਇਸ ਸਾਰੇ ਕੁਝ ਤੋਂ ਇਲਾਵਾ ਹਰਸਿਮਰਤ ਕੌਰ ਦੀ ਖੂਬਸੂਰਤ ਦਿੱਖ ਨੇ ਵੀ ਲੋਕਾਂ, ਖਾਸ ਕਰਕੇ ਪੇਂਡੂ ਔਰਤਾਂ ਨੂੰ ਪ੍ਰਭਾਵਿਤ ਕੀਤਾ ਅਤੇ ਉਹ ਉਸ ਨੂੰ ਵੋਟਾਂ ਪਾਉਣ ਲਈ ਨਿਕਲੀਆਂ। ਇਸ ਤੱਥ ਨੇ ਵੀ ਬਠਿੰਡਾ ਲੋਕ ਸਭਾ ਸੀਟ ਦਾ ਫੈਸਲਾ ਦੇਣ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਕਿ ਮਾਲਵੇ ਵਿਚ ਵਿਧਾਨ ਸਭਾ ਚੋਣਾਂ ਦੌਰਾਨ ਆਪਣੀ ਹਾਰ ਨੂੰ ਵੇਖਦਿਆਂ ਅਕਾਲੀ ਦਲ (ਬਾਦਲ) ਨੇ ਮਾਲਵੇ ਅਤੇ ਖਾਸ ਕਰਕੇ ਬਠਿੰਡੇ ਦੇ ਵਿਕਾਸ 'ਤੇ ਜ਼ੋਰ ਦਿੱਤਾ। ਇਸ ਤੋਂ ਇਲਾਵਾ ਬਠਿੰਡਾ ਵਿਚ ਕੈਪਟਨਕਿਆਂ ਦੇ ਜਿੱਤਣ ਦੇ ਹੱਦੋਂ ਵੱਧ ਵਿਸ਼ਵਾਸ ਨੇ ਵੀ ਉਨ੍ਹਾਂ ਨੂੰ ਮਰਵਾਇਆ। ਕੈਪਟਨ ਪਰਿਵਾਰ ਨੂੰ ਇਸ ਇਲਾਕੇ ਵਿਚ ਆਪਣੀ ਭੱਲ 'ਤੇ ਵਿਸ਼ਵਾਸ ਸੀ ਪਰ ਬਾਦਲ ਪਰਿਵਾਰ ਦੀ ਮਿਹਨਤ ਨੇ ਹਾਲਾਤ ਬਦਲ ਦਿੱਤੇ। ਪਿਛੋਂ ਕੈਪਟਨ ਨੇ ਵੀ ਬਾਦਲ ਦੇ ਮਿਹਨਤੀ ਸੁਭਾ ਨੂੰ ਸਲਾਮ ਕੀਤੀ।

ਇਸ ਸਾਰੇ ਕੁਝ ਨੇ ਰਲ ਕੇ ਬਠਿੰਡੇ ਦੇ ਨਤੀਜੇ ਨੂੰ ਪ੍ਰਭਾਵਿਤ ਕੀਤਾ ਹੈ। ਉਂਜ ਜੇ ਮੌਜੂਦਾ ਅਕਾਲੀ-ਭਾਜਪਾ ਸਰਕਾਰ ਦੀ ਤੋਰ ਇਸੇ ਕਿਸਮ ਦੀ ਰਹਿੰਦੀ ਹੈ, ਜਿਸ ਕਿਸਮ ਦੀ ਇਹ ਹੁਣ ਹੈ ਤਾਂ ਆਉਂਦੀਆਂ ਵਿਧਾਨ ਸਭਾ ਚੋਣਾਂ ਤੱਕ ਅਕਾਲੀ-ਭਾਜਪਾ ਸਰਕਾਰ ਦਾ ਸਫਾਇਆ ਹੋ ਜਾਵੇਗਾ, ਕਿਉਂਕਿ ਉਸ ਸਮੇਂ ਤੱਕ ਅਕਾਲੀ-ਭਾਜਪਾ ਸਰਕਾਰ ਵਿਚ ਵੀ ਏਨੀ ਜਾਨ ਨਹੀਂ ਰਹਿ ਜਾਵੇਗੀ। ਇਹ ਗੱਲ ਉਂਜ ਸਪੱਸ਼ਟ ਹੈ ਕਿ ਪੰਜਾਬ ਦੇ ਲੋਕਾਂ ਦਾ ਮੂੰਹ ਪਿਛਲੇ ਦੋ ਸਾਲਾਂ ਵਿਚ ਹੀ ਅਕਾਲੀ-ਭਾਜਪਾ ਸਰਕਾਰ ਤੋਂ ਮੁੜਨਾ ਸ਼ੁਰੂ ਹੋ ਗਿਆ ਹੈ ਤੇ ਮਾੜੀ ਕਾਰਗੁਜ਼ਾਰੀ ਲੋਕਾਂ ਨੂੰ ਸਰਕਾਰ ਤੋਂ ਹੋਰ ਦੂਰ ਕਰੇਗੀ।

# ਜ਼ਰਦਾਰੀ ਤੇ ਕਰਜ਼ਈ ਨੂੰ ਮਿਲ ਕੇ ਕੰਮ ਕਰਨ ਦੀ ਸਲਾਹ

ਵੇਦਪ੍ਰਤਾਪ ਵੈਦਿਕ

ਅਮਰੀਕਾ ਵਿਚ ਅਫਗਾਨਿਸਤਾਨ ਅਤੇ ਪਾਕਿਸਤਾਨ ਦੇ ਰਾਸ਼ਟਰਪਤੀਆਂ ਨਾਲ ਅਮਰੀਕੀ ਰਾਸ਼ਟਰਪਤੀ ਦੀ ਭੇਟ ਯਾਦਗਾਰੀ ਰਹੀ। ਇਹੋ ਜਿਹੀ ਮੁਲਾਕਾਤ ਪਹਿਲਾਂ ਕਦੇ ਨਹੀਂ ਹੋਈ। ਬੁਸ਼ ਸਮੇਤ ਪਿਛਲੇ ਕਈ ਅਮਰੀਕੀ ਰਾਸ਼ਟਰਪਤੀਆਂ ਨੇ ਵੀ ਇਨ੍ਹਾਂ ਦੋਵਾਂ ਰਾਸ਼ਟਰ ਨੇਤਾਵਾਂ ਨਾਲ ਕਈ ਵਾਰ ਮੁਲਾਕਾਤਾਂ ਕੀਤੀਆਂ ਹਨ, ਪਰ ਉਹ ਸਾਰੀਆਂ ਦੋ-ਪੱਖੀ ਹੁੰਦੀਆਂ ਸਨ। ਇਸ ਵਾਰ ਤਿੰਨ-ਪੱਖੀ ਮੁਲਾਕਾਤ ਹੋਈ। ਹਾਮਿਦ ਕਰਜ਼ਾਈ, ਆਸਿਫ ਅਲੀ ਜਰਦਾਰੀ ਅਤੇ ਬਰਾਕ ਓਬਾਮਾ ਹੀ ਨਾਲ-ਨਾਲ ਨਹੀਂ ਬੈਠੇ, ਅਮਰੀਕਾ ਦੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨਾਲ ਵੀ ਪਾਕਿ-ਅਫਗਾਨ ਰਾਸ਼ਟਰਪਤੀਆਂ ਨੇ ਕਈ ਘੰਟੇ ਬਿਤਾਏ। ਦੋਵਾਂ ਰਾਸ਼ਟਰਪਤੀਆਂ ਨਾਲ ਅਮਰੀਕੀ ਸਾਂਸਦ (ਕਾਂਗਰਸ) ਦੇ ਮੈਂਬਰਾਂ ਨੇ ਇਕੱਠੇ ਹੋ ਕੇ ਖੁੱਲ੍ਹੀ ਗੱਲਬਾਤ ਕੀਤੀ। ਦੋਵਾਂ ਦੇਸ਼ਾਂ ਦੇ ਮੰਤਰੀਆਂ ਅਤੇ ਅਫਸਰਾਂ ਨੇ ਵੀ ਅਮਰੀਕੀ ਅਧਿਕਾਰੀਆਂ ਨਾਲ ਬੈਠ ਕੇ ਗੱਲਬਾਤ ਕੀਤੀ। ਇੰਨਾ ਹੀ ਨਹੀਂ, ਦੋਵਾਂ ਨੇਤਾਵਾਂ ਨੇ ਪੱਤਰਕਾਰ ਵਾਰਤਾ ਵੀ ਇਕੱਠਿਆਂ ਕੀਤੀ।


ਹਾਮਿਦ ਕਰਜ਼ਈ


ਆਸਿਫ ਅਲੀ ਜ਼ਰਦਾਰੀ

ਇਸ ਯਾਦਗਾਰੀ ਸੰਮੇਲਨ ਦਾ ਆਖਰ ਮੂਲ ਸੰਦੇਸ਼ ਕੀ ਹੈ? ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਓਬਾਮਾ ਪ੍ਰਸ਼ਾਸਨ ਨੇ ਅਫਗਾਨਿਸਤਾਨ ਅਤੇ ਪਾਕਿਸਤਾਨ ਦੀ ਜਨਤਾ ਨੂੰ ਇਹ ਸਾਫ-ਸਾਫ ਦੱਸ ਦਿੱਤਾ ਹੈ ਕਿ ਉਹ ਉੱਥੇ ਦੀ ਚੁਣੀ ਹੋਈ ਸਰਕਾਰ ਦਾ ਪੂਰੀ ਤਰ੍ਹਾਂ ਨਾਲ ਸਾਥ ਦੇਣਗੇ। ਜ਼ਰਦਾਰੀ ਬਾਰੇ ਵਾਸ਼ਿੰਗਟਨ ਵਿਚ ਦੋ ਅਫਵਾਹਾਂ ਜੋਰ ਫੜ ਰਹੀਆਂ ਸਨ-ਇਕ ਤਾਂ ਇਹ ਕਿ ਅਮਰੀਕਾ ਉਸ ਨੂੰ ਹਟਾ ਕੇ ਫੌਜ ਨੂੰ ਲੈ ਆਵੇਗਾ, ਕਿਉਂਕਿ ਉਹ ਤਾਲਿਬਾਨ ਅੱਗੇ ਗੋਢੇ ਟੇਕ ਰਿਹਾ ਹੈ ਅਤੇ ਅਸਲੀ ਕੰਮ ਤਾਂ ਫੌਜ ਨੂੰ ਹੀ ਕਰਨਾ ਪੈਣਾ ਹੈ। ਜਦ ਤੱਕ ਫੌਜ ਤਾਲਿਬਾਨ ਅਤੇ ਅਲਕਾਇਦਾ ਨੂੰ ਖਤਮ ਨਹੀਂ ਕਰੇਗੀ, ਅਮਰੀਕਾ ਦੇ ਨਿਸ਼ਾਨੇ ਪੂਰੇ ਨਹੀਂ ਹੋਣਗੇ।

ਦੂਜੀ ਅਫਵਾਹ ਇਹ ਸੀ ਕਿ ਅਮਰੀਕੀ ਸਰਕਾਰ ਹੁਣ ਮੀਆਂ ਨਵਾਜ਼ ਸ਼ਰੀਫ ਨੂੰ ਪਲੋਸ ਰਹੀ ਹੈ। ਉਨ੍ਹਾਂ ਦੇ ਛੋਟੇ ਭਰਾ ਸ਼ਹਿਬਾਜ਼ ਦੁਬਾਰਾ ਪੰਜਾਬ ਦੇ ਮੁੱਖ ਮੰਤਰੀ ਬਣ ਗਏ ਹਨ। ਹੁਣ ਕੁਝ ਹੀ ਦਿਨਾਂ ਦੀ ਗੱਲ ਹੈ ਕਿ ਨਵਾਜ਼ ਪ੍ਰਧਾਨ ਮੰਤਰੀ ਬਣਾ ਦਿੱਤੇ ਜਾਣਗੇ। ਤਾਲਿਬਾਨ ਪਰਾਏ ਪਠਾਨ ਹਨ। ਉਨ੍ਹਾਂ ਨਾਲ ਲੜਨ ਲਈ ਪੰਜਾਬੀ ਪ੍ਰਧਾਨ ਮੰਤਰੀ ਵਧੀਆ ਰਹੇਗਾ। ਜ਼ਰਦਾਰੀ ਦੀ ਇਸ ਵਾਸ਼ਿੰਗਟਨ ਯਾਤਰਾ ਨੇ ਦੋਵਾਂ ਗਲਤਫਹਿਮੀਆਂ ਨੂੰ ਠੰਢਾ ਕਰ ਦਿੱਤਾ ਹੈ। ਓਬਾਮਾ ਨੇ ਸਾਫ-ਸਾਫ ਕਿਹਾ ਹੈ ਕਿ ਉਹ ਪਾਕਿਸਤਾਨ ਅਤੇ ਅਫਗਾਨਿਸਤਾਨ ਦੀਆਂ ਚੁਣੀਆਂ ਹੋਈਆਂ ਸਰਕਾਰਾਂ ਦਾ ਸਾਥ ਦੇਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ।

ਇਹੀ ਗੱਲ ਉਨ੍ਹਾਂ ਨੇ ਅਫਗਾਨਿਸਤਾਨ ਬਾਰੇ ਵੀ ਕਹੀ ਹੈ। ਆਪਣੀ ਚੋਣ ਮੁਹਿੰਮ ਦੌਰਾਨ ਓਬਾਮਾ ਅਤੇ ਅਮਰੀਕਾ ਦੇ ਉਪ-ਰਾਸ਼ਟਰਪਤੀ ਜੋ ਬਾਈਡਨ ਕਾਬੁਲ ਗਏ ਸਨ। ਕਰਜ਼ਈ ਨਾਲ ਉਨ੍ਹਾਂ ਦੋਵਾਂ ਦੀ ਗਰਮਾਗਰਮੀ ਦੇ ਕਿੱਸੇ ਇੱਥੇ ਬੜੇ ਮਸ਼ਹੂਰ ਹਨ।

ਓਬਾਮਾ ਨੇ ਅਭਿਆਨ ਦੌਰਾਨ ਕਰਜ਼ਈ ਸਰਕਾਰ ਵਿਰੁਧ ਖੁੱਲ੍ਹੀ ਟੀਕਾ-ਟਿੱਪਣੀ ਵੀ ਕੀਤੀ ਸੀ। ਇਹ ਮੰਨਿਆ ਜਾ ਰਿਹਾ ਸੀ ਕਿ ਅਫਗਾਨਿਸਤਾਨ ਵਿਚ ਹੋਣ ਵਾਲੀ ਰਾਸ਼ਟਰਪਤੀ ਚੋਣ ਤੋਂ ਪਹਿਲਾਂ ਹੀ ਕਰਜ਼ਈ ਨੂੰ ਹਟਾ ਦਿੱਤਾ ਜਾਵੇਗਾ ਜਾਂ ਕਰਜ਼ਈ ਖ਼ਿਲਾਫ ਜਲਮਈ, ਖਲੀਲਜਾਦ, ਅਸ਼ਰਫ ਗਨੀ, ਅਲੀ ਜਲਾਲੀ ਜਿਹੇ ਅਫਗਾਨੀਆਂ ਨੂੰ ਲੜਾਇਆ ਜਾਵੇਗਾ।

ਇਹ ਲੋਕ ਅਫਗਾਨ ਹਨ, ਪਰ ਅੱਜ-ਕੱਲ ਅਮਰੀਕੀ ਨਾਗਰਿਕ ਹਨ ਅਤੇ ਇਥੇ ਜ਼ਿੰਮੇਵਾਰ ਅਹੁਦਿਆਂ 'ਤੇ ਕੰਮ ਕਰਦੇ ਰਹੇ ਹਨ। ਕਰਜ਼ਈ ਸਰਕਾਰ ਨੂੰ ਅਮਰੀਕੀ ਅਧਿਕਾਰੀ ਖੁੱਲ੍ਹੇਆਮ ਭ੍ਰਿਸ਼ਟ, ਅਸਮਰੱਥ ਅਤੇ ਗੈਰ-ਜਵਾਬਦੇਹ ਵੀ ਦੱਸ ਰਹੇ ਸਨ। ਅਜਿਹੇ ਵਿਚ ਕਰਜ਼ਈ ਨੂੰ ਵਾਸ਼ਿੰਗਟਨ ਬੁਲਾ ਕੇ ਹਮਾਇਤ ਦੇਣ ਦੀ ਗੱਲ ਨੇ ਉਨ੍ਹਾਂ ਦੇ ਭਵਿੱਖ ਨੂੰ ਉੱਜਲਾ ਕਰ ਦਿੱਤਾ ਹੈ। ਹੁਣ 20 ਅਗਸਤ ਦੀ ਚੋਣ ਵਿਚ ਉਨ੍ਹਾਂ ਦੇ ਦੁਬਾਰਾ ਰਾਸ਼ਟਰਪਤੀ ਬਣਨ ਵਿਚ ਕੋਈ ਸ਼ੰਕਾ ਨਹੀਂ ਰਹਿ ਗਈ। ਪਰ ਇਸ ਪ੍ਰਕਿਰਿਆ ਦਾ ਜਿਹੜਾ ਲੁਕਿਆ ਸੰਦੇਸ਼ ਹੈ, ਉਹ ਪ੍ਰਗਟ ਹੋਏ ਸੰਦੇਸ਼ ਤੋਂ ਜ਼ਿਆਦਾ ਮਹੱਤਵਪੂਰਨ ਹੈ। ਉਹ ਅਸਲੀ ਸੰਦੇਸ਼ ਇਹ ਹੈ ਕਿ ਓਬਾਮਾ ਪ੍ਰਸ਼ਾਸਨ ਦੋਵਾਂ ਸਰਕਾਰਾਂ ਨੂੰ ਉਹੋ ਜਿਹੀ ਢਿੱਲ ਨਹੀਂ ਦੇਵੇਗਾ, ਜਿਹੋ ਜਿਹੀ ਕਿ ਬੁਸ਼ ਪ੍ਰਸ਼ਾਸਨ ਨੇ ਦੇ ਰੱਖੀ ਸੀ।

ਓਬਾਮਾ, ਹਿਲੇਰੀ, ਅਮਰੀਕੀ ਸੰਸਦਾਂ ਅਤੇ ਅਧਿਕਾਰੀਆਂ ਨੇ ਦੋਵਾਂ ਨੇਤਾਵਾਂ ਨੂੰ ਦੋ ਟੁਕ-ਸ਼ਬਦਾਂ ਵਿਚ ਦੱਸ ਦਿੱਤਾ ਹੈ ਕਿ ਜੇਕਰ ਉਹ ਆਪਣਾ ਕੰਮ ਠੀਕ ਤਰ੍ਹਾਂ ਨਾਲ ਨਹੀਂ ਕਰਨਗੇ ਤਾਂ ਉਨ੍ਹਾਂ ਨੂੰ ਮਿਲਣ ਵਾਲੀ ਅਮਰੀਕੀ ਮਦਦ ਬਿਲਕੁਲ ਰੋਕੀ ਜਾ ਸਕਦੀ ਹੈ ਜਿਸ ਦਾ ਮੁੱਖ ਅਰਥ ਇਹ ਹੈ ਕਿ ਦੋਵਾਂ ਦਾ ਆਪਣੇ ਅਹੁਦੇ 'ਤੇ ਬਣੇ ਰਹਿਣਾ ਮੁਸ਼ਕਿਲ ਹੋ ਜਾਵੇਗਾ। ਦੋਵੇਂ ਨੇਤਾ, ਦੋਵੇਂ ਦੇਸ਼, ਦੋਵੇਂ ਫੌਜਾਂ ਮਿਲ ਕੇ ਕੰਮ ਕਰਨ ਅਤੇ ਤਾਲਿਬਾਨ ਨੂੰ ਉਖਾੜ ਸੁੱਟਣ, ਇਹ ਜ਼ਰੂਰੀ ਹੈ। ਇਸ ਕਾਰਜ ਲਈ ਜੋ ਵੀ ਮਦਦ ਦਿੱਤੀ ਜਾਵੇਗੀ, ਉਸ ਦੇ ਇਸਤੇਮਾਲ 'ਤੇ ਨਿਗਰਾਨੀ ਰੱਖਣ ਲਈ ਓਬਾਮਾ ਪ੍ਰਸ਼ਾਸਨ ਨੇ ਵੱਖਰੇ ਤੌਰ 'ਤੇ ਇਕ ਅਧਿਕਾਰੀ ਦੀ ਨਿਯੁਕਤੀ ਕੀਤੀ ਹੈ।

ਓਬਾਮਾ ਪ੍ਰਸ਼ਾਸਨ ਨੇ ਪਾਕਿਸਤਾਨੀ ਸਰਕਾਰ ਨੂੰ ਜਿੱਥੇ ਭ੍ਰਿਸ਼ਟਾਚਾਰ ਨਾਲ ਨਿਪਟਣ ਦੀ ਸਖ਼ਤ ਹਦਾਇਤ ਦਿੱਤੀ ਹੈ, ਉਥੇ ਉਸ ਨੂੰ ਕਿਹਾ ਹੈ ਕਿ ਉਹ ਭਾਰਤੀ ਸਰਹੱਦ ਤੋਂ ਫੌਜਾਂ ਨੂੰ ਹਟਾਉਣ ਅਤੇ ਆਪਣਾ ਧਿਆਨ ਅਫਗਾਨ ਸਰਹੱਦ 'ਤੇ ਕੇਂਦਰਿਤ ਕਰਨ, ਅਤਿਵਾਦੀ ਅੱਡਿਆਂ ਦਾ ਸਫਾਇਆ ਕਰਨ। ਅਮਰੀਕੀ ਸਰਕਾਰ ਦੇ ਇਸ ਦੋਸਤਾਨਾ ਦਬਾਅ ਦਾ ਸਿੱਧਾ ਅਸਰ ਹੁਣ ਤੋਂ ਹੀ ਦਿਖਾਈ ਦੇਣ ਲੱਗਾ ਹੈ।

ਪਾਕਿਸਤਾਨ ਦੀ 21ਵੀਂ ਡਵੀਜ਼ਨ ਜੋ ਕਿ ਭਾਰਤੀ ਸਰਹੱਦ 'ਤੇ ਤਾਇਨਾਤ ਹੈ, ਹੁਣ ਪੱਛਮ ਵਲ ਕੂਚ ਕਰ ਰਹੀ ਹੈ। ਸਵਾਤ ਘਾਟੀ ਵਿਚ ਹਮਲਾ ਸ਼ੁਰੂ ਹੋ ਗਿਆ ਹੈ। ਅਮਰੀਕਾ ਦੇ ਨੀਤੀ ਨਿਰਮਾਤਾ ਖੇਤਰਾਂ ਵਿਚ ਸ਼ੰਕਾ ਦਾ ਮਾਹੌਲ ਹਾਲੇ ਵੀ ਬਣਿਆ ਹੋਇਆ ਹੈ, ਪਰ ਇਸ ਘਟਨਾ ਦਾ ਚੰਗਾ ਅਸਰ ਵੀ ਹੋ ਰਿਹਾ ਹੈ। ਓਬਾਮਾ ਨੇ ਦੋਵਾਂ ਦੇਸ਼ਾਂ ਨੂੰ ਵਿਸ਼ਵਾਸ ਦੁਆਇਆ ਹੈ ਕਿ ਉਹ ਦੋਵਾਂ ਦੇਸ਼ਾਂ ਨੂੰ ਅਤਿਵਾਦੀਆਂ ਨਾਲ ਲੜਨ ਵਿਚ ਭਰਪੂਰ ਮਦਦ ਦੇਣਗੇ ਅਤੇ ਉਨ੍ਹਾਂ ਦੀਆਂ ਆਰਥਿਕ ਮੁਸ਼ਕਿਲਾਂ ਨੂੰ ਹਲ ਕਰਨ ਤੋਂ ਵੀ ਪਿੱਛੇ ਨਹੀਂ ਹੱਟਣਗੇ। ਓਬਾਮਾ ਦੇ ਵਿਸ਼ੇਸ਼ ਦੂਤ ਰਿਚਰਡ ਹੋਲਬਰਕ ਨੇ ਦੱਸਿਆ ਕਿ ਪਾਕਿਸਤਾਨ ਨੂੰ ਅਮਰੀਕਾ ਅਤੇ ਉਸ ਦੇ ਦੋਸਤ ਰਾਸ਼ਟਰ ਮਿਲ ਕੇ ਲਗਭਗ 31 ਅਰਬ ਡਾਲਰ ਦੀ ਮਦਦ ਦੇਣਗੇ ਅਤੇ ਦੋਵਾਂ ਦੇਸ਼ਾਂ ਨੂੰ ਯੁੱਧ ਲਈ 83 ਅਰਬ ਡਾਲਰ ਦੀ ਫੌਜੀ ਮਦਦ ਮਿਲੇਗੀ। ਅਫਗਾਨਿਸਤਾਨ ਦੀ ਸਰਕਾਰ ਨੂੰ ਹੁਣ ਤੱਕ ਕੁੱਲ ਮਦਦ ਦਾ ਸਿਰਫ ਦਸ ਪ੍ਰਤੀਸ਼ਤ ਹਿੱਸਾ ਹੀ ਹੱਥ ਲੱਗਦਾ ਹੈ। ਉਸ ਨੂੰ 40-50 ਪ੍ਰਤੀਸ਼ਤ ਤਕ ਵਧਾਇਆ ਜਾਵੇਗਾ, ਪਰ ਅਮਰੀਕੀ ਸਾਂਸਦਾਂ ਨੇ ਹਾਮਿਦ ਕਰਜ਼ਈ ਅਤੇ ਜ਼ਰਦਾਰੀ ਦੀ ਇੰਨੀ ਰਗੜਾਈ ਕੀਤੀ ਹੈ ਕਿ ਉਨ੍ਹਾਂ ਦੇ ਹੋਸ਼



ਗੁੰਮ ਹੋ ਗਏ।

ਅਮਰੀਕੀ ਅਖ਼ਬਾਰਾਂ ਦੇ ਵਰਵੇ 'ਤੇ ਵਿਸ਼ਵਾਸ ਕੀਤਾ ਜਾਵੇ ਤਾਂ ਮੰਨਿਆ ਜਾਵੇਗਾ ਕਿ ਓਬਾਮਾ ਨੇ ਫੂਕ ਮਾਰ ਕੇ ਦੋਵਾਂ ਨੂੰ ਫੁਲਾ ਦਿੱਤਾ ਅਤੇ ਅਮਰੀਕਾ ਦੇ ਅਸਲੀ ਮਾਲਿਕਾਂ ਯਾਨਿ ਸਾਂਸਦਾਂ ਨੇ ਉਨ੍ਹਾਂ ਨੂੰ ਪੰਕਚਰ ਕਰ ਦਿੱਤਾ। ਇਸ ਦਾ ਮਤਲਬ ਸ਼ਾਇਦ ਇੰਨਾ ਹੀ ਹੈ ਕਿ ਦੋਵਾਂ ਨੇਤਾਵਾਂ ਨੂੰ ਕਾਫੀ ਚੇਤਾਵਨੀਆਂ ਅਤੇ ਹਦਾਇਤਾਂ ਦੇ ਕੇ ਵਾਪਸ ਭੇਜਿਆ ਗਿਆ ਹੈ। ਉਨ੍ਹਾਂ ਨੂੰ ਦੱਸ ਦਿੱਤਾ ਗਿਆ ਹੈ ਕਿ ਤਲੀ 'ਤੇ ਸਿਰ ਰੱਖ ਕੇ ਕੰਮ ਕਰੋਗੇ ਤਾਂ ਤੁਹਾਡੀ ਪੁਛ ਹੋਵੇਗੀ। ਅਮਰੀਕਾ ਨੂੰ ਤੁਹਾਡਾ ਚੰਮ ਨਹੀਂ ਕੰਮ ਚਾਹੀਦਾ ਹੈ ।

# ਤੇਜ਼ ਵਿਕਾਸ ਚੀਨ ਦੀ ਤਾਕਤ, ਜਮਹੂਰੀਅਤ ਭਾਰਤ ਦੀ

***ਭਾਰਤ ਅਤੇ ਚੀਨ ਦੋਵਾਂ ਨਿਰਭਰਤਾ ਲਈ ਪੂੰਜੀਵਾਦ ਨੂੰ ਸਵੀਕਾਰ ਕਰ ਚੁੱਕੇ ਹਨ। ਪਰ ਪੂੰਜੀਵਾਦ ਲੋਕਤੰਤਰ ਵਿਚ ਕਿਤੇ ਜ਼ਿਆਦਾ ਸਹਿਜ ਮਹਿਸੂਸ ਕਰਦਾ ਹੈ। ਲੋਕਤੰਤਰ ਸੁਭਾਵਿਕ ਰੂਪ ਨਾਲ ਉਦਮਸ਼ੀਲਤਾ ਦਾ ਪੋਸ਼ਣ ਕਰਦਾ ਹੈ ਅਤੇ ਇਸੇ ਦਾ ਭਾਰਤ ਨੂੰ ਫਾਇਦਾ ਹੈ। ਚੀਨ ਨੂੰ ਉੱਦਮਾਂ ਦੇ ਸਿਰਜਨ ਵਿਚ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ। ਉਸ ਦੇ ਜ਼ਿਆਦਾਤਰ ਉਦਮੀ ਸਰਕਾਰੀ ਹਨ ਅਤੇ ਉਹ ਓਨੇ ਰਚਨਾਤਮਕ ਨਹੀਂ ਹੋ ਸਕਦੇ, ਜਿੰਨੇ ਕਿ ਨਿਜੀ ਉੱਦਮੀ। ਇਹੀ ਵਜ੍ਹਾ ਹੈ ਕਿ ਚੀਨ ਨੂੰ ਸਾਡੀਆਂ ਸ੍ਰੇਸ਼ਠ ਕੰਪਨੀਆਂ ਨਾਲ ਈਰਖਾ ਹੁੰਦੀ ਹੈ, ਜਿਨ੍ਹਾਂ ਨੇ ਸੰਸਾਰ ਪੱਧਰ 'ਤੇ ਆਪਣੀ ਧਾਂਕ ਜਮਾਈ ਹੈ। ਉੱਦਮੀ ਹਮੇਸ਼ਾ ਲੋਕਤੰਤਰ ਵਿਚ ਸਫਲ ਹੁੰਦੇ ਹਨ, ਕਿਉਂਕਿ ਲੋਕਤੰਤਰ ਸਦਾ ਜਾਇਦਾਦ ਦੇ ਅਧਿਕਾਰੀਆਂ ਦਾ ਸਨਮਾਨ ਕਰਦਾ ਹੈ। ਸਾਡੀ ਨਿਆਂਪਾਲਿਕਾ ਅਤੇ ਕਾਨੂੰਨਾਂ ਦੀ ਸੁਸਤੀ ਤੋਂ ਦੁੱਖ ਤਾਂ ਹੁੰਦਾ ਹੈ, ਪਰ ਇਹ ਅਖੀਰ ਸਾਡੀ ਸਰੱਖਿਆ ਹੀ ਕਰਦੇ ਹਨ।***

ਲੰਦਨ ਵਿਚ ਇਸ ਮੰਗਲਵਾਰ ਨੂੰ ਹੋਈ ਇਕ ਚਰਚਾ ਦੀਆਂ ਤਿਆਰੀਆਂ ਕਰਦੇ ਹੋਏ ਮੈਂ ਇਸ ਨਤੀਜੇ 'ਤੇ ਪਹੁੰਚਿਆਂ ਹਾਂ ਕਿ ਕਿਸੇ ਵੀ ਦੇਸ਼ ਦੀ ਸਫਲਤਾ ਲਈ ਜ਼ਰੂਰੀ ਹੈ ਕਿ ਉਹ ਆਪਣੇ ਧਰਮ ਪ੍ਰਤੀ ਸੱਚਾ ਰਹੇ। ਇਸ ਚਰਚਾ ਦਾ ਵਿਸ਼ਾ ਹੈ, 'ਭਵਿੱਖ ਭਾਰਤ ਦਾ ਹੈ ਚੀਨ ਦਾ ਨਹੀਂ।'

ਚੀਨ ਦੀ ਹੈਰਾਨੀਜਨਕ ਤਰੱਕੀ ਤੋਂ ਪ੍ਰਭਾਵਿਤ ਹੋਇਆ

ਗੁਰਚਰਨ ਦਾਸ

ਜਾ ਸਕਦਾ ਹੈ ਅਤੇ ਭਾਰਤ ਦੇ ਅਸਤ-ਵਿਅਸਤ ਲੋਕਤੰਤਰ ਤੋਂ ਨਿਰਾਸ਼ਾ ਹੋ ਸਕਦੀ ਹੈ। ਪਰ ਸੱਚ ਇਹੀ ਹੈ ਕਿ ਭਾਰਤ ਲੋਕਤੰਤਰ ਤੋਂ ਇਲਾਵਾ ਕੁਝ ਵੀ ਨਹੀਂ ਹੋ ਸਕਦਾ। ਭਾਰਤ ਦਾ ਧਰਮ ਹੀ ਲੋਕਤੰਤਰ ਹੈ, ਕਿਉਂਕਿ ਇਤਿਹਾਸ ਗਵਾਹ ਹੈ ਕਿ ਇਸ ਨੇ ਵੱਖ-ਵੱਖ ਸਮੂਹਾਂ ਨੂੰ ਇਕੱਠਾ ਕੀਤਾ ਅਤੇ ਉਨ੍ਹਾਂ ਨੂੰ ਭਾਰਤੀਅਤਾ ਦੇ ਨਾਲ ਨਾਲ ਆਪਣੀ ਵੱਖਰੀ ਪਹਿਚਾਣ ਬਣਾਈ ਰੱਖਣ ਦੀ ਵੀ ਇਜਾਜ਼ਤ ਦਿੱਤੀ। ਚੀਨ ਨੇ ਆਪਣੇ ਵੱਖ-ਵੱਖ ਸਮੂਹਾਂ ਨੂੰ ਇਕ ਸਮ ਜਾਤੀ ਕੰਫਿਊਸ਼ਿਅਨ ਸਮਾਜ ਵਿਚ ਬਦਲ ਦਿੱਤਾ। ਚੀਨ ਸੂਪ ਵਰਗਾ ਹੈ, ਜਿਸ ਵਿਚ ਸ਼ਾਮਲ ਸਾਰੇ ਤੱਤਾਂ ਦੀ ਪਹਿਚਾਣ ਗੁਆਚ ਗਈ ਹੈ, ਜਦਕਿ ਭਾਰਤ ਸਲਾਦ ਦੀ ਇਹੋ ਜਿਹੀ ਪਲੇਟ ਹੈ, ਜਿਸ ਵਿਚ ਹਰੇਕ ਸਬਜ਼ੀ ਨਾਲ-ਨਾਲ ਰੱਖਦੇ ਹੋਏ ਵੀ ਆਪਣੀ ਵੱਖਰੀ ਪਹਿਚਾਣ ਬਣਾ ਕੇ ਰੱਖਦੀ ਹੈ।



ਇਹੀ ਵਜ੍ਹਾ ਹੈ ਕਿ ਚੀਨ ਵਿਚ ਹਮੇਸ਼ਾ ਤੋਂ ਇਕ ਕੇਂਦਰੀਕ੍ਰਿਤ ਸ਼ਾਸਨ ਵਿਵਸਥਾ ਹੀ ਰਹੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸ਼ਾਸਨ ਦੀ ਪਰੰਪਰਾ ਅੱਜ ਦੇ ਸੁਧਾਰਵਾਦੀ ਸਮਾਜਵਾਦੀ ਸ਼ਾਸਨਕਾਲ ਵਿਚ ਵੀ ਚਲੀ ਆਈ ਹੈ। ਅੱਜ ਦਾ ਚੀਨ ਇਕ ਇਹੋ ਜਿਹੇ ਬਿਜ਼ਨੈਸ ਕਾਰਪੋਰੇਸ਼ਨ ਦੇ ਬਰਾਬਰ ਹੈ, ਜਿਸ ਦੇ ਹਰੇਕ ਮੇਅਰ ਅਤੇ ਹਰੇਕ ਪਾਰਟੀ ਆਗੂ ਦਾ ਨਿਵੇਸ਼, ਆਊਟਪੁਟ ਅਤੇ ਵਿਕਾਸ ਨੂੰ ਲੈ ਕੇ ਆਪਣਾ ਨਿਸ਼ਾਨਾ ਹੈ ਅਤੇ ਇਹ ਨਿਸ਼ਾਨਾ ਰਾਸ਼ਟਰੀ ਨਿਸ਼ਾਨਿਆਂ ਨਾਲ ਸਾਂਝਾ ਹੈ। ਜੋ ਆਪਣੇ ਇਨ੍ਹਾਂ ਨਿਸ਼ਾਨਿਆਂ ਨੂੰ ਹਾਸਲ ਕਰ ਲੈਂਦਾ ਹੈ, ਉਹ ਬੜੀ ਤੇਜ਼ੀ ਨਾਲ ਉਪਰ ਚੜ੍ਹ ਜਾਂਦਾ ਹੈ। ਇਸੇ ਦਾ ਨਤੀਜਾ ਹੈ ਕਿ ਚੀਨ ਯੋਗ ਟੈਕਨੋਕ੍ਰੇਟ ਦੁਆਰਾ ਸੰਚਾਲਿਤ ਹੈ, ਪਰ ਤਾਨਾਸ਼ਾਹੀ ਦੀ ਵਜ੍ਹਾ ਨਾਲ ਉਥੇ ਅਸਹਿਮਤ ਹੋਣ ਦੀ ਕੋਈ ਗੁੰਜਾਇਸ਼ ਨਹੀਂ ਹੈ। ਤਾਨਾਸ਼ਾਹੀ ਸ਼ਾਸਨ ਪ੍ਰਣਾਲੀ ਦੀ ਸਭ ਤੋਂ ਵੱਡੀ ਮੁਸ਼ਕਲ ਇਹੀ ਹੁੰਦੀ ਹੈ ਕਿ ਜੋ ਸਹਿਮਤ ਨਹੀਂ ਹੁੰਦੇ ਹਨ, ਉਨ੍ਹਾਂ ਨੂੰ ਬਹੁਤ ਭਿਆਨਕ ਸਜ਼ਾ ਦਿੱਤੀ ਜਾਂਦੀ ਹੈ।

ਇਸ ਦੇ ਮੁਕਾਬਲੇ ਭਾਰਤ ਕਈ ਹਿੱਤਾਂ ਨੂੰ ਇਕ ਬਰਾਬਰ ਸਮਾਯੋਜਿਤ ਕਰਦਾ ਹੈ। ਇਸੇ ਦੇ ਫਲਸਵਰੂਪ ਰੋਜ਼ਾਨਾ ਕਈ ਵਾਰਤਾਵਾਂ ਕੀਤੀਆਂ ਜਾਂਦੀਆਂ ਹਨ। ਇਸ ਪ੍ਰਣਾਲੀ ਨੂੰ ਅਸੀਂ ਲੋਕਤੰਤਰ ਕਹਿੰਦੇ ਹਾਂ, ਕਿਉਂਕਿ ਸਾਡੇ ਇਥੇ ਹਰ ਚੀਜ਼ 'ਤੇ ਬਹਿਸ ਹੁੰਦੀ ਹੈ, ਇਸ ਨਾਲ ਵਿਵਸਥਾ ਵਿਚ ਹੌਲਾਪਣ ਆਉਂਦਾ ਹੈ। ਪਰ ਉਸ ਦਾ ਸਕਾਰਾਤਮਕ ਪੱਖ ਵੀ ਹੈ। ਸਾਡੇ ਰਾਜਨੇਤਾਵਾਂ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨਾਲ ਸਬੰਧਤ ਮਾਮਲਿਆਂ 'ਤੇ ਚਿੰਤਾ ਕਰਨ ਲਈ ਦ੍ਰਿੜ੍ਹ ਕੀਤਾ ਜਾ ਸਕਦਾ ਹੈ। ਸਾਡਾ ਲੋਕਤੰਤਰ ਸੇਫਟੀ ਵਾਲਵ ਵਾਂਗ ਹੈ, ਜੋ ਅਸੰਤੋਸ਼ ਨੂੰ ਭਾਫ ਦੇ ਰੂਪ ਵਿਚ ਕੱਢ ਦਿੰਦਾ ਹੈ।

ਭਾਰਤ ਅਤੇ ਚੀਨ ਦੋਵੇਂ ਨਿਰਭਰਤਾ ਲਈ ਪੂੰਜੀਵਾਦ ਨੂੰ ਸਵੀਕਾਰ ਕਰ ਚੁੱਕੇ ਹਨ। ਪਰ ਪੂੰਜੀਵਾਦ ਲੋਕਤੰਤਰ ਵਿਚ ਕਿਤੇ ਜ਼ਿਆਦਾ ਸਹਿਜ ਮਹਿਸੂਸ ਕਰਦਾ ਹੈ। ਲੋਕਤੰਤਰ ਸੁਭਾਵਿਕ ਰੂਪ ਨਾਲ ਉਦਮਸ਼ੀਲਤਾ ਦਾ ਪੋਸ਼ਣ ਕਰਦਾ ਹੈ ਅਤੇ ਇਸੇ ਦਾ ਭਾਰਤ ਨੂੰ ਫਾਇਦਾ ਹੈ। ਚੀਨ ਨੂੰ ਉੱਦਮਾਂ ਦੇ ਸਿਰਜਣ ਵਿਚ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ। ਉਸ ਦੇ ਜ਼ਿਆਦਾਤਰ ਉਦਮੀ ਸਰਕਾਰੀ ਹਨ ਅਤੇ ਉਹ ਓਨੇ ਸਾਹਸੀ ਅਤੇ ਰਚਨਾਤਮਕ ਨਹੀਂ ਹੋ ਸਕਦੇ, ਜਿੰਨੇ ਕਿ ਨਿਜੀ ਉੱਦਮੀ। ਇਹੀ ਵਜ੍ਹਾ ਹੈ ਕਿ ਚੀਨ ਨੂੰ ਸਾਡੀਆਂ ਸ੍ਰੇਸ਼ਠ ਕੰਪਨੀਆਂ ਤੋਂ ਈਰਖਾ ਹੁੰਦੀ ਹੈ, ਜਿਨ੍ਹਾਂ ਨੇ ਸੰਸਾਰ ਪੱਧਰ 'ਤੇ ਆਪਣੀ ਧਾਂਕ ਜਮਾਈ ਹੈ। ਉੱਦਮੀ ਹਮੇਸ਼ਾ ਲੋਕਤੰਤਰ ਵਿਚ ਸਫਲ ਹੁੰਦੇ ਹਨ, ਕਿਉਂਕਿ ਲੋਕਤੰਤਰ ਹਮੇਸ਼ਾ ਸੰਪਦਾ ਦੇ ਅਧਿਕਾਰੀਆਂ ਦਾ ਸਨਮਾਨ ਕਰਦਾ ਹੈ। ਸਾਡੀ ਨਿਆਂਪਾਲਿਕਾ ਅਤੇ ਕਾਨੂੰਨਾਂ ਦੀ ਸੁਸਤੀ ਤੋਂ ਦੁੱਖ ਤਾਂ ਹੁੰਦਾ ਹੈ, ਪਰ ਇਹ ਅਖੀਰ ਸਾਡੀ ਸੁਰੱਖਿਆ ਹੀ ਕਰਦੇ ਹਨ।

ਭਾਰਤ ਵਿਚ ਅਸੀਂ ਆਪਣੀ ਆਜ਼ਾਦੀ ਦੀ ਕੀਮਤ ਨਹੀਂ ਸਮਝਦੇ। ਦਰਅਸਲ ਆਜ਼ਾਦੀ ਉਸ ਹਵਾ ਵਾਂਗ ਹੈ, ਜਿਸ ਦੀ ਮਹੱਤਤਾ ਦਾ ਅਹਿਸਾਸ ਸਾਨੂੰ ਸਾਹ ਲੈਂਦੇ ਸਮੇਂ ਨਹੀਂ ਹੁੰਦਾ। ਉਸ ਦਾ ਅਹਿਸਾਸ ਉਦੋਂ ਹੁੰਦਾ ਹੈ, ਜਦੋਂ ਉਹ ਨਹੀਂ ਹੁੰਦੀ। ਭਾਰਤੀਆਂ ਵਿਚ ਬ੍ਰਿਟਿਸ਼ ਰਾਜ ਤੋਂ ਆਜ਼ਾਦ ਹੋਣ ਦੀ ਇੱਛਾ ਉਦੋਂ ਜਾਗੀ, ਜਦੋਂ 1919 ਵਿਚ ਜਨਰਲ ਆਰ. ਡਾਇਰ ਨੇ ਜਲਿਆਂਵਾਲਾ ਬਾਗ ਵਿਚ 379 ਲੋਕਾਂ ਨੂੰ ਗੋਲੀਆਂ ਨਾਲ ਛੱਲਣੀ ਕਰਵਾ ਦਿੱਤਾ।

ਸਾਲ 1989 ਵਿਚ ਚੀਨ ਦੇ ਤਿਆਨੈਮੇਨ ਚੌਕ ਵਿਚ ਹੋਇਆ ਨਰਸੰਹਾਰ ਚੀਨ ਦਾ ਜਲਿਆਂਵਾਲਾ ਬਾਗ ਸੀ, ਜਿਸ ਵਿਚ 300 ਤੋਂ ਜ਼ਿਆਦਾ ਵਿਦਿਆਰਥੀ ਮਾਰੇ ਗਏ ਸਨ। ਚੀਨ ਭਲਾਂ ਹੀ ਕਾਫੀ ਲੋਕਾਂ ਨੂੰ ਗਰੀਬੀ ਰੇਖਾ ਤੋਂ ਉਪਰ ਉਠਾਉਣ ਵਿਚ ਸਫਲ ਰਿਹਾ ਹੈ, ਪਰ ਉਥੋਂ ਦੇ ਗਰੀਬ ਵੀ ਆਜ਼ਾਦੀ ਦੀ ਆਸ ਲਈ ਬੈਠੇ ਹਨ। ਇਸ ਵਿਚ ਕੋਈ ਦੋ ਰਾਏ ਨਹੀਂ ਕਿ ਚੀਨ ਨੇ ਸਾਰਿਆਂ ਬੱਚਿਆਂ ਨੂੰ ਚੰਗੀ ਸਿੱਖਿਆ ਮੁਹੱਈਆ ਕਰਵਾ ਕੇ ਬਰਾਬਰ ਮੌਕਾ ਦੇਣ ਦਾ ਚੰਗਾ ਕਾਰਜ ਕੀਤਾ ਹੈ। ਇਸ ਦੇ ਉਲਟ ਲੋਕਤੰਤਰਿਕ ਭਾਰਤ ਦਾ ਪ੍ਰਦਰਸ਼ਨ ਬੁਰਾ ਰਿਹਾ ਹੈ। ਅਸੀਂ ਮੌਕੇ ਉਪਲਬਧ ਕਰਵਾਉਣ ਲਈ ਕੋਟਾ ਅਤੇ ਰਿਜ਼ਰਵੇਸ਼ਨ ਨੂੰ ਜ਼ਰੀਆ ਚੁਣਿਆ। ਇਸ ਨਾਲ ਮਾਇਆਵਤੀ ਦਾ ਉਭਾਰ ਜ਼ਰੂਰ ਹੋਇਆ ਅਤੇ ਦਲਿਤਾਂ ਨੂੰ ਕੁਝ ਹਦ ਤਕ ਮਾਣ ਹਾਸਲ ਹੋਇਆ ਪਰ ਬਿਹਤਰ ਸਿੱਖਿਆ ਦਾ ਕੋਈ ਤੋੜ ਨਹੀਂ ਹੈ, ਜਿਸ ਨਾਲ ਰੋਜ਼ਗਾਰ ਦੇ ਚੰਗੇ ਮੌਕੇ ਮਿਲਦੇ ਹਨ। ਪਰ ਭਾਰਤ ਦਾ ਤਰੀਕਾ ਕਿਤੇ ਜ਼ਿਆਦਾ ਟਿਕਾਊ ਹੈ, ਕਿਉਂਕਿ ਇਥੋਂ ਦੇ ਲੋਕਾਂ ਨੇ ਜ਼ਮੀਨ ਤੋਂ ਉਠ ਕੇ ਸਫਲਤਾ ਦੀ ਇਬਾਰਤ ਲਿਖੀ ਹੈ, ਜਦਕਿ ਚੀਨ ਦੀ ਸਫਲਤਾ ਦਾ ਸਿਹਰਾ ਉਥੋਂ ਦੇ ਪ੍ਰਭਾਵੀ ਸ਼ਾਸਨ ਨੂੰ ਜਾਂਦਾ ਹੈ। ਇਸ ਮਾਮਲੇ ਵਿਚ ਚੀਨ ਦੀ ਹਾਲਤ ਨਾਜ਼ੁਕ ਹੈ, ਕਿਉਂਕਿ ਨੇਤਾ ਕਦੇ ਵੀ ਬਦਲ ਸਕਦੇ ਹਨ। ਸਾਡੀ ਸਰਕਾਰ ਨੇ ਕਈ ਤਰ੍ਹਾਂ ਦੀਆਂ ਅਸਫਲਤਾਵਾਂ ਦੇ ਬਾਵਜੂਦ ਸਾਲ 1991 ਵਿਚ ਜਨਤਾ ਨੂੰ ਜਿਹੜਾ ਰਸਤਾ ਦਿਖਾਇਆ, ਉਸ ਦਾ ਕੋਈ ਸਾਨੀ ਨਹੀਂ ਹੈ।

ਜਨਤਾ ਨੇ ਵੀ ਸੁਧਾਰਾਂ ਦਾ ਸਵਾਗਤ ਕੀਤਾ ਅਤੇ ਭਾਰਤੀ ਅਰਥ-ਵਿਵਸਥਾ ਨੂੰ ਦੂਸਰੀ ਸਭ ਤੋਂ ਤੇਜ਼ ਰਫਤਾਰ ਨਾਲ ਵਧਾਉਣ ਵਾਲੀ ਅਰਥਵਿਵਸਥਾ ਵਿਚ ਬਦਲ ਦਿੱਤਾ। ਇਸ ਦਾ ਰਸਤਾ ਹੌਲੀ ਜ਼ਰੂਰੀ ਹੈ, ਪਰ ਟਿਕਾਊ ਹੈ। ਚੀਨ ਦੇ ਹਫਣ ਦੀ ਸੰਭਾਵਨਾ ਵੀ ਬਰਾਬਰ ਹੈ।

# ਚੰਮ ਦੀਆਂ ਚਲਾਉਣ ਵਾਲਿਆਂ ਦੇ ਹਸ਼ਰ

**ਲਿਖਤੁਮ**



ਤਰਲੋਚਨ ਸਿੰਘ ਦੁਪਾਲਪੁਰ

***ਸਵੇਰ ਹੁੰਦਿਆਂ ਹੀ ਮਾਸ਼ਕੀ ਰਾਜ ਮਹਿਲੀਂ ਜਾ ਵੜਿਆ। ਸਾਰੇ ਦਰਬਾਰੀ, ਅਹਿਲਕਾਰਾਂ ਵਲੋਂ ਝੁਕ ਝੁਕ ਸਲਾਮਾਂ ਹੋਣ ਲੱਗੀਆਂ। ਸ਼ਾਹੀ ਤਖਤ 'ਤੇ ਬਹਿੰਦਿਆਂ ਸਾਰ 'ਮਾਸ਼ਕੀ ਮਹਾਰਾਜੇ' ਨੇ ਪਹਿਲਾਂ ਹੁਕਮ ਸਾਦਰ ਕੀਤਾ ਕਿ ਚਮੜੇ ਦੀਆਂ ਮਸ਼ਕਾਂ ਕੱਟ ਕੱਟ ਕੇ, ਇਨ੍ਹਾਂ ਦੇ ਰੁਪਏ ਸਿੱਕੇ ਆਦਿਕ ਬਣਾਏ ਜਾਣ। ਝੱਟ ਹੁਕਮ ਦੀ ਤਾਮੀਲ ਹੋ ਗਈ। ਮੁਨਾਦੀ ਕਰਵਾ ਦਿੱਤੀ ਗਈ ਕਿ ਅੱਜ ਸਾਰਾ ਦਿਨ 'ਚੰਮ ਦੀ ਕਰੰਸੀ' ਚੱਲੇਗੀ। ਸੋਨੇ ਚਾਂਦੀ ਜਿਹੀਆਂ ਅਤਿ ਕੀਮਤੀ ਧਾਤਾਂ ਦੇ ਸਿੱਕਿਆਂ ਨਾਲ ਬਣੇ ਹੋਏ ਰੁਪਏ ਸਿੱਕੇ ਨਾਲ ਵਪਾਰ ਕਰਨ ਵਾਲੇ ਜਿਨ੍ਹਾਂ ਵਪਾਰੀਆਂ ਨੇ ਨਫਰਤ ਕਰਦਿਆਂ ਚਮੜੇ ਦੇ ਸਿੱਕੇ ਲੈਣੋਂ ਇਨਕਾਰ ਕੀਤਾ, ਫੌਰਨ ਜੇਲ੍ਹਾਂ ਵਿਚ ਤੁੰਨ ਸੁੱਟੇ। ਦੁਨੀਆਂ ਦੇ ਇਤਿਹਾਸ ਵਿਚ ਪਹਿਲੀ ਵਾਰ 'ਚੰਮ ਦੀਆਂ ਚੱਲਦੀਆਂ' ਦੇਖ ਕੇ ਲੋਕੀਂ ਦੰਦਾਂ ਹੇਠ ਜੀਭਾਂ ਦੇਣ ਲੱਗੇ। ਬੱਸ ਇੱਥੋਂ ਹੀ ਚੰਮ ਦੀਆਂ ਚਲਾਉਣ ਵਾਲੀ ਕਹਾਵਤ ਦਾ ਵਜੂਦ ਬਣ ਗਿਆ। ਕਿਉਂਕਿ ਇਹ ਜੱਗੋਂ ਤੇਰ੍ਹਵੀਂ ਹੋਈ ਸਿਰਫ ਇਕ ਦਿਨ ਲਈ ਹੀ ਸੀ, ਇਸ ਲਈ ਇਹ ਪੱਥਰ 'ਤੇ ਲੀਕ ਵਰਗੀ ਸੱਚਾਈ ਵੀ ਇਸ ਅਖੌਤ ਦੇ ਨਾਲ ਹੀ ਜੁੜ ਗਈ ਕਿ ਚੰਮ ਦੀਆਂ ਬਹੁਤ ਥੋੜ੍ਹੇ ਸਮੇਂ ਲਈ ਹੀ ਚੱਲਦੀਆਂ ਨੇ...।***

ਬਗੈਰ ਕਿਸੇ ਤਰ੍ਹਾਂ ਦੇ ਤਰੱਦਦ ਕਰਨ ਤੋਂ, ਚੰਮ ਦੀਆਂ ਚਲਾਉਣ ਵਾਲਿਆਂ ਦੇ ਦਰਸ਼ਨ-ਦੀਦਾਰੇ ਸੌਖਿਆਂ ਹੀ ਕੀਤੇ ਜਾ ਸਕਦੇ ਹਨ। ਆਮ ਘਰਾਂ ਤੋਂ ਲੈ ਕੇ ਦਫਤਰਾਂ ਤੱਕ, ਪੰਚਾਇਤਾਂ ਤੋਂ ਲੈ ਕੇ ਵਜ਼ੀਰਾਂ ਦੀਆਂ ਕੈਬਨਿਟਾਂ ਤੱਕ, ਸਕੂਲਾਂ ਤੋਂ ਯੂਨੀਵਰਸਿਟੀਆਂ ਤੱਕ ਅਤੇ ਅਨਪੜ੍ਹਾਂ ਤੋਂ ਲੈ ਕੇ ਕਈ ਕਈ ਡਿਗਰੀਆਂ ਦੇ ਮਾਲਕਾਂ ਤੱਕ, ਚੰਮ ਦੀਆਂ ਚਲਾਉਣ ਵਾਲਿਆਂ ਦੀ ਹਮੇਸ਼ਾਂ ਹੀ ਕਪਾਹ ਖਿੜੀ ਰਹਿੰਦੀ ਹੈ। ਕਿਸੇ ਘਰ ਵਿਚ ਸੱਸ ਚੰਮ ਦੀਆਂ ਚਲਾਉਂਦੀ ਹੈ, ਕਿਸੇ ਘਰ ਵਿਚ ਨੂੰਹ। ਕਿਸੇ ਘਰ ਵਿਚ ਜ਼ਮੀਨ-ਜਾਇਦਾਦ ਦੇ ਰੋਅਬ ਕਾਰਨ ਛੜੇ ਚਾਚੇ-ਤਾਏ ਵੀ ਖੂਬ ਚੰਮ ਦੀਆਂ ਚਲਾਉਂਦੇ ਨੇ। ਕਿਸੇ ਦਫਤਰ ਵਿਚ ਆਪਣੇ ਉਤਲੇ ਬੌਸ ਦੀ ਚਮਚਾਗਿਰੀ ਕਰਕੇ ਜਾਂ ਉਸ ਦੀ ਕਿਸੇ ਖਾਸ ਕਮਜ਼ੋਰੀ ਦਾ ਲਾਭ ਉਠਾਉਂਦਿਆਂ ਹੋਇਆਂ, ਹੇਠਲੇ ਸਟਾਫ ਵਿਚੋਂ ਕੋਈ ਨਾ ਕੋਈ ਚੌਧਰਪੁਣੇ ਦਾ ਭੁੱਖਾ ਨਿੱਤਰ ਹੀ ਪੈਂਦਾ ਹੈ ਇਹ ਖੇਡ ਖੇਡਣ ਵਾਸਤੇ।

ਵਿਦੇਸ਼ੀ ਕਾਨੂੰਨਾਂ ਦੀ ਓਟ ਵਿਚ ਚੰਮ ਦੀਆਂ ਚਲਾ ਰਹੀ ਆਪਣੀ ਔਲਾਦ ਨੂੰ ਦੇਖਦਿਆਂ, ਝੂਰਦੇ ਹੋਏ ਮਾਂ-ਬਾਪ ਪੰਜਾਬ ਨੂੰ ਚੇਤੇ ਕਰਦੇ ਰਹਿੰਦੇ ਹਨ। ਸਾਡੇ ਦੇਸ਼ ਨੂੰ ਭਾਵੇਂ ਸਭ ਤੋਂ ਵੱਡਾ ਲੋਕਤੰਤਰੀ ਮੁਲਕ ਕਿਹਾ ਜਾਂਦਾ ਹੈ, ਪਰ ਉੱਥੇ ਦੇ ਹਾਕਮ ਵੋਟਾਂ ਤੋਂ ਬਾਅਦ ਪੰਜ ਸਾਲਾਂ ਲਈ ਚੰਮ ਦੀਆਂ ਹੀ ਚਲਾਉਂਦੇ ਹਨ। ਇਸੇ ਕਰਕੇ ਉੱਥੇ ਚੁਰਾਸੀ ਦੇ ਸਿੱਖ ਕਤਲੇਆਮ ਅਤੇ ਗੁਜਰਾਤੀ ਮੁਸਲਮਾਨਾਂ ਦੇ ਨਰਸੰਘਾਰ ਜਿਹੇ ਘਿਨਾਉਣੇ ਕਾਰਨਾਮੇ ਹੁੰਦੇ ਰਹਿੰਦੇ ਨੇ।

ਮੇਰਾ ਖਿਆਲ ਹੈ ਕਿ ਚੰਮ ਦੀਆਂ ਚਲਾਉਣ ਵਾਲਿਆਂ ਦੇ ਅਜੀਬੋ-ਗਰੀਬ ਕਿੱਸੇ ਛੇੜਨ ਤੋਂ ਪਹਿਲਾਂ ਆਪਾਂ ਇਹ ਜਾਣ ਲਈਏ ਕਿ ਇਸ ਕਹਾਵਤ ਦਾ ਮੁੱਢ ਕਿੱਥੇ ਤੇ ਕਿਵੇਂ ਬੱਝਿਆ? ਇਸ ਤੋਂ ਬਾਅਦ ਹੀ ਇਤਿਹਾਸ ਦੀਆਂ ਪੈੜਾਂ ਵਿਚ ਖਾਮੋਸ਼ ਪਏ ਉਨ੍ਹਾਂ ਪੁਰਸ਼ਾਂ ਅਤੇ ਪੁਰਸ਼ਣੀਆਂ ਦੀਆਂ ਕਰਤੂਤਾਂ 'ਤੇ ਨਜ਼ਰ ਘੁਮਾਵਾਂਗੇ ਜਿਨ੍ਹਾਂ ਆਪਣੀ ਆਪਣੀ 'ਜੋਬਨ ਰੁੱਤੇ' ਪਤਾ ਨਹੀਂ ਕਿੰਨੇ ਘਰਾਂ ਦੇ ਚਿਰਾਗ ਬੁਝਾਏ, ਕਿਤਨਿਆਂ ਦਾ ਜਿਊਣਾ ਦੁੱਭਰ ਕਰੀ ਰੱਖਿਆ।

ਉਦੋਂ ਦੀ ਗੱਲ ਹੈ, ਜਿਸ ਸਮੇਂ ਦਿੱਲੀ ਦੇ ਤਖਤ ਉੱਤੇ ਮੁਗਲ ਹਾਕਮ ਮੁਹੰਮਦ ਸ਼ਾਹ ਰੰਗੀਲਾ ਬੈਠਾ ਸੀ। ਸਿਰੇ ਦਾ ਰੰਗੀਨ-ਮਿਜ਼ਾਜ਼ ਹੋਣ ਕਰਕੇ ਹੀ ਜਨਤਾ ਵਿਚ ਇਸ ਬਾਦਸ਼ਾਹ ਦਾ ਤਖੱਲਸ 'ਰੰਗੀਨ' ਹੀ ਪ੍ਰਸਿੱਧ ਸੀ। ਅੱਯਾਸ਼ ਇਤਨਾ ਕਿ ਸੁੰਦਰ ਔਰਤਾਂ ਨੂੰ ਅੰਗ-ਰੱਖਿਅਕਾਂ ਵਾਂਗ ਹਮੇਸ਼ਾ ਨਾਲ ਰੱਖਦਾ। ਇਸ ਦੇ ਮਹਿਲਾਂ ਵਿਚ ਹਮੇਸ਼ਾ ਸ਼ਰਾਬ ਦੇ ਵੱਡੇ ਹੌਦ ਭਰੇ ਰਹਿੰਦੇ ਸਨ। ਪ੍ਰਸਿੱਧ ਕਹਾਵਤ 'ਹਾਲੇ ਦਿੱਲੀ ਦੂਰ ਹੈ।' ਇਸੇ ਰੰਗੀਲੇ ਨਾਲ ਹੀ ਸਬੰਧਤ ਹੈ। ਕਹਿੰਦੇ ਨੇ ਜਦੋਂ ਵੀ ਇਸ ਦੇ ਸੈਨਿਕ-ਕਮਾਂਡਰ, ਅਫਗਾਨਿਸਤਾਨ ਵਲੋਂ ਦਿੱਲੀ ਵਲ ਨੂੰ ਵਧਦੀਆਂ ਆ ਰਹੀਆਂ ਧਾੜਵੀ ਫੌਜਾਂ ਬਾਰੇ ਰੰਗੀਲੇ ਨੂੰ ਜਾਣਕਾਰੀ ਦਿੰਦੇ ਤਾਂ ਇਹ ਅਗਿਉਂ ਨਸ਼ੇ ਦੀ ਲੋਰ ਵਿਚ ਮਸਤ ਹੋਇਆ ਧਾੜਵੀਆਂ ਦੀ ਦਿੱਲੀ ਤੋਂ ਦੂਰੀ ਪੁੱਛ ਕੇ, ਇਉਂ ਆਖ ਛੱਡਦਾ-"ਹਨੂਜ਼ ਦਿੱਲੀ ਦੂਰ ਅਸਤ।" (ਭਾਵ 'ਹਾਲੇ ਦਿੱਲੀ ਦੂਰ ਹੈ')

ਇਕ ਸ਼ਾਮ ਇਹ ਨਸ਼ੱਈ ਹਾਲਤ ਵਿਚ ਘੋੜੇ 'ਤੇ ਚੜ੍ਹ ਕੇ ਜਮਨਾ ਦਰਿਆ ਕੰਢੇ ਸੈਰ-ਸਪਾਟਾ ਕਰ ਰਿਹਾ ਸੀ। ਸ਼ਾਮ ਦੇ ਘੁਸਮੁਸੇ ਵਿਚ ਘੋੜੇ ਦਾ ਹਿਣਕਣਾ ਸੁਣ ਕੇ, ਝਾੜੀਆਂ ਵਿਚ ਬੈਠਾ ਕੋਈ ਪਰਿੰਦਾ, ਇਕ ਦਮ ਫੁਰਰ ਕਰਕੇ ਉਡਿਆ। ਡਰ ਕੇ ਘੋੜਾ ਐਸਾ ਤ੍ਰਭਕਿਆ ਕਿ ਸਣੇ ਅਸਵਾਰ ਦਰਿਆ ਵਿਚ ਜਾ ਡਿੱਗਾ। ਇਸ ਦੇ ਨਾਲ ਤੁਰੇ ਹੋਏ ਅੱਯਾਸ਼ੀ ਟੋਲੇ ਨੂੰ ਤੈਰਨਾ ਨਹੀਂ ਸੀ ਆਉਂਦਾ। ਸਾਰਿਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਦੇਵਨੇਤ ਨਾਲ ਲਾਗੇ ਹੀ ਇਕ ਮਾਸ਼ਕੀ ਆਪਣੀ ਮਸ਼ਕ ਵਿਚ ਪਾਣੀ ਭਰ ਰਿਹਾ ਸੀ। ਉਸ ਨੇ ਬਾਦਸ਼ਾਹ ਨੂੰ ਬਚਾਉਣ ਲਈ ਸਣ-ਕੱਪੜੀ ਪਾਣੀ ਦੇ ਤੇਜ ਵਹਾਅ 'ਚ ਛਾਲ ਮਾਰ ਦਿੱਤੀ। ਉਹ ਰੰਗੀਲੇ ਨੂੰ ਬਾਹਰ ਕੱਢ ਲਿਆਇਆ। ਖੁਸ਼ੀ ਨਾਲ ਖੀਵਾ ਹੁੰਦਿਆਂ ਉਸ ਨੇ ਮਾਸ਼ਕੀ ਨੂੰ ਕੁਝ ਮੰਗਣ ਲਈ ਆਖਿਆ। ਗਰੀਬ ਮਾਸ਼ਕੀ ਦੇ ਮਨ ਵਿਚ ਪਤਾ ਨਹੀਂ ਕੀ ਆਈ, ਉਹ ਹੱਥ ਜੋੜ ਕੇ ਬਾਦਸ਼ਾਹ ਨੂੰ ਕਹਿਣ ਲੱਗਾ- "ਜੀ ਹਜ਼ੂਰ, ਜੇ ਤੁੱਠੇ ਹੋ ਤਾਂ ਮੈਨੂੰ ਇਕ ਦਿਨ ਲਈ ਦਿੱਲੀ ਦੇ ਤਖ਼ਤ ਉੱਤੇ ਬਹਿਣ ਦਾ ਮੌਕਾ ਦੇ ਦਿਉ!"

ਇੱਥੇ ਕਿਹੜਾ ਕਿਸੇ ਨੂੰ ਪੁੱਛਣ ਦੀ ਲੋੜ ਸੀ, ਬਾਦਸ਼ਾਹ ਨੇ 'ਹਾਂ' ਵਿਚ ਸਿਰ ਹਿਲਾ ਦਿੱਤਾ- "ਠੀਕ ਹੈ, ਕਲ੍ਹ ਸਵੇਰ ਤੋਂ ਸ਼ਾਮ ਤੱਕ ਤੂੰ ਦੇਸ਼ ਦਾ ਹੁਕਮਰਾਨ ਹੋਵੇਂਗਾ!"

ਸਵੇਰ ਹੁੰਦਿਆਂ ਹੀ ਮਾਸ਼ਕੀ ਰਾਜ ਮਹਿਲੀਂ ਜਾ ਵੜਿਆ। ਸਾਰੇ ਦਰਬਾਰੀ, ਅਹਿਲਕਾਰਾਂ ਵਲੋਂ ਝੁਕ ਝੁਕ ਸਲਾਮਾਂ ਹੋਣ ਲੱਗੀਆਂ। ਸ਼ਾਹੀ ਤਖਤ 'ਤੇ ਬਹਿੰਦਿਆਂ ਸਾਰ 'ਮਾਸ਼ਕੀ ਮਹਾਰਾਜੇ' ਨੇ ਪਹਿਲਾਂ ਹੁਕਮ ਸਾਦਰ ਕੀਤਾ ਕਿ ਚਮੜੇ ਦੀਆਂ ਮਸ਼ਕਾਂ ਕੱਟ ਕੱਟ ਕੇ, ਇਨ੍ਹਾਂ ਦੇ ਰੁਪਏ ਸਿੱਕੇ ਆਦਿਕ ਬਣਾਏ ਜਾਣ। ਝੱਟ ਹੁਕਮ ਦੀ ਤਾਮੀਲ ਹੋ ਗਈ। ਮੁਨਾਦੀ ਕਰਵਾ ਦਿੱਤੀ ਗਈ ਕਿ ਅੱਜ ਸਾਰਾ ਦਿਨ 'ਚੰਮ ਦੀ ਕਰੰਸੀ' ਚੱਲੇਗੀ। ਸੋਨੇ ਚਾਂਦੀ ਜਿਹੀਆਂ ਅਤਿ ਕੀਮਤੀ ਧਾਤਾਂ ਦੇ ਸਿੱਕਿਆਂ ਨਾਲ ਬਣੇ ਹੋਏ ਰੁਪਏ ਸਿੱਕੇ ਨਾਲ ਵਪਾਰ ਕਰਨ ਵਾਲੇ ਜਿਨ੍ਹਾਂ ਵਪਾਰੀਆਂ ਨੇ ਨਫਰਤ ਕਰਦਿਆਂ ਚਮੜੇ ਦੇ ਸਿੱਕੇ ਲੈਣੋਂ ਇਨਕਾਰ ਕੀਤਾ, ਫੌਰਨ ਜੇਲ੍ਹਾਂ ਵਿਚ ਤੁੰਨ ਸੁੱਟੇ। ਦੁਨੀਆਂ ਦੇ ਇਤਿਹਾਸ ਵਿਚ ਪਹਿਲੀ ਵਾਰ 'ਚੰਮ ਦੀਆਂ ਚੱਲਦੀਆਂ' ਦੇਖ ਕੇ ਲੋਕੀਂ ਦੰਦਾਂ ਹੇਠ ਜੀਭਾਂ ਦੇਣ ਲੱਗੇ। ਬੱਸ ਇੱਥੋਂ ਹੀ ਚੰਮ ਦੀਆਂ ਚਲਾਉਣ ਵਾਲੀ ਕਹਾਵਤ ਦਾ ਵਜੂਦ ਬਣ ਗਿਆ, ਕਿਉਂਕਿ ਇਹ ਜੱਗੋਂ ਤੇਰ੍ਹਵੀਂ ਹੋਈ ਸਿਰਫ ਇਕ ਦਿਨ ਲਈ ਹੀ ਸੀ, ਇਸ ਲਈ ਇਹ ਪੱਥਰ 'ਤੇ ਲੀਕ ਵਰਗੀ ਸੱਚਾਈ ਵੀ ਇਸ ਅਖੌਤ ਦੇ ਨਾਲ ਹੀ ਜੁੜ ਗਈ ਕਿ ਚੰਮ ਦੀਆਂ ਬਹੁਤ ਥੋੜ੍ਹੇ ਸਮੇਂ ਲਈ ਹੀ ਚੱਲਦੀਆਂ ਹੁੰਦੀਆਂ ਨੇ, ਜ਼ਿਆਦਾ ਦੇਰ ਤੱਕ ਨਹੀਂ।

ਸਦਾ ਮੌਜ-ਮਸਤੀਆਂ 'ਚ ਗਲਤਾਨ ਰਹਿਣ ਵਾਲੇ ਰੰਗੀਲੇ ਨੇ ਇਕ ਦਫਾ ਆਪਣੀ ਬੇਗਮ ਦਾ, ਡੁੱਬਦੀ ਬੇੜੀ ਦੇਖਣ ਵਾਲਾ 'ਸ਼ੌਕ' ਪੂਰਾ ਕਰਦਿਆਂ, ਜਮਨਾ ਦਰਿਆ 'ਚ ਠਿੱਲ੍ਹੀ ਹੋਈ ਇਕ ਬੇੜੀ ਨੂੰ ਪਲਟਾ ਦੇਣ ਦਾ ਹੁਕਮ ਚਾੜ੍ਹ ਦਿੱਤਾ ਸੀ। ਡੁਬੋਈ ਜਾਣ ਵਾਲੀ ਬੇੜੀ ਦੇ ਸਵਾਰਾਂ ਵਿਚ ਇਕ ਗਰਭਵਤੀ ਬੀਬੀ ਦੀਆਂ ਮਿੰਨਤਾਂ ਤੇ ਹਾੜ੍ਹਿਆਂ ਨੂੰ ਅਣਡਿੱਠ ਕਰਕੇ, ਬੇਗਮ ਦਾ ਸ਼ੌਕ ਪੂਰਿਆ ਗਿਆ। ਜਮਨਾ ਦੇ ਤੇਜ਼ ਪਾਣੀਆਂ ਵਿਚ ਡੁੱਬਦੀ ਜਾਂਦੀ ਉਸ ਬੇ-ਗੁਨਾਹ ਔਰਤ ਨੇ ਬਦ-ਅਸੀਸਾਂ ਦਿੱਤੀਆਂ- "ਹੈ ਅੱਲ੍ਹਾ, ਸਾਨੂੰ ਬੇ-ਦੋਸ਼ਿਆਂ ਨੂੰ ਡੋਬ ਕੇ ਜਿਸ ਦੀ ਰੀਝ ਪੂਰੀ ਕੀਤੀ ਗਈ ਹੈ ਰੱਬ ਕਰੇ ਉਸਦਾ ਅੰਤ ਵੀ ਇਸੇ ਜਮਨਾ ਵਿਚ ਹੀ ਡੁਬਦਿਆਂ ਹੋਵੇ।" ਉਸ ਬਦਨਸੀਬ ਔਰਤ ਦਾ ਸਰਾਪ ਛੇਤੀ ਪੂਰਾ ਹੋ ਗਿਆ। ਅਫਗਾਨ ਧਾੜਵੀਆਂ ਨੇ ਰੰਗੀਲੇ ਨੂੰ ਕਤਲ ਕਰਨ ਉਪਰੰਤ ਉਸ ਦੀਆਂ ਬੇਗਮਾਂ ਨੂੰ ਜਮਨਾ ਦਰਿਆ ਵਿਚ ਗੋਤੇ ਦੇ ਦੇ ਕੇ ਪਾਰ ਬੁਲਾਇਆ।

ਦੀਵਾਨ ਚੰਦੂ ਨੇ ਜਿਸ ਲਾਹੌਰ ਸ਼ਹਿਰ ਵਿਚ ਵੇਲੇ ਦੀ ਹਕੂਮਤ ਦਾ ਹੱਥ-ਠੋਕਾ ਬਣ ਕੇ ਚੰਮ ਦੀਆਂ ਚਲਾਉਂਦਿਆਂ ਹੋਇਆਂ ਗੁੱਝੀਆਂ ਸਾਜਿਸ਼ਾਂ ਰਚ ਕੇ, ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸੀਸ 'ਤੇ ਗਰਮ ਰੇਤਾ ਪੁਆਇਆ, ਸੜਦੀ ਲੋਹ 'ਤੇ ਬਿਠਾ ਕੇ ਗੁਰੂ ਸਾਹਿਬ ਨੂੰ ਸ਼ਹੀਦ ਕੀਤਾ ਸੀ, ਉਸੇ ਲਾਹੌਰ ਦੀਆਂ ਗਲੀਆਂ ਵਿਚ ਜਦ ਉਸ ਦੇ ਨੱਕ 'ਚ ਨਕੇਲ ਪਾ ਕੇ, ਮਰੇ ਹੋਏ ਕੁੱਤੇ ਵਾਂਗ ਉਸਨੂੰ ਘੜੀਸਿਆ ਗਿਆ ਤਾਂ ਵਕਤ ਨੇ ਦੇਖਿਆ ਕਿ ਜਿਸ ਕੜਛੇ ਨਾਲ ਪੰਜਵੇਂ ਗੁਰੂ 'ਤੇ ਰੇਤ ਪਵਾਈ ਗਈ ਸੀ, ਉਸੇ ਕੜਛੇ ਨਾਲ ਚੰਦੂ ਪਾਪੀ ਦਾ ਸਿਰ ਫੇਹ ਦਿੱਤਾ ਗਿਆ।

ਅਕਬਰ ਬਾਦਸ਼ਾਹ ਦੇ ਦਰਬਾਰੀ 'ਰਤਨ' ਬੀਰਬਲ, ਜਿਸ ਦੀਆਂ ਚੁਸਤ-ਚਲਾਕੀਆਂ, ਹਾਜ਼ਰ-ਜਵਾਬੀਆਂ ਦੇ ਟਿੱਚਰ-ਕਿੱਸੇ ਸੁਣ ਸੁਣ ਕੇ ਅਸੀਂ ਰੱਜਦੇ ਨਹੀਂ, ਉਸ ਦੀ ਚਮਚਾ-ਗੀਰੀ ਵਾਲੀ ਮਿਸਾਲ ਸੁਣ ਲਉ। ਸੰਨ 1586 ਵਿਚ ਇਹ ਮੁਲਤਾਨ ਦੇ ਯੂਸਫਜ਼ਈ ਪਠਾਣਾਂ ਦੀ ਬਗਾਵਤ ਕੁਚਲਣ ਲਈ, ਲਾਮ-ਲਸ਼ਕਰ ਸਮੇਤ ਆਗਰੇ ਤੋਂ ਚੱਲਿਆ। ਅਕਬਰ ਦੀ ਖੁਸ਼ਨੂਦੀ ਹਾਸਲ ਕਰਨ ਦੀ ਮਨਸ਼ਾ ਨਾਲ ਇਸ ਨੇ ਮੁਲਤਾਨ ਵਲ ਜਾਂਦਿਆਂ ਜਾਂਦਿਆ ਖੱਤਰੀਆਂ ਦੇ ਹਰੇਕ ਘਰ ਤੋਂ ਇਕ ਇਕ ਰੁਪਈਆ ਉਗਰਾਹੁਣਾ ਸ਼ੁਰੂ ਕਰ ਲਿਆ ਪੰਜਾਬ ਦੇ ਅੰਮ੍ਰਿਤਸਰ ਸ਼ਹਿਰ ਵਿਚੀਂ ਲੰਘਣ ਵੇਲੇ ਇਸ ਨੇ ਉਨ੍ਹਾਂ ਖੱਤਰੀਆਂ ਪਾਸੋਂ ਰੁਪਈਏ ਮੰਗੇ ਜਿਨ੍ਹਾਂ ਨੇ ਸਿੱਖੀ ਗ੍ਰਹਿਣ ਕਰ ਲਈ ਸੀ। ਅਜਿਹੇ ਪਰਿਵਾਰਾਂ ਨੇ ਬੀਰਬਲ ਨੂੰ ਉਗਰਾਹੀ ਦੇਣ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਅਸੀਂ ਖੱਤਰੀ ਨਹੀਂ ਬਲਕਿ ਗੁਰੂ ਦੇ ਸਿੱਖ ਹਾਂ। ਅਕਬਰ ਦਾ ਨਵਾਂ ਚਲਾਇਆ ਧਰਮ, ਦੀਨੇ ਇਲਾਹੀ ਕਬੂਲ ਕਰ ਲੈਣ ਵਾਲਾ ਇਹ ਗੀਦੀ ਬ੍ਰਾਹਮਣ, ਹੈਂਕੜ 'ਚ ਆ ਕੇ ਕਹਿਣ ਲੱਗਾ- "ਹੁਣ ਤਾਂ ਮੈਂ ਜੰਗੀ-ਮੁਹਾਜ਼ 'ਤੇ ਜਾ ਰਿਹਾ ਹਾਂ, ਮੁੜ ਕੇ ਆਉਂਦਿਆਂ ਦੇਖਾਂਗਾ ਕਿ 'ਤੁਸੀਂ ਕੌਣ' ਹੁੰਦੇ ਹੋ?" ਸਿੱਖ ਚਿੰਤਾਤੁਰ ਹੋ ਕੇ ਗੁਰੂ ਅਰਜਨ ਜੀ ਪਾਸ ਪਹੁੰਚੇ ਤੇ ਕੁਝ ਉਪਾਅ ਕਰਨ ਲਈ ਬੇਨਤੀ ਕੀਤੀ। ਕਹਿੰਦੇ ਨੇ ਗੁਰੂ ਜੀ ਨੇ ਸਹਿਜ ਸੁਭਾਅ ਮੁਸਕਰਾਉਂਦਿਆਂ ਹੋਇਆਂ ਆਖਿਆ- "ਭਾਈ ਸਿੱਖੋ, ਚਿੰਤਾ ਨਾ ਕਰੋ, ਉਹ ਮੁੜਕੇ ਆਵੇਗਾ ਹੀ ਨਹੀਂ!" ਉਹੀ ਗੱਲ ਹੋਈ ਜਿਸ ਹਾਥੀ 'ਤੇ ਸਵਾਰ ਹੋ ਕੇ ਉਹ ਸੈਨਿਕਾਂ ਦੀ ਅਗਵਾਈ ਕਰ ਰਿਹਾ ਸੀ, ਉਸ ਹਾਥੀ ਦਾ ਪੈਰ ਪੁਰਾਣੀ ਕਬਰ ਵਿਚ ਧੱਸ ਗਿਆ। ਬੀਰਬਲ ਉੱਤੋਂ ਡਿਗ ਕੇ ਆਪਣੇ ਹੀ ਹਾਥੀ ਦੇ ਪੈਰਾਂ ਨਾਲ ਮਸਲਿਆ ਗਿਆ। ਵਾਪਸ ਮੁੜਦਿਆਂ ਉਸ ਨੂੰ ਚੰਮ ਦੀਆਂ ਚਲਾਉਣ ਦਾ ਮੌਕਾ ਹੀ ਨਹੀਂ ਮਿਲਿਆ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਭਾਗ ਸਮੇਂ ਡੋਗਰਿਆਂ ਦੀ ਢਾਣੀ, ਖ਼ਾਸ ਕਰਕੇ ਧਿਆਨ ਸਿੰਹੁ ਡੋਗਰੇ ਵਲੋਂ ਚੰਮ ਦੀਆਂ ਚਲਾਈਆਂ ਤੋਂ ਕੌਣ ਵਾਕਫ਼ ਨਹੀਂ? ਮਹਾਰਾਜੇ ਦੀਆਂ ਸਿੱਖ ਫੌਜਾਂ ਵਿਚ ਤਿੰਨ ਤਿੰਨ ਆਨੇ ਮਹੀਨੇ ਦੀ ਤਨਖਾਹ 'ਤੇ ਭਰਤੀ ਹੋਇਆ ਇਹ ਕਪਟੀ, ਵਧਦਾ ਵਧਦਾ ਸਿੱਖ ਰਾਜ ਦਾ ਕਰਤਾ-ਧਰਤਾ ਬਣ ਗਿਆ। ਇਸ ਦੁਸ਼ਟ ਵਲੋਂ ਚੰਮ ਦੀਆਂ ਚਲਾਉਣ ਦੀ ਬੜੀ ਲੰਬੀ ਤੇ ਦਰਦ ਭਰੀ ਦਾਸਤਾਨ ਹੈ ਜਿਸ ਨੂੰ ਪੜ੍ਹਨ ਲਈ ਸੋਹਣ ਸਿੰਘ 'ਸੀਤਲ' ਦੀ ਲਿਖੀ ਕਿਤਾਬ 'ਸਿੱਖ ਰਾਜ ਕਿਵੇਂ ਗਿਆ?' ਜ਼ਰੂਰ ਦੇਖਣੀ ਚਾਹੀਦੀ ਹੈ। ਲੇਕਿਨ ਜਦ ਗਿਆਨੀ ਗੁਰਮੁਖ ਸਿੰਘ ਦੀ 'ਨੇਕ ਸਲਾਹ' 'ਤੇ ਅਮਲ ਕਰਦਿਆਂ, ਲਾਹੌਰ ਕਿਲੇ ਵਿਚ ਸੰਧਾਵਾਲੀਏ ਭਰਾਵਾਂ ਨੇ ਇਸ ਦੀ ਛਾਤੀ ਵਿਚ ਗੋਲੀਆਂ ਮਾਰ ਕੇ ਥਾਏਂ ਸੁੱਟਿਆ ਤਾਂ ਇਸ ਨੇ ਡਿੱਗਦੇ ਸਾਰ 'ਹਾਏ ਪਾਣੀ!' ਆਖਿਆ। ਕਹਿੰਦੇ ਨੇ ਸਰਦਾਰ ਅਜੀਤ ਸਿੰਘ ਸੰਧਾਵਾਲੀਏ ਨੇ, ਪਲ ਪਲ ਪੀਲੇ ਹੁੰਦੇ ਜਾ ਰਹੇ ਧਿਆਨ ਸਿਹੁੰ ਦੇ ਚਿਹਰੇ ਵਲ ਦੇਖ ਕੇ ਵਿਅੰਗ ਨਾਲ ਪੁੱਛਿਆ- "ਰਾਜਾ ਜੀ, ਤੈਨੂੰ ਕਿਹੜਾ ਪਾਣੀ ਪਿਲਾਈਏ?...ਜਿਹੋ ਜਿਹਾ ਪਾਣੀ ਨੂੰ ਤੜਫ ਰਹੇ ਕੰਵਰ ਨੌਨਿਹਾਲ ਸਿੰਘ ਨੂੰ ਪਿਲਾਇਆ ਸੀ? ਜਿਹੋ ਜਿਹੇ ਪਾਣੀ ਵਿਚ ਤੂੰ ਕੱਚਾ ਸੰਖੀਆ ਘੋਲ ਕੇ ਸ਼ਹਿਜ਼ਾਦੇ ਖੜ੍ਹਕ ਸਿੰਘ ਨੂੰ ਦਿੱਤਾ ਸੀ? ਜਾਂ ਫਿਰ ਜਿਹੜਾ ਪਾਣੀ ਤੂੰ ਜ਼ਖਮੀ ਪੁੱਤ ਨੂੰ ਮਿਲਣ ਲਈ ਵਿਰਲਾਪ ਕਰਦੀ ਮਹਾਰਾਣੀ ਚੰਦ ਕੌਰ ਜਾਂ ਉਸ ਦੇ ਭਰਾ ਚੇਤ ਸਿੰਘ ਬਾਜਵੇ ਨੂੰ ਕਤਲ ਕਰਨ ਵੇਲੇ ਪਿਆਇਆ ਸੀ?"

ਰੱਬ ਜਾਣੇ, ਆਖਰੀ ਸਾਹ ਲੈ ਰਹੇ ਧਿਆਨ ਸਿਹੁੰ ਨੇ ਇਹ ਬੋਲ ਸੁਣੇ ਕਿ ਨਹੀਂ। ਪਰੰਤੂ ਵਕਤ ਨੇ, ਚੰਮ ਦੀਆਂ ਚਲਾਉਣ ਵਾਲੇ ਇਕ ਘ੍ਰਿਣਤ ਵਿਅਕਤੀ ਦੇ ਹਸ਼ਰ ਨਾਲ ਇਨ੍ਹਾਂ ਬੋਲਾਂ ਨੂੰ ਸਦੀਵ ਕਾਲ ਲਈ ਜੋੜ ਦਿੱਤਾ।

ਅੰਗਰੇਜ਼ਾਂ ਨੇ ਪੰਜਾਬ ਨੂੰ ਹਥਿਆਉਣ ਉਪਰੰਤ ਰਾਜੇ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਕੰਵਰ ਦਲੀਪ ਸਿੰਘ ਤੇ ਉਸ ਦੀ ਮਾਤਾ ਮਹਾਰਾਣੀ ਜਿੰਦਾਂ ਨੂੰ ਹਿਰਾਸਤ ਵਿਚ ਲੈ ਲਿਆ। ਇਸ ਹੋਣਹਾਰ ਸ਼ਹਿਜ਼ਾਦੇ ਦੇ ਮਨ ਵਿਚੋਂ 'ਬਾਦਸ਼ਾਹੀ ਦੀ ਬੂ' ਅਤੇ ਸਿੱਖ ਰਹੁ-ਰੀਤਾਂ ਕੱਢਣ ਲਈ ਭਾਵੇਂ ਇਕ ਭਜਨ ਲਾਲ ਨਾਂ ਦਾ ਬ੍ਰਾਹਮਣ, ਇਸ ਦਾ 'ਸੇਵਾਦਾਰ' ਨਿਯੁਕਤ ਕੀਤਾ ਗਿਆ ਸੀ। ਪਰ ਇਸ ਮਿਸ਼ਨ ਨੂੰ ਨੇਪਰੇ ਚਾੜ੍ਹਨ ਅਤੇ ਕੰਵਰ ਨੂੰ ਮਹਾਰਾਣੀ ਜਿੰਦਾਂ ਤੋਂ ਅਲੱਗ ਕਰਨ ਲਈ ਅੰਗਰੇਜ਼ ਅਫਸਰ ਮਿਸਟਰ ਲੌਗਨ ਅਤੇ ਉਸ ਦੀ ਪਤਨੀ ਲੇਡੀ ਲੌਗਨ, ਮੁੱਖ ਤੌਰ 'ਤੇ ਜ਼ਿੰਮੇਵਾਰ ਬਣਾਏ ਗਏ। ਲੌਗਨ-ਦੰਪਤੀ ਨੇ ਚੰਮ ਦੀਆਂ ਚਲਾਉਂਦਿਆਂ ਹੋਇਆਂ, ਇਕ ਤਾਂ ਕੰਵਰ ਨੂੰ ਸਿੱਖੀ ਤੋਂ ਦੂਰ ਕਰਕੇ ਈਸਾਈ ਬਣਾ ਧਰਿਆ। ਦੂਜਾ ਇਸ ਨੂੰ ਆਪਣੀ ਮਾਂ, ਜਿੰਦਾਂ ਨਾਲੋਂ ਵਿਛੋੜ ਦਿੱਤਾ ਗਿਆ। ਚੰਮ ਦੀਆਂ ਚਲਾਉਣ ਦੀ ਇੰਤਹਾ, ਇਕ ਦਿਨ ਕੰਵਰ ਦੇ ਕੇਸ ਕੱਟ ਕੇ ਲੇਡੀ ਲੌਗਨ ਨੂੰ ਭੇਂਟ ਕੀਤੇ ਗਏ। ਮਾਂ ਜਿਊਂਦੀ ਹੁੰਦਿਆਂ ਇਨ੍ਹਾਂ ਨੇ ਕੰਵਰ ਨੂੰ ਮਾਂ-ਮਹਿੱਟਰ ਬਣਾ ਦਿੱਤਾ। ਪਰ ਕੁਦਰਤ ਬੜੀ ਬਲਵਾਨ ਹੈ। ਗੁਰਬਾਣੀ ਫੁਰਮਾਨ ਹੈ-

ਪਾਪ ਕਮਾਂਵਦਿਆ ਤੇਰਾ ਕੋਇ ਨਾ ਬੇਲੀ ਰਾਮ॥

ਕੁਝ ਸਮੇਂ ਬਾਅਦ ਲੇਡੀ ਲੌਗਨ ਦੀ ਕੈਂਸਰ ਨਾਲ ਮੌਤ ਹੋ ਗਈ। ਕੰਵਰ ਦਲੀਪ ਸਿੰਘ ਦੇ ਮਾਮਲੇ 'ਚ ਨਿਰਦਈਆਂ ਵਾਂਗ ਚੰਮ ਦੀਆਂ ਚਲਾਉਣ ਵਾਲਾ ਅੰਗਰੇਜ਼ ਲੌਗਨ ਆਪਣੀ ਕਿਤਾਬ 'ਚ ਇਕ ਥਾਂ ਝੂਰਦਾ ਹੋਇਆ ਲਿਖਦਾ ਹੈ-

"ਦਫਤਰੋਂ ਘਰ ਆਉਣ ਸਮੇਂ ਮੇਰੇ ਮਾਂ-ਮਹਿੱਟਰ ਬੱਚੇ ਸਹਿਮੀਆਂ ਨਜ਼ਰਾਂ ਨਾਲ ਜਦ ਮੇਰੇ ਵਲ ਤੱਕਦੇ ਨੇ, ਤਾਂ ਮੈਨੂੰ ਉਨ੍ਹਾਂ ਦੀਆਂ ਅੱਖਾਂ 'ਚੋਂ ਕੰਵਰ ਦਲੀਪ ਸਿੰਘ ਦਿਖਾਈ ਦਿੰਦਾ ਹੈ। ਜਿਸ ਨੂੰ ਮੈਂ, ਉਸਦੀ ਜਿਊਂਦੀ ਮਾਂ ਨਾਲੋਂ ਵਿਛੋੜਿਆ ਸੀ-...ਮੈਂ ਸੋਚਦਾ ਹਾਂ ਕਿ ਰੱਬ ਨੇ ਮੇਰੇ ਕੀਤੇ ਦੀ, ਮੈਨੂੰ ਬਹੁਤ ਘੱਟ ਸਜ਼ਾ ਦਿੱਤੀ ਹੈ।" ਅਬ ਪਛਤਾਏ ਕਿਆ ਹੋਤ...!

ਚੰਮ ਦੀਆਂ ਚਲਾਉਂਦਿਆਂ ਵਜੀਦ ਖਾਨ ਸਰਹੰਦ ਨੇ ਮਾਸੂਮ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਵਾ ਕੇ ਸ਼ਹੀਦ ਕੀਤਾ। ਪਰ ਜਲਦੀ ਹੀ ਲੋਹੇ ਦਾ ਸੁਹਾਗਾ ਬਾਬਾ ਬੰਦਾ ਸਿੰਘ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੰਦਾ ਹੈ ਤੇ ਵਜ਼ੀਦ ਖਾਨ ਨੂੰ ਕੀਤੇ ਦੀ ਸਜ਼ਾ ਦਿੰਦਾ ਹੈ। ਬਾਬਾ ਬੰਦਾ ਸਿੰਘ ਨੂੰ ਗ੍ਰਿਫਤਾਰ ਕਰਕੇ ਭਿਆਨਕ ਤਸੀਹਿਆਂ ਨਾਲ ਸ਼ਹੀਦ ਕਰਨ ਵਾਲੇ ਫਰੁਖਸੀਅਰ ਦੀ ਮੌਤ ਵੀ ਲਾਲ ਕਿਲੇ ਦੀਆਂ ਕੋਠੜੀਆਂ ਵਿਚ, ਦੁਸ਼ਮਣਾਂ ਵਲੋਂ ਉਹਦੀਆਂ ਅੱਖਾਂ ਵਿਚ ਲੋਹੇ ਦੀਆਂ ਗਰਮ ਸਲਾਖਾਂ ਧੱਕਣ ਨਾਲ ਹੋਈ।

ਰੂਹਾਨੀਅਤ ਦੇ ਕੇਂਦਰ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾਵਰ ਬਣ ਕੇ ਕਈ ਚੰਮ ਦੀਆਂ ਚਲਾਉਣ ਵਾਲੇ ਆਏ, ਪਰ ਸਭ ਦਾ ਹਸ਼ਰ ਬੜਾ ਭੈੜਾ ਹੋਇਆ। ਮੱਸਾ ਰੰਘੜ, ਜਹਾਨ ਖਾਨ, ਅਬਦਾਲੀ ਤੇ ਸਾਡੇ ਸਮਿਆਂ ਵਿਚ ਇੰਦਰਾ ਗਾਂਧੀ, ਸੱਭ ਨੂੰ ਚੰਮ ਦੀਆਂ ਚਲਾਉਣ ਉਪਰੰਤ, ਆਪਣੀ ਜਾਨ ਤੋਂ ਹੀ ਹੱਥ ਧੋਣੇ ਪਏ। ਜਲ੍ਹਿਆਂਵਾਲੇ ਬਾਗ ਵਿਚ ਚੰਮ ਦੀਆਂ ਚਲਾਉਣ ਵਾਲੇ ਅਡਵਾਇਰ ਨੂੰ ਊਧਮ ਸਿੰਘ ਸੁਨਾਮ ਨੇ ਇੰਗਲੈਂਡ ਜਾ ਨੱਪਿਆ। ਬੱਬਰ ਅਕਾਲੀਆਂ ਨੇ ਆਪਣੇ ਵੇਲੇ ਦੇ ਸਰਦਾਰੀ ਟੋਡੀਆਂ, ਜ਼ੈਲਦਾਰਾਂ ਨੂੰ ਚੰਮ ਦੀਆਂ ਚਲਾਉਣ ਦੀ ਸਖ਼ਤ ਸਜ਼ਾ ਦਿੱਤੀ।

ਜਿਵੇਂ ਕਿਹਾ ਜਾਂਦਾ ਹੈ ਕਿ ਕਿਸੇ ਵੀ ਚੀਜ਼ ਦਾ ਬੀਜ਼ ਨਾਸ ਨਹੀਂ ਹੁੰਦਾ। ਇਵੇਂ ਹੀ ਅਤਿ-ਭੈੜਾ ਹਸ਼ਰ ਹੋਣ ਦੇ ਬਾਵਜੂਦ ਵੀ, ਆਪਣੀ ਆਈ 'ਤੇ ਆਏ ਹੈਂਕੜਬਾਜ਼ ਚੰਮ ਦੀਆਂ ਚਲਾਉਣ ਤੋਂ ਬਾਜ ਨਹੀਂ ਆਉਂਦੇ। ਵੋਟ-ਪ੍ਰਣਾਲੀ ਤਹਿਤ ਜਦੋਂ ਚੋਣਾਂ ਦੌਰਾਨ ਕਿਸੇ ਪਾਰਟੀ ਨੂੰ ਚੱਪਣੀ 'ਚ ਨੱਕ ਡੋਬਣ ਵਾਲੀ ਹਾਰ ਮਿਲਦੀ ਹੈ ਤਾਂ ਉਹ ਇਸ ਹਸ਼ਰ ਤੋਂ ਸਬਕ ਲੈਣ ਦੀ ਥਾਂ ਆਪਣੀਆਂ ਚੰਮ ਦੀਆਂ ਚਲਾਈਆਂ 'ਤੇ ਪਰਦਾ ਪਾਉਣ ਲਈ, ਆਨੇ-ਬਹਾਨੇ ਘੜਨ ਲੱਗ ਪੈਂਦੀਆਂ ਨੇ। ਸਿਆਸੀ ਲੋਕ ਨਹੀਂ ਜਾਣਦੇ-

ਖਿਜ਼ਾ ਜਬ ਆਏਗੀ, ਉਸ ਵਕਤ ਦੇਖਨਾ
ਵੋਹ ਕਿਆ ਕਰੇਗਾ
ਜੋ ਪੱਤੋਂ ਕੇ ਘਰ ਮੇਂ ਰਹਿਤਾ ਹੈ।

## ਰੁਪਿੰਦਰ ਮਾਨ ਦੀਆਂ ਦੋ ਕਵਿਤਾਵਾਂ

### *ਇਕਬਾਲੀਆ ਬਿਆਨ*

ਉਦੋਂ
ਜਦੋਂ ਸਾਰਾ ਸ਼ਹਿਰ ਅੱਗ ਦੇ ਭਾਂਬੜਾਂ 'ਚ
ਘਿਰਿਆ ਰੋ ਰਿਹਾ ਸੀ
ਸੜਕਾਂ ਲਹੂ ਦੇ ਵਹਿਣ ਲਈ ਦਰਿਆ
ਬਣ ਚੁੱਕੀਆਂ ਸਨ
ਘਰ ਜ਼ੁਲਮਾਂ ਦੇ ਬੱਦਲਾਂ 'ਚ ਘਿਰੇ
ਖਾਮੋਸ਼ ਹੋ ਗਏ ਸਨ
ਹਿੰਸਾ ਦੀ ਅੱਗ ਨਾਲ ਤਪਦੀ ਧਰਤੀ
ਅਮਨ ਦਾ ਮੀਂਹ ਮੰਗਦੀ ਸੀ
ਮੈਂ ਅਨੇਕਾਂ ਨਜ਼ਮਾਂ ਸਿਰਜ ਕੇ ਅਖ਼ਬਾਰਾਂ
ਰਸਾਲਿਆਂ ਲਈ
ਡਾਕ ਵਿਚ ਪਾ ਰਿਹਾ ਸਾਂ
ਜਿਨ੍ਹਾਂ 'ਚ ਜ਼ਿਕਰ ਹੁੰਦਾ ਸੀ
ਕੋਸੀ ਕੋਸੀ ਧੁੱਪ ਦਾ
ਮਖ਼ਮਲੀ ਘਾਹ ਦਾ
ਮਹਿਬੂਬ ਦੇ ਸਾਹਾਂ ਦਾ
ਅੱਖਾਂ ਦੀ ਚੁੱਪ ਦਾ
ਕੁੜੀਆਂ ਦੇ ਹੱਥਾਂ 'ਚ ਹੱਥ ਪਾ ਕੇ ਤੁਰਨ ਦਾ
ਜ਼ੁਲਫ਼ਾਂ ਸਹਿਲਾਉਣ ਦਾ
ਮਹਿਬੂਬ ਦੇ ਮੱਥੇ 'ਤੇ
ਚੰਨ ਵਾਹੁਣ ਦਾ
ਹੌਲੀ-ਹੌਲੀ ਉਸ ਦੇ ਨੇੜੇ ਜਾਣ ਦਾ,
ਆਉਣ ਦਾ
ਜਾਂ ਏਸੇ ਤਰ੍ਹਾਂ ਦਾ ਹੋਰ ਸਭ ਕੁਝ
ਜਿਸ ਨੂੰ ਤੁਸੀਂ ਹਵਾ ਨਾਲ ਗੱਲਾਂ ਕਰਨਾ
ਆਖ ਸਕਦੇ ਹੋ
ਮੱਚਦੇ ਸ਼ਹਿਰ ਬਾਰੇ ਕਾਗਜ਼ 'ਤੇ
ਇਕ ਵੀ ਹਰਫ਼ ਨਾ ਧਰ ਸਕਿਆ
ਘਰਾਂ 'ਚੋਂ ਉੱਠਦੇ ਧੂੰ ਦਾ
ਮਾਤਮ ਨਾ ਕਰ ਸਕਿਆ
ਉਦੋਂ
ਜਦੋਂ ਸਾਰਾ ਸ਼ਹਿਰ ਅੱਗ ਦੇ ਭਾਂਬੜਾਂ 'ਚ
ਘਿਰਿਆ ਰੋ ਰਿਹਾ ਸੀ
ਇਸ ਤਰ੍ਹਾਂ ਲਿਖਣਾ ਜਾਇਜ਼ ਨਾ ਸੀ
ਆਖਦਾ ਸਾਂ ਬੇਬਸੀ ਹੈ
ਮੰਨਦਾ ਹਾਂ ਬੁਜ਼ਦਿਲੀ ਸੀ

### *ਹੁਣ ਮੇਰੇ ਸੀਨੇ 'ਚ*

ਹੁਣ ਮੇਰੇ ਸੀਨੇ 'ਚ
ਸਾਡਾ ਇਤਿਹਾਸ ਧੜਕਦਾ ਹੈ
ਜ਼ਿਹਨ 'ਚ ਤੂੰ ਨਹੀਂ
ਮੁਕਤ ਹੋਣ ਦੀ ਇੱਛਾ ਨੱਚਦੀ ਹੈ
ਅੱਖਾਂ 'ਚ
ਸਮੁੰਦਰ ਤੋਂ ਡੂੰਘੇ ਹੌਕਿਆਂ ਦਾ
ਆਸਮਾਨ ਫੈਲਿਆ ਹੈ
ਦਿਲ 'ਚ
ਕਰੋੜਾਂ ਭਾਰਤੀਆਂ ਦੀਆਂ
ਛਲਕਦੀਆਂ ਅੱਖਾਂ ਦਾ
ਦਰਦ ਰਹਿੰਦਾ ਹੈ
ਹੁਣ ਮੈਨੂੰ ਤੇਰੀਆਂ ਨਿੱਕੀਆਂ-ਨਿੱਕੀਆਂ
ਖ਼ਾਹਿਸ਼ਾਂ ਦਾ ਨਹੀਂ
ਗੇਲੇ ਮਜ਼੍ਹਬੀ ਦੀ ਧੀ ਦੇ
ਵਿਆਹ ਦਾ ਝੋਰਾ ਹੈ
ਜੋ ਸੁਪਨੇ ਤਾਂ ਸਰਦਾਰਾਂ ਦੀ ਮੀਤ
ਵਰਗੇ ਹੀ ਲੈਂਦੀ
ਪਰ ਉਸ ਦਾ ਯਥਾਰਥ
ਚਰ੍ਹੀਆਂ 'ਚ ਰੁੱਗ-ਰੁੱਗ ਹੋ ਕੇ
ਕਿਰਦੀ ਉਸਦੀ ਇੱਜ਼ਤ ਹੈ।

## ਯੂਬਾ ਸਿਟੀ ਵਿਚ ਸਾਲਾਨਾ ਮੇਲਾ 24 ਮਈ ਨੂੰ

**ਯੂਬਾ ਸਿਟੀ:** ਇਥੇ ਪੰਜਾਬੀ ਅਮਰੀਕਨ ਵਿਰਾਸਤ ਸਭਾ ਯੂਬਾ ਸਿਟੀ ਵਲੋਂ ਹਰ ਵਰ੍ਹੇ ਕਰਵਾਏ ਜਾਂਦੇ ਸਭਿਆਚਾਰ ਮੇਲੇ ਵਿਚ ਐਤਕਾਂ ਵੀ ਪੰਜਾਬੀ ਸਭਿਆਚਾਰ ਦੇ ਸਾਰੇ ਰੰਗ ਵੇਖਣ ਨੂੰ ਮਿਲਣਗੇ। ਪ੍ਰਬੰਧਕਾਂ ਦੇ ਦਾਅਵੇ ਅਨੁਸਾਰ ਸਟਰ ਫ਼ੇਅਰ-ਗਰਾਉਂਡ ਵਿਚ ਆਉਂਦੀ 24 ਮਈ ਨੂੰ ਇਸ 15ਵੇਂ ਸਾਲਾਨਾ ਪੰਜਾਬੀ ਅਮਰੀਕਨ ਮੇਲੇ ਵਿਚ ਪੰਦਰਾਂ ਹਜ਼ਾਰ ਤੋਂ ਵੀ ਵੱਧ ਦਰਸ਼ਕ ਪਹੁੰਚਣਗੇ।

ਪੰਜਾਬੀ ਅਮਰੀਕਨ ਵਿਰਾਸਤ ਸਭਾ 1993 ਵਿਚ ਬੱਚਿਆਂ ਵਿਚ ਆਪਣੀ ਵਿਰਾਸਤ ਪ੍ਰਤੀ ਜਾਗ੍ਰਿਤੀ ਉਜਾਗਰ ਕਰਨ ਦੇ ਮੰਤਵ ਨਾਲ ਸਥਾਪਿਤ ਕੀਤੀ ਗਈ ਸੀ। ਪੰਜਾਬੀ ਅਮਰੀਕਨ ਮੇਲੇ ਵਿਚ ਸੈਂਕੜੇ ਸਥਾਨਕ ਕਲਾਕਾਰ, ਜਿਨ੍ਹਾਂ ਵਿਚ ਕੈਲੀਫੋਰਨੀਆ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀ ਰਵਾਇਤੀ ਪੰਜਾਬੀ ਲੋਕ ਨਾਚ ਜਿਵੇਂ ਭੰਗੜਾ, ਗਿੱਧਾ, ਝੂਮਰ, ਮਲਵਈ ਗਿੱਧਾ ਪੇਸ਼ ਕਰਨਗੇ। ਇਸ ਤੋਂ ਇਲਾਵਾ ਖਾਣੇ ਦੇ ਅਨੇਕਾਂ ਪੰਡਾਲ ਭਿੰਨ-ਭਿੰਨ ਪ੍ਰਕਾਰ ਦੇ ਸਵਾਦਿਸ਼ਟ ਪੰਜਾਬੀ ਅਤੇ ਦੱਖਣੀ ਏਸ਼ੀਆਈ ਖਾਣੇ ਉਪਲਭਧ ਕਰਵਾਉਣਗੇ। ਇਸ ਸਾਲ ਦੇ ਮੇਲੇ ਵਿਚ ਪੰਜਾਬੀ ਕਲਾਕਾਰ ਰਵਿੰਦਰ ਗਰੇਵਾਲ, ਦਵਿੰਦਰ ਦਿਓਲ, ਹਰਿੰਦਰ ਸੰਧੂ, ਗੁਰਲੇਜ ਅਖ਼ਤਰ, ਜੈਲੀ ਅਤੇ ਹਾਸਰਸ ਕਲਾਕਾਰ ਰਾਣਾ ਰਣਬੀਰ ਸਰੋਤਿਆਂ ਦਾ ਮਨੋਰੰਜਨ ਕਰਨਗੇ।

ਮੇਲੇ 'ਤੇ ਵਿਦਿਅਕ ਮਹੱਤਤਾ ਵਾਲੀਆਂ ਡਾਕੂਮੈਂਟਰੀਆਂ ਵੀ ਪ੍ਰਦਰਸ਼ਿਤ ਕੀਤੀਆਂ ਜਾਣਗੀਆਂ ਜਿਨ੍ਹਾਂ ਵਿਚ 'ਨਿਰਸਵਾਰਥ ਸੇਵਾ-ਜੀਵਨੀ ਭਗਤ ਪੂਰਨ ਸਿੰਘ', 'ਕਲਚਰਲ ਸਫ਼ਾਰੀ', 'ਅਨਿਆਂ ਦੀ ਯਾਦਗਾਰ - ਜੀਵਨੀ ਮਹਾਰਾਜਾ ਦੁਲੀਪ ਸਿੰਘ' ਸ਼ਾਮਿਲ ਹਨ।

# ਜੈਨਕੋ ਦਾ ਸਾਲਾਨਾ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ

**ਸਨੀਵੇਲ (ਸਰਬਜੋਤ ਸਿੰਘ ਸਵੱਦੀ):** ਗੁਰੂ ਨਾਨਕ ਇੰਜਨੀਅਰਿੰਗ ਕਾਲਜ ਲੁਧਿਆਣਾ ਦੇ ਸਾਬਕਾ ਵਿਦਿਆਰਥੀਆਂ ਦੀ ਸੰਸਥਾ 'ਜੈਨਕੋ' ਵਲੋਂ ਸਾਲਾਨਾ ਸਮਾਗਮ ਲੰਘੇ ਸਨਿਚਰਵਾਰ ਸਨੇਹਾ ਰੈਸਟੋਰੈਂਟ ਸਨੀਵੇਲ ਦੇ ਹਾਲ ਵਿਚ ਬਹੁਤ ਹੀ ਧੂਮਧਾਮ ਨਾਲ ਕਰਵਾਇਆ ਗਿਆ। ਇਸ ਸਮਾਗਮ ਦੀ ਸ਼ੁਰੂਆਤ ਸੰਸਥਾ ਦੇ ਪ੍ਰਧਾਨ ਸੁਖਦੀਪ ਸਿੰਘ (ਟੋਨੀ) ਗਰੇਵਾਲ ਨੇ ਆਏ ਸੱਜਣਾਂ ਨੂੰ ਜੀ ਆਇਆਂ ਕਹਿ ਕੇ ਕੀਤੀ।

ਇਸ ਤੋਂ ਬਾਅਦ ਜੈਨਕੋ ਦੇ ਮੈਂਬਰ ਮੇਹਰ ਮਾਹਲ ਨੇ ਇੱਕ ਡਾਕੂਮੈਂਟਰੀ ਮੂਵੀ ਦਿਖਾ ਕੇ ਜੈਨਕੋ ਸੰਸਥਾ ਸਥਾਪਤ ਹੋਣ ਤੋਂ ਲੈ ਕੇ ਹੁਣ ਤੱਕ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ। ਇਨ੍ਹਾਂ ਪ੍ਰਾਪਤੀਆਂ ਵਿਚ ਪ੍ਰਮੁੱਖ ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀ ਨਵੀਂ ਬਣ ਰਹੀ ਬਿਲਡਿੰਗ ਵਿਚ ਜੈਨਕੋ ਦਾ ਯੋਗਦਾਨ, ਨਵੇਂ ਆਏ ਵਿਦਿਆਰਥੀਆਂ ਨੂੰ ਅਮਰੀਕਾ ਵਿਚ ਨੌਕਰੀਆਂ ਦਿਵਾਉਣ ਵਿਚ ਮਦਦ ਕਰਨੀ, ਅਮਰੀਕਾ ਵਿਚ ਜੰਮੇ-ਪਲੇ ਬੱਚਿਆਂ ਨੂੰ ਆਪਣੇ ਸਭਿਆਚਾਰ ਨਾਲ ਜੋੜੀ ਰੱਖਣ ਦਾ ਉਪਰਾਲਾ ਕਰਨਾ ਅਤੇ ਚੰਗੀ ਵਿਦਿਆ ਹਾਸਲ ਕਰਨ ਲਈ ਯੋਗ ਸਲਾਹ ਦੇਣਾ ਆਦਿ ਸ਼ਾਮਲ ਹਨ।

ਇਸ ਸਮਾਗਮ ਦੇ ਮੁੱਖ ਮਹਿਮਾਨ ਪ੍ਰੋ. ਸਾਧੂ ਸਿੰਘ ਨੇ ਬੋਲਦਿਆਂ ਆਪਣੇ ਵਿਦਿਆਰਥੀਆਂ ਦੀ ਰੱਜ ਕੇ ਸ਼ਲਾਘਾ ਕੀਤੀ ਅਤੇ ਕਿਹਾ ਕਿ ਮੈਨੂੰ ਇਸ ਸਮੇਂ ਅਮਰੀਕਾ ਵਿਚ ਆਪਣੇ ਵਿਦਿਆਰਥੀਆਂ ਨੂੰ ਚੰਗੀਆਂ ਨੌਕਰੀਆਂ, ਚੰਗੇ ਬਿਜਨਸ ਕਰਦਿਆਂ ਦੇਖ ਕੇ ਮਾਣ ਮਹਿਸੂਸ ਹੋ ਰਿਹਾ ਹੈ। ਯਾਦ ਰਹੇ ਕਿ ਪ੍ਰੋ. ਸਾਧੂ ਸਿੰਘ ਨੇ ਤਕਰੀਬਨ 40 ਸਾਲ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਵਿਚ ਪੜ੍ਹਾਇਆ ਹੈ।

ਪ੍ਰੋਗਰਾਮ ਦੇ ਸਭਿਆਚਾਰਕ ਹਿੱਸੇ ਵਿਚ ਛੋਟਿਆਂ ਬੱਚਿਆਂ ਮਿਲਨਦੀਪ ਕੌਰ ਸੰਧੂ ਅਤੇ ਗੁਰਮਨਦੀਪ ਸੰਧੂ ਨੇ 'ਜੈਨਕੋ ਦੀ ਸ਼ਾਨ' ਨਾਂ ਹੇਠ ਆਪਣੀ ਕਲਾ ਦਾ ਖ਼ੂਬਸੂਰਤ ਪ੍ਰਦਰਸ਼ਨ ਕੀਤਾ। ਕਵੀ ਅਜ਼ਾਦ ਜਲੰਧਰੀ, ਈਸ਼ਰ ਸਿੰਘ ਮੋਮਨ, ਕੁਲਵਿੰਦਰ ਸਿੰਘ ਪਲਾਹੀ, ਜਗਜੀਤ ਸਿੰਘ ਸੰਧੂ



ਨੇ ਆਪਣੀਆਂ ਹਸਰਸ ਕਵਿਤਾਵਾਂ ਦੁਆਰਾ ਸਰੋਤਿਆਂ ਨੂੰ ਹਸਾ ਹਸਾ ਕੇ ਲੋਟ-ਪੋਟ ਕੀਤਾ। ਇਸ ਸਮੇਂ ਪੰਜਾਬ ਦੀ ਪ੍ਰਸਿੱਧ ਕਲਾਕਾਰ ਸੁਖਵੰਤ ਸੁਖੀ ਨੇ ਆਪਣੇ ਪੁਰਾਣੇ ਮਸ਼ਹੂਰ ਗੀਤਾਂ ਨਾਲ ਸਰੋਤਿਆਂ ਦਾ ਮਨ ਜਿੱਤਿਆ। ਨਵੇਂ ਉਭਰਦੇ ਕਲਾਕਾਰ ਲਾਲੀ ਸੰਧੂ ਨੇ ਵੀ ਆਪਣੇ ਗੀਤ ਗਾ ਕੇ ਲੋਹਾ ਮਨਾਇਆ।

ਭੁਪਿੰਦਰ ਬੱਬਲ ਨੇ ਮਿਰਜਾ ਅਤੇ ਪੰਜਾਬੀ ਬੋਲੀਆਂ ਨਾਲ ਸਰੋਤਿਆਂ ਨੂੰ ਕੀਲਿਆ। ਮਿੱਠੂ ਸੰਧੂ, ਜੂਨੀਅਰ ਕਿਸ਼ੋਰ ਅਤੇ ਰਿਸ਼ਭ ਨੇ ਵੀ ਪੰਜਾਬੀ ਅਤੇ ਹਿੰਦੀ ਗਾਣੇ ਗਾਏ। ਡਾ. ਹਰਦੇਵ ਸਿੰਘ ਮਾਂਗਟ ਨੇ ਹਾਸਰਸ ਗੀਤ 'ਬਾਬਾ ਨੱਥਾ ਸਿੰਘ ਨੇ ਵਿਆਹ ਲਈ ਇਕ ਮੇਮ' ਗਾ ਕੇ ਸਰੋਤਿਆਂ ਦਾ ਮਨ ਜਿੱਤਿਆ। ਰਾਜਿੰਦਰ ਸਿੰਘ ਟਾਂਡਾ ਤੇ ਅਮਨਦੀਪ ਸਿੰਘ ਬੋਪਾਰਾਏ ਨੇ ਆਪਣੇ ਵਿਚਾਰ ਪੇਸ਼ ਕੀਤੇ।

ਇਸ ਸਮੇਂ ਵਿਸ਼ੇਸ਼ ਤੌਰ 'ਤੇ ਗੁਰਦੁਆਰਾ ਸੈਨਹੋਜ਼ੇ ਦੇ ਪ੍ਰਧਾਨ ਹਰਦੇਵ ਸਿੰਘ ਤੱਖਰ, ਸਕੱਤਰ ਭੁਪਿੰਦਰ ਸਿੰਘ ਢਿੱਲੋਂ, ਪ੍ਰੀਤਮ ਸਿੰਘ ਜੋਗਾ ਨੰਗਲ, ਚੂਹੜ ਸਿੰਘ ਜੌਹਲ, ਹਰਦੇਵ ਸਿੰਘ ਅਟਵਾਲ, ਇੰਦਰਜੀਤ ਸਿੰਘ ਚਾਹਲ, ਹਰਭਜਨ ਸਿੰਘ ਜੌਹਲ, ਸੋਹਣ ਸਿੰਘ ਧਨੋਤਾ, ਇੰਦਰਜੀਤ ਸਿੰਘ ਢਿੱਲੋਂ, ਡਾ. ਦਲਬੀਰ ਸਿੰਘ ਪੰਨੂ ਅਤੇ ਮਨਮੀਤ ਕੌਰ ਪਾਹਵਾ ਨੇ ਹਿੱਸਾ ਲਿਆ। ਪ੍ਰੋਗਰਾਮ ਦੇ ਅਖੀਰ ਵਿਚ ਜੈਨਕੋ ਵਲੋਂ ਮੁੱਖ ਮਹਿਮਾਨ ਪ੍ਰੋ. ਸਾਧੂ ਸਿੰਘ ਅਤੇ ਸਪਾਂਸਰਾਂ ਦਾ ਸਨਮਾਨ ਕੀਤਾ ਗਿਆ। ਇਸ ਸਮੇਂ ਸਟੇਜ ਸਕੱਤਰ ਗੁਰਜੰਟ ਸਿੰਘ ਸੰਘਾ ਨੇ ਜੈਨਕੋ ਕਮੇਟੀ ਵਲੋਂ ਸਪਾਂਸਰ ਕੁਲਵਿੰਦਰ ਸਿੰਘ ਬੈਂਸ, ਪ੍ਰੀਤਮ ਸਿੰਘ ਗਰੇਵਾਲ, ਡਾ. ਹਰਦੇਵ ਸਿੰਘ ਮਾਂਗਟ, ਡਾ. ਦਲਬੀਰ ਸਿੰਘ ਪੰਨੂ, ਗੁਰਸ਼ਰਨ ਸਿੰਘ ਸਿੱਧੂ, ਲੰਬੜਦਾਰ ਚੂਹੜ ਸਿੰਘ ਜੌਹਲ, ਕੁਲਬੀਰ ਸਿੰਘ ਧਾਲੀਵਾਲ, ਅਜੀਤ ਸਿੰਘ ਪਰਹਾਰ, ਇੰਦਰਜੀਤ ਸਿੰਘ ਢਿੱਲੋਂ ਅਤੇ ਬਾਹਰੋਂ ਆਏ ਸਾਰੇ ਸੱਜਣਾਂ ਦਾ ਧੰਨਵਾਦ ਕੀਤਾ।

## ਬਲਾਤਕਾਰ ਦਾ ਦੋਸ਼ੀ ਬਾਬਾ ਅਮਰੀਕਾ ਦੇ ਦੌਰੇ 'ਤੇ

**ਸੈਨ ਹੋਜ਼ੇ (ਦੁਪਾਲਪੁਰ):** ਧਨਵੰਤ ਸਿੰਘ ਨਾਂ ਦਾ ਇਕ ਅਖੌਤੀ ਬਾਬਾ ਜੋ ਆਪਣੇ ਇਕ ਸ਼ਰਧਾਲੂ ਦੀ ਧੀ ਨਾਲ ਬਲਾਤਕਾਰ ਦੇ ਦੋਸ਼ ਵਿਚ ਦੋ ਸਾਲ ਦੀ ਸਜ਼ਾ ਕੱਟ ਚੁੱਕਾ ਹੈ, ਇਨ੍ਹੀਂ ਦਿਨੀ ਅਮਰੀਕਾ ਦੇ ਦੌਰੇ 'ਤੇ ਹੈ। ਬੇਕਰਜ਼ਫੀਲਡ ਤੋਂ ਸ. ਅਵਤਾਰ ਸਿੰਘ ਪੰਨੂੰ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਬਾਬਾ ਆਪਣੀ ਪਛਾਣ ਗੁਪਤ ਰੱਖ ਕੇ ਉਥੋਂ ਦੇ ਗੁਰੂ ਘਰਾਂ ਵਿਚ ਕਥਾ-ਵਿਖਿਆਨ ਕਰਨ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ।

ਖਾਲਸਾ ਸਕੂਲ ਤਰਨ ਤਾਰਨ ਦੇ ਸੇਵਾ ਮੁਕਤ ਪ੍ਰਿੰਸੀਪਲ ਸ. ਪੰਨੂੰ ਨੇ ਇਹ ਵੀ ਦੱਸਿਆ ਕਿ ਇਹ ਬਾਬਾ ਬੇਕਰਜ਼ਫੀਲਡ ਦੇ ਸਟਾਈਨ ਰੋਡ ਗੁਰੂ ਘਰ ਵਿਚ ਕੁਝ ਦਿਨ ਕਥਾ-ਵਿਆਖਿਆ ਕਰਦਾ ਰਿਹਾ, ਜਦੋਂ ਉਸ ਦੀ ਖਸਲਤ ਬਾਰੇ ਸ. ਪੰਨੂੰ ਨੇ ਗੁਰਦੁਆਰਾ ਸਾਹਿਬ ਦੇ ਖਜ਼ਾਨਚੀ ਸ੍ਰੀ ਛਿੰਦਾ ਉਪਲ ਨੂੰ ਦੱਸਿਆ ਤਾਂ ਉਸੇ ਵੇਲੇ ਇਸ ਬਾਬੇ ਦਾ ਬੋਰੀਆ ਬਿਸਤਰਾ ਚੁਕਵਾ ਦਿੱਤਾ ਗਿਆ।

ਸ. ਪੰਨੂੰ ਨੇ ਸਮੂਹ ਗੁਰੂ ਘਰ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਸੰਗਤ ਨੂੰ ਸਾਵਧਾਨ ਕੀਤਾ ਹੈ ਕਿ ਇਸ ਬਾਬੇ ਨੂੰ ਗੁਰੂ ਘਰ ਆਉਣ ਜਾਂ ਸਟੇਜ ਤੋਂ ਬੋਲਣ ਦਾ ਸਮਾਂ ਦੇਣ ਤੋਂ ਪਹਿਲਾਂ ਇਸ ਬਾਬੇ ਦੇ ਪਿਛਲੇ ਕਿਰਦਾਰ ਨੂੰ ਜ਼ਰੂਰ ਸਾਹਮਣੇ ਰੱਖਿਆ ਜਾਵੇ। ਸ. ਪੰਨੂੰ ਨਾਲ ਫੋਨ 661-808-5664 'ਤੇ ਸੰਪਰਕ ਕੀਤਾ ਜਾ ਸਕਦਾ ਹੈ।


Bob Lynn Edwards, Jr.
Attorney at Law
Over 17 Years Handling Family Law Cases in Fremont, California, All Aspects of Divorce Including Child Support, Child Custody, Spousal Support, Property Division, Restraining Orders, Modification of Support, Etc.
Free Initial Consultation
Ph:510-770-0500
www.BobEdwards.com
3869 Peralta Boulevard, Fremont CA 94536-3712





Attention Business Owners!!
Are You Worried About Your Business When You`re Not There?
Are Worries Keeping You Awake?
Watch Your Business AnyTime Any Place.
NO PAYMENTS For 3 Months
Financing & Lease Options For 12, 24, 36 Months Available.
For A Free Estimate Call Sidhu 209-495-3905



ਵਾਜਬ ਕੀਮਤ, ਸਹੀ ਕੰਮ
ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ
DVR UNLIMITED
Sidhu 209-495-3905 www.dvrunlimited.com

SINGH PINLESS COMMUNICATION
NO Hidden Charges, Connection Fee, Montly Fee, Rental Fee, Other Charges
www.singhpinless.com
(ਇਸ ਸਾਈਟ ਤੇ ਤੁਸੀਂ ਆਪਣੇ ਆਪ ਵੀ ਫੋਨ ਚਾਰਜ ਕਰ ਸਕਦੇ ਹੋ) ਜਾਂ ਸਾਡੇ ਬੈਂਕ ਖਾਤੇ ਵਿੱਚ ਡਾਲਰ ਜਮ੍ਹਾਂ ਕਰਵਾ ਸਕਦੇ ਹੋ।
ਸੈਲ ਫੋਨ, ਘਰ ਦੇ ਫੋਨ ਅਤੇ ਕੰਮ ਵਾਲੇ ਫੋਨ ਤੋਂ ਵੀ ਕਾਲ ਕਰ ਸਕਦੇ ਹੋ ਅਤੇ ਤੁਸੀਂ ਹੋਰ ਵੀ ਜਿੰਨੇ ਮਰਜੀ ਫੋਨ ਨੰਬਰ ਐਡ ਕਰਵਾ ਸਕਦੇ ਹੋ
ਇਕ ਮਿੰਟ ਗੱਲ ਕਰਨ ਤੇ ਇਕ ਮਿੰਟ ਹੀ ਕੱਟਿਆ ਜਾਵੇਗਾ ਤੇ ਤੁਹਾਡੇ ਵੱਲੋਂ ਮੰਗਣ ਤੇ ਪੂਰੀ ਕਾਲ ਹਿਸਟਰੀ ਵੀ ਲੈ ਸਕਦੇ ਹੋ।
$100 ਵਿੱਚ 79 ਘੰਟੇ
2.1¢ Per Minute
ਇੰਡੀਆ ਵਿੱਚ ਵਸਦੇ ਆਪਣੇ ਭੈਣਾਂ, ਭਰਾਵਾਂ, ਦੋਸਤਾਂ ਅਤੇ ਰਿਸ਼ਤੇਦਾਰਾਂ ਨਾਲ ਗੱਲਾਂ ਕਰਨ ਵਾਸਤੇ ਅਮਰੀਕਾ ਦੀ ਸਭ ਤੋਂ ਸਾਫ ਸੁਥਰੀ ਆਵਾਜ਼ ਵਾਲੀ ਅਤੇ ਸਭ ਤੋਂ ਸ਼ਰਤੀਆ ਸਸਤੀ ਫੋਨ ਕੰਪਨੀ
ਕਾਲ ਕਰੋ 661-889-1927
ਇੰਡੀਆ ਸੈਲ ਫੋਨ ਤੇ ਗੱਲ ਕਰੋ ਅਤੇ ਇੰਡੀਆ ਲੈਂਡ ਲਾਈਨ ਤੇ 2.4 ਸੈਂਟ (69 ਘੰਟੇ 30 ਮਿੰਟ)

# ਬੇਕਰਸਫੀਲਡ 'ਚ ਬੱਝੇ ਪੰਜਾਬੀ ਸਭਿਆਚਾਰ ਦੇ ਨਜ਼ਾਰੇ

**ਬੇਕਰਸਫੀਲਡ:** ਮੰਚ ਉਤੇ ਨਿੱਕੇ ਨਿੱਕੇ ਬੱਚੇ ਭੰਗੜੇ ਦੀਆਂ ਡਰੈਸਾਂ ਪਾ ਕੇ ਆਪਣੇ ਨਿੱਕੇ ਨਿੱਕੇ ਕਲੋਲਾਂ ਨਾਲ ਦਰਸ਼ਕਾਂ ਦਾ ਮਨ ਮੋਹ ਰਹੇ ਸਨ, ਗਿੱਧਾ ਪਾ ਰਹੀਆਂ ਕੁੜੀਆਂ ਤੇ ਮੁਟਿਆਰਾਂ ਪੰਜਾਬ ਦੀ ਹੱਸਦੀ ਜਵਾਨੀ ਦਾ ਚੇਤਾ ਕਰਵਾ ਰਹੀਆਂ ਸਨ ਅਤੇ ਭੰਗੜਾ ਪਾ ਰਹੇ ਮੁੰਡੇ ਜਿਵੇਂ ਆਖ ਰਹੇ ਹੋਣ 'ਮਾਰਦਾ ਦਮਾਮੇ ਜੱਟ ਮੇਲੇ ਆ ਗਿਆ'। ਅਤੇ ਜੇ ਕੋਈ ਕਸਰ ਬਾਕੀ ਸੀ ਤਾਂ ਉਹ ਪੂਰੀ ਕਰ ਦਿੱਤੀ ਪੰਜਾਬ ਤੋਂ ਆਏ ਲੋਕ ਗਾਇਕਾਂ ਰਵਿੰਦਰ ਗਰੇਵਾਲ ਅਤੇ ਉਸ ਦੇ ਸਾਥੀਆਂ ਨੇ। ਇਹ ਨਜ਼ਾਰਾ ਸੀ ਇਥੇ ਕਨਵੈਨਸ਼ਨ ਸੈਂਟਰ ਹਾਲ ਵਿਚ ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ ਵਲੋਂ ਬੀਤੇ ਦਿਨੀਂ ਕਰਵਾਏ ਗਏ ਵਿਸਾਖੀ ਮੇਲੇ ਦਾ। ਟੀਚਾ ਸੀ ਆਪਣੇ ਵਿਰਸੇ ਨਾਲ ਜੁੜੇ ਰਹਿਣਾ ਅਤੇ ਨਵੀਂ ਪੀੜ੍ਹੀ ਨੂੰ ਆਪਣੀ ਬੋਲੀ ਤੇ ਸਭਿਆਚਾਰ ਨਾਲ ਜੋੜਨਾ।



ਲੰਬੀ ਚੌੜੀ ਸਟੇਜ, ਉਪਰ ਰੰਗ ਬਰੰਗੀਆਂ ਲਾਈਟਾਂ ਦੀਆਂ ਰੌਸ਼ਨੀਆਂ ਰਾਹੀਂ ਸਿਖਰ ਦੁਪਹਿਰ ਹੀ ਹਨੇਰਾ ਜਾਪਣ ਲੱਗ ਪਿਆ। ਪਰਿਵਾਰਾਂ ਸਮੇਤ ਬੇਕਰਸਫੀਲਡ ਨਿਵਾਸੀ ਅਤੇ ਬਾਹਰੋਂ ਆਏ ਪੰਜਾਬੀ ਸਖਤ ਸੁਰੱਖਿਆ ਗਾਰਡਾਂ ਦੀ ਨਿਗਰਾਨੀ ਵਿਚ ਆਪੋ ਆਪਣੀਆਂ ਸੀਟਾਂ ਮੱਲੀ ਬੈਠੇ ਸਨ।

ਸਟੇਜ ਸੰਭਾਲੀ ਸਟਾਕਟਨ ਨਿਵਾਸੀ ਜਸਵੰਤ ਸਿੰਘ ਸ਼ਾਦ ਨੇ। ਇੰਜ ਲਗ ਰਿਹਾ ਸੀ ਕਿ ਜਿਵੇਂ ਚੰਡੀਗੜ੍ਹ ਦੇ ਟੈਗੋਰ ਥੀਏਟਰ ਜਾਂ ਕਿਸੇ ਯੂਨੀਵਰਸਿਟੀ ਵਿਚ ਯੂਥ ਫੈਸਟੀਵਲ ਵੇਖ ਰਹੇ ਹੋਈਏ। ਜਾਂ ਇੰਜ ਕਹਿ ਲਈਏ ਕਿ ਆਮ ਸਟੇਜ ਹੋਸਟਾਂ ਨਾਲੋਂ ਕੁੱਝ ਵੱਖਰਾਪਨ ਸੀ।

ਪੱਪੀ ਭਦੌੜ ਵਾਲੇ ਨੇ ਵਿਸਾਖੀ ਦੇ ਦਿਹਾੜੇ ਅਤੇ ਮਦਰ ਡੇ ਦੇ ਗੀਤਾਂ ਨਾਲ ਸ਼ੁਰੂਆਤ ਕੀਤੀ। ਉਸ ਤੋਂ ਬਾਅਦ ਭੰਗੜੇ ਅਤੇ ਗਿੱਧੇ ਦੀਆਂ ਟੀਮਾਂ ਨੇ ਕਮਾਲਾਂ ਹੀ ਕਰ ਦਿੱਤੀਆਂ। ਅਮਰੀਕਾ ਦੇ ਜੰਮਪਲਾਂ ਨੇ ਸਾਬਤ ਕਰ ਦਿੱਤਾ ਕਿ ਉਹ ਵੀ ਪੰਜਾਬੀ ਹੀ ਨੇ, ਉਹਨਾਂ ਦੀਆਂ ਨਾੜਾਂ ਵਿਚ ਵੀ ਖ਼ੂਨ ਪੰਜਾਬੀਆਂ ਦਾ ਹੈ। ਬੌਲੀਵੁਡ ਮਿਕਸ, ਐਫ ਬੀ ਆਈ, ਭੰਗੜਾ ਰੀਮਿਕਸ, ਐਮ ਡੀ ਐਸ ਜੂਨੀਅਰ ਅਤੇ ਸੀਨੀਅਰ, ਧੀਆਂ ਤੇ ਦਰਾਣੀਆਂ, ਭੰਗੜਾ ਜੰਕਸ਼ਨ ਬੇਕਰਸਫੀਲਡ, ਬੇਕਰਸਫੀਲਡ ਗਿੱਧਾ ਗਰੁੱਪ, ਐਮ ਵੀ ਪੀ, ਲੋਕਲ ਭੰਗੜੇ ਅਤੇ ਗਿੱਧੇ ਨੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਇਸ ਉਪਰੰਤ ਸਟੇਜ ਹੱਥ ਆਈ ਮਸ਼ਹੂਰ ਕਾਮੇਡੀਅਨ ਰਾਣਾ ਰਣਬੀਰ ਦੇ। ਇਸ ਮੌਕੇ ਪ੍ਰਬੰਧਕ ਸੱਜਣ ਸ. ਪਰਮਜੀਤ ਸਿੰਘ ਦੋਸਾਂਝ ਨੇ ਸ. ਸ਼ਾਦ ਦਾ ਸਨਮਾਨ ਕੀਤਾ।

ਉਪਰੰਤ ਬੱਬੂ ਗੁਰਪਾਲ, ਜੋ ਅਕਸਰ ਹੀ ਆਪਣੀ ਗਾਇਕੀ ਰਾਹੀਂ ਦਰਸ਼ਕਾਂ ਨਾਲ ਗੱਲਾਂ ਕਰਦਾ ਬੋਲਾਂ ਰਾਹੀਂ ਆਪਣੇ ਵਿਰਸੇ ਨਾਲ ਜੋੜਦਾ ਹੈ, ਨੇ ਵਾਰਿਸ ਦੀ ਹੀਰ ਗਾ ਕੇ ਹੀਰ ਦੇ ਬੋਲ ਸੁਣਨ ਦੇ ਚਾਹਵਾਨਾਂ ਦੇ ਦਿਲਾਂ ਦੀ ਰੀਝ ਪੂਰੀ ਕੀਤੀ ਅਤੇ ਰਾਂਝੇ ਦੀ ਵੰਝਲੀ ਦੀ ਗੱਲ ਕਰਕੇ ਸਾਫ ਸੁਥਰੀ ਗਾਇਕੀ ਦਾ ਸਬੂਤ ਦਿੱਤਾ। ਸਰੋਤਿਆਂ ਨੇ ਵੀ ਭਰਪੂਰ ਤਾੜੀਆਂ ਨਾਲ ਉਸ ਨੂੰ ਸ਼ਾਬਾਸ਼ੀ ਦਿੱਤੀ। ਨਵਾਂ ਉਭਰਦਾ ਗਾਇਕ ਦਲਬੀਰ ਆਪਣੇ ਖਿਆਲਾਂ ਵਿਚ ਇੱਕ ਹੋਰ ਹੀ ਚੰਦ ਵੇਖਦਾ ਹੈ, ਪੰਜਾਬ ਤੋਂ ਆਈ ਦਵਿੰਦਰ ਦਿਓਲ ਵੀ ਆਪਣੇ ਦਿਲ ਦੀ ਗੱਲ ਆਖ ਗਈ। ਗੁਰਲੇਜ਼ ਅਖਤਰ ਨੇ ਮਿਰਜ਼ਾ ਗਾ ਕੇ ਆਪਣੀ ਗਾਇਕੀ ਦਾ ਵਧੀਆ ਸਬੂਤ ਦਿੱਤਾ। ਹਰਿੰਦਰ ਸੰਧੂ ਬਿਮਾਰ ਹੋਣ ਦੇ ਬਾਵਜੂਦ ਵੀ ਗਾਉਣ ਤੋਂ ਨਾ ਰਹਿ ਸਕਿਆ।

ਰਵਿੰਦਰ ਗਰੇਵਾਲ ਦੀ ਸਾਦਗੀ ਅਤੇ ਗੁਰੂ ਨੂੰ ਸਮਰਪਤ ਗਾਇਕੀ ਨੇ ਦਰਸ਼ਕਾਂ ਨੂੰ ਘੰਟਿਆਂਬੱਧੀ ਜੋੜੀ ਰੱਖਿਆ। ਰਾਣਾ ਰਣਬੀਰ ਲੋਕਾਂ ਦੇ ਢਿੱਡਾਂ 'ਚ ਪੀੜਾਂ ਪਾਉਂਦਾ ਰਿਹਾ। ਕਦੇ ਆਪਣੀ ਮਾਤਾ ਨੂੰ ਨਿੰਦ ਕੇ, ਕਦੇ ਪਿਓ ਨੂੰ ਨਿੰਦ ਕੇ, ਕਦੇ ਆਪਣੇ ਛੋਟੇ ਕੱਦ ਦਾ ਮਖੌਲ ਉਡਾ ਕੇ। ਉਹ ਸਿਆਣਾ ਮਖੌਲੀਆ ਹੈ।

ਵੱਖ ਵੱਖ ਤਰ੍ਹਾਂ ਦੇ ਲੱਗੇ ਹੋਏ ਸਟਾਲ ਲੋਕਾਂ ਦੀ ਖਿੱਚ ਦਾ ਕਾਰਨ ਬਣ ਰਹੇ ਅਤੇ ਮੇਲੇ ਵਰਗੀ ਭੀੜ ਵੀ ਬਣੀ ਰਹੀ। ਵੱਖ ਵੱਖ ਤਰ੍ਹਾਂ ਦੇ ਬਿਜਨਸ ਦੇ ਮਾਲਕਾਂ ਨੇ ਬੈਨਰ ਲਾਏ ਹੋਏ ਸਨ। ਉਹ ਆਪਣੇ ਆਪਣੇ ਸਾਮਾਨ ਦੀ ਜਾਣਕਾਰੀ ਦੇ ਰਹੇ ਸਨ।

ਸਟੇਜ ਉਪਰ ਲੋਕਾਂ ਦੀ ਭੀੜ ਨਹੀਂ ਜੁੜੀ ਅਤੇ ਨਾ ਹੀ ਵਿਚਾਰੇ ਮਾਈਕ ਦੀ ਖੱਜਲ ਖੁਆਰੀ ਕੀਤੀ ਗਈ। ਅਕਸਰ ਸਟੇਜਾਂ ਦੁਆਲੇ ਪ੍ਰਬੰਧਕੀ ਸਿਸਟਮ ਭੀੜ ਹੀ ਲਾਈ ਰੱਖਦਾ ਹੈ, ਕਦੇ ਇਕ ਦੂਜੇ ਕੋਲੋਂ ਮਾਈਕ ਖੋਹਣ ਦੀ ਸਿਆਸਤ ਚਲਦੀ ਹੈ ਜਾਂ ਮਾਈਕ ਨੂੰ ਆਪਣੇ ਕਬਜ਼ੇ ਵਿਚ ਰੱਖਣ ਦੀ। ਕਈ ਵਾਰ ਤਾਂ ਸਪਾਂਸਰ ਪੈਸੈ ਹੀ ਇਸ ਸ਼ਰਤ 'ਤੇ ਦਿੰਦੇ ਹਨ ਪਈ ਫਲਾਣੇ ਨੂੰ ਸਟੇਜ ਉਪਰ




















ਨਹੀਂ ਚੜ੍ਹਨ ਦੇਣਾ। ਬੜਾ ਸਾਫ ਸੁਥਰਾ ਅਤੇ ਇਹ ਪੰਜਵਾਂ ਪਰਿਵਾਰਕ ਵਿਸਾਖੀ ਮੇਲਾ ਆਪਣੀ ਇੱਕ ਵੱਖਰੀ ਯਾਦ ਛੱਡ ਗਿਆ।

ਜਿਹੜੇ ਸੱਜਣਾਂ ਨੇ ਇਸ ਮੇਲੇ ਦਾ ਵੱਧ ਚੜ੍ਹ ਕੇ ਪ੍ਰਬੰਧ ਕੀਤਾ ਵਧਾਈ ਦੇ ਪਾਤਰ ਹਨ ਅਤੇ ਜਿਹਨਾਂ ਵੀਰਾਂ ਨੇ ਤਨ ਮਨ ਧਨ ਨਾਲ ਸਹਿਯੋਗ ਦਿਤਾ ਉਹਨਾਂ ਦਾ ਪੰਜਾਬੀ ਹੈਰੀਟੇਜ਼ ਓਰਗੇਨਾਈਜ਼ੇਸ਼ਨ ਨੇ ਧੰਨਵਾਦ ਕੀਤਾ ਅਤੇ ਆਸ ਪ੍ਰਗਟਾਈ ਕਿ ਸਹਿਯੋਗੀ ਵੀਰਾਂ ਦਾ ਸਾਥ ਹੀ ਇਸ ਪ੍ਰੋਗਰਾਮ ਦੀ ਸਫਲਤਾ ਦਾ ਰਾਜ਼ ਹੈ ਪ੍ਰਬੰਧਕਾਂ ਨੇ ਆਸ ਪ੍ਰਗਟਾਈ ਕਿ ਜੇਕਰ ਇਸ ਤਰ੍ਹਾਂ ਸਪਾਂਸਰਾਂ ਦਾ ਸਾਥ ਮਿਲਦਾ ਰਿਹਾ ਤਾਂ ਬੇਕਰਸਫੀਲਡ ਨਿਵਾਸੀਆਂ ਲਈ ਹੋਰ ਵਧੀਆ ਪ੍ਰੋਗਰਾਮ ਲੈ ਕੇ ਆਉਣਗੇ। ਸ਼ਿਆਰਾ ਸਿੰਘ ਢੀਂਡਸਾ ਓਮਨੀ ਵੀਡੀਓ ਵਾਲੇ (ਫੋਟੋ ਅਤੇ ਮੂਵੀ) ਅਤੇ ਮਨਦੀਪ ਮਾਨ ਆਪਣੀ ਡਿਊਟੀ ਬਾਖੂਬੀ ਨਿਭਾ ਰਹੇ ਸਨ।

***ਤਸਵੀਰਾਂ: ਓਮਨੀ ਵੀਡੀਓ***
***ਫੋਨ: 661-703-6664***




















## ਕਾਂਗਰਸ ਅਤੇ ਇਸ ਦੀਆਂ ਸਹਿਯੋਗੀ ਪਾਰਟੀਆਂ ਨੂੰ ਡਾ. ਮਨਮੋਹਨ ਸਿੰਘ ਦੀ ਅਗਵਾਈ ਹੇਠ ਲੋਕ ਸਭਾ ਚੋਣਾਂ ਵਿਚ ਮਿਲੀ ਬੇਮਿਸਾਲ ਜਿੱਤ ਉਤੇ



# ਬਹੁਤ ਬਹੁਤ ਵਧਾਈ

ਇਹ ਜਿੱਤ ਦਰਅਸਲ ਡਾ. ਮਨਮੋਹਨ ਸਿੰਘ ਦੀ ਦੂਰ ਅੰਦੇਸ਼, ਇਮਾਨਦਾਰਾਨਾ ਅਤੇ ਸੂਝ ਭਰੀ ਲੀਡਰਸ਼ਿਪ ਦੀ ਜਿੱਤ ਹੈ। ਡਾ. ਮਨਮੋਹਨ ਸਿੰਘ ਨੇ ਭਾਰਤ ਦਾ ਪ੍ਰਧਾਨ ਮੰਤਰੀ ਬਣ ਕੇ ਭਾਰਤ ਦਾ ਅਤੇ ਸਿੱਖ ਭਾਈਚਾਰੇ ਦਾ ਨਾਂ ਬਹੁਤ ਉਚਾ ਕੀਤਾ ਹੈ। ਪਰਦੇਸੀਂ ਵੱਸਦੇ ਸਿੱਖ ਭਾਈਚਾਰੇ ਨੂੰ ਡਾ. ਮਨਮੋਹਨ ਸਿੰਘ ਉਤੇ ਬੇਪਨਾਹ ਮਾਣ ਹੈ। ਇਸ ਲਾਮਿਸਾਲ ਜਿੱਤ 'ਤੇ ਉਨ੍ਹਾਂ ਨੂੰ ਵੀ ਬਹੁਤ ਬਹੁਤ ਵਧਾਈ



ਅਮੋਲਕ ਸਿੰਘ ਗਾਖਲ
ਚੇਅਰਮੈਨ
ਏ. ਐਂਡ ਆਈ. ਟਰੱਕਿੰਗ ਕੰਪਨੀ



ਨਿੱਕ ਗਾਖਲ
ਚੇਅਰਮੈਨ
ਆਲ ਸਟੇਟ ਟਰਾਂਸਪੋਰਟ ਕੰਪਨੀ

# ਕੇਂਦਰ 'ਚ ਯੂ.ਪੀ.ਏ. ਦੀ ਸਰਦਾਰੀ ਕਾਇਮ

**ਨਵੀਂ ਦਿੱਲੀ :** ਲੋਕ ਸਭਾ ਚੋਣਾਂ ਵਿਚ ਕਾਂਗਰਸ ਦਾ ਜੇਤੂ ਰੱਥ ਲੋਕ ਸਭਾ ਦੇ ਵਿਹੜੇ ਜਾ ਪਹੁੰਚਿਆ ਹੈ। ਕਾਂਗਰਸ ਦੀ ਅਗਵਾਈ ਵਾਲੇ ਗਠਜੋੜ ਯੂ.ਪੀ.ਏ. ਨੂੰ 260 ਸੀਟਾਂ ਹਾਸਲ ਹੋ ਗਈਆਂ ਹਨ। ਇਨ੍ਹਾਂ ਵਿਚੋਂ ਇਕੱਲੀ ਕਾਂਗਰਸ ਦੋ ਸੌ ਦਾ ਅੰਕੜਾ ਪਾਰ ਕਰ ਗਈ, ਜਦਕਿ ਇਸ ਦੇ ਸਾਥੀਆਂ ਨੂੰ ਬਾਕੀ ਸੀਟਾਂ ਮਿਲੀਆਂ ਹਨ। ਭਾਜਪਾ ਦੀ ਅਗਵਾਈ ਵਾਲਾ ਰਾਜਗ ਬਹੁਤ ਪਿੱਛੇ ਰਹਿ ਗਿਆ, ਜਿਸ ਨੂੰ ਕੁਲ 160 ਸੀਟਾਂ ਮਿਲੀਆਂ ਹਨ। ਇਨ੍ਹਾਂ ਵਿਚੋਂ ਭਾਜਪਾ ਵੀ ਸੌ ਦਾ ਅੰਕੜਾ ਪਾਰ ਕਰ ਗਈ ਤੇ ਸਾਥੀ ਦਲਾਂ ਨੂੰ ਸੀਟਾਂ ਮਿਲੀਆਂ ਹਨ। ਤੀਜੇ ਮੋਰਚੇ ਨੂੰ 81 ਤੇ ਚੌਥੇ ਮੋਰਚੇ ਨੂੰ 27 ਸੀਟਾਂ ਮਿਲੀਆਂ ਹਨ, ਜਦਕਿ ਆਜ਼ਾਦ ਤੇ ਹੋਰਨਾਂ ਨੂੰ 14 ਸੀਟਾਂ ਮਿਲੀਆਂ ਹਨ।

ਜੇਤੂਆਂ ਵਿਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਜਨਰਲ ਸਕੱਤਰ ਰਾਹੁਲ ਗਾਂਧੀ, ਪੀ. ਚਿਦਾਂਬਰਮ, ਭਾਜਪਾ ਦੇ ਵਰੁਣ ਗਾਂਧੀ, ਕਲਿਆਣ ਸਿੰਘ, ਜੈਪ੍ਰਦਾ, ਸ਼ਰਦ ਯਾਦਵ, ਲਾਲੂ ਪ੍ਰਸ਼ਾਦ ਯਾਦਵ ਤੇ ਮੁਰਲੀ ਮਨੋਹਰ ਜੋਸ਼ੀ ਆਦਿ ਮਹਾਰਥੀ ਸ਼ਾਮਲ ਹਨ। ਕਾਂਗਰਸ ਨੇ ਜਿੱਤ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਦੇਸ਼ ਵਾਸੀਆਂ ਨੇ ਸਾਡੀਆਂ ਨੀਤੀਆਂ 'ਤੇ ਮੋਹਰ ਲਾਈ ਹੈ। ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰ. ਜਵਾਹਰ ਲਾਲ ਨਹਿਰੂ ਤੋਂ ਬਾਅਦ ਡਾ. ਮਨਮੋਹਨ ਸਿੰਘ ਪਹਿਲੇ ਅਜਿਹੇ ਪ੍ਰਧਾਨ ਮੰਤਰੀ ਹੋਣਗੇ, ਜਿਹੜੇ ਕਿ ਕਾਂਗਰਸ ਦੇ 5 ਸਾਲ ਰਾਜ ਕਰਨ ਤੋਂ ਬਾਅਦ ਮੁੜ ਕੇ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਬੈਠਣਗੇ। ਕੇਰਲਾ ਵਿਚ ਕਾਂਗਰਸ ਨੇ ਸ਼ਾਨਦਾਰ ਕਾਰਗੁਜ਼ਾਰੀ ਵਿਖਾਉਂਦਿਆਂ ਖੱਬੇਪੱਖੀ ਫਰੰਟ ਨੂੰ ਉਖਾੜ ਸੁੱਟਿਆ ਹੈ ਤੇ ਪੱਛਮੀ ਬੰਗਾਲ ਵਿਚ ਤ੍ਰਿਣਮੂਲ ਕਾਂਗਰਸ ਦੀ ਮਦਦ ਨਾਲ ਮਾਰਕਸਵਾਦੀਆਂ ਨੂੰ ਜ਼ਬਰਦਸਤ ਝਟਕਾ ਦਿੱਤਾ ਹੈ। ਦਿੱਲੀ 'ਚ ਕਾਂਗਰਸ ਨੇ ਸਾਰੀਆਂ ਦੀਆਂ ਸਾਰੀਆਂ 7 ਸੀਟਾਂ ਜਿੱਤ ਲਈਆਂ ਹਨ। ਪੂਰਬੀ ਦਿੱਲੀ ਤੋਂ ਸੰਦੀਪ ਦੀਕਸ਼ਿਤ ਨੇ ਭਾਜਪਾ ਦੇ ਜਤਿਨ ਚੌਹਾਨ ਨੂੰ 2.40 ਲੱਖ ਵੋਟਾਂ ਨਾਲ ਹਰਾਇਆ। ਦੱਖਣੀ ਦਿੱਲੀ ਤੋਂ ਰਮੇਸ਼ ਕੁਮਾਰ ਨੇ ਭਾਜਪਾ ਦੇ ਰਮੇਸ਼ ਭਗੌਰੀ ਨੂੰ 93219 ਵੋਟਾਂ ਨਾਲ ਹਰਾਇਆ। ਜਗਦੀਸ਼ ਟਾਈਟਲਰ ਦੀ ਥਾਂ ਖੜ੍ਹੇ ਕੀਤੇ ਗਏ ਦਿੱਲੀ ਕਾਂਗਰਸ ਦੇ ਪ੍ਰਧਾਨ ਜੇ.ਪੀ. ਅਗਰਵਾਲ ਨੇ ਉੱਤਰੀ ਪੂਰਬੀ ਦਿੱਲੀ ਸੀਟ ਤੋਂ ਭਾਜਪਾ ਦੇ ਬੀ.ਐਲ. ਸ਼ਰਮਾ ਨੂੰ ਹਰਾਇਆ। ਦੱਖਮੀ ਦਿੱਲੀ ਤੋਂ ਸੱਜਣ ਕੁਮਾਰ ਦੀ ਥਾਂ ਖੜ੍ਹੇ ਕੀਤੇ ਗਏ ਉਨ੍ਹਾਂ ਦੇ ਭਰਾ ਕਾਂਗਰਸੀ ਉਮੀਦਵਾਰ ਨੇ ਵੀ ਭਾਜਪਾ ਉਮੀਦਵਾਰ ਨੂੰ ਹਰਾਇਆ। ਉੱਤਰ-ਪੂਰਬੀ ਦਿੱਲੀ ਤੋਂ ਕਾਂਗਰਸ ਦੀ ਕ੍ਰਿਸ਼ਨਾ ਤੀਰਥ ਨੇ ਭਾਜਪਾ ਦੀ ਮੀਰਾ ਕਾਮਰੀਆ ਨੂੰ ਹਰਾਇਆ। ਪਿਛਲੀਆਂ ਚੋਣਾਂ ਵਿਚ ਕਾਂਗਰਸ ਨੂੰ ਦਿੱਲੀ ਤੋਂ 6 ਸੀਟਾਂ ਜਿੱਤੀਆਂ ਸਨ।

# ਭਾਰਤ ਅਤੇ ਅਮਰੀਕਾ ਵਿਚਾਲੇ ਕਾਰੋਬਾਰ ਘਟਿਆ

**ਵਾਸ਼ਿੰਗਟਨ :** ਭਾਰਤ ਦਾ ਅਮਰੀਕਾ ਨਾਲ ਕਾਰੋਬਾਰ ਜਨਵਰੀ-ਮਾਰਚ 2009 'ਚ 23.47 ਫੀਸਦੀ ਘੱਟ ਕੇ 8.2 ਅਰਬ ਡਾਲਰ ਰਹਿ ਗਿਆ। ਇਸ ਦੌਰਾਨ ਇਸਪਾਤ ਦੇ ਨਿਰਯਾਤ ਵਿਚ ਵਾਧਾ ਦਰਜ ਕੀਤਾ ਗਿਆ। ਇਹ ਅੰਕੜੇ ਅਜਿਹੇ ਸਮੇਂ ਦੇ ਹਨ, ਜਦੋਂ ਦੁਨੀਆ ਦੀ ਸਭ ਤੋਂ ਵੱਡੀ ਆਰਥਿਕਤਾ ਅਮਰੀਕਾ ਮੰਦੀ ਦੀ ਮਾਰ ਹੇਠ ਹੈ। ਅਮਰੀਕੀ ਵਿੱਤੀ ਸਾਲ ਦੇ ਪਹਿਲੇ ਤਿੰਨ ਮਹੀਨੇ 'ਚ ਕੁੱਲ ਨਿਰਯਾਤ 22.63 ਫੀਸਦੀ ਤੋਂ ਘਟ ਕੇ 5.22 ਅਰਬ ਡਾਲਰ ਰਹਿ ਗਿਆ। ਇਸ ਦੌਰਾਨ ਮੋਤੀ, ਕੀਮਤੀ ਪੱਥਰਾਂ ਤੇ ਦਵਾਈਆਂ ਦੀ ਆਮਦ ਘੱਟ ਹੋਈ ਹੈ। ਅਮਰੀਕਾ ਕੌਮਾਂਤਰੀ ਕਾਰੋਬਾਰ ਕਮਿਸ਼ਨ ਦੇ ਅੰਕੜੇ ਦੱਸਦੇ ਹਨ ਕਿ ਪਿਛਲੇ ਸਾਲ ਇਸ ਸਮੇਂ ਦੌਰਾਨ ਨਿਰਯਾਤ 6.75 ਅਰਬ ਡਾਲਰ ਦਾ ਸੀ।

ਪਹਿਲੇ ਤਿੰਨ ਮਹੀਨਿਆਂ ਵਿਚ ਭਾਰਤ ਦਾ ਨਿਰਯਾਤ 24.9 ਫੀਸਦੀ ਘੱਟ ਕੇ 2.96 ਅਰਬ ਡਾਲਰ ਰਹਿ ਗਿਆ, ਜੋ ਪਿਛਲੇ ਸਾਲ 3.94 ਅਰਬ ਡਾਲਰ ਸੀ। ਜਨਵਰੀ-ਮਾਰਚ 2008 'ਚ ਦੋਵਾਂ ਮੁਲਕਾਂ ਦਰਮਿਆਨ ਕਾਰੋਬਾਰ 10.69 ਅਰਬ ਡਾਲਰ ਸੀ। ਭਾਰਤੀ ਨਿਰਯਾਤ ਸੰਗਠਨਾਂ ਦੇ ਸੰਘ ਫਿਓ ਦਾ ਕਹਿਣਾ ਹੈ ਕਿ ਇਹ ਅੰਕੜੇ ਦੱਸਦੇ ਹਨ ਕਿ ਅਮਰੀਕੀ ਆਰਥਿਕਤਾ ਹਾਲੇ ਵੀ ਮੰਦੇ ਦੀ ਮਾਰ ਹੇਠ ਹੈ ਤੇ ਇਸ ਵਿਚ 2010 ਦੀ ਪਹਿਲੀ ਤਿਮਾਹੀ ਵਿਚ ਸੁਧਾਰ ਸ਼ੁਰੂ ਹੋ ਸਕਦਾ ਹੈ।

# ਰਾਜਾਂ 'ਚ ਕਿਹੜਾ ਜਿੱਤਿਆ ਕਿਹੜਾ ਹਾਰਿਆ

| ਉੱਤਰ ਪ੍ਰਦੇਸ਼ (80) | |
|---|---|
| ਕਾਂਗਰਸ | 20 |
| ਭਾਜਪਾ | 10 |
| ਬਸਪਾ | 21 |
| ਸਪਾ | 23 |
| ਹੋਰ | 6 |

| ਬਿਹਾਰ (40) | |
|---|---|
| ਰਾਜਦ | 04 |
| ਜਨਤਾ ਦਲ (ਯੂ) | 20 |
| ਭਾਜਪਾ | 12 |
| ਕਾਂਗਰਸ | 02 |
| ਹੋਰ | 02 |

| ਪੱਛਮੀ ਬੰਗਾਲ (42) | |
|---|---|
| ਮਾਕਪਾ | 09 |
| ਤ੍ਰਿਣਮੂਲ | 19 |
| ਕਾਂਗਰਸ | 06 |
| ਭਾਕਪਾ | 02 |
| ਹੋਰ | 06 |

| ਕਰਨਾਟਕ (28) | |
|---|---|
| ਕਾਂਗਰਸ | 06 |
| ਭਾਜਪਾ | 19 |
| ਜਨਤਾ ਦਲ (ਐਸ) | 03 |
| ਸਪਾ | 00 |
| ਹੋਰ | 00 |

| ਤਾਮਿਲਨਾਡੂ (39) | |
|---|---|
| ਕਾਂਗਰਸ | 08 |
| ਐਮ.ਡੀ.ਐਮ.ਕੇ. | 01 |
| ਡੀ.ਐਮ.ਕੇ. | 18 |
| ਏ.ਆਈ.ਏ.ਡੀ.ਐਮ.ਕੇ. | 09 |
| ਹੋਰ | 03 |

| ਆਂਧਰਾ ਪ੍ਰਦੇਸ਼ (42) | |
|---|---|
| ਕਾਂਗਰਸ | 33 |
| ਟੀ.ਡੀ.ਪੀ. | 06 |
| ਭਾਕਪਾ | 00 |
| ਟੀ.ਆਰ.ਐ.ਐਸ. | 02 |
| ਹੋਰ | 01 |

| ਪੰਜਾਬ (13) | |
|---|---|
| ਕਾਂਗਰਸ | 08 |
| ਭਾਜਪਾ | 01 |
| ਅਕਾਲੀ ਦਲ | 04 |

| ਦਿੱਲੀ (7) | |
|---|---|
| ਕਾਂਗਰਸ | 07 |
| ਭਾਜਪਾ | 00 |
| ਹੋਰ | 00 |

| ਕਸ਼ਮੀਰ (6) | |
|---|---|
| ਕਾਂਗਰਸ | 02 |
| ਨੇਕਾ | 03 |
| ਹੋਰ | 01 |

| ਗੁਜਰਾਤ (26) | |
|---|---|
| ਕਾਂਗਰਸ | 11 |
| ਭਾਜਪਾ | 15 |
| ਹੋਰ | 00 |

| ਰਾਜਸਥਾਨ (25) | |
|---|---|
| ਕਾਂਗਰਸ | 20 |
| ਭਾਜਪਾ | 04 |
| ਹੋਰ | 01 |

| ਮੱਧ ਪ੍ਰਦੇਸ਼ (29) | |
|---|---|
| ਕਾਂਗਰਸ | 12 |
| ਭਾਜਪਾ | 16 |
| ਹੋਰ | 01 |

| ਉਤਰਾਖੰਡ (5) | |
|---|---|
| ਕਾਂਗਰਸ | 05 |
| ਭਾਜਪਾ | 00 |
| ਹੋਰ | 00 |

| ਹਿਮਾਚਲ (4) | |
|---|---|
| ਕਾਂਗਰਸ | 01 |
| ਭਾਜਪਾ | 03 |
| ਹੋਰ | 00 |

| ਝਾਰਖੰਡ (14) | |
|---|---|
| ਕਾਂਗਰਸ | 01 |
| ਭਾਜਪਾ | 08 |
| ਹੋਰ | 05 |

| ਮਹਾਰਾਸ਼ਟਰ (48) | |
|---|---|
| ਕਾਂਗਰਸ | 17 |
| ਭਾਜਪਾ | 09 |
| ਹੋਰ | 22 |

| ਗੋਆ (2) | |
|---|---|
| ਕਾਂਗਰਸ | 01 |
| ਭਾਜਪਾ | 01 |

| ਹਰਿਆਣਾ (10) | |
|---|---|
| ਕਾਂਗਰਸ | 09 |
| ਭਾਜਪਾ | 00 |
| ਹੋਰ | 01 |

| ਛੱਤੀਸਗੜ੍ਹ (11) | |
|---|---|
| ਕਾਂਗਰਸ | 01 |
| ਭਾਜਪਾ | 10 |

| ਕੇਰਲ (20) | |
|---|---|
| ਕਾਂਗਰਸ | 13 |
| ਮਾਕਪਾ | 04 |
| ਹੋਰ | 03 |

| ਅਸਾਮ (14) | |
|---|---|
| ਕਾਂਗਰਸ | 07 |
| ਅਸਾਮ ਗਣ ਪ੍ਰੀਸ਼ਦ | 01 |
| ਹੋਰ | 06 |

| ਉੜੀਸਾ (21) | |
|---|---|
| ਕਾਂਗਰਸ | 06 |
| ਬੀਜੂ ਜਨਤਾ ਦਲ | 13 |
| ਹੋਰ | 01 |

| ਉੱਤਰ ਪੂਰਬੀ ਰਾਜ | |
|---|---|
| ਅਰੁਣਾਂਚਲ | ਕਾਂਗਰਸ 2 |
| ਤ੍ਰਿਪੁਰਾ | ਖੱਬਾ ਮੋਰਚਾ 2 |
| ਨਾਗਾਲੈਂਡ | ਐਨ.ਪੀ.ਐਫ. 1 |
| ਮਣੀਪੁਰ | ਕਾਂਗਰਸ 2 |
| ਦਾਦਰ-ਨਗਰ ਹਵੇਲੀ | ਭਾਜਪਾ 1 |
| ਅੰਡਮਾਨ-ਨਿਕੋਬਾਰ | ਭਾਜਪਾ 1 |
| ਚੰਡੀਗੜ੍ਹ | ਕਾਂਗਰਸ 1 |
| ਦਮਨ ਅਤੇ ਦੀਵ | ਭਾਜਪਾ 1 |
| ਲਕਸ਼ਦੀਪ | ਕਾਂਗਰਸ 1 |


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।


ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627



Thandi Insurance Brokerage
LIC#OBO9151

**Truck Insurance Specialist:**
Auto liability, physical damage, motor truck cargo, general liability and worker's comp.

**Coverage for:**
Long and local haul owner operators, dump trucks, sand/gravel, seasonal vegetable, delivery, catering and ice cream trucks. DUI, new/young drivers accepted.

**Quick Filing:**
Personal auto, medical and homeowners insurance.
SR22, MCP-65, BMC91-X, Form-E, UIIA.

**Business Policies:**
Gas stations, repair shops, mini marts, stores, restaurants, and warehouses.

We proudly represent
GLOBAL HAWK INSURANCE CO.
RRG

ਅਸੀਂ ਤਕਰੀਬਨ ਡੇਢ ਦਹਾਕੇ ਤੋਂ ਤੁਹਾਡੀ ਸੇਵਾ ਕਰਦੇ ਆ ਰਹੇ ਹਾਂ



For a Free insurance Quote Please Call :
1-800-917-2639
3090 Independence drive Suite # 246 Livermore CA 94551

# ਡਾ. ਮਨਮੋਹਨ ਸਿੰਘ ਇਸ ਵਾਰ ਕਾਫੀ ਵੱਡੇ ਸੁਧਾਰ ਕਰ ਸਕਦੇ ਨੇ

-ਕਰਨ ਥਾਪਰ

24 ਘੰਟੇ ਭਾਰਤ ਦੀ ਸਿਆਸਤ ਨੂੰ ਬਦਲ ਸਕਦੇ ਹਨ। ਸ਼ੁੱਕਰਵਾਰ ਦੀ ਰਾਤ ਨੂੰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ ਉਨ੍ਹਾਂ ਦੀ ਸਰਕਾਰ ਬਾਰੇ ਅੰਦਾਜ਼ਾ ਲਗਾਉਂਦੇ ਸਮੇਂ ਅਜਿਹਾ ਲੱਗਦਾ ਸੀ, ਜਿਵੇਂ ਅਸੀਂ ਉਨ੍ਹਾਂ ਨੂੰ ਵਿਦਾਈ ਦੇ ਰਹੇ ਹੋਈਏ, ਪਰ ਸ਼ਨੀਵਾਰ ਨੂੰ ਸਭ ਕੁਝ ਬਦਲ ਗਿਆ ਅਤੇ ਇਸ ਐਤਵਾਰ ਦੀ ਸਵੇਰ ਨੂੰ ਹੁਣ ਡਾ. ਮਨਮੋਹਨ ਸਿੰਘ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਦੂਜੇ ਕਾਰਜਕਾਲ ਦੀ ਤਿਆਰੀ ਕਰਦੇ ਦਿਖਾਈ ਦੇਣਗੇ।

ਡਾ. ਮਨਮੋਹਨ ਸਿੰਘ ਦੇ ਪਿਛਲੇ 5 ਵਰ੍ਹਿਆਂ ਦੇ ਕਾਰਜਕਾਲ ਨੂੰ ਇਤਿਹਾਸ ਕਿਵੇਂ ਚੇਤੇ ਰੱਖੇਗਾ, ਇਹ ਗੱਲ ਅਕਸਰ ਮਨ ਵਿਚ ਉੱਠਦੀ ਹੈ। ਉਂਝ ਮੈਂ ਇਹ ਗੱਲ ਮੰਨਦਾ ਹਾਂ ਕਿ ਪੱਤਰਕਾਰਾਂ ਵਲੋਂ ਪ੍ਰਗਟਾਈ ਗਈ ਰਾਏ ਕਈ ਵਾਰ ਸਥਾਈ ਨਹੀਂ ਹੁੰਦੀ। ਕਈ ਵਾਰ ਕਿਸੇ ਨੇਤਾ ਬਾਰੇ ਉਸ ਦੇ ਸਮਕਾਲੀ ਪੱਤਰਕਾਰਾਂ ਵਲੋਂ ਪੇਸ਼ ਕੀਤੀ ਗਈ ਧਾਰਨਾ ਨੂੰ ਆਉਣ ਵਾਲੀ ਪੀੜ੍ਹੀ ਦੇ ਪੱਤਰਕਾਰਾਂ ਵਲੋਂ ਗਲਤ ਸਿੱਧ ਕਰ ਦਿੱਤਾ ਜਾਂਦਾ ਹੈ। ਫਿਰ ਵੀ ਇਹ ਸਿਲਸਿਲਾ ਚੱਲਦਾ ਰਹਿੰਦਾ ਹੈ-ਕਦੇ ਚੌਕਸੀ ਨਾਲ ਅਤੇ ਕਦੇ ਬਹੁਤ ਜ਼ੋਰ-ਸ਼ੋਰ ਨਾਲ।

ਡਾ. ਮਨਮੋਹਨ ਸਿੰਘ ਇਕ ਸੱਜਣ ਵਿਅਕਤੀ ਸਨ। ਮੈਂ ਉਨ੍ਹਾਂ ਲਈ 'ਸਨ' (ਭੂਤਕਾਲ) ਸ਼ਬਦ ਦਾ ਇਸਤੇਮਾਲ ਇਸ ਲਈ ਕਰ ਰਿਹਾ ਹਾਂ, ਕਿਉਂਕਿ ਇਥੇ ਮੈਂ ਉਨ੍ਹਾਂ ਦੇ ਬੀਤੇ 5 ਵਰ੍ਹਿਆਂ ਦੇ ਕਾਰਜਕਾਲ ਦੀ ਚਰਚਾ ਕਰ ਰਿਹਾ ਹਾਂ। ਨਾ ਲਾਲ ਕ੍ਰਿਸ਼ਨ ਅਡਵਾਨੀ ਅਤੇ ਨਾ ਹੀ ਪ੍ਰਕਾਸ਼ ਕਾਰਤ ਡਾ. ਮਨਮੋਹਨ ਸਿੰਘ ਦੀ ਸੱਜਣਤਾ ਦੇ ਤੱਥ ਤੋਂ ਇਨਕਾਰ ਕਰ ਸਕਦੇ ਹਨ।

ਦੋਹਾਂ ਨਾਲ ਹੀ ਡਾ. ਮਨਮੋਹਨ ਸਿੰਘ ਦੇ ਚੰਗੇ ਨਿੱਜੀ ਸਬੰਧ ਰਹੇ ਹਨ, ਪਰ ਉਨ੍ਹਾਂ ਦੀ ਵਿਡੰਬਨਾ ਇਹ ਰਹੀ ਕਿ ਉਨ੍ਹਾਂ ਨੇ ਜਿਸ ਮੰਤਰੀ ਮੰਡਲ ਦੀ ਅਗਵਾਈ ਕੀਤੀ, ਉਸਦੇ ਮੰਤਰੀਆਂ 'ਚੋਂ ਬਹੁਤੇ ਆਪਣੇ ਚੰਗੇ ਗੁਣਾਂ ਦਾ ਪ੍ਰਦਰਸ਼ਨ ਨਹੀਂ ਕਰਦੇ ਸਨ। ਇਥੋਂ ਤਕ ਕਿ ਉਨ੍ਹਾਂ 'ਚੋਂ ਕਈ ਚਾਰਜਸ਼ੀਟਡ ਵੀ ਸਨ ਪਰ ਇਸ ਦੇ ਬਾਵਜੂਦ ਉਨ੍ਹਾਂ ਨੂੰ ਮੰਤਰੀ ਨਿਯੁਕਤ ਕੀਤਾ ਗਿਆ ਤੇ ਕੈਬਨਿਟ ਵਿਚ ਲਿਆ ਗਿਆ। ਇਨ੍ਹਾਂ 'ਚ ਸ਼ਿਬੂ ਸੋਰੇਨ, ਲਾਲੂ ਯਾਦਵ, ਤਸਲੀਮੁਦੀਨ, ਜੈਪ੍ਰਕਾਸ਼ ਯਾਦਵ ਆਦਿ ਦੇ ਨਾਂ ਜ਼ਿਕਰਯੋਗ ਹਨ। ਇਨ੍ਹਾਂ 'ਤੇ ਹੱਤਿਆ, ਭ੍ਰਿਸ਼ਟਾਚਾਰ, ਚੋਰੀ ਅਤੇ ਕਥਿਤ ਬਲਾਤਕਾਰ ਵਰਗੇ ਦੋਸ਼ ਲਗਾਏ ਗਏ ਹਨ। ਤਸਲੀਮੁਦੀਨ ਵਿਰੁਧ 9 ਗੰਭੀਰ ਦੋਸ਼ ਸਨ। ਇਕ ਸਮਾਂ ਅਜਿਹਾ ਸੀ, ਜਦੋਂ ਸ਼ਿਬੂ ਸੋਰੇਨ ਅਤੇ ਜੈਪ੍ਰਕਾਸ਼ ਯਾਦਵ ਪੁਲਸ ਨੂੰ ਲੋੜੀਂਦੇ ਸਨ ਅਤੇ ਉਨ੍ਹਾਂ ਨੂੰ ਭਗੌੜੇ ਕਰਾਰ ਦੇ ਦਿੱਤਾ ਗਿਆ ਸੀ, ਪਰ ਉਨ੍ਹਾਂ ਨੇ ਆਪਣੇ ਅਹੁਦਿਆਂ ਤੋਂ ਅਸਤੀਫਾ ਨਹੀਂ ਦਿੱਤਾ ਸੀ। ਇਸ ਤੋਂ ਇਲਾਵਾ ਅਜਿਹੇ ਚਰਚੇ ਵੀ ਸਨ ਕਿ ਕੁਝ ਮੰਤਰੀਆਂ ਵਲੋਂ ਆਪਣੇ ਅਹੁਦਿਆਂ ਦਾ ਇਸਤੇਮਾਲ ਨਿੱਜੀ ਲਾਭ ਲਈ ਕੀਤਾ ਗਿਆ ਸੀ। ਪ੍ਰੈੱਸ 'ਚ ਵੀ ਇਸ ਬਾਰੇ ਕਾਫੀ ਕੁਝ ਲਿਖਿਆ ਗਿਆ ਹੈ। ਇਸ ਸਬੰਧੀ ਡੀ.ਐਮ.ਕੇ. ਦੇ ਮੰਤਰੀਆਂ ਦੇ ਨਾਂ ਚਰਚਾ 'ਚ ਹਨ।

ਮਨਮੋਹਨ ਸਿੰਘ ਪ੍ਰਧਾਨ ਮੰਤਰੀ ਦੇ ਰੂਪ 'ਚ ਕੀ ਉਨ੍ਹਾਂ ਬਾਰੇ ਕੁਝ ਨਹੀਂ ਜਾਣਦੇ ਸਨ? ਕੀ ਉਨ੍ਹਾਂ ਨੇ ਇਨ੍ਹਾਂ ਦੋਸ਼ਾਂ ਦੀ ਜਾਂਚ ਕੀਤੀ? ਇਨ੍ਹਾਂ ਗੱਲਾਂ ਪ੍ਰਤੀ ਉਨ੍ਹਾਂ ਦੀ ਚੁੱਪ ਨੇ ਲੋਕਾਂ ਨੂੰ ਕਈ ਕਿਆਸਅਰਾਈਆਂ ਲਗਾਉਣ ਲਈ ਮਜਬੂਰ ਕਰ ਦਿੱਤਾ। ਇਤਿਹਾਸ ਆਉਣ ਵਾਲੇ ਸਮੇਂ 'ਚ ਇਨ੍ਹਾਂ ਸਾਰੀਆਂ ਗੱਲਾਂ 'ਤੇ ਆਪਣੀ ਵਿਆਖਿਆ ਕਰੇਗਾ। ਪ੍ਰਧਾਨ ਮੰਤਰੀ ਵਜੋਂ ਮਨਮੋਹਨ ਸਿੰਘ ਨੇ ਆਪਣੇ ਕਾਰਜਕਾਲ 'ਚ ਭਾਰਤ ਨੂੰ 9 ਫੀਸਦੀ ਵਿਕਾਸ ਦਰ ਨਾਲ ਅੱਗੇ ਵਧਾਇਆ। ਉਦਾਰੀਕਰਨ ਅਤੇ ਆਰਥਿਕ ਸੁਧਾਰ ਦੀ ਜਿਸ ਨੀਤੀ ਨੇ ਵਿੱਤ ਮੰਤਰੀ ਵਜੋਂ ਉਨ੍ਹਾਂ ਨੂੰ ਪ੍ਰਸਿੱਧੀ ਦਿਵਾਈ ਸੀ, ਜਦੋਂ ਉਹ ਪ੍ਰਧਾਨ ਮੰਤਰੀ ਬਣੇ ਤਾਂ ਉਨ੍ਹਾਂ 'ਤੇ ਖੱਬੇਪੱਖੀਆਂ ਦਾ ਦਬਾਅ ਪੈ ਗਿਆ, ਤਾਂ ਉਹ ਇਸ ਗੱਲ ਨੂੰ ਭੁੱਲ ਗਏ। ਇਨ੍ਹਾਂ ਗੱਲਾਂ 'ਚ ਵਿਨਿਵੇਸ਼, ਪੈਨਸ਼ਨ, ਬੈਂਕਿੰਗ ਸੁਧਾਰ, ਬੀਮਾ ਵਪਾਰ ਪੂੰਜੀ 'ਚ ਵਾਧਾ,



ਕਿਰਤ-ਕਾਨੂੰਨਾਂ ਨੂੰ ਸਰਲ ਬਣਾਉਣ ਅਤੇ ਰਿਟੇਲ ਵਪਾਰ ਨੂੰ ਖੋਲ੍ਹਣ ਆਦਿ ਵਰਗੇ ਕਦਮ ਵੀ ਸ਼ਾਮਲ ਸਨ। ਯਕੀਨੀ ਤੌਰ 'ਤੇ ਇਤਿਹਾਸ ਇਸ ਗੱਲ ਨੂੰ ਚੇਤੇ ਰੱਖੇਗਾ ਕਿ ਪ੍ਰਧਾਨ ਮੰਤਰੀ ਵਜੋਂ ਡਾ. ਮਨਮੋਹਨ ਸਿੰਘ ਨੇ ਭਾਰਤੀ ਅਰਥਚਾਰੇ ਨੂੰ ਇਕ ਨਵਾਂ ਨਜ਼ਰੀਆ ਦਿੱਤਾ ਸੀ।

ਪਿਛਲੇ 5 ਸਾਲਾਂ 'ਚ ਡਾ. ਮਨਮੋਹਨ ਸਿੰਘ ਨੇ ਦੇਸ਼ 'ਚ ਸਮਾਜਿਕ ਸੁਰੱਖਿਆ ਤੰਤਰ ਦਾ ਵਿਕਾਸ ਕੀਤਾ। ਗ੍ਰਾਮੀਣ ਰੋਜ਼ਗਾਰ ਗਾਰੰਟੀ ਯੋਜਨਾ, 70 ਹਜ਼ਾਰ ਕਰੋੜ ਰੁਪਏ ਦੀ ਕਿਸਾਨ ਕਰਜ਼ਾ ਯੋਜਨਾ, ਗ੍ਰਾਮੀਣ ਸਿਹਤ ਮਿਸ਼ਨ ਅਤੇ ਭਾਰਤ ਨਿਰਮਾਣ ਯੋਜਨਾ ਆਦਿ ਇਸ ਸ਼੍ਰੇਣੀ 'ਚ ਆਉਂਦੇ ਹਨ। ਹੁਣ ਸਵਾਲ ਉੱਠਦਾ ਹੈ ਕਿ ਕੀ ਸੱਚਮੁੱਚ ਇਨ੍ਹਾਂ ਸਾਰੀਆਂ ਚੀਜ਼ਾਂ ਦਾ ਕੋਈ ਅਸਰ ਪਿਆ ਹੈ? ਇਹ ਵੀ ਇਕ ਤੱਥ ਹੈ ਕਿ ਸਰਕਾਰ ਵਲੋਂ ਜੋ ਪੈਸਾ ਅਜਿਹੇ ਕੰਮਾਂ ਲਈ ਦਿੱਤਾ ਜਾਂਦਾ ਹੈ, ਉਸ ਦਾ ਵੱਡਾ ਹਿੱਸਾ ਗਰੀਬਾਂ ਤਕ ਨਹੀਂ ਪਹੁੰਚਦਾ। ਜਿਸ ਸਮੇਂ ਡਾ. ਮਨਮੋਹਨ ਸਿੰਘ ਨੇ ਇਹ ਨੀਤੀਆਂ ਸ਼ੁਰੂ ਕੀਤੀਆਂ ਸਨ, ਉਦੋਂ ਉਨ੍ਹਾਂ ਦੇ ਆਲੋਚਕਾਂ ਨੇ ਇਹੀ ਗੱਲਾਂ ਕਹੀਆਂ ਸਨ।

ਉਂਝ ਸਾਡੇ ਅਰਥ ਸ਼ਾਸਤਰੀ ਪ੍ਰਧਾਨ ਮੰਤਰੀ ਵਿਦੇਸ਼ ਨੀਤੀ ਦੇ ਮਾਮਲੇ 'ਚ ਸਫਲ ਰਹੇ ਹਨ। ਉਨ੍ਹਾਂ ਨੇ ਭਾਰਤ-ਅਮਰੀਕਾ ਪ੍ਰਮਾਣੂ ਸੰਧੀ ਬਾਰੇ ਦ੍ਰਿੜ੍ਹ ਸਟੈਂਡ ਲਿਆ ਤੇ ਉਨ੍ਹਾਂ ਦੀ ਇਸ ਨੀਤੀ ਦਾ ਪੱਤਰਕਾਰਾਂ ਨੇ ਭਰਪੂਰ ਸਮਰਥਨ ਕੀਤਾ।

ਇਹ ਸਹੀ ਹੈ ਕਿ ਉਹ ਅਜਿਹੇ ਪਹਿਲੇ ਪ੍ਰਧਾਨ ਮੰਤਰੀ ਰਹੇ ਹਨ, ਜੋ ਆਪਣੀ ਪਾਰਟੀ 'ਚ ਹਰਮਨ ਪਿਆਰਤਾ ਨਾਲ ਨਹੀਂ ਆਏ ਸਨ। ਉਨ੍ਹਾਂ ਨੂੰ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਵਲੋਂ ਨਿਯੁਕਤ ਕੀਤਾ ਗਿਆ ਸੀ ਅਤੇ ਉਨ੍ਹਾਂ ਦੇ ਕਾਰਜਕਾਲ ਦੌਰਾਨ ਸੋਨੀਆ ਗਾਂਧੀ ਦਾ ਹੀ ਜ਼ਿਆਦਾ ਪ੍ਰਭਾਵ ਰਿਹਾ।

ਉਨ੍ਹਾਂ ਲਈ ਇਤਿਹਾਸ ਹੁਣ ਕੀ ਲਿਖੇਗਾ? ਕੀ ਆਪਣੇ ਇਸ ਕਾਰਜਕਾਲ 'ਚ ਉਨ੍ਹਾਂ ਨੇ ਅਗਵਾਈ ਕੀਤੀ ਜਾਂ ਉਹ ਆਪਣੇ ਸਹਿਯੋਗੀਆਂ ਦੀਆਂ ਗੱਲਾਂ ਮੰਨ ਕੇ ਉਨ੍ਹਾਂ ਮੁਤਾਬਿਕ ਹੀ ਚੱਲਦੇ ਰਹੇ?

ਹੁਣ ਜੋ ਚੋਣ ਨਤੀਜੇ ਆਏ ਹਨ, ਉਹ ਉਨ੍ਹਾਂ ਨੂੰ ਦੂਜੇ ਕਾਰਜਕਾਲ ਲਈ ਸੱਤਾ 'ਚ ਲਿਆਉਣ ਲਈ ਸਹਾਈ ਹੋਣਗੇ ਤੇ ਹੁਣ ਦੇਖਣਾ ਇਹ ਹੈ ਕਿ ਅਗਾਂਹ ਉਨ੍ਹਾਂ ਦੀ ਕਾਰਜਸ਼ੈਲੀ ਕੀ ਹੋਵੇਗੀ? ਕੀ ਅਜਿਹਾ ਪ੍ਰਧਾਨ ਮੰਤਰੀ, ਜਿਸ ਨੂੰ ਕਮਜ਼ੋਰ ਕਿਹਾ ਜਾਂਦਾ ਰਿਹਾ ਹੋਵੇ, ਦੁਬਾਰਾ ਚੋਣਾਂ ਜਿੱਤ ਸਕਦਾ ਹੈ?

# ਭਾਈ ਮਹਿੰਦਰ ਸਿੰਘ ਦੀ ਸੇਵਾਮੁਕਤੀ ਦਾ ਵਿਵਾਦ ਹੋਰ ਭਖਿਆ

**ਸ਼ਿਕਾਗੋ (ਪੰਜਾਬ ਟਾਈਮਜ਼ ਬਿਊਰੋ):** ਇਥੋਂ ਦੇ ਗੁਰਦਵਾਰਾ ਪੈਲਾਟਾਈਨ ਦੇ ਗ੍ਰੰਥੀ ਭਾਈ ਮਹਿੰਦਰ ਸਿੰਘ ਨੂੰ ਹਟਾਏ ਜਾਣ ਦੇ ਮਾਮਲੇ ਨੂੰ ਲੈ ਕੇ ਸਿੱਖ ਰਿਲੀਜੀਅਸ ਸੁਸਾਇਟੀ ਦੇ ਬੋਰਡ ਅਤੇ ਉਨ੍ਹਾਂ ਨੂੰ ਹਟਾਏ ਜਾਣ ਦਾ ਵਿਰੋਧ ਕਰ ਰਹੀ ਧਿਰ ਵਿਚਾਲੇ ਪਾੜਾ ਉਦੋਂ ਹੋਰ ਵੱਧ ਗਿਆ ਜਦੋਂ ਭਾਈ ਮਹਿੰਦਰ ਸਿੰਘ ਨੇ ਆਪਣੀ ਸੇਵਾ ਮੁਕਤੀ ਦੇ ਵਿਰੋਧ ਵਿਚ ਸੰਗਤ ਵਿਚ ਕੁਝ ਪਰਚੇ ਵੰਡੇ। ਇਸੇ ਦੌਰਾਨ ਪ੍ਰਬੰਧਕਾਂ ਵਲੋਂ ਸੰਗਤ ਦਾ ਧਿਆਨ ਅਕਾਲ ਤਖਤ ਸਾਹਿਬ ਤੋਂ ਗੁਰੂਘਰਾਂ ਅੱਗੇ ਕਿਸੇ ਵੀ ਤਰ੍ਹਾਂ ਦੇ ਮੁਜ਼ਾਹਰੇ ਦੇ ਵਿਰੁਧ ਜਾਰੀ ਕੀਤੇ ਗਏ ਹੁਕਮਨਾਮੇ ਵਲ ਦਿਵਾਏ ਜਾਣ ਦੇ ਬਾਵਜੂਦ ਭਾਈ ਮਹਿੰਦਰ ਸਿੰਘ ਦੇ ਹਮਾਇਤੀਆਂ ਵਲੋਂ ਲਗਾਤਾਰ ਦੂਸਰੇ ਐਤਵਾਰ ਗੁਰੂਘਰ ਦੇ ਅੰਦਰ ਪ੍ਰਬੰਧਕਾਂ ਵਿਰੁਧ ਮੁਜ਼ਾਹਰਾ ਕੀਤਾ ਗਿਆ। ਪ੍ਰਬੰਧਕਾਂ ਨੇ ਅਕਾਲ ਤਖ਼ਤ ਦੇ ਹੁਕਮਨਾਮੇ ਦੀਆਂ ਨਕਲਾਂ ਗੁਰੂ ਘਰ ਦੀ ਹਦੂਦ ਅੰਦਰ ਥਾਂ ਥਾਂ ਲਗਾਈਆਂ ਹੋਈਆਂ ਸਨ।

ਇਸ ਵਾਰ ਮੁਜ਼ਾਹਰਾ ਕੇਸਰੀ ਪੱਗਾਂ ਅਤੇ ਦੁਪੱਟਿਆਂ ਨਾਲ ਸੀ, ਮੁਜਾਹਰਾਕਾਰੀ ਸੰਗਤ ਵੀ ਪਿਛਲੇ ਹਫਤੇ ਦੇ ਮੁਕਾਬਲੇ ਕੁਝ ਘੱਟ ਸੀ। ਮੁਜ਼ਾਹਰਾ ਕਰ ਰਹੇ ਭਾਈ ਮਹਿੰਦਰ ਸਿੰਘ ਦੇ ਹਮਾਇਤੀਆਂ ਵਲੋਂ ਬੋਰਡ ਦੀ ਬਰਖ਼ਾਸਤਗੀ ਅਤੇ ਭਾਈ ਮਹਿੰਦਰ ਸਿੰਘ ਦੀ ਬਹਾਲੀ ਦੀ ਮੰਗ ਕੀਤੀ ਜਾ ਰਹੀ ਸੀ। ਧਰਨਾ ਦੇ ਰਹੀ ਸੰਗਤ ਨੂੰ ਸੰਬੋਧਨ ਕਰਦਿਆਂ ਕੁਝ ਬੁਲਾਰਿਆਂ ਨੇ ਦੋਸ਼ ਲਾਇਆ ਕਿ ਭਾਈ ਮਹਿੰਦਰ ਸਿੰਘ ਨੂੰ ਇਕ ਸਾਜ਼ਿਸ਼ ਅਧੀਨ ਹਟਾਇਆ ਗਿਆ ਹੈ ਅਤੇ ਉਨ੍ਹਾਂ ਨੂੰ 'ਅਖੌਤੀ ਕੰਟਰੈਕਟ' ਉਤੇ ਦਸਤਖਤ ਕਰਨ ਲਈ ਬਣਦਾ ਸਮਾਂ ਹੀ ਨਹੀਂ ਦਿਤਾ ਗਿਆ। ਇਕ ਬੁਲਾਰੇ ਨੇ ਤਾਂ ਸੰਗਤ ਨੂੰ ਗੁਰੂਘਰ ਕੋਈ ਚੜ੍ਹਾਵਾ ਜਾਂ ਦਾਲ ਉਦੋਂ ਤਕ ਨਾ ਦੇਣ ਦਾ ਸੱਦਾ ਦਿਤਾ ਜਦੋਂ ਤਕ ਉਨ੍ਹਾਂ ਦੀਆਂ ਮੰਗਾਂ ਪ੍ਰਵਾਨ ਨਹੀਂ ਕੀਤੀਆਂ ਜਾਂਦੀਆਂ। ਕੁਝ ਬੁਲਾਰਿਆਂ ਦਾ ਇਹ ਵੀ ਰੋਸ ਸੀ ਕਿ ਮੀਡੀਆ ਉਨ੍ਹਾਂ ਨੂੰ ਠੀਕ ਕਵਰੇਜ ਨਹੀਂ ਦੇ ਰਿਹਾ। ਕੁਝ ਲੋਕ ਧਰਨਿਆਂ ਵਿਰੁੱਧ ਹੁਕਮਨਾਮੇ ਬਾਰੇ ਕਹਿ ਰਹੇ ਸਨ ਕਿ ਸਾਨੂੰ ਇਸ ਦੀ ਪਰਵਾਹ ਨਹੀਂ।

ਭਾਈ ਮਹਿੰਦਰ ਸਿੰਘ ਨੇ ਵੰਡੇ ਪਰਚੇ ਵਿਚ ਕਿਹਾ ਹੈ ਕਿ ਉਹ ਪਿਛਲੇ 27 ਸਾਲ ਤੋਂ ਗੁਰੂ ਘਰ ਦੀ ਸੇਵਾ ਕਰਦੇ ਆ ਰਹੇ ਹਨ, ਇਸ ਲਈ ਉਨ੍ਹਾਂ ਤੋਂ ਨੌਕਰੀ ਲਈ ਨਵੇਂ ਸਿਰਿਓਂ ਅਰਜੀ ਮੰਗਣੀ ਸਹੀ ਨਹੀਂ ਸੀ।

ਭਾਈ ਮਹਿੰਦਰ ਸਿੰਘ ਨੇ ਹੋਰ ਲਿਖਿਆ ਹੈ ਕਿ ਉਨ੍ਹਾਂ 'ਕੰਟਰੈਕਟ 'ਤੇ ਸਾਈਨ ਕਰਨ ਤੋਂ ਕਦੇ ਵੀ ਇਨਕਾਰ ਨਹੀਂ ਕੀਤਾ। ਉਨ੍ਹਾਂ ਨੂੰ ਹੋਰ ਤਿੰਨ ਗ੍ਰੰਥੀਆਂ ਨਾਲ 21 ਅਪਰੈਲ ਨੂੰ ਬੁਲਾ ਕੇ ਬੋਰਡ ਨੇ ਕੰਟਰੈਕਟ ਉਤੇ ਦਸਤਖਤ ਕਰਨ ਲਈ ਆਖਿਆ ਪਰ ਉਨ੍ਹਾਂ ਇਸ ਬਿਨਾ ਉਤੇ ਉਸੇ ਵਕਤ ਦਸਤਖਤ ਨਾ ਕੀਤੇ ਕਿ ਉਹ ਕੰਟਰੈਕਟ ਪੂਰੀ ਤਰ੍ਹਾਂ ਘੋਖ ਕੇ ਅਤੇ ਵਕੀਲ ਨੂੰ ਦਖਾ ਕੇ ਦਸਤਖਤ ਕਰਨਗੇ। 3 ਮਈ ਨੂੰ ਉਨ੍ਹਾਂ ਨੂੰ ਬੁਲਾ ਕੇ ਕੰਟਰੈਕਟ ਦੀ ਮੰਗ ਕੀਤੀ ਗਈ। ਕੰਟਰੈਕਟ ਵਕੀਲ ਨੂੰ ਭੇਜੇ ਹੋਣ ਬਾਰੇ ਦੱਸੇ ਜਾਣ 'ਤੇ ਕਮੇਟੀ ਨੇ ਉਨ੍ਹਾਂ ਨੂੰ ਕੋਈ ਅੰਤਿਮ ਮਿਤੀ ਜਾਂ ਡੈਡਲਾਈਨ ਨਾ ਦਿਤੀ। 5 ਮਈ ਨੂੰ ਉਨ੍ਹਾਂ ਨੂੰ ਸੇਵਾਮੁਕਤ ਕਰ ਦਿੱਤਾ ਗਿਆ। ਇੰਨੀ ਜਲਦੀ ਇਹ ਕਦਮ ਚੁੱਕਣ ਦੀ ਕਿਉਂ ਲੋੜ ਪਈ ਇਹ ਤਾਂ ਪ੍ਰਬੰਧਕ ਹੀ ਜਾਣਦੇ ਹੋਣਗੇ। ਭਾਈ ਮਹਿੰਦਰ ਸਿੰਘ ਨੇ ਸੰਗਤ ਨੂੰ ਗੁਰੂਘਰ ਵਿਚ ਸ਼ਾਂਤੀ ਦਾ ਮਾਹੌਲ ਬਣਾਈ ਰੱਖਣ ਦੀ ਅਪੀਲ ਕੀਤੀ ਹੈ। ਗੁਰੂਘਰ ਦੀਆਂ ਜਾਇਦਾਦਾਂ ਦੇ ਮਾਮਲੇ ਵਿਚ ਵੀ ਉਨ੍ਹਾਂ ਆਪਣੀ ਸਫਾਈ ਵਿਚ ਕਿਹਾ ਹੈ ਕਿ ਕਿਧਰੇ ਵੀ ਕੋਈ ਊਚ-ਨੀਚ ਨਹੀਂ ਹੈ ਅਤੇ ਸਾਰਾ ਰਿਕਾਰਡ ਸਰਕਾਰੀ ਦਫਤਰ ਤੋਂ ਚੈਕ ਕੀਤਾ ਜਾ ਸਕਦਾ ਹੈ। ਨਾਲ ਹੀ ਉਨ੍ਹਾਂ ਸੇਵਮੁਕਤੀ ਲਈ ਬੋਰਡ ਵਲੋਂ ਦਿੱਤੀ ਗਈ ਚਿੱਠੀ ਦੀ ਨਕਲ ਵੀ ਵੰਡੀ।

ਇਸੇ ਦੌਰਾਨ ਬੋਰਡ ਨੇ ਭਾਈ ਮਹਿੰਦਰ ਸਿੰਘ ਵਲੋਂ ਅਸਿੱਧੇ ਤੌਰ 'ਤੇ ਮੁਜ਼ਾਹਰੇ ਵਿਚ ਸ਼ਾਮਲ ਹੋਣ ਅਤੇ ਆਪਣੀ ਸਫਾਈ ਵਿਚ ਪਰਚੇ ਵੰਡੇ ਜਾਣ ਦਾ ਗੰਭੀਰ ਨੋਟਿਸ ਲੈਂਦਿਆਂ ਆਖਿਆ ਹੈ ਕਿ ਭਾਈ ਮਹਿੰਦਰ ਸਿੰਘ ਸੰਗਤ ਵਿਚ ਇਸ ਤਰ੍ਹਾਂ ਵੰਡੀਆਂ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਸਿੱਖ ਰਿਲੀਜੀਅਸ ਸੁਸਾਇਟੀ ਦੇ ਬੋਰਡ ਵਲੋਂ ਜਾਰੀ ਇਕ ਬਿਆਨ ਵਿਚ ਆਖਿਆ ਗਿਆ ਹੈ ਕਿ ਭਾਈ ਮਹਿੰਦਰ ਸਿੰਘ ਨੇ ਪਹਿਲਾਂ 21 ਦਸੰਬਰ ਨੂੰ ਸਟੇਜ ਤੋਂ ਐਸ ਆਰ ਐਸ ਬੋਰਡ ਦੇ ਵਿਰੁਧ ਬੋਲਦਿਆਂ ਉਦੋਂ ਸੰਗਤ ਨੂੰ ਵੰਡਣ ਦੀ ਕੋਸ਼ਿਸ਼ ਕੀਤੀ ਜਦੋਂ ਪ੍ਰਧਾਨ ਜਸਪ੍ਰੀਤ ਸਿੰਘ ਅਟਵਾਲ ਵਲੋਂ ਉਨ੍ਹਾਂ ਨੂੰ ਕੰਟਰੈਕਟ ਉਤੇ ਦਸਤਖ਼ਤ ਕਰਨ ਲਈ ਬੇਨਤੀ ਕੀਤੀ ਗਈ ਸੀ ਅਤੇ ਉਨ੍ਹਾਂ ਇਹ ਬੇਨਤੀ ਸਪਸ਼ਟ ਸ਼ਬਦਾਂ ਵਿਚ ਠੁਕਰਾ ਦਿੱਤੀ ਸੀ। ਇਸ ਤੋਂ ਬਾਅਦ ਹੁਣ 7 ਮਈ ਨੂੰ ਭਾਈ ਮਹਿੰਦਰ ਸਿੰਘ ਨੇ ਗੁਰਦੁਆਰਾ ਸਾਹਿਬ ਦੇ ਅੰਦਰ ਇਕ ਰੋਸ ਮੀਟਿੰਗ ਵਿਚ ਹਿੱਸਾ ਲਿਆ ਅਤੇ ਸੰਗਤ ਨੂੰ ਉਕਸਾਉਣ ਦੀ ਕੋਸ਼ਿਸ਼ ਕੀਤੀ ਜਿਸ ਕਰਕੇ ਪ੍ਰਬੰਧਕਾਂ ਨੂੰ ਅਮਨ ਅਮਾਨ ਕਾਇਮ ਰੱਖਣ ਲਈ ਪੁਲਿਸ ਵੀ ਬੁਲਾਉਣੀ ਪਈ। ਇਸ ਤੋਂ ਬਾਅਦ ਭਾਈ ਮਹਿੰਦਰ ਸਿੰਘ ਦੇ ਪਰਿਵਾਰ ਨੇ 10 ਅਤੇ 17 ਮਈ ਨੂੰ ਮੁਜ਼ਾਹਰੇ ਵਿਚ ਹਿੱਸਾ ਲਿਆ ਅਤੇ ਹੁਣ ਆਪਣੀ ਸੇਵਾਮੁਕਤੀ ਦੀ ਚਿੱਠੀ ਅਤੇ ਬੋਰਡ ਵਿਰੁੱਧ ਪਰਚੇ ਵੰਡ ਕੇ ਸਾਰੀਆਂ ਹੱਦਾਂ ਉਲੰਘ ਲਈਆਂ ਹਨ।

ਬਿਆਨ ਅਨੁਸਾਰ ਭਾਈ ਸਾਹਿਬ ਨੂੰ ਸੁਸਾਇਟੀ ਦੇ ਸੰਵਿਧਾਨ ਅਤੇ ਬਾਈਲਾਅਜ਼ ਦੇ ਅਨੁਸਾਰ ਹੀ ਨਵੇਂ ਕੰਟਰੈਕਟ ਉਤੇ ਦਸਤਖਤ ਕਰਨ ਲਈ ਬੇਨਤੀ ਕੀਤੀ ਗਈ ਸੀ। ਲਗਾਤਾਰ ਤਿੰਨ ਮਹੀਨੇ ਉਹ ਇਹੋ ਕਹਿੰਦੇ ਰਹੇ ਕਿ ਅਜਿਹਾ ਕਰਨਾ ਉਨ੍ਹਾਂ ਦੇ ਅਸੂਲ ਦੇ ਵਿਰੁਧ ਹੈ। ਜੇ ਭਾਈ ਸਾਹਿਬ ਨੇ ਗੁਰੂਘਰ ਦੀ ਸੇਵਾ ਹੀ ਕਰਨੀ ਹੈ ਤਾਂ ਫਿਰ ਨਿਯੁਕਤੀ ਲਈ ਅਰਜੀ ਦੇਣ ਜਾਂ ਕੰਟਰੈਕਟ ਉਤੇ ਸਹੀ ਪਾਉਣ ਵਿਚ ਝਿਜਕ ਕਿਉਂ? ਜੇ ਉਹ ਕਹਿੰਦੇ ਹਨ ਕਿ ਸਭ ਕੁਝ ਵਾਹਿਗੁਰੂ ਦੇ ਹੁਕਮ ਵਿਚ ਹੋ ਰਿਹਾ ਹੈ ਤਾਂ ਫਿਰ ਕੰਟਰੈਕਟ ਉਤੇ ਦਸਤਖਤ ਕਰਨ ਤੋਂ ਇਨਕਾਰ ਕਿਉਂ? ਫਿਰ ਜਦੋਂ ਬੋਰਡ ਨੇ ਪੰਜ ਮਈ ਨੂੰ ਉਨ੍ਹਾਂ ਨੂੰ ਸੇਵਾਮੁਕਤ ਕਰਨ ਦਾ ਫੈਸਲਾ ਰਾਤੀਂ 9.30 ਵਜੇ ਲਿਆ ਤਾਂ 11.30 ਵਜੇ ਸੁਨੇਹੇ ਆਉਣ ਲੱਗ ਪਏ ਕਿ ਭਾਈ ਸਾਹਿਬ ਨੇ ਕੰਟਰੈਕਟ ਉਤੇ ਦਸਤਖਤ ਕਰ ਦਿਤੇ ਹਨ। ਬਿਆਨ ਵਿਚ ਕਿਹਾ ਗਿਆ ਹੈ ਕਿ ਭਾਈ ਸਾਹਿਬ ਤੋਂ ਪੁਛਿਆ ਜਾ ਸਕਦਾ ਹੈ ਕਿ ਉਦੋਂ ਉਨ੍ਹਾਂ ਦੇ ਅਸੂਲ ਕਿਧਰ ਗਏ? ਅਤੇ ਵਕੀਲ ਨੂੰ ਇੰਨੀ ਛੇਤੀ ਕੰਟਰੈਕਟ ਕਿੱਦਾਂ ਵਿਖਾ ਵੀ ਲਿਆ ਗਿਆ? ਬਿਆਨ ਵਿਚ ਇਹ ਵੀ ਆਖਿਆ ਗਿਆ ਹੈ ਕਿ ਕੰਟਰੈਕਟ ਵਕੀਲ ਨੂੰ ਵਿਖਾਏ ਜਾਣ ਦੀ ਵਾਰ ਵਾਰ ਗੱਲ ਛੇੜੀ ਜਾ ਰਹੀ ਹੈ ਪਰ ਕਿਸੇ ਕਾਰਪੋਰੇਸ਼ਨ ਵਿਚ ਨੌਕਰੀ ਕਰਨ ਸਮੇਂ ਕੋਈ ਇਹ ਗੱਲ ਆਖੇ ਕਿ ਮੈਂ ਕੰਟਰੈਕਟ ਪਹਿਲਾਂ ਵਕੀਲ ਨੂੰ ਵਿਖਾਉਣਾ ਹੈ ਤਾਂ ਕੌਣ ਉਸਨੂੰ ਹਾਇਰ ਕਰੇਗਾ? ਇਸਤੋਂ ਇਲਾਵਾ ਬੋਰਡ ਉਨ੍ਹਾਂ ਬਾਈਲਾਅਜ਼ ਉਤੇ ਹੀ ਅਮਲ ਕਰ ਰਿਹਾ ਹੈ ਜਿਹੜੇ ਭਾਈ ਮਹਿੰਦਰ ਸਿੰਘ ਦੇ ਕਸਟੋਡੀਅਨ ਹੁੰਦਿਆਂ ਬਣਾਏ ਗਏ ਸਨ।

ਬਿਆਨ ਵਿਚ ਗੁਰੂਘਰ ਨੂੰ ਮਾਇਆ ਭੇਟਾ ਨਾ ਕਰਨ ਦਾ ਸੱਦਾ ਦੇਣ ਵਾਲੇ ਲੋਕਾਂ ਦਾ ਜ਼ਿਕਰ ਕਰਦਿਆਂ ਆਖਿਆ ਗਿਆ ਹੈ ਕਿ ਇਨ੍ਹਾਂ ਲੋਕਾਂ ਤੋਂ ਪੁੱਛਿਆ ਜਾਣਾ ਚਾਹੀਦਾ ਹੈ ਕਿ ਕੀ ਇਹ ਲੋਕ ਗੁਰੂਘਰ ਗੁਰੂ ਦੇ ਲੜ ਲੱਗਣ ਆਉਂਦੇ ਹਨ ਜਾਂ ਫਿਰ ਸਿਰਫ ਕਿਸੇ ਖਾਸ ਗ੍ਰੰਥੀ ਦੇ ਹੀ? ਉਹ ਆਪਣੇ ਦਸਵੰਧ ਵਿਚੋਂ ਮਾਇਆ ਗੁਰੂ ਗ੍ਰੰਥ ਸਾਹਿਬ ਅੱਗੇ ਭੇਟ ਕਰਦੇ ਹਨ ਜਾਂ ਫਿਰ ਕਿਸੇ ਗ੍ਰੰਥੀ ਅੱਗੇ? ਕੀ ਇਹ ਮਾਇਆ ਗੁਰੂਘਰ ਹੀ ਰਹਿੰਦੀ ਹੈ ਜਾਂ ਕਿਸੇ ਬੋਰਡ ਮੈਂਬਰ ਦੀ ਜੇਬ ਵਿਚ ਜਾਂਦੀ ਹੈ?

ਗੁਰੂਘਰ ਦੀ ਇਕ ਪ੍ਰਾਪਰਟੀ ਭਾਈ ਮਹਿੰਦਰ ਸਿੰਘ ਨਾਲ ਵਟਾਏ ਜਾਣ ਬਾਰੇ ਵੀ ਗੰਭੀਰ ਕਾਨੂੰਨੀ ਨੁਕਤਾ ਉਠਾਇਆ ਗਿਆ ਹੈ। ਆਈ ਆਰ ਐਸ ਦੇ ਨਿਯਮ 501 (ਸੀ) 3 ਤਹਿਤ ਕਿਸੇ ਵੀ ਗੈਰ ਮੁਨਾਫਾ ਜਥੇਬੰਦੀ ਲਈ ਕਨਫਲਿਕਟ ਆਫ ਇੰਟਰਸਟ (ਹਿੱਤਾਂ ਦਾ ਟਕਰਾਓ) ਨੀਤੀ ਅਪਨਾਈ ਜਾਣੀ ਲਾਜ਼ਮੀ ਹੈ। ਇਸ ਨਿਯਮ ਤਹਿਤ ਇਹ ਸਪਸ਼ਟ ਹਦਾਇਤ ਹੈ ਕਿ ਕਿਸੇ ਵੀ ਨਾਨ ਪ੍ਰਾਫਿਟ ਕਾਰਪੋਰੇਸ਼ਨ ਅਤੇ ਇਸ ਦੇ ਮੁਲਾਜ਼ਮਾਂ ਜਾਂ ਡਾਇਰੈਕਟਰਾਂ ਵਿਚਾਲੇ ਅਸਾਸਿਆਂ ਦੀ ਵਿਕਰੀ ਜਾਂ ਖਰੀਦ ਜਾਂ ਵਟਾਂਦਰਾ ਗੈਰ ਮੁਨਾਫਾ ਸੁਸਾਇਟੀ ਦੇ ਮੈਂਬਰਾਂ ਦੀ ਰਾਇਸ਼ੁਮਾਰੀ (ਰੈਫਰੈਂਡਮ) ਤੋਂ ਬਿਨਾਂ ਨਹੀਂ ਹੋਣੀ ਚਾਹੀਦੀ। ਇਲੀਨਾਏ ਨਾਨ ਪ੍ਰਾਫਿਟ ਲਾਅ ਵੀ ਇਹੋ ਕਹਿੰਦਾ ਹੈ। ਬਿਆਨ ਅਨੁਸਾਰ 30 ਜੁਲਾਈ, 2002 ਨੂੰ ਸੁਸਾਇਟੀ ਨੇ ਭਾਈ ਮਹਿੰਦਰ ਸਿੰਘ ਨਾਲ ਇਕ ਪ੍ਰਾਪਰਟੀ ਦਾ ਵਟਾਂਦਰਾ ਬੋਰਡ ਦੇ ਮੈਂਬਰਾਂ ਤੋਂ ਰਾਇਸ਼ੁਮਾਰੀ (ਰੈਫਰੈਂਡਮ) ਕਰਵਾਏ ਬਿਨਾਂ ਕੀਤਾ ਜੋ ਕਿ ਗੈਰ ਮੁਨਾਫਾ ਜਥੇਬੰਦੀਆਂ ਬਾਰੇ ਕਾਨੂੰਨ ਦੀ ਉਲੰਘਣਾ ਹੈ। ਕਾਨੂੰਨ ਦੀ ਇਹ ਉਲੰਘਣਾ ਸਿੱਖ ਰਿਲੀਜੀਅਸ ਸੁਸਾਇਟੀ ਨੂੰ ਜੋਖਮ ਵਿਚ ਪਾਉਂਦੀ ਹੈ।

ਬੋਰਡ ਅਨੁਸਾਰ ਸੁਸਾਇਟੀ ਦੇ ਕਾਰਵਾਈ ਰਜਿਸਟਰ ਵਿਚ ਅਪਰੈਲ 2002 ਤੋਂ ਜੁਲਾਈ 2002 ਤੱਕ ਇਸ ਤਬਾਦਲੇ ਬਾਰੇ ਕੋਈ ਜ਼ਿਕਰ ਨਹੀਂ ਹੈ, ਜਿਸ ਦਾ ਭਾਵ ਹੈ ਕਿ ਇਹ ਮਾਮਲਾ ਕਦੀ ਬੋਰਡ ਦੀ ਮੀਟਿੰਗ ਵਿਚ ਵਿਚਾਰਿਆ ਹੀ ਨਹੀਂ ਗਿਆ। ਦਾਅਵਾ ਕੀਤਾ ਗਿਆ ਹੈ ਕਿ ਇਸ ਹਿਸਾਬ ਤਕਨੀਕੀ ਤੌਰ 'ਤੇ ਸਬੰਧਤ ਲਾਟ ਅੱਜ ਵੀ ਸੁਸਾਇਟੀ ਦੀ ਮਲਕੀਅਤ ਹੈ।

# ਕਾਂਗਰਸ ਦੀ ਜਿੱਤ ਤੇ ਖੁਸ਼ੀ ਦਾ ਪ੍ਰਗਟਾਵਾ

**ਸ਼ਿਕਾਗੋ:** ਅਮਰੀਕਾ ਵਸਦੇ ਪੰਜਾਬੀ ਪ੍ਰਵਾਸੀਆਂ ਨੇ ਆਮ ਕਰਕੇ ਕਾਂਗਰਸ ਅਤੇ ਇਸਦੀਆਂ ਸਹਿਯੋਗੀ ਪਾਰਟੀਆਂ ਦੀ ਲੋਕ ਸਭਾ ਚੋਣਾਂ ਵਿਚ ਭਾਰੀ ਜਿੱਤ ਤੋਂ ਬਾਅਦ ਡਾ ਮਨਮੋਹਨ ਸਿੰਘ ਦੇ ਮੁੜ ਪ੍ਰਧਾਨ ਮੰਤਰੀ ਬਣ ਜਾਣ ਲਈ ਰਾਹ ਪੱਧਰਾ ਹੋਣ ਦਾ ਭਰਵਾਂ ਸਵਾਗਤ ਕੀਤਾ ਹੈ। ਪ੍ਰਵਾਸੀਆਂ ਵਿਚ ਇਹ ਆਮ ਭਾਵਨਾ ਹੈ ਕਿ ਡਾ ਮਨਮੋਹਨ ਸਿੰਘ ਦੀ ਲਿਆਕਤ ਅਤੇ ਉਨ੍ਹਾਂ ਦੇ ਸਾਫ-ਸੁਥਰੇ ਅਕਸ ਕਾਰਨ ਵਿਦੇਸ਼ਾਂ ਵਿਚ ਭਾਰਤੀਆਂ ਅਤੇ ਖਾਸ ਕਰ ਸਿੱਖਾਂ ਦੀ ਚੰਗੀ ਪੈਂਠ ਬਣੀ ਹੈ। ਇਹ ਵੀ ਆਮ ਪ੍ਰਭਾਵ ਹੈ ਕਿ ਇਨ੍ਹਾਂ ਚੋਣਾਂ ਵਿਚ ਕਾਂਗਰਸ ਦੀ ਜਿੱਤ ਅਸਲ ਵਿਚ ਡਾ ਮਨਮੋਹਨ ਸਿੰਘ ਦੀ ਹੀ ਜਿੱਤ ਹੈ ਕਿਉਂਕਿ ਖਾਸ ਕਰਕੇ ਭਾਰਤੀ ਮੱਧਵਰਗ ਵਿਚ ਉਨ੍ਹਾਂ ਦੀ ਦਿਆਨਤਦਾਰੀ ਦਾ ਬੜਾ ਸਤਿਕਾਰ ਹੈ। ਸਿੱਖ ਭਾਈਚਾਰੇ ਨੇ ਵੀ ਆਮ ਕਰਕੇ ਡਾ ਮਨਮੋਹਨ ਸਿੰਘ ਕਰਕੇ ਕਾਂਗਰਸ ਨੂੰ ਵੋਟ ਪਾਈ ਹੈ।

ਯੂਨਾਈਟਡ ਸਪੋਰਟਸ ਕਲੱਬ ਦੇ ਚੇਅਰਮੈਨ ਸ੍ਰੀ ਅਮੋਲਕ ਸਿੰਘ ਗਾਖਲ, ਪੰਜਾਬੀ ਕਲਚਰਲ ਸੁਸਾਇਟੀ ਮਿਸ਼ੀਗਨ ਦੇ ਪ੍ਰਧਾਨ ਅਤੇ ਮਿਸ਼ੀਗਨ ਡੈਮੋਕਰੇਟ ਪਾਰਟੀ ਦੀ ਕੈਂਟ ਕਾਊਂਟੀ ਦੇ ਵਾਇਸ ਚੇਅਰਮੈਨ ਸ੍ਰੀ ਸੰਨੀ ਧੂੜ ਨੇ ਵਖੋ-ਵਖ ਬਿਆਨਾਂ ਵਿਚ ਕਿਹਾ ਹੈ ਕਿ ਡਾ ਮਨਮੋਹਨ ਸਿੰਘ ਦਾ ਮੁੜ ਪ੍ਰਧਾਨ ਮੰਤਰੀ ਬਣਨਾ ਪ੍ਰਦੇਸੀਂ ਵਸਦੇ ਭਾਰਤੀਆਂ ਲਈ ਅਤੇ ਖਾਸ ਕਰਕੇ ਸਿੱਖ ਭਾਈਚਾਰੇ ਲਈ ਵਡੇ ਮਾਣ ਦੀ ਗੱਲ ਹੈ। ਖਾਸ ਕਰਕੇ ਸਤੰਬਰ 11 ਦੇ ਅੱਤਵਾਦੀ ਹਮਲਿਆਂ ਤੋਂ ਬਾਅਦ ਸਿੱਖਾਂ ਦੀ ਪਛਾਣ ਦਾ ਮਸਲਾ ਖੜਾ ਹੋ ਗਿਆ ਸੀ ਪਰ ਡਾ ਮਨਮੋਹਨ ਸਿੰਘ ਕਰਕੇ ਸਿੱਖਾਂ ਦੀ ਵਿਸ਼ਵ ਭਰ ਵਿਚ ਵੱਖਰੀ ਪਛਾਣ ਬਣੀ ਹੈ। ਉਨ੍ਹਾਂ ਇਹ ਵੀ ਆਖਿਆ ਕਿ ਪੰਜਾਬ ਵਿਚ ਕਾਂਗਰਸ ਦੀ ਜਿੱਤ ਜਾਂ ਡਾ ਮਨਮੋਹਨ ਸਿੰਘ ਕਰਕੇ ਹੋਈ ਹੈ ਜਾਂ ਫਿਰ ਕੈਪਟਨ ਅਮਰਿੰਦਰ ਸਿੰਘ ਕਰਕੇ। ਉਨ੍ਹਾਂ ਇਹ ਆਸ ਵੀ ਪ੍ਰਗਟਾਈ ਕਿ ਸ੍ਰੀਮਤੀ ਸੋਨੀਆ ਗਾਂਧੀ ਅਤੇ ਉਨ੍ਹਾਂ ਦਾ ਸਪੁੱਤਰ ਰਾਹੁਲ ਗਾਂਧੀ ਸਿੱਖਾਂ ਪ੍ਰਤੀ ਆਪਣੇ ਪਰਿਵਾਰ ਦੇ ਪੁਰਾਣੇ ਰਵੱਈਏ ਨੂੰ ਭੁਲਾ ਕੇ ਦੋਸਤਾਨਾ ਸਬੰਧਾਂ ਨੂੰ ਹੋਰ ਮਜਬੂਤ ਕਰਨਗੇ। ਕੁਝ ਅਜਿਹੇ ਹੀ ਵਿਚਾਰ ਸ਼ਿਕਾਗੋ ਦੇ ਬਿਜਨਸਮੈਨ ਸ੍ਰੀ ਨਿੱਕ ਗਾਖਲ ਨੇ ਪ੍ਰਗਟਾਏ ਹਨ।

ਇਕ ਹੋਰ ਬਿਆਨ ਵਿਚ ਗੁਰੂ ਨਾਨਕ ਸਿੱਖ ਟੈਂਪਲ, ਬੋਗ ਰੋਡ ਯੂਬਾ ਸਿਟੀ ਦੇ ਪ੍ਰਧਾਨ ਸ. ਚੈਨ ਸਿੰਘ ਖੇੜਾ ਨੇ ਡਾ ਮਨਮੋਹਨ ਸਿੰਘ ਨੂੰ ਵਧਾਈ ਦਿੰਦਿਆਂ ਆਖਿਆ ਹੈ ਕਿ ਲੋਕ ਸਭਾ ਚੋਣਾਂ ਵਿਚ ਕਾਂਗਰਸ ਦੀ ਜਿੱਤ ਅਸਲ ਵਿਚ ਉਨ੍ਹਾਂ ਦੀ ਹੀ ਦਿਆਨਤਦਾਰੀ ਅਤੇ ਸਖਤ ਮਿਹਨਤ ਦਾ ਨਤੀਜਾ ਹੈ। ਸ੍ਰੀ ਖੇੜਾ ਨੇ ਡਾ ਮਨਮੋਹਨ ਸਿੰਘ ਨੂੰ ਸਲਾਹ ਦਿਤੀ ਕਿ ਉਹ ਆਪਣੀ ਵਜਾਰਤ ਵਿਚ ਸਿਰਫ ਇਮਾਨਦਾਰ ਅਤੇ ਮਿਹਨਤੀ ਲੋਕਾਂ ਨੂੰ ਹੀ ਸ਼ਾਮਲ ਕਰਨ ਅਤ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਜਿਹਾ ਰਾਜ ਲੋਕਾਂ ਨੂੰ ਦੇਣ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਡਾ ਮਨਮੋਹਨ ਸਿੰਘ ਦੀ ਅਗਵਾਈ ਹੇਠ ਭਾਰਤ ਯੂਰਪ, ਅਮਰੀਕਾ ਅਤੇ ਕੈਨੇਡਾ ਵਾਂਗ ਖੁਸ਼ਹਾਲ ਦੇਸ਼ ਬਣ ਜਾਵੇਗਾ।

# ਸੁਰਿੰਦਰ ਸਰਾਓ ਦਾ ਨਾਵਲ 'ਛੋਟੇ ਸ਼ਹਿਰ ਦੇ ਮੁੰਡੇ' ਰਿਲੀਜ਼

**ਚੰਡੀਗੜ੍ਹ:** ਬੀਤੇ ਦਿਨੀਂ ਚੰਡੀਗੜ੍ਹ ਪ੍ਰੈਸ ਕਲੱਬ ਵਿਖੇ ਨੌਜਵਾਨ ਪੱਤਰਕਾਰ ਸੁਰਿੰਦਰਪਾਲ ਸਰਾਓ ਦੇ ਪਲੇਠੇ ਨਾਵਲ 'ਛੋਟੇ ਸ਼ਹਿਰ ਦੇ ਮੁੰਡੇ' ਨੂੰ ਉੱਘੇ ਕਹਾਣੀਕਾਰ ਮੋਹਨ ਭੰਡਾਰੀ ਵੱਲੋਂ




**ਸੁਰਿੰਦਰ ਸਰਾਓ ਦਾ ਨਾਵਲ 'ਛੋਟੇ ਸ਼ਹਿਰ ਦੇ ਮੁੰਡੇ' ਰਿਲੀਜ਼ ਕਰਦੇ ਹੋਏ, ਮੋਹਨ ਭੰਡਾਰੀ, ਗੁਲਜ਼ਾਰ ਸਿੰਘ ਸੰਧੂ ਅਤੇ ਨਿਰੂਪਮਾ ਦੱਤ**

ਰਿਲੀਜ਼ ਕੀਤਾ ਗਿਆ। ਇਸ ਸਮਾਗਮ ਵਿਚ ਉਘੇ ਪੱਤਰਕਾਰ ਅਤੇ ਲੇਖਕ ਗੁਲਜ਼ਾਰ ਸਿੰਘ ਸੰਧੂ, ਨਿਰੂਪਮਾ ਦੱਤ, ਕਰਮਜੀਤ ਸਿੰਘ, ਡਾ. ਮੇਘਾ ਸਿੰਘ, ਡਾ. ਗੁਰਪਾਲ ਸਿੰਘ ਸੰਧੂ ਅਤੇ ਦਲਜੀਤ ਅਮੀ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਪ੍ਰੋਗਰਾਮ ਦਾ ਆਰੰਭ ਨਾਵਲ ਨੂੰ ਰਿਲੀਜ਼ ਕਰਨ ਦੀ ਰਸਮ ਨਾਲ ਹੋਇਆ। ਇਸ ਤੋਂ ਬਾਅਦ ਨਾਵਲ ਉਪਰ ਚਰਚਾ ਦਾ ਮੁੱਢ ਬੰਨ੍ਹਦਿਆਂ ਡਾ. ਗੁਰਪਾਲ ਸਿੰਘ ਸੰਧੂ ਨੇ ਕਿਹਾ ਕਿ ਇਸ ਨਾਵਲ ਵਿਚ ਛੋਟੇ ਸ਼ਹਿਰਾਂ ਵਿਚ ਰਹਿ ਰਹੇ ਉਹਨਾਂ ਨੌਜਵਾਨਾਂ ਦੀ ਜ਼ਿੰਦਗੀ ਨੂੰ ਚਿਤਰਿਆ ਗਿਆ ਹੈ ਜਿਹੜੇ ਹਰ ਕਦਮ ਤੇ ਸਮਾਜ ਨਾਲ ਇਕ ਟਕਰਾਅ ਵਿਚ ਹਨ।

ਇਸ ਤੋਂ ਬਹਿਸ ਨੂੰ ਅੱਗੇ ਤੋਰਦਿਆਂ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਅਸਿਸਟੈਂਟ ਐਡੀਟਰ ਕਰਮਜੀਤ ਸਿੰਘ ਨੇ ਨਾਵਲ ਦੇ ਮੁੱਖ ਪਾਤਰ ਨਿੰਦਰ ਨੂੰ ਆਪਣੀ ਚਰਚਾ ਦਾ ਕੇਂਦਰ ਬਣਾਇਆ। ਉਹਨਾਂ ਕਿਹਾ ਕਿ ਇਸ ਨਾਵਲ ਦੇ ਪਾਤਰ ਨਿੰਦਰ ਦੀ ਏਕਾਂਤ ਦਾ ਖੂਬਸੂਰਤ ਰੰਗ ਇਹ ਹੈ ਕਿ ਉਹ ਅੰਦਰ ਵਲ ਨੂੰ ਮੁੜਦਾ ਹੈ ਪਰ ਪ੍ਰੇਰਨਾ ਬਾਹਰ ਤੋਂ ਲੈਂਦਾ ਹੈ। ਉਹ ਸਬਜੈਕਟ ਅਤੇ ਔਬਜੈਕਟ ਦੇ ਅੰਤਰ ਨੂੰ ਮੇਟ ਦਿੰਦਾ ਹੈ। ਅਸੀਂ ਕਹਿ ਸਕਦੇ ਹਾਂ ਕਿ ਮੜ੍ਹੀ ਦੇ ਦੀਵੇ ਦਾ ਨਾਇਕ ਸਿਸਟਮ ਵਿਰੁਧ ਖਾਮੋਸ਼ ਬਗਾਵਤ ਸੀ। 'ਈਡਅਟ' ਦਾ ਨਾਇਕ ਵੀ ਖਾਮੋਸ਼ ਬਗਾਵਤ ਦਾ ਹੀ ਝੰਡਾ ਬੁਲੰਦ ਕਰਦਾ ਹੈ, ਪਰ ਛੋਟੇ ਸ਼ਹਿਰ ਦੇ ਮੁੰਡੇ ਦਾ ਨਾਇਕ ਨਿੰਦਰ ਦੋ ਕਦਮ ਅੱਗੇ ਚਲਦਾ ਹੈ ਅਤੇ ਖਾਮੋਸ਼ੀ ਨੂੰ ਤੋੜਦਾ ਹੈ।

ਲੇਖ਼ਕ ਗਲੁਜ਼ਾਰ ਸਿੰਘ ਸੰਧੂ ਨੇ ਨਾਵਲ ਬਾਰੇ ਟਿੱਪਣੀ ਕਰਦਿਆਂ ਕਿਹਾ ਕਿ ਇਸ ਨਾਵਲ ਦੀ ਪਾਤਰ-ਉਸਾਰੀ ਕਮਾਲ ਦੀ ਹੈ। ਨਾਵਲ ਦਾ ਕੋਈ ਵੀ ਪੰਨਾ ਖੋਲ੍ਹ ਕੇ ਪੜ੍ਹ ਲਵੋ, ਹਰ ਪੰਨ੍ਹੇ 'ਤੇ ਕੁੱਝ ਨਾ ਕੁਝ ਅਜਿਹਾ ਮਿਲ ਜਾਂਦਾ ਹੈ ਜੋ ਪਾਠਕ ਨੂੰ ਕੀਲ ਲੈਂਦਾ ਹੈ ਅਤੇ ਉਹ ਪੂਰਾ ਨਾਵਲ ਪੜ੍ਹਣ ਲਈ ਮਜ਼ਬੂਰ ਹੋ ਜਾਂਦਾ ਹੈ।

'ਦਿ ਸੰਡੇ ਇੰਡੀਅਨ' ਦੀ ਸੰਪਾਦਕ ਨਿਰੂਪਮਾ ਦੱਤ ਨੇ ਇਸ ਮੌਕੇ ਕਿਹਾ ਕਿ ਉਹਨਾਂ ਨੇ ਇਸ ਨਾਵਲ ਦੇ ਨਿਵੇਕਲੇ ਵਿਸ਼ੇ ਕਰਕੇ ਇਸ ਨੂੰ ਕਿਸ਼ਤਵਾਰ ਆਪਣੇ ਮੈਗਜ਼ੀਨ ਵਿਚ ਛਾਪਿਆ।

ਡਿਪਟੀ ਡਇਰੈਕਟਰ ਲੋਕ ਸੰਪਰਕ ਵਿਭਾਗ ਡਾ. ਮੇਘਾ ਸਿੰਘ ਨੇ ਕਿਹਾ ਕਿ ਜਿਸ ਤਰੀਕੇ ਨਾਲ ਲੇਖਕ ਨੇ ਅਣਗੌਲੇ ਮੁੰਡਿਆਂ ਦੀ ਸਮੱਸਿਆ ਦੀ ਪੇਸ਼ਕਾਰੀ ਕੀਤੀ ਹੈ, ਉਹ ਕਮਾਲ ਹੈ।

ਦਲਜੀਤ ਅਮੀ ਨੇ ਨਾਵਲ ਦੀ ਅਹਿਮੀਅਤ ਤੇ ਚਾਨਣਾ ਪਾਉਦਿਆਂ ਕਿਹਾ ਕਿ ਇਹ ਨਾਵਲ ਉਹਨਾਂ ਅਣਗੌਲੇ ਮੁੰਡਿਆਂ ਦੀ ਸਮੱਸਿਆ ਨੂੰ ਫੋਕਸ ਵਿਚ ਲਿਆਂਦਾ ਹੈ, ਜਿਹਨਾਂ ਨੂੰ ਸਾਡਾ ਸਮਾਜ ਸਿਰਫ਼ ਦੂਰ ਤੋਂ ਹੀ ਕੋਸਦਾ ਰਿਹਾ ਹੈ। ਇਸ ਮੌਕੇ ਲੇਖਕ ਸੁਰਿੰਦਰਪਾਲ ਸਰਾਓ ਨੇ ਦੱਸਿਆ ਕਿ ਉਸ ਨੂੰ ਇਹ ਨਾਵਲ ਮੁਕੰਮਲ ਕਰਨ ਵਿਚ 13 ਸਾਲ ਲੱਗੇ ਹਨ, ਜਿਸ ਨੂੰ ਉਸ ਨੇ ਆਪਣੇ ਦੋਸਤ ਕੁਲਬੀਰ ਦੇ ਨਾਂ ਸਮਰਪਿਤ ਕੀਤਾ ਹੈ।

## ਹਰਿਆਣਾ ਵਿਚ ਇਨੈਲੋ-ਭਾਜਪਾ ਗਠਜੋੜ ਦਾ ਬੁਰੀ ਤਰ੍ਹਾਂ ਸਫਾਇਆ

**ਚੰਡੀਗੜ੍ਹ :** ਹਰਿਆਣਾ ਵਿਚ ਸੱਤਾਧਾਰੀ ਕਾਂਗਰਸ ਨੇ ਕੁਲ 10 ਵਿਚੋਂ 9 ਸੀਟਾਂ ਜਿੱਤ ਲਈਆਂ ਹਨ ਹਨ, ਜਦਕਿ ਇਕ ਸੀਟ ਜਨਹਿੱਤ ਕਾਂਗਰਸ ਦੇ ਉਮੀਦਵਾਰ ਸਾਬਕਾ ਮੁੱਖ ਮੰਤਰੀ ਚੌਧਰੀ ਭਜਨ ਲਾਲ ਨੇ ਜਿੱਤ ਲਈ ਹੈ। ਇਸ ਤਰ੍ਹਾਂ ਇਸ ਰਾਜ ਵਿਚ ਓਮ ਪ੍ਰਕਾਸ਼ ਚੌਟਾਲਾ ਦੇ ਇੰਡੀਅਨ ਨੈਸ਼ਨਲ ਲੋਕ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਗਠਜੋੜ ਦਾ ਮੁਕੰਮਲ ਤੌਰ 'ਤੇ ਸਫਾਇਆ ਹੋ ਗਿਆ ਹੈ। ਰਾਜਗ ਦੀ ਹਰਿਆਣਾ 'ਚ ਬੜੀ ਦੁਰਗਤ ਹੋਈ। ਰੋਹਤਕ ਤੋਂ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੇ ਪੁੱਤਰ ਦੀਪੇਂਦਰ ਸਿੰਘ ਹੁੱਡਾ ਨੇ ਭਾਰੀ ਬਹੁਮਤ ਨਾਲ ਜਿੱਤ ਹਾਸਲ ਕੀਤੀ। ਭਜਨ ਲਾਲ ਹਿਸਾਰ ਸੀਟ ਤੋਂ ਜਿੱਤੇ ਹਨ। ਅੰਬਾਲਾ ਤੋਂ ਸ਼ਹਿਰੀ ਰੋਜ਼ਗਾਰ ਮੰਤਰੀ ਬੀਬੀ ਸ਼ੈਲਜਾ ਨੇ ਭਾਜਪਾ ਦੇ ਰਤਨ ਲਾਲ ਕਟਾਰੀਆ ਨੂੰ ਹਰਾਇਆ ਹੈ। ਗੁੜਗਾਓਂ ਤੋਂ ਕੇਂਦਰੀ ਮੰਤਰੀ ਇੰਦਰਜੀਤ ਸਿੰਘ ਜਿੱਤੇ ਹਨ। ਸਿਰਸਾ ਤੋਂ ਯੂਥ ਕਾਂਗਰਸ ਪ੍ਰਧਾਨ ਅਸ਼ੋਕ ਤੰਵਰ ਕਾਮਯਾਬ ਰਹੇ ਹਨ। ਹਰਿਆਣਾ ਦੀ ਸੈਰਸਪਾਟਾ ਮੰਤਰੀ ਕਿਰਨ ਚੌਧਰੀ ਦੀ ਧੀ ਤੇ ਸਾਬਕਾ ਮੁੱਖ ਮੰਤਰੀ ਚੌਧਰੀ ਬੰਸੀ ਲਾਲ ਦੀ ਪੋਤੀ ਸ਼ਰੁਤੀ ਚੌਧਰੀ ਭਿਵਾਨੀ ਤੋਂ ਜੇਤੂ ਰਹੀ ਹੈ। ਕੁਰੂਕਸ਼ੇਤਰ ਤੋਂ ਕਾਂਗਰਸ ਦੇ ਸਿਟਿੰਗ ਐਮ.ਪੀ. ਨਵੀਨ ਜਿੰਦਲ ਜਿੱਤ ਗਏ ਹਨ। ਸੋਨੀਪਤ ਤੋਂ ਵੀ ਕਾਂਗਰਸ ਦੇ ਜਤਿੰਦਰ ਮਲਿਕ ਜੇਤੂ ਰਹੇ ਹਨ।

ਫਰੀਦਾਬਾਦ ਤੋਂ ਕਾਂਗਰਸ ਦੇ ਅਵਤਾਰ ਸਿੰਘ ਭਦਾਣਾ ਜਿੱਤੇ ਹਨ। ਕਰਨਾਲ ਹਲਕੇ ਵਿਚ ਜ਼ਬਰਦਸਤ ਤਿਕੋਣੇ ਮੁਕਾਬਲੇ ਪਿੱਛੋਂ ਆਖਰਕਾਰ ਕਾਂਗਰਸੀ ਉਮੀਦਵਾਰ ਅਰਵਿੰਦਰ ਸ਼ਰਮਾ ਇਹ ਸੀਟ ਹਾਸਲ ਕਰਨ ਵਿਚ ਕਾਮਯਾਬ ਰਹੇ ਹਨ। ਇੰਜ ਹਰਿਆਣੇ 'ਚ ਰਾਜਗ ਸਾਫ ਹੋ ਗਿਆ।

# ਲਿੱਟੇ ਮੁਖੀ ਪ੍ਰਭਾਕਰਨ ਹਲਾਕ

ਵਿੰਗ ਦਾ ਮੁਖੀ ਸੂਸੋਈ ਹੈ। ਇਹ ਦੋਵੇਂ ਪ੍ਰਭਾਕਰਨ ਦੇ ਕਰੀਬੀ ਸਹਿਯੋਗੀ ਹਨ। ਲਿੱਟੇ ਦੇ ਚੋਟੀ ਦੇ ਆਗੂਆਂ ਨੇ ਹਾਲੇ ਲੰਘੇ ਦਿਨ ਹੀ ਆਪਣੀ ਹਾਰ ਕਬੂਲਦਿਆਂ ਕਿਹਾ ਸੀ ਕਿ ਦਹਾਕਿਆਂ ਪੁਰਾਣੀ ਲੜਾਈ ਹੁਣ ਅੰਤ 'ਤੇ ਪਹੁੰਚ ਗਈ ਹੈ ਅਤੇ ਉਨ੍ਹਾਂ ਆਪਣੀਆਂ ਬੰਦੂਕਾਂ 'ਖਾਮੋਸ਼' ਕਰਨ ਦਾ ਫੈਸਲਾ ਕੀਤਾ ਹੈ।

ਇਸ ਤੋਂ ਪਹਿਲਾਂ ਸਵੇਰੇ ਫੌਜ ਦੇ ਬੁਲਾਰੇ ਬ੍ਰਿਗੇਡੀਅਰ ਉਦੈ ਨਾਨਏਕਾਰਾ ਨੇ ਕਿਹਾ ਸੀ ਕਿ ਪ੍ਰਭਾਕਰਨ ਹਾਲੇ ਜਿਊਂਦਾ ਹੈ, ਪਰ ਸ੍ਰੀਲੰਕਾ ਦੀ ਫੌਜ ਨੇ ਉਸ ਨੂੰ ਵੇਲਾਮੂਲੀਵਾਇਕਲ ਦੇ ਉੱਤਰੀ ਜੰਗਲੀ ਖੇਤਰ ਵਿਚ ਪੂਰੀ ਤਰ੍ਹਾਂ ਘੇਰਿਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਲਿੱਟੇ ਦੇ ਕਈ ਹੋਰ ਸਿਖਰਲੇ ਆਗੂਆਂ ਦੀਆਂ ਲਾਸ਼ਾਂ ਵੀ ਮਿਲੀਆਂ ਹਨ। ਫੌਜ ਨੇ ਕਿਹਾ ਸੀ ਕਿ ਵਿਸ਼ੇਸ਼ ਦਸਤਿਆਂ ਨੇ ਪ੍ਰਭਾਕਰਨ, ਪੋਟੂ ਅਮਾਨ ਅਤੇ ਸੂਸੋਈ ਨੂੰ 100×100 ਮੀਟਰ ਦੇ ਖੇਤਰ ਵਿਚ ਘੇਰਿਆ ਹੋਇਆ ਹੈ। ਸਰਕਾਰੀ ਅਧਿਕਾਰੀਆਂ ਨੇ ਪ੍ਰਭਾਕਰਨ ਦੇ ਨਾਲ ਹੀ ਲਿੱਟੇ ਦੇ 220 ਹੋਰ ਮੋਹਰੀ ਕਾਰਕੁੰਨਾਂ ਦੇ ਮਾਰੇ ਜਾਣ ਦੀ ਵੀ ਪੁਸ਼ਟੀ ਕੀਤੀ ਹੈ। ਇਨ੍ਹਾਂ ਵਿਚ ਪ੍ਰਭਾਕਰਨ ਦਾ ਵੱਡਾ ਪੁੱਤ ਚਾਰਲਸ ਐਂਥਨੀ, ਲਿੱਟੇ ਦੇ ਸਿਆਸੀ ਵਿੰਗ ਦਾ ਮੁਖੀ ਬਾਲਾਸਿੰਘਮ ਨਾਦੇਸਨ ਤੇ ਅਮਨ ਸੱਕਤਰੇਤ ਦਾ ਮੁਖੀ ਐਸ. ਪੁਲੀਦੇਵਨ ਵੀ ਸ਼ਾਮਲ ਹਨ।

ਇਹ ਸਾਰੇ ਪਿਛਲੇ 12 ਘੰਟਿਆਂ ਦੌਰਾਨ ਕੀਤੀ ਗਈ ਫੌਜੀ ਕਾਰਵਾਈ ਵਿਚ ਮਾਰੇ ਗਏ। ਲਿੱਟੇ ਦੇ ਜਿਹੜੇ ਹੋਰ ਸਿਖਰਲੇ ਆਗੂ ਮਾਰੇ ਗਏ ਹਨ, ਉਨ੍ਹਾਂ ਵਿਚ ਬਲੈਕ ਟਾਈਗਰਜ਼ ਦਾ ਮੁਖੀ ਐਸ. ਰਮੇਸ਼, ਪੁਲਿਸ ਵਿੰਗ ਦਾ ਮੁਖੀ ਇਲਾਂਗੋ ਅਤੇ ਸੀਨੀਅਰ ਆਗੂ ਸੁੰਦਰਮ ਤੇ ਕਪਿਲ ਅਮਾਨ ਸ਼ਾਮਲ ਹਨ।

ਵੱਖਰੇ ਤਾਮਿਲ ਰਾਜ ਦੀ ਮੰਗ ਕਰਦਿਆਂ ਲਿੱਟੇ ਵਲੋਂ ਤਿੰਨ ਦਹਾਕਿਆਂ ਤੋਂ ਵਧ ਸਮੇਂ ਕੀਤੇ ਗਏ ਖੂਨੀ ਸੰਘਰਸ਼ ਵਿਚ 70 ਹਜ਼ਾਰ ਤੋਂ ਵਧੇਰੇ ਵਿਅਕਤੀਆਂ ਦੇ ਮਾਰੇ ਜਾਣ ਦਾ ਅਨੁਮਾਨ ਹੈ। ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਵੀ ਲਿਟੇ ਖਾੜਕੂਆਂ ਵਲੋਂ ਕੀਤੇ ਗਏ ਬੰਬ ਧਮਾਕੇ ਵਿਚ ਮਾਰੇ ਗਏ ਸਨ।

## ਅਨੁਭਵੀ ਆਗੂਆਂ ਦਾ ਸੁਮੇਲ ਹੈ ਨਵੀਂ ਸੰਸਦ

ਉਮਰ ਤੋਂ ਘੱਟ ਹਨ। ਔਰਤ ਮੈਂਬਰਾਂ ਦੀ ਕੁੱਲ ਗਿਣਤੀ ਵਿੱਚੋਂ 23 ਕਾਂਗਰਸ ਵਲੋਂ ਹੈ ਅਤੇ 13 ਭਾਰਤੀ ਜਨਤਾ ਪਾਰਟੀ ਵਲੋਂ। ਉੱਤਰ ਪ੍ਰਦੇਸ਼ ਵਿਚੋਂ ਹੇਠਲੇ ਸਦਨ ਵਿਚ ਔਰਤਾਂ ਦੀ ਗਿਣਤੀ 13 ਹੈ। ਇਹ ਪਹਿਲੀ ਵਾਰ ਹੈ ਕਿ ਲੋਕ ਸਭਾ ਵਿਚ ਔਰਤ ਮੈਂਬਰਾਂ ਦੀ ਗਿਣਤੀ 10ਫੀਸਦੀ ਤੋਂ ਵਧ ਗਈ ਹੈ। ਫ਼ਿਲਮੀ ਕਲਾਕਾਰਾਂ ਅਤੇ ਹੋਰ ਗਲੈਮਰਸ ਸ਼ਖਸੀਅਤਾਂ ਦੀ ਗਿਣਤੀ ਵੀ ਇਸ ਲੋਕਸਭਾ ਵਿਚ ਕਾਫੀ ਹੋ ਗਈ ਹੈ। ਇਨ੍ਹਾਂ ਵਿਚ ਪ੍ਰਮੁੱਖ ਰੂਪ ਵਿਚ ਜੈ ਪ੍ਰਦਾ, ਸ਼ਤਰੂਘਨ ਸਿਨਹਾ, ਨਵਜੋਤ ਸਿੰਘ ਸਿੱਧੂ, ਸਾਊਥ ਦੇ ਸੁਪਰ ਸਟਾਰ ਚਿਰੰਜੀਵੀ ਅਤੇ ਵਿਜੈਸਾਂਤੀ, ਸਾਬਕਾ ਕ੍ਰਿਕੇਟ ਸਟਾਰ ਅਜਾਹਰੂਦੀਨ ਅਤੇ ਕ੍ਰਿਤੀ ਅਜਾਦ, ਰਿਆਲਟੀ ਟੀਵੀ ਸਟਾਰ ਅਤੇ ਮੈਂਬਰ ਪਾਰਲੀਮੈਂਟ ਸੰਜੇ ਨਰੂਪਮਾ ਤੋਂ ਇਲਾਵਾ ਸਿਧਾਂਤ ਮਹਾਪਾਤਰਾ ਸ਼ਾਮਿਲ ਹੋਣਗੇ। ਸਿਧਾਂਤ ਮਹਾਪਾਤਰਾ ਉੜੀਸਾ ਦੇ ਮਸ਼ਹੂਰ ਫਿਲਮ ਸਟਾਰ ਹਨ। ਉਨ੍ਹਾਂ ਨੇ ਬੇਰਹਾਮਪੁਰ ਵਿਚ ਚੰਦਰ ਸ਼ੇਖਰ ਸਾਹੂ ਨੂੰ ਹਰਾਇਆ। ਸਾਹੂ ਕਾਂਗਰਸ ਦੇ ਮੰਤਰੀ ਸਨ। ਮਹਾਂਪਾਤਰਾਂ ਨੇ ਬਿਜੂ ਜਨਤਾ ਦਲ ਦੀ ਟਿਕਟ ਦੇ ਚੌਣ ਲੜੀ।

ਫਿਲਮ ਸਟਾਰਾਂ ਤੇ ਕ੍ਰਿਕਟਰਾਂ ਤੋਂ ਇਲਾਵਾ ਰਾਜਿਆਂ ਮਹਾਰਾਜਿਆਂ ਦੇ ਪਰਿਵਾਰਾਂ ਨਾਲ ਸਬੰਧਤ ਆਗੂ ਵੀ 15ਵੀਂ ਲੋਕਸਭਾ ਵਿਚ ਹਨ। ਜਿਨ੍ਹਾਂ ਵਿਚ ਯਸ਼ੋਦਰਾ ਰਾਜੇ, ਜੋਯਤੀ ਰਾਦਿਤਯਾ ਸਿੰਧੀਆ ਮੱਧ ਪ੍ਰਦੇਸ਼ ਤੋਂ ਚੰਦਰੇਸ਼ ਕੁਮਾਰ ਜੋਧਪੁਰ ਤੋਂ ਅਤੇ ਪਟਿਆਲਾ ਤੋਂ ਪ੍ਰਨੀਤ ਕੌਰ ਸ਼ਾਮਿਲ ਹਨ। ਉੜੀਸਾ ਦੀ ਇਕ ਰਾਇਲ ਫੈਮਲੀ ਨਾਲ ਸਬੰਧਿਤ ਕਾਲੀਕੇਸ ਸਿੰਘ ਦਿਓ ਵੀ ਸ਼ਾਮਿਲ ਹਨ।

## ਮਨਮੋਹਨ ਸਿੰਘ ਕਾਂਗਰਸ ਸੰਸਦੀ ਦਲ ਦੇ ਆਗੂ ਬਣੇ

**ਨਵੀਂ ਦਿੱਲੀ:** ਦੂਜੀ ਵਾਰ ਦੇਸ਼ ਦਾ ਸਰਵਉੱਚ ਅਹੁਦਾ ਹਾਸਲ ਕਰਨ ਵਲ ਪਹਿਲਾ ਕਦਮ ਪੁੱਟਦਿਆਂ ਡਾ. ਮਨਮੋਹਨ ਸਿੰਘ ਕਾਂਗਰਸ ਸੰਸਦੀ ਦਲ ਦੇ ਪ੍ਰਧਾਨ ਬਣ ਗਏ ਹਨ।

ਲੋਕ ਸਭਾ ਚੋਣ 'ਚ ਜ਼ਬਰਦਸਤ ਕਾਮਯਾਬੀ ਹਾਸਲ ਕਰਨ ਤੋਂ ਬਾਅਦ ਕਾਂਗਰਸ ਨੇ ਲੰਘੀ 19 ਮਈ ਨੂੰ ਸਰਬਸੰਮਤੀ ਨਾਲ ਸੋਨੀਆ ਗਾਂਧੀ ਨੂੰ ਪਾਰਟੀ ਸੰਸਦੀ ਦਲ ਦਾ ਚੇਅਰਪਰਸਨ (ਪ੍ਰਧਾਨ) ਚੁਣਿਆ। ਇਸ ਤੋਂ ਬਾਅਦ ਸ੍ਰੀਮਤੀ ਸੋਨੀਆ ਗਾਂਧੀ ਨੇ ਡਾ. ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਅਹੁਦੇ ਲਈ ਮੁੜ ਨਾਮਜ਼ਦ ਕਰਦਿਆਂ ਸੰਸਦੀ ਦਲ ਦਾ ਆਗੂ ਨਿਯੁਕਤ ਕੀਤਾ ਹੈ। ਪ੍ਰਣਬ ਮੁਖਰਜੀ ਨੂੰ ਲੋਕ ਸਭਾ 'ਚ ਪਾਰਟੀ ਦਾ ਆਗੂ ਵੀ ਚੁਣ ਲਿਆ ਗਿਆ।

**Homeopathic Systems for Health Treatment**
**When you are tired of all treatments for any disease at any age**
**Try homeopathic, systems of treatment**
ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ
You can get all Homeopathic, Ayurvedic, Biochemic medicines at economical prices.
www.homeomedicine.net
Consultant/Practitioner
**GURDIP SINGH SANDHU**
DHMS, Hons, BAMS, MDEH, 30 Years experience
Working as per ACT.SB-577 State of CA.
CALL: TOLL FREE: 877-OK-HOMEO
(877-654-6636)OFFICE: 408-729-6691
E-mail: Homeomedicine@yahoo.com

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

**G.M. Lawrence Insurance Brokerage**
License# 0D79587
ਟਰੱਕ ਇੰਸ਼ੋਰੈਂਸ ਸਪੈਸ਼ਲਿਸਟ ਪਿਛਲੇ 26 ਸਾਲਾਂ ਤੋਂ ਟਰਕਿੰਗ ਇੰਡਸਟਰੀ ਦੀ ਸੇਵਾ ਵਿਚ
ਜੀ ਐਮ ਲਾਰੈਂਸ ਉਤੇ ਭਰੋਸਾ ਕਿਉਂ?
LIABILITY
GENERAL LIABILITY
PHYSICAL DAMAGE
CARGO
BONDS
*ਕੋਈ ਬਰੋਕਰ ਫੀਸ ਨਹੀਂ ਲਈ ਜਾਂਦੀ *ਝਟਪਟ ਇੰਸ਼ੋਰੈਂਸ ਸਰਟੀਫਿਕੇਟ *ਮਾਸਕ ਪ੍ਰੋਗਰਾਮ ਉਪਲਬਧ ਹਨ
New Ventures Are Welcome
ਦਲਜੀਤ ਸਿੰਘ ਖਹਿਰਾ
Ph: 209-474-2771
Fax: 209-474-0215
7746 Lorraine Ave.#214
Stockton CA-95210
SPECIALIZES IN BOTH LOCAL & LONG HAUL
-Flexible down payments
-Excellent customer service
-Committed to each individual client's needs
-Experienced, knowledgeable & professional staff

ਮਿੱਟੀ ਅਤੇ ਬਜਰੀ ਢੋਣ ਵਾਲੇ ਟਰੱਕਾਂ ਲਈ ਵਿਸ਼ੇਸ਼ ਪ੍ਰੋਗਰਾਮ

**ਕੈਲੇਫੋਰਨੀਆ ਤੋਂ ਬਾਹਰ ਚੱਲਣ ਵਾਲੇ ਟਰੱਕਰ ਵੀਰਾਂ ਲਈ ਖੁਸ਼ਖਬਰੀ !**
ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:
License plates
IFTA *Fuel tax return
DOT, ICC-MMC
Single state registration services
*New Mexico & Kentucky permit

*Rajinder Singh*
ਹੁਣ ਤੁਹਾਨੂੰ ਆਪਣੇ ਪੇਪਰ ਵਰਕ ਲਈ ਦੂਰ-ਦੁਰਾਡੇ ਸ਼ਹਿਰਾਂ ਵਿਚ ਜਾਣ ਦੀ ਲੋੜ ਨਹੀਂ, ਅਸੀਂ ਹੁਣ ਟਰਕਿੰਗ ਇੰਡਸਟਰੀ ਦੇ ਕੇਂਦਰ ਸਟਾਕਟਨ ਵਿਚ ਮੂਵ ਹੋ ਗਏ ਹਾਂ
**Now in Strockton, the Hub of the Trucking Industry**
Financing Available For Buying Trucks

Cell: (510) 557-6988
Ph: 209-982-9996,
Fax:209-982-9997
13465 Basalt Ct, Lathrop CA 95330

# ਸੋਨੀਆ ਗਾਂਧੀ ਦੀਆਂ ਕੋਸ਼ਿਸ਼ਾਂ ਨੇ ਕਾਂਗਰਸ ਪਾਰਟੀ 'ਚ ਜਾਨ ਪਾਈ

**ਨਵੀਂ ਦਿੱਲੀ :** ਸ਼ੁਰੂ 'ਚ ਸੰਗਾਊ ਸਿਆਸਤਦਾਨ ਵਜੋਂ ਸਾਹਮਣੇ ਆਈ ਸੋਨੀਆ ਗਾਂਧੀ ਹੁਣ ਕਾਂਗਰਸ ਦੀ ਅੱਖ ਦਾ ਤਾਰਾ ਹੈ। ਸੋਨੀਆ ਦੀ ਪ੍ਰਭੁਸੱਤਾ ਅਧੀਨ ਕਾਂਗਰਸ ਦੂਜੀ ਵਾਰ ਸ਼ਾਨਦਾਰ ਢੰਗ ਨਾਲ ਸੱਤਾ 'ਚ ਆ ਰਹੀ ਹੈ। 'ਵਿਦੇਸ਼ੀ ਮੂਲ' ਦੀ ਹੋਣ ਕਰਕੇ ਅਕਸਰ ਹਮਲਿਆਂ ਦੀ ਸ਼ਿਕਾਰ ਹੁੰਦੀ ਰਹੀ ਸ਼ਰਮੀਲੀ ਇਟਲੀ ਦੀ ਜੰਮਪਲ 62 ਸਾਲਾ ਸੋਨੀਆ ਨੇ ਦੇਸ਼ ਦੀ ਸਿਆਸਤ 'ਚ 1990 ਵਿਆਂ 'ਚ ਆਪਣੇ ਪਤੀ ਤੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਹੱਤਿਆ ਮਗਰੋਂ ਲੰਮਾ ਸਫਰ ਤੈਅ ਕੀਤਾ ਹੈ।

ਮਈ 2004 'ਚ ਆਮ ਚੋਣਾਂ ਜਿੱਤਣ ਵਾਲੀ ਇੰਦਰਾ ਗਾਂਧੀ ਦੀ ਨੂੰਹ ਸੋਨੀਆ ਨੇ ਵਿਰੋਧੀਆਂ ਦੇ ਮੂੰਹ ਬੰਦ ਕਰਦਿਆਂ, ਬੜੇ ਮਰਿਆਦਾ ਪੂਰਵਕ ਢੰਗ ਨਾਲ ਪ੍ਰਧਾਨ ਮੰਤਰੀ ਦਾ ਤਾਜ ਡਾ. ਮਨਮੋਹਨ ਸਿੰਘ ਦੇ ਸਿਰ ਸਜਾ ਦਿੱਤਾ ਸੀ। ਆਲੋਚਕਾਂ ਨੇ ਇਸ ਕਾਰਵਾਈ ਨੂੰ ਵੀ ਉਹਦੀ ਕੋਈ ਚਾਲ ਕਿਹਾ ਸੀ, ਪਰ ਇਸ ਦੇ ਬਾਵਜੂਦ ਦੇਸ਼ ਦੇ ਬਹੁਤੇ ਲੋਕ ਉਹਦਾ ਬਹੁਤ ਸਤਿਕਾਰ ਕਰਦੇ ਹਨ। ਦੇਸ਼ ਦੇ ਲੱਖਾਂ ਗਰੀਬਾਂ ਦੇ ਦਿਲ 'ਚ ਸੋਨੀਆ ਲਈ ਪਿਆਰ ਹੈ। ਉਹ ਪ੍ਰਧਾਨ ਮੰਤਰੀ ਦੇ ਨਾਲ ਡੱਟ ਕੇ ਖੜ੍ਹਦੀ ਰਹੀ ਹੈ।

15ਵੀਂ ਲੋਕ ਸਭਾ 'ਚ ਸੰਗਾਊ ਸੁਭਾਅ ਦੀ ਸੋਨੀਆ ਨੇ ਵਿਰੋਧੀ ਧਿਰ ਭਾਜਪਾ ਦੇ ਪਾਰਟੀ ਅਤੇ ਮਨਮੋਹਨ ਸਿੰਘ ਵਿਰੁਧ ਜ਼ਹਿਰੀਲੇ ਹਮਲਿਆਂ ਦਾ ਜੁਆਬ ਠਰ੍ਹੰਮੇ ਨਾਲ ਦਿੱਤਾ। ਉਹ ਹੁਣ ਰਸਮੀ ਸੰਕੋਚ ਤਿਆਗ ਕੇ ਲੋਕਾਂ ਦੀ ਭੀੜ 'ਚ ਜਾਂਦੀ ਹੈ, ਸਿਆਸੀ ਮੀਟਿੰਗਾਂ 'ਚ ਸ਼ਾਮਲ ਹੁੰਦੀ ਹੈ। ਰਾਜੀਵ ਗਾਂਧੀ ਦੀ ਮੌਤ ਮਗਰੋਂ ਚੁੱਪ ਹੋ ਗਈ ਸੋਨੀਆ ਨੇ ਕਾਂਗਰਸੀ ਆਗੂਆਂ ਦੇ ਵਾਰ-ਵਾਰ ਜ਼ੋਰ ਪਾਉਣ 'ਤੇ ਸਰਗਰਮ ਸਿਆਸਤ 'ਚ ਆਉਣ ਦਾ ਫੈਸਲਾ ਲਿਆ ਸੀ। ਇਟਲੀ ਦੇ ਟਿਊਰਿਕ ਖੇਤਰ 'ਚ ਇਕ ਛੋਟੇ ਬਿਲਡਿੰਗ ਠੇਕੇਦਾਰ ਦੀ ਧੀ ਸੋਨੀਆ ਮੋਇਨੋ ਕੰਜ਼ਰਵੇਟਿਵ ਕੈਥੋਲਿਕ ਪਰਿਵਾਰ 'ਚ ਜੰਮੀ-ਪਲੀ ਸੀ।

1983 ਤੋਂ ਉਹ ਭਾਰਤੀ ਨਾਗਰਿਕ ਹੈ। ਉਹ ਆਖਦੀ ਹੈ ਕਿ ਉਹਦਾ ਵਿਦੇਸ਼ੀ ਮੂਲ ਦੀ ਹੋਣ ਦਾ ਕਿਸੇ 'ਤੇ ਹੀ ਅਸਰ ਨਹੀਂ ਪੈਂਦਾ। ਪੇਂਡੂ ਖੇਤਰਾਂ, ਖਾਸ ਕਰਕੇ ਔਰਤਾਂ ਤੇ ਗਰੀਬਾਂ 'ਚ ਉਹਦੀ ਅਹਿਮ ਥਾਂ ਹੈ। ਪਹਿਲਾਂ ਉਹ ਪ੍ਰਧਾਨ ਮੰਤਰੀ ਦੀ ਪਤਨੀ ਵਜੋਂ ਸਾਹਮਣੇ ਆਈ ਸੀ। ਭਾਰਤੀ ਸਿਆਸਤ ਦੇ ਉਚ ਪ੍ਰਭਾਵ ਵਾਲੇ ਗਲਿਆਰਿਆਂ 'ਚ ਆ ਕੇ ਉਹ ਸੱਤਾਧਾਰੀ ਯੂ.ਪੀ.ਏ. ਦੀ ਚੇਅਰਪਰਸਨ ਬਣੀ। 2004 'ਚ ਉਹ ਫੋਰਬਜ਼ ਪੱਤਰਿਕਾ ਵਲੋਂ ਵਿਸ਼ਵ ਦੀ ਤੀਜੀ ਸਭ ਤੋਂ ਸ਼ਕਤੀਸ਼ਾਲੀ ਔਰਤ ਕਰਾਰ ਦਿੱਤੀ ਗਈ। ਸਾਲ 2007 'ਚ ਉਹ 'ਟਾਈਮ' ਪੱਤਰਿਕਾ ਦੇ 100 ਲੋਕਾਂ ਦੀ ਸ੍ਰੇਣੀ 'ਚ ਸ਼ੁਮਾਰ ਸੀ।

9 ਦਸੰਬਰ, 1946 ਨੂੰ ਇਟਲੀ ਦੇ ਇਕ ਮੱਧ ਵਰਗੀ ਪਰਿਵਾਰ 'ਚ ਜੰਮੀ ਸੋਨੀਆ 1964 'ਚ ਬੈਲ ਐਜੂਕੇਸ਼ਨਲ ਟਰੱਸਟ ਦੇ ਸਿਟੀ ਆਫ ਕੈਂਬਰਿਜ 'ਚ ਪੈਂਦੇ ਐਜੂਕੇਸ਼ਨਲ ਟਰੱਸਟ ਦੇ ਭਾਸ਼ਾ ਸਕੂਲ 'ਚ ਅੰਗਰੇਜ਼ੀ ਪੜ੍ਹਨ ਚਲੀ ਗਈ। ਇਥੇ ਉਹ ਰਾਜੀਵ ਗਾਂਧੀ ਦੇ ਸੰਪਰਕ 'ਚ ਆਈ। 1983 'ਚ ਉਹਨੇ ਭਾਰਤੀ ਨਾਗਰਿਕਤਾ ਲੈ ਲਈ। ਉਹ ਹਮੇਸ਼ਾ ਹੀ ਸਿਆਸੀ ਵਰਤਾਰਿਆਂ ਤੋਂ ਟਲਦੀ ਰਹੀ ਸੀ ਤੇ ਸਮਰਪਿਤ ਗ੍ਰਹਿਣੀ ਵਾਂਗ ਰਹੀ। ਭਾਰਤੀ ਜਨਤਕ ਜੀਵਨ 'ਚ ਉਹ ਆਪਣੀ ਸੱਸ ਇੰਦਰਾ ਗਾਂਧੀ ਦੀ ਹੱਤਿਆ ਮਗਰੋਂ ਆਪਣੇ ਪਤੀ ਦੇ ਪ੍ਰਧਾਨ ਮੰਤਰੀ ਬਣਨ 'ਤੇ ਆਈ। ਇਸ ਮੌਕੇ ਉਹਨੇ ਅਮੇਠੀ ਹਲਕੇ ਤੋਂ ਆਪਣੇ ਪਤੀ ਲਈ ਪ੍ਰਚਾਰ ਕੀਤਾ। 1984 'ਚ ਉਹਨੇ ਅਮੇਠੀ 'ਚ ਆਪਣੇ ਪਤੀ ਵਿਰੁਧ ਚੋਣ ਲੜ ਰਹੀ ਆਪਣੀ ਦਰਾਣੀ ਮੇਨਕਾ ਗਾਂਧੀ ਵਿਰੁਧ ਸਰਗਰਮ ਮੁਹਿੰਮ ਚਲਾਈ। ਕਾਂਗਰਸੀਆਂ ਦੇ ਵਾਰ-ਵਾਰ ਕਹਿਣ 'ਤੇ ਟਲਦੀ



ਰਹੀ ਸੋਨੀਆ 1997 'ਚ ਪਾਰਟੀ ਦੀ ਮੁੱਢਲੀ ਮੈਂਬਰ ਬਣ ਗਈ। 1998 'ਚ ਉਹ ਕਾਂਗਰਸ ਦੀ ਪ੍ਰਧਾਨ ਬਣੀ। ਨਹਿਰੂ ਗਾਂਧੀ ਪਰਿਵਾਰ ਦੀ ਪੰਜਵੀਂ ਤੇ ਵਿਦੇਸ਼ੀ ਮੂਲ ਦੀ ਉਹ ਅੱਠਵੀਂ ਪਾਰਟੀ ਪ੍ਰਧਾਨ ਸੀ।

1999 'ਚ ਭਾਜਪਾ ਹਥੋਂ ਕਾਂਗਰਸ ਦੀ ਹਾਰ ਮਗਰੋਂ ਉਹਨੇ ਬੜੀ ਮਰਿਆਦਾ ਨਾਲ ਵਿਰੋਧੀ ਧਿਰ ਦੀ ਆਗੂ ਦੀ ਜ਼ਿੰਮੇਵਾਰੀ ਨਿਭਾਈ। ਅਗਲੀ ਲੋਕ ਸਭਾ ਚੋਣ 'ਚ ਪਾਰਟੀ ਦੀ ਸ਼ਾਨਦਾਰ ਜਿੱਤ ਮਗਰੋਂ ਉਹ ਯੂ.ਪੀ.ਏ. ਦੀ ਚੇਅਰਪਰਸਨ ਬਣ ਗਈ ਤੇ ਹੁਣ ਤੱਕ ਕਾਂਗਰਸ ਦੀ ਰੂਹੇ ਰਵਾਂ ਬਣੀ ਹੋਈ ਹੈ।

# ਅਣਕਿਆਸੇ ਚੋਣ ਨਤੀਜਿਆਂ ਨੇ ਇਸ ਵਾਰ ਸਭ ਨੂੰ ਹੈਰਾਨ ਕੀਤਾ

**-ਜਤਿੰਦਰ ਪੰਨੂ**

ਚੋਣਾਂ ਦੇ ਨਤੀਜੇ ਹਮੇਸ਼ਾ ਹੀ ਹੈਰਾਨ ਕਰਨ ਵਾਲੇ ਹੁੰਦੇ ਹਨ, ਪਰ ਇਸ ਵਾਰੀ ਜਿਸ ਤਰ੍ਹਾਂ ਦੀ ਤਸਵੀਰ ਸਾਹਮਣੇ ਆਈ ਹੈ, ਉਸ ਦੀ ਆਸ ਕਿਸੇ ਨੂੰ ਵੀ ਨਹੀਂ ਸੀ। ਸ਼ਨੀਵਾਰ ਦੀ ਸਵੇਰ ਸਾਰੇ ਟੀ.ਵੀ. ਚੈਨਲ ਇਕੋ ਗੱਲ ਮੁੜ-ਮੁੜ ਪੇਸ਼ ਕਰਦੇ ਸਨ ਕਿ ਨਤੀਜਿਆਂ ਦੇ ਸਵਾਗਤ ਲਈ ਜਿੰਨੇ ਉਚੇਚੇ ਪ੍ਰਬੰਧ ਭਾਰਤੀ ਜਨਤਾ ਪਾਰਟੀ ਦੇ ਦਫਤਰ ਵਿਚ ਕੀਤੇ ਗਏ ਹਨ, ਓਨੇ ਕਾਂਗਰਸ ਦੇ ਦਫਤਰ ਵਲ ਨਹੀਂ ਦਿਸਦੇ। ਭਾਜਪਾ ਦੇ ਆਗੂ ਵੀ ਬੜੇ ਸ਼ੋਰੀਲੇ ਦਾਅਵੇ ਕਰੀ ਜਾਂਦੇ ਸਨ ਕਿ ਸਭ ਤੋਂ ਵੱਡੀ ਇਕੱਲੀ ਪਾਰਟੀ ਵੀ ਸਾਡੀ ਹੋਵੇਗੀ ਤੇ ਮੋਰਚਾ ਵੀ ਸਾਡਾ ਹੀ ਬਹੁਮਤ ਲਵੇਗਾ ਜਾਂ ਫਿਰ ਉਸ ਦੇ ਨੇੜੇ-ਤੇੜੇ ਪਹੁੰਚ ਜਾਵੇਗਾ। ਉਨ੍ਹਾਂ ਦੇ ਸਾਰੇ ਦਾਅਵੇ ਵੀ ਧਰੇ-ਧਰਾਏ ਰਹਿ ਗਏ ਤੇ ਟਰੱਕਾਂ ਉਤੇ ਲਿਆਂਦੇ ਗਏ ਫੁੱਲਾਂ ਦੇ ਵੱਡੇ ਵੱਡੇ ਗੁਲਦਸਤੇ ਤੇ ਹਾਰ ਵੀ।

ਸਾਰੇ ਸਰਵੇਖਣਕਾਰ, ਉਹ ਨਿਰਪੱਖ ਹੋਣ ਜਾਂ ਪੱਖਪਾਤੀ, ਇਕ ਗੱਲ ਉਤੇ ਰਲਦੀ ਰਾਏ ਦੇ ਰਹੇ ਸਨ ਕਿ ਕਾਂਗਰਸ ਪੱਖੀ ਮੋਰਚਾ ਭਾਜਪਾ ਨਾਲੋਂ ਕੁਝ ਵਧ ਸੀਟਾਂ ਲੈ ਜਾਵੇਗਾ, ਪਰ ਇਹ ਕਿਸੇ ਨੇ ਨਹੀਂ ਸੀ ਕਿਹਾ ਕਿ ਉਹ ਸਵਾ ਦੋ ਸੌ ਤੋਂ ਵੀ ਟੱਪ ਜਾਵੇਗਾ। ਖੁਦ ਕਾਂਗਰਸ ਦੇ ਆਪਣੇ ਸਰਵੇਖਣਕਾਰ ਵੀ ਏਡੇ ਜ਼ੋਰਦਾਰ ਦਾਅਵੇ ਨਹੀਂ ਸਨ ਕਰਦੇ। ਮੋਰਚਾ ਪਾਸੇ ਰੱਖ ਕੇ ਇਕੱਲੀ ਕਾਂਗਰਸ ਪਾਰਟੀ ਦੀਆਂ ਸੀਟਾਂ ਇਕ ਸੌ ਪਚਵੰਜਾ ਤੋਂ ਹੇਠਾਂ ਹੇਠਾਂ ਹੀ ਦੱਸੀਆਂ ਜਾਂਦੀਆਂ ਸਨ, ਜਦਕਿ ਉਹ ਦੋ ਸੌ ਤੋਂ ਉਪਰ ਆਪਣੇ ਸਿਰ ਹੀ ਜਾ ਪਹੁੰਚੀ ਹੈ। ਭਾਰਤੀ ਜਨਤਾ ਪਾਰਟੀ ਨੂੰ ਉਸਦੇ ਵਿਰੋਧੀ ਵੀ ਇਕ ਸੌ ਪੈਂਤੀਆਂ ਤੋਂ ਹੇਠਾਂ ਨਹੀਂ ਸਨ ਰੱਖਦੇ, ਪਰ ਮੋਰਚਾ ਉਸ ਦਾ ਜੇ ਡੇਢ ਸੌ ਤੋਂ ਥੋੜ੍ਹਾ ਜਿਹਾ ਉੱਤੇ ਰਿਹਾ ਤਾਂ ਆਪ ਉਹ ਸਵਾ ਸੌ ਤੋਂ ਹੇਠਾਂ ਹੀ ਅਟਕ ਗਈ। ਇਹ ਨਤੀਜੇ ਜਿਨ੍ਹਾਂ ਕਾਂਗਰਸ ਵਾਲਿਆਂ ਦੇ ਪੱਖ ਵਿਚ ਗਏ ਹਨ, ਯਕੀਨ ਕਰਨ ਵਿਚ ਮੁਸ਼ਕਲ ਸ਼ਾਇਦ ਉਨ੍ਹਾਂ ਨੂੰ ਵੀ ਆ ਰਹੀ ਹੋਵੇਗੀ ਤੇ ਇਹ ਸਾਰਾ ਕੁਝ ਵਾਪਰਿਆ ਕਿਉਂ? ਸਭ ਤੋਂ ਵੱਡਾ ਕਾਰਨ ਤਾਂ ਬਣਿਆ ਭਾਜਪਾ ਲੀਡਰਾਂ ਦੀ ਬੇਹੂਦਾ ਬੋਲ-ਬਾਣੀ ਤੇ ਮੁਕਾਬਲੇ ਵਿਚ ਕਾਂਗਰਸ ਦੇ ਦੋਵਾਂ ਮੁੱਖ ਲੀਡਰਾਂ ਦਾ ਸਾਊਪੁਣਾ। ਭਾਜਪਾ ਦੇ ਲੀਡਰ ਮੌਜੂਦਾ ਮੁੱਖ ਮੰਤਰੀ ਡਾਕਟਰ ਮਨਮੋਹਨ ਸਿੰਘ ਨੂੰ 'ਸਿਲੈਕਟਿਡ' ਅਤੇ ਆਪਣੇ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੂੰ 'ਇਲੈਕਟਿਡ' ਆਖਦੇ ਰਹੇ। ਉਨ੍ਹਾਂ ਨੇ ਡਾਕਟਰ ਮਨਮੋਹਨ ਸਿੰਘ ਨੂੰ 'ਰਿਮੋਟ ਕੰਟਰੋਲ ਨਾਲ ਚੱਲਣ ਵਾਲਾ' ਵੀ ਆਖਿਆ ਤੇ ਸਿੱਧੇ ਸ਼ਬਦਾਂ ਵਿਚ 'ਨਿਕੰਮਾ' ਵੀ ਕਹਿ ਜਾਂਦੇ ਰਹੇ। ਸੋਨੀਆ ਗਾਂਧੀ ਦਾ ਇਟਲੀ ਦਾ ਪਿਛਾ ਮੁੜ ਮੁੜ ਕੇ ਨੋਲਿਆ ਗਿਆ ਤੇ ਉਸ ਦੇ ਪੁੱਤਰ ਰਾਹੁਲ ਗਾਂਧੀ ਨੂੰ ਵੀ ਦੂਸ਼ਣਬਾਜ਼ੀ ਦੀ ਨੋਕ ਉੱਤੇ ਰੱਖਿਆ ਗਿਆ। ਇਹਨਾਂ ਸਭਨਾਂ ਦੇ ਜਵਾਬ ਵਿਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਜਾਂ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਨੇ ਕਦੇ ਵੀ ਏਨੇ ਨੀਵੇਂ ਪੱਧਰ ਦੇ ਬਿਆਨ ਨਹੀਂ ਸਨ ਦਾਗੇ। ਜਨਤਾ ਸਭ ਕੁਝ ਵੇਖਦੀ ਹੈ ਤੇ ਨਤੀਜੇ ਦੱਸਦੇ ਹਨ ਕਿ ਜਨਤਾ ਨੇ ਵਿਰੋਧੀ ਧਿਰ ਦੇ ਆਗੂਆਂ ਦੀ ਬੇਹੂਦੀ ਬੋਲ-ਬਾਣੀ ਰੱਦ ਕਰਕੇ ਇਹਨਾਂ ਦੇ ਸਾਊਪੁਣੇ ਨੂੰ ਮਾਨਤਾ ਦਿੱਤੀ ਹੈ।

ਕਾਂਗਰਸ ਪਾਰਟੀ ਆਪ ਹੀ ਨਹੀਂ, ਉਸ ਦੇ ਸਹਿਯੋਗੀ ਵੀ ਫ਼ਾਇਦੇ ਵਿਚ ਰਹੇ ਹਨ। ਨੈਸ਼ਨਲਿਸਟ ਕਾਂਗਰਸ ਪਾਰਟੀ ਹੋਵੇ ਜਾਂ ਤਾਮਿਲਨਾਡੂ ਦੀ ਡੀ ਐਮ ਕੇ ਜਾਂ ਫਿਰ ਪੱਛਮੀ ਬੰਗਾਲ ਦੀ ਤ੍ਰਿਣਮੂਲ ਕਾਂਗਰਸ, ਸਾਰੇ ਜਣੇ ਕਾਂਗਰਸ ਨਾਲ ਤੁਰ ਕੇ ਲਾਹੇ ਵਿਚ ਰਹੇ। ਦੂਜੇ ਪਾਸੇ ਕਾਂਗਰਸ ਨੂੰ ਠਿੱਬੀ ਲਾਉਣ ਤੁਰੇ ਲਾਲੂ ਪ੍ਰਸਾਦ ਯਾਦਵ ਦੇ ਪੱਲੇ ਵੀ ਕੱਖ ਨਹੀਂ ਪਿਆ ਤੇ ਰਾਮ ਵਿਲਾਸ ਪਾਸਵਾਨ ਨੂੰ ਵੀ ਵੋਟਰਾਂ ਨੇ ਪਾਸੇ ਧੱਕ ਦਿੱਤਾ ਹੈ। ਜੰਮੂ-ਕਸ਼ਮੀਰ ਵਿਚ ਨੈਸ਼ਨਲ ਕਾਨਫਰੰਸ ਵੀ ਕਾਂਗਰਸ ਨਾਲ ਨਾਤਾ ਜੋੜ ਲੈਣ ਕਰਕੇ ਸੂਬੇ ਦੀ ਸਰਕਾਰ ਬਣਾਉਣ ਅਤੇ ਪਾਰਲੀਮੈਂਟ ਦੀਆਂ ਸੀਟਾਂ ਜਿੱਤਣ ਦੇ ਦੋਵਾਂ ਮਾਮਲਿਆਂ ਵਿਚ ਖੱਟ ਕੇ ਨਿਕਲੀ ਹੈ।

ਭਾਰਤੀ ਜਨਤਾ ਪਾਰਟੀ ਦੇ ਪੈਰ ਅਸਲੋਂ ਉੱਖੜੇ ਪਏ ਹਨ। ਮੱਧ ਪ੍ਰਦੇਸ਼ ਵਿਚ ਉਸ ਦੀਆਂ ਸੀਟਾਂ ਘੱਟ ਗਈਆਂ ਹਨ, ਗੁਜਰਾਤ ਵਿਚ ਵੀ ਪਹਿਲਾਂ ਜਿੰਨੀਆਂ ਨਹੀਂ ਰਹੀਆਂ ਤੇ ਉਨ੍ਹਾਂ ਦੋਵਾਂ ਦੇ ਨਾਲ ਲੱਗਦੇ ਤੀਜੇ ਰਾਜ ਰਾਜਸਥਾਨ ਵਿਚ ਤਸਵੀਰ ਹੀ ਪਲਟ ਗਈ ਹੈ। ਪਿਛਲੀ ਵਾਰੀ ਓਥੇ ਭਾਜਪਾ ਦੀਆਂ ਇੱਕੀ ਸੀਟਾਂ ਸਨ ਤੇ ਕਾਂਗਰਸ ਦੀਆਂ ਚਾਰ, ਹੁਣ ਭਾਜਪਾ ਦੀਆਂ ਚਾਰ ਤੇ ਵੀਹ ਕਾਂਗਰਸ ਦੀਆਂ ਆ ਕੇ ਇਕ ਅਜ਼ਾਦ ਦੇ ਪੇਟੇ ਪੈ ਗਈ ਹੈ। ਅੰਦਾਜ਼ੇ ਸਭ ਲੋਕ ਬਾਰਾਂ-ਤੇਰਾਂ ਸੀਟਾਂ ਦੀ ਦੋ ਥਾਂਈਂ ਵੰਡ ਦੇ ਲਾਉਂਦੇ ਸਨ। ਉਤਰਾਂਚਲ










ਪ੍ਰਦੇਸ਼ ਵਿਚ ਭਾਜਪਾ ਦੇ ਭਾਂਡੇ ਮੂਧੇ ਵੱਜ ਗਏ ਹਨ। ਦਿੱਲੀ ਵਿਚ ਉਹਦੀ ਝੋਲੀ ਫਿਰ ਖਾਲੀ ਰਹਿ ਗਈ ਹੈ ਤੇ ਉੜੀਸਾ ਵਿਚ ਬੀਜੂ ਜਨਤਾ ਦਲ ਨਾਲੋਂ ਤੋੜ ਵਿਛੋੜੇ ਨੇ ਭਾਜਪਾ ਨੂੰ ਨਿਚੋੜ ਕੇ ਰੱਖ ਦਿੱਤਾ ਹੈ। ਕਾਂਗਰਸ ਪਾਰਟੀ ਨੇ ਉੱਤਰ ਪ੍ਰਦੇਸ਼ ਵਿਚ ਆਪਣੀ ਤਾਕਤ ਦੁੱਗਣੀ ਤੋਂ ਵੀ ਵਧਾ ਲਈ ਹੈ ਤੇ ਇਸਦਾ ਸਿਹਰਾ ਰਾਹੁਲ ਗਾਂਧੀ ਨੂੰ ਦਿੱਤਾ ਜਾ ਰਿਹਾ ਹੈ। ਦਿੱਲੀ ਵਿਚ ਸਾਰੀਆਂ ਸੱਤ ਸੀਟਾਂ ਹੂੰਝ ਲਿਜਾਣ ਨੂੰ ਭਾਵੇਂ ਸੋਨੀਆ ਗਾਂਧੀ ਪ੍ਰਤੀ ਲੋਕਾਂ ਦਾ ਵਿਸ਼ਵਾਸ ਕਿਹਾ ਜਾ ਰਿਹਾ ਹੈ, ਅਸਲ ਵਿਚ ਉਹ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਦੇ ਕੰਮ ਦਾ ਨਤੀਜਾ ਹੈ। ਲਗਾਤਾਰ ਤੀਜੀ ਵਾਰੀ ਮੁੱਖ ਮੰਤਰੀ ਉਹ ਆਪਣੇ ਕੰਮ ਦੇ ਆਸਰੇ ਹੀ ਤਾਂ ਬਣੀ ਹੈ। ਦਿੱਲੀ ਦੇ ਲੋਕ ਤਾਂ ਉਸਨੂੰ ਚੌਥੀ ਵਾਰ ਵੀ ਮੁੱਖ ਮੰਤਰੀ ਬਣਾਉਣ ਦੀਆਂ ਗੱਲਾਂ ਹੁਣੇ ਤੋਂ ਕਰ ਰਹੇ ਹਨ।

ਪਿਛਲੇ ਸਾਲ ਜਦੋਂ ਅਮਰੀਕਾ ਨਾਲ ਐਟਮੀ ਸਮਝੌਤੇ ਦੇ ਸਵਾਲ ਉੱਤੇ ਖੱਬੇ ਪੱਖੀਆਂ ਨੇ ਕਾਂਗਰਸ ਦਾ ਸਹਿਯੋਗ ਕਰਨਾ ਛੱਡਿਆ, ਉਦੋਂ ਤੋਂ ਕਿਹਾ ਜਾਂਦਾ ਸੀ ਕਿ ਇਸ ਵਾਰੀ ਐਟਮੀ ਸਮਝੌਤਾ ਇਕ ਪ੍ਰਮੁੱਖ ਚੋਣ ਮੁੱਦਾ ਬਣੇਗਾ। ਸਾਰੀ ਚੋਣ ਸਰਗਰਮੀ ਵਿਚ ਇਹ ਮੁੱਦਾ ਰੜਕਿਆ ਹੀ ਨਹੀਂ। ਜਿੱਥੇ ਕਿਧਰੇ ਇਸ ਨੂੰ ਚੁੱਕਿਆ ਗਿਆ, ਸਧਾਰਨ ਲੋਕਾਂ ਦੇ ਪੱਲੇ ਨਹੀਂ ਪਿਆ ਤੇ ਪੜ੍ਹੇ-ਲਿਖੇ ਲੋਕਾਂ ਦਾ ਵੱਡਾ ਹਿੱਸਾ ਇਸ ਦੇ ਹੱਕ ਵਿਚ ਬੋਲਦਾ ਸੁਣਿਆ ਗਿਆ। ਜਿਹੜੀਆਂ ਦੋ ਗੱਲਾਂ ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਦੇ ਪੱਖ ਵਿਚ ਵੱਡਾ ਕਾਰਨ ਬਣੀਆਂ, ਉਨ੍ਹਾਂ ਵਿਚੋਂ ਇਕ ਕਿਸਾਨਾਂ ਦੇ ਕਰਜ਼ੇ ਮਾਫ਼ ਕਰਨਾ ਸੀ ਤੇ ਦੂਜੀ ਪੇਂਡੂ ਰੁਜ਼ਗਾਰ ਗਾਰੰਟੀ ਯੋਜਨਾ ਲਾਗੂ ਕਰਨਾ, ਜਿਸ ਰਾਹੀਂ ਅਣੇ-ਥੁੜੇ ਪਿੰਡਾਂ ਦੇ ਲੋਕਾਂ ਨੂੰ ਓਥੇ ਹੀ ਰੁਜ਼ਗਾਰ ਦੇਣ ਦਾ ਪ੍ਰਬੰਧ ਕੀਤਾ ਗਿਆ ਸੀ। ਇਹ ਗੱਲ ਬਹੁਤੇ ਲੋਕ ਨਹੀਂ ਜਾਣਦੇ ਕਿ ਪੇਂਡੂ ਰੁਜ਼ਗਾਰ ਗਾਰੰਟੀ ਯੋਜਨਾ, ਜਿਸ ਨੂੰ 'ਨਰੇਗਾ ਸਕੀਮ' ਕਿਹਾ ਜਾਂਦਾ ਹੈ, ਅਸਲ ਵਿਚ ਕਮਿਊਨਿਸਟਾਂ ਦੇ ਦਿਮਾਗ ਦੀ ਉਪਜ ਸੀ, ਜਿਸ ਨੂੰ ਸਰਕਾਰ ਦਾ ਸਹਿਯੋਗ ਕਰਨ ਸਮੇਂ ਉਨ੍ਹਾਂ ਨੇ ਲਾਗੂ ਕਰਵਾਇਆ ਸੀ। ਜਿਹੜੇ ਬਹੁਤੇ ਬੁੜਾਂ ਮਾਰੇ ਰਾਜਸਥਾਨ ਵਰਗੇ ਇਲਾਕੇ ਹਨ, ਉਥੇ ਇਸ ਸਕੀਮ ਨੂੰ ਲਾਗੂ ਕਰਨ ਦਾ ਲਾਭ ਕਾਂਗਰਸ ਪਾਰਟੀ ਲੈ ਗਈ।

> ***ਸਭਨਾਂ ਤੋਂ ਵਧ ਹੈਰਾਨੀ ਦੋ ਹੋਰ ਨਤੀਜਿਆਂ ਨੇ ਪੈਦਾ ਕੀਤੀ ਹੈ। ਇਕ ਸੰਗਰੂਰ ਤੋਂ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਦੀ ਹਾਰ ਨੇ ਤੇ ਦੂਜੀ ਫਿਰੋਜ਼ਪੁਰ ਤੋਂ ਕਾਂਗਰਸੀ ਆਗੂ ਜਗਮੀਤ ਸਿੰਘ ਬਰਾੜ ਦੀ ਪਿੱਠ ਲੱਗਣ ਨੇ। ਦੋਵੇਂ ਥਾਵਾਂ 'ਤੇ ਕਾਰਨ ਵਜੋਂ 'ਆਪਣਿਆਂ' ਵਲੋਂ ਠਿੱਬੀ ਲਾਉਣ ਦੀ ਗੱਲ ਚੱਲ ਰਹੀ ਹੈ।***

ਮਹਾਰਾਸ਼ਟਰ ਵਿਚ ਸਾਰੇ ਮੰਨਦੇ ਹਨ ਕਿ ਕਾਂਗਰਸ ਤੇ ਰਾਸ਼ਟਰਵਾਦੀ ਕਾਂਗਰਸ ਨੂੰ ਕਿਸਾਨੀ ਕਰਜ਼ੇ ਮਾਫ਼ ਕਰਨ ਦਾ ਲਾਭ ਮਿਲਿਆ ਹੈ। ਇੰਜ ਹੀ ਕਾਮਰੇਡਾਂ ਦੇ ਦਬਾਅ ਹੇਠ ਬਣੀਆਂ ਕਈ ਹੋਰ ਸਕੀਮਾਂ ਦਾ ਲਾਭ ਵੀ ਕਾਂਗਰਸ ਲੈ ਗਈ। ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਨੂੰ ਬਣਾਉਣ ਤੋਂ ਲੈ ਕੇ ਸਾਢੇ ਚਾਰ ਸਾਲ ਚਲਾਉਣ ਤੱਕ ਸਹਿਯੋਗ ਦੇਣ ਵਾਲੇ ਕਮਿਊਨਿਸਟ ਹਾਲਾਤ ਦਾ ਲਾਭ ਨਹੀਂ ਲੈ ਸਕੇ। ਗਿਣਤੀ ਉਨ੍ਹਾਂ ਦੀ ਅੱਧ ਤੋਂ ਵੀ ਘੱਟ ਗਈ ਹੈ ਤੇ ਇਸ ਲਈ ਮੁੱਖ ਤੌਰ ਉੱਤੇ ਕਮਿਊਨਿਸਟਾਂ ਦੀ ਮੋਹਰੀ ਧਿਰ ਮਾਰਕਸਵਾਦੀ ਕਮਿਊਨਿਸਟ ਪਾਰਟੀ ਜ਼ਿੰਮੇਵਾਰ ਹੈ। ਹੁਣ ਤੱਕ ਕਮਿਊਨਿਸਟਾਂ ਦਾ ਨਾਹਰਾ ਇਹ ਹੁੰਦਾ ਸੀ ਕਿ 'ਟਾਟੇ ਬਿਰਲੇ ਕੀ ਜਾਗੀਰ ਨਹੀਂ, ਹਿੰਦੁਸਤਾਨ ਹਮਾਰਾ ਹੈ', ਪਰ ਪਿਛਲੇ ਸਮੇਂ ਵਿਚ ਟਾਟੇ ਸੇਠ ਦਾ ਕਾਰਾਂ ਦਾ ਕਾਰਖਾਨਾ ਲਗਵਾਉਣ ਲਈ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਬੁੱਧਦੇਵ ਭੱਟਾਚਾਰੀਆ ਦੀ ਸਰਕਾਰ ਆਪਣੇ ਕਿਸਾਨਾਂ ਤੋਂ ਜ਼ਮੀਨਾਂ ਜ਼ਬਰੀ ਲੈ ਕੇ ਉਸ ਨੂੰ ਦੇਣ ਅਤੇ ਵਿਰੋਧ ਦੀ ਆਵਾਜ਼ ਨੂੰ ਜਬਰ ਨਾਲ ਦਬਾਉਣ ਦੇ ਰਾਹੇ ਪੈ ਗਈ। ਜਦੋਂ ਪੱਛਮੀ ਬੰਗਾਲ ਦੀ ਸਰਕਾਰ ਇਹ ਵਿਹਾਰ ਕਰ ਰਹੀ ਸੀ, ਓਦੋਂ ਮਾਰਕਸੀ ਪਾਰਟੀ ਦੇ ਕਾਮਰੇਡ ਦੂਜੇ ਰਾਜਾਂ ਅੰਦਰ ਇਹੋ ਜਿਹੇ ਕਾਰਖਾਨਿਆਂ ਲਈ ਏਦਾਂ ਜ਼ਮੀਨ ਲੈਣ ਵਿਰੁਧ ਸੰਘਰਸ਼ ਕਰ ਰਹੇ ਸਨ। ਉਨ੍ਹਾਂ ਦਾ ਇਹ ਦੋਹਰਾ ਸਟੈਂਡ ਪੱਛਮੀ ਬੰਗਾਲ ਵਿਚਲੇ ਲਾਲ ਕਿਲ੍ਹੇ ਦੇ ਜੜ੍ਹੀਂ ਬੈਠ ਗਿਆ।

ਰਹੀ ਕਸਰ ਇਸੇ ਪਾਰਟੀ ਦੇ ਕੇਰਲਾ ਵਾਲੇ ਕਾਮਰੇਡਾਂ ਨੇ ਕੱਢ ਦਿੱਤੀ। ਓਥੇ ਮਾਰਕਸੀ ਕਮਿਊਨਿਸਟ ਪਾਰਟੀ ਦੇ ਸੂਬਾ ਸੈਕਟਰੀ ਅਤੇ ਸੂਬੇ ਦੇ ਮੁੱਖ ਮੰਤਰੀ ਦਰਮਿਆਨ ਚੋਖੇ ਮੱਤਭੇਦ ਹਨ। ਪਾਰਟੀ ਦੇ ਸੂਬਾ ਸੈਕਟਰੀ ਦੇ ਖਿਲਾਫ਼ ਭ੍ਰਿਸ਼ਟਾਚਾਰ ਦਾ ਕੇਸ ਸੀ ਤੇ ਉਹ ਉਸਨੂੰ ਖਾਰਜ ਕਰਵਾਉਣਾ ਚਾਹੁੰਦਾ ਸੀ, ਜਦ ਕਿ ਮੁੱਖ ਮੰਤਰੀ ਇਸ ਗੱਲ ਲਈ ਮੰਨਦਾ ਨਹੀਂ ਸੀ। ਕੇਂਦਰ ਦੀ ਲੀਡਰਸ਼ਿਪ ਵਿਚ ਜਿਥੇ ਕਦੇ ਕਾਮਰੇਡ ਨੰਬੂਦਰੀਪਾਦ, ਸੁੰਦਰਈਆ, ਬਾਸਵਾਪੁਨਈਆ ਤੇ ਹਰਕਿਸ਼ਨ ਸਿੰਘ ਸੁਰਜੀਤ ਵਰਗੇ ਮੁਖੀ ਹੁੰਦੇ ਸਨ, ਓਥੇ ਮੁਕਾਬਲਤਨ ਛੋਟੇ ਕੱਦ ਤੇ ਹਲਕੇ ਪ੍ਰਭਾਵ ਵਾਲੇ ਪ੍ਰਕਾਸ਼ ਕਾਰਤ ਦੀ ਕਮਾਨ ਕੇਰਲਾ ਦੇ ਦੋਵੇਂ ਲੀਡਰ ਨਹੀਂ ਸਨ ਮੰਨ ਰਹੇ। ਚੋਣ ਪ੍ਰਕਿਰਿਆ ਦੌਰਾਨ ਜਦੋਂ ਕਾਂਗਰਸ ਨਾਲ ਸਿੱਧਾ-ਸਾਹਵੇਂ ਟੱਕਰਨ ਦੀ ਲੋੜ ਸੀ, ਓਦੋਂ ਵੀ ਉਨ੍ਹਾਂ ਦੋਵਾਂ ਦੇ ਸਿੰਙ ਆਪੋ ਵਿਚ ਹੀ ਫਸੇ ਰਹੇ। ਨਤੀਜੇ ਵਜੋਂ ਉਹ ਆਪ ਤਾਂ ਡੁੱਬੇ ਹੀ, ਭਾਈਬੰਦਾਂ ਦਾ ਬੇੜਾ ਵੀ ਡੋਬ ਛੱਡਿਆ।


ਖੱਬੇ-ਪੱਖੀਆਂ ਦਾ ਇਹ ਹਸ਼ਰ ਉਨ੍ਹਾਂ ਲਈ ਹੀ ਨਹੀਂ, ਭਾਰਤ ਦੇ ਭਵਿੱਖ ਲਈ ਵੀ ਚੰਗਾ ਨਹੀਂ, ਆਖ਼ਰ ਉਹੋ ਤਾਂ ਸਨ, ਜਿਹੜੇ ਕਿਰਤੀਆਂ ਦੇ ਪੱਖ ਵਿਚ ਡਟਵਾਂ ਪੈਂਤੜਾ ਲੈਂਦੇ ਸਨ। ਸਾਡੇ ਪੰਜਾਬ ਵਿਚ ਅੰਦਾਜ਼ੇ ਸਨ ਕਿ ਕਾਂਗਰਸ ਜੇ ਹੂੰਝਾ ਨਾ ਵੀ ਮਾਰ ਸਕੀ, ਦਸ-ਗਿਆਰਾਂ ਸੀਟਾਂ ਜ਼ਰੂਰ ਲੈ ਜਾਵੇਗੀ। ਉਸਨੂੰ ਇਸ ਤਰ੍ਹਾਂ ਦੀ ਕਾਮਯਾਬੀ ਨਹੀਂ ਮਿਲ ਸਕੀ, ਹਾਲਾਂਕਿ ਨਗਰ ਕੌਂਸਲ ਚੋਣਾਂ ਦੀ ਕੁਝੱਤਣ ਕਾਰਨ ਭਾਜਪਾ ਨਾਲ ਅਕਾਲੀਆਂ ਦਾ ਤਾਲਮੇਲ ਪੂਰਾ ਬੈਠ ਹੀ ਨਹੀਂ ਸੀ ਸਕਿਆ। ਬਠਿੰਡੇ ਦੀ ਲੜਾਈ ਮੁੱਖ ਮੰਤਰੀ ਤੇ ਸਾਬਕਾ ਮੁੱਖ ਮੰਤਰੀ ਦੇ ਪਰਵਾਰਾਂ ਵਿਚਾਲੇ ਵੱਕਾਰ ਦਾ ਸਵਾਲ ਬਣ ਗਈ ਸੀ, ਜਿਸ ਵਿਚ ਬਾਦਲ ਪਰਿਵਾਰ ਅੰਤ ਨੂੰ ਭਾਰੂ ਰਿਹਾ। ਫ਼ਤਹਿਗੜ੍ਹ ਸਾਹਿਬ ਤੋਂ ਸੁਖਦੇਵ ਸਿੰਘ ਲਿਬੜਾ ਨੂੰ ਕਾਂਗਰਸ ਨੇ ਟਿਕਟ ਦਿੱਤੀ ਤਾਂ ਅਕਾਲੀਆਂ ਨੇ ਉਸ ਨੂੰ 'ਵਿਕਾਊ ਮਾਲ' ਕਹਿ ਕੇ ਭੰਡਿਆ ਸੀ, ਪਰ ਉਹ ਡਾਕਟਰ ਮਨਮੋਹਨ ਸਿੰਘ ਖਾਤਰ ਆਪਣਾ ਭਵਿੱਖ ਦਾਅ ਉਤੇ ਲਾ ਦੇਣ ਦੀ ਜਿਹੜੀ ਗੱਲ ਕਹਿੰਦਾ ਰਿਹਾ, ਲੋਕਾਂ ਨੇ ਉਸੇ ਨੂੰ ਮਾਨਤਾ ਦਿੱਤੀ ਤੇ ਬਰਾਬਰ ਦੀ ਸਾਊ ਦਿੱਖ ਵਾਲਾ ਚਰਨਜੀਤ ਸਿੰਘ ਅਟਵਾਲ ਬੇਸੁਰੀ ਮੁਹਿੰਮ ਚਲਾਉਣ ਕਾਰਨ ਪਾਰ ਨਾ ਲੰਘ ਸਕਿਆ। ਨਾਲ ਲੱਗਦੇ ਆਨੰਦਪੁਰ ਸਾਹਿਬ ਹਲਕੇ 'ਚ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤਰੇ, ਰਵਨੀਤ ਸਿੰਘ ਬਿੱਟੂ ਨੇ ਮੁਹਿੰਮ ਵੀ ਤਕੜੀ ਚਲਾਈ, ਪਰ ਬੇੜੀ ਉਸ ਦੀ ਪਾਰ ਤਦੇ ਲੱਗੀ, ਜਦੋਂ ਹਾਕਮ ਅਕਾਲੀ ਦਲ ਦੇ ਇਕ ਵੱਡੇ ਧੜੇ ਨੇ ਆਖਰੀ ਵਕਤ ਆਪਣੇ ਉਮੀਦਵਾਰ ਡਾਕਟਰ ਦਲਜੀਤ ਸਿੰਘ ਚੀਮੇ ਨੂੰ ਭੁਆਂਟਣੀ ਦੇ ਦਿੱਤੀ।

ਹੈਰਾਨੀਜਨਕ ਹਾਰ ਦੋ ਹੋਰ ਉਮੀਦਵਾਰਾਂ ਦੀ ਵੀ ਮੰਨੀ ਜਾਂਦੀ ਹੈ। ਇਕ ਤਾਂ ਗੁਰਦਾਸਪੁਰ ਤੋਂ ਭਾਜਪਾ ਉਮੀਦਵਾਰ ਵਿਨੋਦ ਖੰਨੇ ਦਾ ਹਾਰਨਾ ਤੇ ਦੂਜਾ ਜਲੰਧਰ ਤੋਂ ਅਕਾਲੀ ਉਮੀਦਵਾਰ ਹੰਸ ਰਾਜ ਹੰਸ ਦਾ ਪਾਰ ਨਾ ਲੱਗ ਸਕਣਾ। ਵਿਨੋਦ ਖੰਨਾ ਹਰ ਵਾਰੀ ਜਿੱਤ ਕੇ ਮੁੰਬਈ ਜਾ ਵੜਦਾ ਸੀ ਤੇ ਲੋਕਾਂ ਨਾਲੋਂ ਵਧ ਅਕਾਲੀ ਆਗੂ ਨਾਰਾਜ਼ ਸਨ ਕਿ ਵਿਆਹ-ਸ਼ਾਦੀ ਤਾਂ ਕੀ, ਉਹ ਕਿਸੇ ਦੇ ਮਰਨੇ-ਪਰਨੇ ਉਤੇ ਵੀ ਨਹੀਂ ਆਉਂਦਾ। ਜਿੱਥੋਂ ਤੱਕ ਹੰਸ ਰਾਜ ਹੰਸ ਦਾ ਸਵਾਲ ਹੈ, ਉਸਨੂੰ ਦੁਆਬੇ ਦੇ ਪੜ੍ਹੇ-ਲਿਖੇ ਲੋਕਾਂ ਨੇ ਇਸ ਗੱਲੋਂ ਪ੍ਰਵਾਨ ਨਹੀਂ ਕੀਤਾ ਕਿ ਇਹ ਆਪਣੀ ਕਲਾ ਦਾ ਜਿੰਨਾ ਵੀ ਮਾਹਰ ਹੋਵੇ, ਪਾਰਲੀਮੈਂਟ ਵਿਚ ਜਾ ਕੇ ਲੋਕਾਂ ਦਾ ਪੱਖ ਪੇਸ਼ ਨਹੀਂ ਕਰ ਸਕਣ ਲੱਗਾ। ਹਾਲੇ ਪਿਛਲੀ ਚੋਣ ਵਿਚ ਉਸ ਵਲੋਂ ਕਾਂਗਰਸੀ ਸਟੇਜਾਂ 'ਤੇ ਗਾਉਣ ਮਗਰੋਂ ਇਸ ਵਾਰੀ ਅਕਾਲੀ ਉਮੀਦਵਾਰ ਬਣ ਕੇ ਉਸੇ ਕਾਂਗਰਸ ਮੂਹਰੇ ਆ ਡਟਣ ਨੂੰ ਵੀ ਲੋਕਾਂ ਨੇ ਪਸੰਦ ਨਹੀਂ ਕੀਤਾ।

ਤੇ ਇਹਨਾਂ ਸਭਨਾਂ ਤੋਂ ਵਧ ਹੈਰਾਨੀ ਦੋ ਹੋਰ ਨਤੀਜਿਆਂ ਨੇ ਪੈਦਾ ਕੀਤੀ ਹੈ। ਇਕ ਸੰਗਰੂਰ ਤੋਂ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਦੀ ਹਾਰ ਨੇ ਤੇ ਦੂਜੀ ਫਿਰੋਜ਼ਪੁਰ ਤੋਂ ਕਾਂਗਰਸੀ ਆਗੂ ਜਗਮੀਤ ਸਿੰਘ ਬਰਾੜ ਦੀ ਪਿੱਠ ਲੱਗਣ ਨੇ। ਦੋਵੇਂ ਥਾਵਾਂ 'ਤੇ ਕਾਰਨ ਵਜੋਂ 'ਆਪਣਿਆਂ' ਵਲੋਂ ਠਿੱਬੀ ਲਾਉਣ ਦੀ ਗੱਲ ਚੱਲ ਰਹੀ ਹੈ। ਕਮਾਲ ਦੀ ਗੱਲ ਇਹ ਕਿ ਦੋਵੇਂ ਥਾਂ ਠਿੱਬੀ ਲਾਉਣ ਵਾਲਿਆਂ ਨੂੰ ਆਪੋ ਆਪਣੀ ਪਾਰਟੀ ਦੇ 'ਵੱਡੇ ਘਰ' ਨਾਲ ਜੋੜਿਆ ਜਾ ਰਿਹਾ ਹੈ। ਇਹ ਪ੍ਰਭਾਵ ਅਗਲੇ ਦਿਨੀਂ ਦੋਵਾਂ ਪਾਰਟੀਆਂ 'ਚ ਨਵੀਂ ਕਤਾਰਬੰਦੀ ਦਾ ਮੁੱਢ ਬੰਨ੍ਹ ਸਕਦਾ ਹੈ।


# ਵੱਡੀ ਹਾਰ ਕਾਰਨ ਖੱਬੇ ਪੱਖੀਆਂ ਵਿਚਾਲੇ ਉਠਿਆ ਤਿੱਖਾ ਆਪਸੀ ਵਿਰੋਧ

**ਨਵੀਂ ਦਿੱਲੀ :** ਲੋਕ ਸਭਾ ਚੋਣਾਂ 'ਚ ਪਾਰਟੀ ਦੇ ਪ੍ਰਦਰਸ਼ਨ ਬਾਰੇ ਸੀ.ਪੀ.ਆਈ. (ਐਮ.) ਪੋਲਿਟ ਬਿਊਰੋ ਦੀ ਮੀਟਿੰਗ 'ਚ ਲੰਘੀ 18 ਮਈ ਨੂੰ ਵਿਚਾਰ-ਵਟਾਂਦਰਾ ਕੀਤਾ ਗਿਆ। ਪਾਰਟੀ ਨੇ ਕਿਹਾ ਕਿ ਹਾਰ ਲਈ ਕੁਲ ਹਿੰਦ ਜਨਰਲ ਸਕੱਤਰ ਪ੍ਰਕਾਸ਼ ਕਾਰਤ ਅਤੇ ਪੱਛਮੀ ਬੰਗਾਲ ਦੇ


ਪ੍ਰਕਾਸ਼ ਕਾਰਤ

ਮੁੱਖ ਮੰਤਰੀ ਬੁੱਧਦੇਵ ਭੱਟਾਚਾਰੀਆ ਨੂੰ ਦੋਸ਼ੀ ਠਹਿਰਾਉਣਾ ਜਾਇਜ਼ ਨਹੀਂ ਹੈ। ਮੀਟਿੰਗ ਵਿਚ ਪਾਰਟੀ ਦੇ ਕਈ ਸੀਨੀਅਰ ਆਗੂ ਸ਼ਾਮਲ ਹੋਏ। ਮੀਟਿੰਗ ਤੋਂ ਬਾਅਦ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਤ੍ਰਿਪੁਰਾ ਦੇ ਮੁੱਖ ਮੰਤਰੀ ਮਾਨਿਕ ਸਰਕਾਰ ਤੇ ਪੋਲਿਟ ਬਿਊਰੋ ਮੈਂਬਰ ਨਿਰੂਪਮ ਸੇਨ ਨੇ ਕਿਹਾ ਕਿ ਮੀਡੀਆ 'ਚ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਬੁੱਧਾਦੇਵ ਭੱਟਾਚਾਰੀਆ ਦੇ ਅਸਤੀਫ਼ੇ ਦੀਆਂ ਆਈਆਂ ਖ਼ਬਰਾਂ ਨਿਰਅਧਾਰ ਹਨ।

ਉਨ੍ਹਾਂ ਸਪੱਸ਼ਟ ਕੀਤਾ ਕਿ ਪਾਰਟੀ ਦੀ ਹਾਰ ਲਈ ਕਾਮਰੇਡ ਕਾਰਤ ਤੇ ਬੁੱਧਾਦੇਵ ਨੂੰ ਹਟਾਉਣਾ ਜ਼ਰੂਰੀ ਨਹੀਂ ਹੈ। ਜਨਤਾ ਵਲੋਂ ਉਦਯੋਗੀਕਰਨ ਦੀਆਂ ਨੀਤੀਆਂ ਨੂੰ ਨਕਾਰਨ ਸਬੰਧੀ ਪੱਤਰਕਾਰਾਂ ਦੇ ਪੁੱਛੇ ਸਵਾਲਾਂ ਦਾ ਜਵਾਬ ਦਿੰਦਿਆਂ ਕਾਮਰੇਡ ਸੇਨ ਨੇ ਕਿਹਾ ਕਿ ਮੈਂ ਨਹੀਂ ਮੰਨਦਾ ਕਿ ਜਨਤਾ ਉਦਯੋਗੀਕਰਨ ਦੇ ਖ਼ਿਲਾਫ਼ ਹੈ। ਉਨ੍ਹਾਂ ਕਿਹਾ ਕਿ ਇਹ ਚੋਣਾਂ ਦੇਸ਼ ਭਰ 'ਚ ਹੋਈਆਂ ਹਨ ਅਤੇ ਇਨ੍ਹਾਂ ਚੋਣਾਂ 'ਚ ਕਈ ਥਾਈਂ ਸਥਾਨਕ ਮੁੱਦੇ ਵੀ ਭਾਰੂ ਰਹੇ ਹਨ। ਕਾਮਰੇਡ ਸੇਨ ਨੇ ਕਿਹਾ ਕਿ ਕੇਂਦਰ ਵਿਚ ਜਿਹੜੇ ਲੋਕ


ਬੁੱਧਾਦੇਬ ਭੱਟਾਚਾਰਿਆ

ਸਰਕਾਰ ਬਣਾ ਰਹੇ ਹਨ, ਉਨ੍ਹਾਂ ਨੂੰ ਪੂਰੇ ਦੇਸ਼ ਵਿਚ ਉਦਯੋਗੀਕਰਨ ਦੀ ਪ੍ਰਕਿਰਿਆ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਪੱਛਮੀ ਬੰਗਾਲ ਵੀ ਵਿਕਾਸ ਕਰਦਾ ਰਹੇਗਾ। ਬੰਗਾਲ 'ਚ ਉਦਯੋਗ ਵਿਕਸਤ ਹੋਣੇ ਚਾਹੀਦੇ ਹਨ।

ਬੁੱਧਾਦੇਵ ਭੱਟਾਚਾਰੀਆ ਦੇ ਪੋਲਿਟ ਬਿਊਰੋ ਦੀ ਮੀਟਿੰਗ ਵਿਚ ਸ਼ਾਮਲ ਨਾ ਹੋਣ ਬਾਰੇ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਕੋਲਕਾਤਾ 'ਚ ਚੋਣਾਂ ਤੋਂ ਬਾਅਦ ਕਾਨੂੰਨ ਵਿਵਸਥਾ ਦੇ ਮੱਦੇਨਜ਼ਰ ਉਹ ਦਿੱਲੀ ਨਹੀਂ ਆ ਸਕੇ। ਮੀਟਿੰਗ ਵਿਚ ਕਾਮਰੇਡ ਮਾਨਿਕ ਸਰਕਾਰ ਤੇ ਨਿਰੂਪਮ ਸੇਨ ਤੋਂ ਇਲਾਵਾ ਬਿਮਾਨ ਬਾਸੂ, ਪ੍ਰਕਾਸ਼ ਕਾਰਤ, ਸੀਤਾ ਰਾਮ ਯੇਚੁਰੀ, ਪਿਨਾਰਾਈ ਵਿਜਯਨ, ਐਮ.ਕੇ. ਪੰਧੇ, ਐਸ.ਆਰ. ਪਿੱਲੇ ਅਤੇ ਕੇਰਲ ਦੇ ਮੁੱਖ ਮੰਤਰੀ ਵੀ.ਐਸ. ਅਛੂਤਾਨੰਦਨ ਵੀ ਸ਼ਾਮਲ ਹੋਏ। ਸੀ.ਪੀ.ਆਈ. (ਐਮ.) ਨੇ ਲੋਕ ਸਭਾ ਚੋਣਾਂ ਦੇ ਨਤੀਜਿਆਂ ਨੂੰ ਖੱਬੀਆਂ ਪਾਰਟੀਆਂ ਲਈ ਇਕ ਵੱਡਾ ਝਟਕਾ ਕਰਾਰ ਦਿੰਦਿਆਂ ਮੰਨਿਆ ਕਿ ਕਾਂਗਰਸ ਤੇ ਉਸ ਦੇ ਭਾਈਵਾਲਾਂ ਨੇ ਜਿੱਤ ਹਾਸਲ ਕੀਤੀ ਹੈ ਅਤੇ ਉਹ ਸਰਕਾਰ ਬਣਾਉਣ ਦੀ ਸਥਿਤੀ 'ਚ ਹਨ।

ਸੀ.ਪੀ.ਆਈ. (ਐਮ.) ਦੇ ਕੁਲ ਹਿੰਦ ਜਨਰਲ ਸਕੱਤਰ ਪ੍ਰਕਾਸ਼ ਕਰਤ ਨੇ ਕੇਰਲ ਤੇ ਪੱਛਮੀ ਬੰਗਾਲ ਦੇ ਚੋਣ ਨਤੀਜਿਆਂ 'ਚ ਪਾਰਟੀ ਦੇ ਖਰਾਬ ਰੁਝਾਨ ਨੂੰ ਵੇਖਦਿਆਂ ਕਿਹਾ ਕਿ ਸਾਨੂੰ ਆਪਣੇ ਪ੍ਰਦਰਸ਼ਨ ਦੀ ਸਮੀਖਿਆ ਕਰਨ ਦੀ ਲੋੜ ਹੈ।

ਅਗਾਊਂ ਰਣਨੀਤੀ ਬਾਰੇ ਗੱਲ ਕਰਦਿਆਂ ਕਾਮਰੇਡ ਕਾਰਤ ਨੇ ਕਿਹਾ ਕਿ ਖੱਬੀਆਂ ਪਾਰਟੀਆਂ ਗ਼ੈਰ-ਕਾਂਗਰਸ ਤੇ ਗ਼ੈਰ-ਭਾਜਪਾ ਵਰਗੇ ਆਪਣੇ ਭਾਈਵਾਲਾਂ ਨਾਲ ਵਿਰੋਧੀ ਧਿਰ 'ਚ ਬੈਠਣਗੀਆਂ ਅਤੇ ਸੀ.ਪੀ.ਆਈ. (ਐਮ.) ਤੇ ਸੀ.ਪੀ.ਆਈ. ਆਪਣੀ ਗ਼ੈਰ-ਕਾਂਗਰਸ ਤੇ ਗ਼ੈਰ-ਭਾਜਪਾ ਮੁਹਿੰਮ ਨੂੰ ਜਾਰੀ ਰੱਖਦਿਆਂ ਯੂ.ਪੀ.ਏ. ਸਰਕਾਰ ਦੀ ਵਿਦੇਸ਼ ਨੀਤੀ ਤੇ ਆਰਥਿਕ ਨੀਤੀਆਂ ਦਾ ਵਿਰੋਧ ਕਰਾਂਗੇ।

ਪੱਛਮੀ ਬੰਗਾਲ 'ਚ ਖੱਬੀਆਂ ਪਾਰਟੀਆਂ ਨੂੰ ਮਿਲੀ ਹਾਰ ਦਾ ਕਾਰਨ ਪੁੱਛੇ ਜਾਣ ਸਬੰਧੀ ਜਵਾਬ ਦਿੰਦਿਆਂ ਕਾਮਰੇਡ ਕਾਰਤ ਨੇ ਕਿਹਾ ਕਿ ਕਾਂਗਰਸ ਸਿਰਫ਼ ਪੱਛਮੀ ਬੰਗਾਲ 'ਚ ਹੀ ਨਹੀਂ, ਸਗੋਂ ਪੂਰੇ ਭਾਰਤ 'ਚ ਜਿੱਤੀ ਹੈ ਤੇ ਸਾਨੂੰ ਉਨ੍ਹਾਂ ਕਾਰਨਾਂ ਦੀ ਸਮੀਖਿਆ ਕਰਨੀ ਹੋਵੇਗੀ, ਜਿਨ੍ਹਾਂ ਕਾਰਨ ਇਹ ਪਾਰਟੀ ਜਿੱਤੀ ਹੈ।

ਕਾਮਰੇਡ ਕਾਰਤ ਨੇ ਕਿਹਾ ਕਿ ਕਾਂਗਰਸ ਤੇ ਉਸ ਦੀਆਂ ਭਾਈਵਾਲ ਪਾਰਟੀਆਂ ਨੇ ਜਨਤਾ ਸਾਹਮਣੇ ਆਪਣੇ ਮੁੱਦਿਆਂ ਨੂੰ ਵਧੀਆ ਢੰਗ ਨਾਲ ਰੱਖਿਆ ਹੈ। ਇਸ ਲਈ ਹੀ ਉਹ ਜਿੱਤਣ 'ਚ ਕਾਮਯਾਬ ਰਹੇ ਹਨ।

# ਪਹਿਲੀ ਵਾਰ ਸੰਸਦ 'ਚ ਜਾਣਗੀਆਂ ਪੰਜਾਬ ਤੋਂ 4 ਬੀਬੀਆਂ

**ਜਲੰਧਰ :** ਆਏ ਚੋਣ ਨਤੀਜਿਆਂ ਨੇ ਪੰਜਾਬ ਵਿਚੋਂ ਸੰਸਦ ਵਿਚ ਜਾਣ ਵਾਲੀਆਂ ਬੀਬੀਆਂ ਦੀ ਗਿਣਤੀ ਵਧਾ ਕੇ ਦੁਗਣੀ ਕਰ ਦਿੱਤੀ ਹੈ।

ਇਸ ਵਾਰ ਪੰਜਾਬ ਵਿਚੋਂ ਚਾਰ ਬੀਬੀਆਂ ਜਿੱਤ ਕੇ ਸੰਸਦ ਮੈਂਬਰ ਬਣੀਆਂ ਹਨ। ਜੇਤੂ ਰਹੀਆਂ ਬੀਬੀਆਂ ਵਿਚ ਦੋ ਸ਼੍ਰੋਮਣੀ ਅਕਾਲੀ ਦਲ ਅਤੇ ਦੋ ਕਾਂਗਰਸ ਨਾਲ ਸਬੰਧਤ ਹਨ। ਵਰਨਣਯੋਗ ਹੈ ਕਿ 2004 ਦੀਆਂ ਲੋਕ ਸਭਾ ਚੋਣਾਂ ਵਿਚ 10 ਮਹਿਲਾ ਉਮੀਦਵਾਰਾਂ ਨੇ ਚੋਣ ਲੜੀ ਸੀ, ਜਿਨ੍ਹਾਂ ਵਿਚੋਂ ਦੋ ਉਮੀਦਵਾਰ ਜੇਤੂ ਰਹੀਆਂ ਸਨ।

ਪਿਛਲੀ ਲੋਕ ਸਭਾ ਵਿਚ ਪਟਿਆਲਾ ਤੋਂ ਕਾਂਗਰਸ ਪਾਰਟੀ ਦੀ ਉਮੀਦਵਾਰ ਸ੍ਰੀਮਤੀ ਪ੍ਰਨੀਤ ਕੌਰ ਅਤੇ ਬਠਿੰਡਾ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਬੀਬੀ ਪਰਮਜੀਤ ਕੌਰ ਗੁਲਸ਼ਨ ਜੇਤੂ ਰਹੀਆਂ ਸਨ।

ਇਸ ਵਾਰ ਉਕਤ ਦੋਹਾਂ ਤੋਂ ਇਲਾਵਾ ਬਠਿੰਡਾ ਤੋਂ ਸ੍ਰੀਮਤੀ ਹਰਸਿਮਰਤ ਕੌਰ ਬਾਦਲ ਅਤੇ ਹੁਸ਼ਿਆਰਪੁਰ ਤੋਂ ਸ੍ਰੀਮਤੀ ਸੰਤੋਸ਼ ਚੌਧਰੀ ਦੇ ਵੀ ਜਿੱਤ ਜਾਣ ਨਾਲ ਪੰਜਾਬ ਅੰਦਰ ਬੀਬੀਆਂ ਦੀ ਤਾਕਤ ਦੁਗਣੀ ਹੋ ਗਈ ਹੈ।

ਵਰਨਣਯੋਗ ਹੈ ਕਿ ਇਸ ਚੋਣ ਵਿਚ ਰਾਜ ਦੇ ਚੋਣ ਮੈਦਾਨ ਵਿਚ ਨਿੱਤਰੇ ਕੁਲ 218 ਉਮੀਦਵਾਰਾਂ ਵਿਚੋਂ 13 ਔਰਤਾਂ ਸਨ। ਇਹ ਪਹਿਲੀ ਵਾਰ ਹੈ ਕਿ ਪੰਜਾਬ ਤੋਂ 4 ਬੀਬੀਆਂ ਲੋਕ ਸਭਾ ਚੋਣ ਜਿੱਤ ਕੇ ਸੰਸਦ ਵਿਚ ਪੁੱਜਣਗੀਆਂ। ਸ੍ਰੀਮਤੀ ਪ੍ਰਨੀਤ ਕੌਰ ਲਗਾਤਾਰ ਤੀਜੀ ਵਾਰ ਪਟਿਆਲਾ ਲੋਕ ਸਭਾ ਹਲਕੇ ਤੋਂ ਚੋਣ ਜਿੱਤੇ ਹਨ। ਹੁਸ਼ਿਆਰਪੁਰ ਤੋਂ ਚੋਣ ਜਿੱਤੀ ਕਾਂਗਰਸ ਉਮੀਦਵਾਰ ਸ੍ਰੀਮਤੀ ਸੰਤੋਸ਼ ਚੌਧਰੀ ਪਹਿਲਾਂ ਵੀ ਲੋਕ ਸਭਾ ਹਲਕਾ ਫ਼ਿਲੌਰ 'ਤੋਂ ਚੋਣ ਜਿੱਤ ਕੇ ਸੰਸਦ ਵਿਚ ਪੰਜਾਬ ਦੀ ਪ੍ਰਤੀਨਿਧਤਾ ਕਰ ਚੁੱਕੇ ਹਨ। ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਵਜੋਂ ਫ਼ਰੀਦਕੋਟ ਹਲਕੇ ਤੋਂ ਜੇਤੂ ਰਹੀ ਬੀਬੀ ਪਰਮਜੀਤ ਕੌਰ ਗੁਲਸ਼ਨ ਪਿਛਲੀ ਸੰਸਦ ਵਿਚ ਬਠਿੰਡਾ ਹਲਕੇ ਦੀ ਪ੍ਰਤੀਨਿਧਤਾ ਕਰਦੇ ਰਹੇ ਹਨ ਅਤੇ ਇਹ ਉਨ੍ਹਾਂ ਦੀ ਲਗਾਤਾਰ ਦੂਜੀ ਜਿੱਤ ਹੈ।

ਸ੍ਰੀਮਤੀ ਹਰਸਿਮਰਤ ਕੌਰ ਬਾਦਲ ਭਾਵੇਂ ਪਹਿਲੀ ਵਾਰ ਸੰਸਦ ਵਿਚ ਪੁੱਜੇ ਹਨ, ਪਰ ਬਾਦਲ ਪਰਿਵਾਰ ਦੇ ਮੈਂਬਰ ਹੋਣ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਬੇਟੇ ਸ. ਰਣਇੰਦਰ ਸਿੰਘ ਨੂੰ ਇਕ ਗਹਿਗੱਚ ਮੁਕਾਬਲੇ ਵਿਚ ਹਰਾਉਣ ਮਗਰੋਂ ਸੰਸਦ ਪੁੱਜਣ ਕਾਰਨ ਉਨ੍ਹਾਂ ਦੀ ਜਿੱਤ ਆਪਣੇ ਆਪ ਵਿਚ ਹੋਰ ਵੀ ਅਹਿਮ ਹੈ।

ਪੰਜਾਬ ਦੀਆਂ ਜਿਹੜੀਆਂ 9 ਮਹਿਲਾ ਉਮੀਦਵਾਰ ਇਸ ਚੋਣ ਵਿਚ ਹਾਰ ਗਈਆਂ ਹਨ ਉਨ੍ਹਾਂ ਵਿਚ ਫ਼ਰੀਦਕੋਟ ਤੋਂ ਸੀ.ਪੀ.ਆਈ. ਦੀ ਕੁਸ਼ਲ ਭੌਰਾ, ਆਨੰਦਪੁਰ ਸਾਹਿਬ ਤੋਂ ਡੈਮੋਕਰੇਟਿਕ ਭਾਰਤੀ ਸਮਾਜ ਪਾਰਟੀ ਦੀ ਉਮੀਦਵਾਰ ਸ੍ਰੀਮਤੀ ਮਨਜੀਤ ਕੌਰ, ਗੁਰਦਾਸਪੁਰ ਤੋਂ ਲੋਕ ਜਨ ਸ਼ਕਤੀ ਪਾਰਟੀ ਦੀ ਉਮੀਦਵਾਰ ਸ੍ਰੀਮਤੀ ਰਘਬੀਰ ਕੌਰ ਬਠਿੰਡਾ ਤੋਂ ਅਖਿਲ ਭਾਰਤੀ ਸ਼ਿਵ ਸੈਨਾ ਰਾਸ਼ਟਰਵਾਦੀ ਦੀ ਸ੍ਰੀਮਤੀ ਗੀਤਾ ਰਾਣੀ, ਖਡੂਰ ਸਾਹਿਬ ਤੋਂ ਅਜ਼ਾਦ ਉਮੀਦਵਾਰ ਸ੍ਰੀਮਤੀ ਗਿਆਨ ਕੌਰ, ਫ਼ਰੀਦਕੋਟ ਤੋਂ ਅਜ਼ਾਦ ਉਮੀਦਵਾਰ ਸ਼ਰਨ ਕੌਰ, ਵੀਰਪਾਲ ਕੌਰ ਅਤੇ ਆਲ ਇੰਡੀਆ ਦਲਿਤ ਵੈਲਫ਼ੇਅਰ ਕਾਂਗਰਸ ਦੀ ਉਮੀਦਵਾਰ ਸ੍ਰੀਮਤੀ ਰਾਜ ਕੌਰ ਅਤੇ ਹੁਸ਼ਿਆਰਪੁਰ ਤੋਂ ਅਜ਼ਾਦ ਉਮੀਦਵਾਰ ਸ੍ਰੀਮਤੀ ਰੀਟਾ ਸ਼ਾਮਲ ਹਨ।




## ਇੰਨੀ ਕੁ ਬਾਤ

# ਸਕੀਮਚੀ

ਪਤਨੀ ਇੰਡੀਆ ਚਲੇ ਗਈ ਹੈ ਤੇ ਆਪਾਂ ਕਿੱਲੇ ਨਾਲੋਂ ਰੱਸੇ ਤੁੜਾ ਲਏ ਹਨ। ਨਾ ਰੰਨ ਹੈ ਨਾ ਕੰਨ; ਜੀਅ ਕਰਦਾ ਹੈ ਪੌੜੀ ਦੇ ਸਿਖਰਲੇ ਪਊਡੇ ਤੋਂ ਸਿੱਧੀ ਫ਼ਰਸ਼ ਤਕ ਪੁੱਠੀ ਛਾਲ ਮਾਰਾਂ, ਕਾਰਪੈਟਾਂ ਤੇ ਜੁੱਤੀ ਸਮੇਤ ਦਗੜ ਦਗੜ ਕਰਦਾ ਫਿਰਾਂ, ਬਿਸਤਰਿਆਂ ਤੇ ਕਿਤਾਬਾਂ ਖਿਲਾਰਾਂ, ਸੋਫੇ 'ਤੇ ਲੋਟਣੀਆਂ ਲਵਾਂ, ਟੀ.ਵੀ. ਤੋਂ ਔਰਤਾਂ ਦੇ ਫੈਸ਼ਨ ਸ਼ੋ ਦੇਖਾਂ... ਮਾਰ ਸਾਰਾ ਘਰ ਕਦਮਾਂ 'ਤੇ ਵਿਛਿਆ ਪਿਆ ਹੈ। ਕਮਰੇ, ਕੰਧਾਂ, ਵਸਤਾਂ ਦੀਆਂ ਸਰਹੱਦਾਂ ਖਤਮ ਹੋ ਗਈਆਂ ਹਨ ... ਲਗਦਾ ਹੈ ਮੈਂ ਭਾਰਹੀਣ ਹੋ ਗਿਆ ਹਾਂ ...ਪਰ ਪਰ ਮੈਨੂੰ ਇਸ ਖੁਸ਼-ਫਹਿਮੀ ਦੇ ਆਲਮ ਵਿਚ ਬਹੁਤਾ ਨਹੀਂ ਰਹਿਣਾ ਚਾਹੀਦਾ-ਫਿਰ ਵੀ ਘਰਵਾਲੀ ਵਾਲੀ ਤਾਂ

ਬਲਜੀਤ ਬਾਸੀ

ਆਪਣੇ ਹੀ ਘਰ ਦੀ ਹੈ। ਜ਼ਰਾ ਲੰਮੀ ਸੋਚਾਂ, ਹਵਾ ਵਿਚ ਮੁੱਕੀਆਂ ਨਾ ਮਾਰਾਂ, ਆਉਣ ਵਾਲੇ ਦਿਨਾਂ ਵਿਚ ਗ੍ਰਿਹਸਥ ਜੀਵਨ ਦੀ ਲੜਾਈ ਨੰਗੇ ਧੜ ਲੜਨੀ ਹੈ।

ਮੈਂ ਯਥਾਰਥ ਵੱਲ ਮੋੜਾ ਪਾਉਂਦਾ ਹਾਂ। ਤੇ ਗ੍ਰਿਹਸਥ ਦੇ ਮੈਦਾਨੇ-ਜੰਗ ਆਪਣੇ ਘਰ ਦੇ ਵਸਤੂਜਗਤ ਨੂੰ ਇਕ ਟੱਕ ਨਿਹਾਰਨ ਲਗਦਾ ਹਾਂ। ਇਹ ਜਗਤ ਹਮੇਸ਼ਾ ਕਿੰਨਾ ਧੁੰਦਲਾ ਧੁੰਦਲਾ ਪ੍ਰਤੀਤ ਹੁੰਦਾ ਸੀ ਪਰ ਕਮਾਲ ਹੈ ਅੱਜ ਹਰ ਚੀਜ਼ ਆਪਣੇ ਪੂਰੇ ਜਲੌ ਵਿਚ, ਪੂਰੀ ਸਥੂਲਤਾ ਸਹਿਤ ਉਜਾਗਰ ਹੋ ਰਹੀ ਹੈ, ਕਿਣਕਾ ਕਿਣਕਾ ਸਪਸ਼ਟ ਫੋਕਸ ਵਿਚ ਆਇਆ ਪਿਆ ਹੈ। ਨਿਕਟਦ੍ਰਿਸ਼ਟੀ ਤੋਂ ਤਕਿਆਂ ਮਾਲੂਮ ਹੁੰਦਾ ਹੈ ਕਿ ਬਹੁਤ ਕਾਸੇ ਦੀ ਹੋਂਦ ਦਾ ਤਾਂ ਮੈਨੂੰ ਪਹਿਲਾਂ ਇਲਮ ਹੀ ਨਹੀਂ ਸੀ। ਅਸਲ ਵਿਚ ਔਰਤਾਂ ਦਾ ਚੀਜ਼ਾਂ ਨਾਲ ਬਹੁਤ ਗਹਿਰਾ ਲਗਾਉ ਹੁੰਦਾ ਹੈ ਤੇ ਇਸ ਲਗਾਉ ਖਾਤਰ ਉਹ ਪਰਸ ਦੇ ਵਜ਼ਨ ਦੀ ਪਰਵਾਹ ਨਹੀਂ ਕਰਦੀਆਂ। ਕੁਸ਼ ਵਿਗੜ ਜਾਵੇ, ਮਾਰਕਿਟ ਵਿਚ ਨਵਾਂ ਆ ਜਾਵੇ, ਮਿਸਿਜ਼ ਜੌਹਲ ਨੇ ਖਰੀਦ ਲਿਆ ਹੋਵੇ, ਇਨ੍ਹਾਂ ਦਾ ਮਨ ਤਿਲਮਿਲਾਉਣ ਲਗਦਾ ਹੈ, ਤਲੀ ਤੇ ਖਾਜ ਹੋਣ ਲਗਦੀ ਹੈ: ਬੱਸ ਇਹ ਚੀਜ਼ ਹੁਣ ਘਰ ਵਿਚ ਪ੍ਰਵੇਸ਼ ਪਾ ਕੇ ਰਹੇਗੀ। ਜਗਿਆਸਾਵਸ ਇਨ੍ਹਾਂ ਬੇਮਾਲੂਮ ਚੀਜ਼ਾਂ ਨੂੰ ਮੈਂ ਪਹਿਲੀ ਵਾਰੀ ਹੱਥ ਲਾ ਲਾ ਕੇ ਦੇਖਦਾ ਹਾਂ। ਕਿੰਨਾ ਬੇਫਜ਼ੂਲ ਮਾਲ ਅਸਬਾਬ ਹੈ ਘਰ ਵਿਚ ਲੱਦਿਆ ਹੋਇਆ। ਇਸਤਰੀ ਨਾਲ ਬ੍ਰਹਿਮੰਡ ਦੀ ਤਰ੍ਹਾਂ ਘਰ ਵੀ ਪਸਰਦਾ ਹੀ ਜਾਂਦਾ ਹੈ ਤੇ ਇਕ ਦਿਨ ਜਦੋਂ ਇਹ ਨੱਕੋ ਨੱਕ ਭਰ ਜਾਂਦਾ ਹੈ ਤਾਂ ਨਵੇਂ ਵੱਡੇ ਘਰ ਦੀ ਫਰਮਾਇਸ਼ ਸ਼ੁਰੂ ਹੋ ਜਾਂਦੀ ਹੈ। ਸੱਚ ਹੈ, ਜੇ ਮਰਦ ਨੇ ਇਕੱਲੇ ਰਹਿਣਾ ਹੋਵੇ ਤਾਂ ਉਸ ਦਾ ਸਾਰਾ ਸਮਾਨ ਇਕ ਪੀਪੇ ਵਿਚ ਸਮਾ ਜਾਵੇ। ਪਰ ਇਕ ਗੱਲ ਦੀ ਦਾਦ ਦੇਣੀ ਬਣਦੀ ਹੈ, ਇਹ ਸਾਰਾ ਲੱਟੜ ਪੱਟੜ ਇਕ ਕਰੀਨੇ ਵਿਚ ਟਿਕਿਆ ਪਿਆ ਹੈ; ਸੁਹਜ ਦ੍ਰਿਸ਼ਟੀ ਤੋਂ ਹਰ ਜੁਜ਼ ਸਮੁੱਚ ਦਾ ਅਨਿਖੜ ਪ੍ਰਤੀਤ ਹੁੰਦਾ ਹੈ, ਕੁਝ ਆਲਤੂ ਫਾਲਤੂ ਨਹੀਂ। ਜਾਪਦਾ ਹੈ ਇਕ ਵੀ ਚੀਜ਼ ਨੂੰ ਹਿਲਾਉਣ ਨਾਲ ਸਾਰਾ ਮੰਜ਼ਰ ਤਹਿਸ ਨਹਿਸ ਹੋ ਜਾਵੇਗਾ। ਪਰ ਆਪਣਾ ਨਜ਼ਰੀਆ ਵਿਵਿਹਾਰਕ ਹੈ, ਆਪਣਾ ਸੁਹਜ-ਸਾਸਤਰ ਵਖਰਾ ਹੈ। ਤੇ ਸਭ ਤੋਂ ਵੱਡੀ ਗੱਲ ਗ੍ਰਿਹਸਥ ਦੀ ਲੜਾਈ ਲਈ ਆਪਣੇ ਦਾਅ-ਪੇਚ ਹੋਰ ਹਨ। ਆਪਾਂ ਸਮੱਸਿਆ ਨੂੰ ਪਤਨੀ ਵਾਂਗ ਕਰਾਰੇ ਹੱਥੀਂ ਨਹੀਂ ਬਲਕਿ ਲੰਮੇ ਹੱਥੀਂ ਲੈਣ ਵਿਚ ਵਿਸ਼ਵਾਸ ਰੱਖਦੇ ਹਾਂ-ਭੀੜ ਪੈਣ ਤੇ ਹੱਥ ਜੋੜਨ ਵਿਚ ਵੀ ਇਜ਼ਤ ਬਚਾਉਣਾ ਸਮਝਦੇ ਹਾਂ। ਲੋੜ ਪੂਰਤੀ ਲਈ ਆਪਾਂ ਡਾਲਰਾਂ ਵੱਲ ਨਹੀਂ ਝਾਕਦੇ, ਬਲਕਿ ਵੈਸੇ ਵੀ ਆਪਾਂ ਡਾਲਰਾਂ ਵੱਲ ਝਾਕਦੇ ਹੀ ਨਹੀਂ।

ਹੁਣ ਦੇਖੋ ਡਰਾਇਰ ਦਾ ਫੌਰੀ ਮਸਲਾ ਸਾਹਮਣੇ ਤਣਿਆ ਖੜਾ ਹੈ। ਆਪਾਂ ਇਸ ਨੂੰ ਇਸ ਤਰ੍ਹਾਂ ਨਜਿਠਣਾ ਹੈ ਕਿ ਸੱਪ ਵੀ ਮਰ ਜਾਵੇ ਸੋਟੀ ਵੀ ਬਚ ਜਾਵੇ। ਹਫਤਾ ਹੋ ਗਿਆ ਇਸ ਨੂੰ ਖਰਾਬ ਹੋਏ ਨੂੰ। ਪਤਨੀ ਦੇ ਇੰਡੀਆ ਚਲਦੇ ਹੋਣ ਨਾਲ ਹੀ ਇਹ ਚਲਦਾ ਚਲਦਾ ਬੰਦ ਹੋ ਗਿਆ ਸੀ। ਉਹ ਹੁੰਦੀ ਤਾਂ ਮਕੈਨਿਕ ਨੂਹ ਕਰਦਾ ਆ ਜਾਣਾ ਸੀ ਤੇ ਡਾਲਰ ਧੂਹ ਕਰਦੇ ਚਲੇ ਜਾਣੇ ਸੀ। ਇਲੈਕਟਰੀਸ਼ੀਅਨ, ਪਲੰਬਰ, ਕੰਪਿਊਟਰ ਗੀਕਸ, ਲੈਂਡ ਸਕੇਪਰ, ਗੱਲ ਕੀ ਸਭ ਮੁਰੰਮਤਕਾਰ ਮਿਸਤਰੀ ਕੰਮ ਨੂੰ ਹੱਥ ਲਾਉਂਦੇ ਹਨ ਤੇ ਜਿਗਰ ਦੇ ਟੋਟੇ ਡਾਲਰ ਖਿਚ ਲਿਜਾਂਦੇ ਹਨ। ਪਰ ਸ਼ੁਰੂ ਤੋਂ ਹੀ ਆਪਾਂ ਸਮੱਸਿਆ ਨੂੰ ਆਪਣੀ ਲੰਮੀ ਪਲੈਨ ਅਨੁਸਾਰ ਹੱਥ ਪਾਇਆ। ਸਮੱਸਿਆ ਸਮਝਣ ਤੇ ਸੁਲਝਾਉਣ ਲਈ ਵਕਤ ਚਾਹੀਦਾ ਹੁੰਦਾ ਹੈ। ਆਪਾਂ ਬੜੇ ਠਰੰਮੇ ਵਾਲੇ, ਤਰੀਕੇਬਾਜ਼ ਤੇ ਸਕੀਮਚੀ ਹਾਂ। ਮਸਲੇ ਨੂੰ ਕੁਝ ਦੇਰ ਠੰਡੇ ਬਸਤੇ ਵਿਚ ਰਖਣਾ ਤੇ ਇਸ ਦੌਰਾਨ ਠੰਡਾ ਦਿਮਾਗ ਲੜਾਈ ਜਾਣਾ ਆਪਣੀ ਯੁਧ ਨੀਤੀ ਦਾ ਹਿੱਸਾ ਹੈ। ਫੁਰਨੇ ਆਪਣੇ ਆਪ ਸਿਰ ਚੁਕਦੇ ਹਨ। ਇਸੇ ਨੀਤੀ ਦਾ ਨਤੀਜਾ ਹੈ ਕਿ ਮਨ ਦੀ ਬੱਤੀ ਜਗੀ ਹੈ, 'ਇਸ ਮੁਲਕ ਵਿਚ ਕੱਪੜੇ ਤਾਂ ਕਦੇ ਮੈਲੇ ਹੀ ਨਹੀਂ ਹੁੰਦੇ, ਇਨ੍ਹਾਂ ਨੂੰ ਆਏ ਦਿਨ ਵਾਸ਼ਰ ਡਰਾਇਰ ਦੀਆਂ ਚਰਖੜੀਆਂ ਤੇ ਚਾੜ੍ਹਨਾ ਕਿਧਰਲੀ ਸਿਆਣਪ ਹੈ? ਅੰਦਰਲੇ ਕੱਪੜੇ ਤਾਂ ਵੈਸੇ ਜੇ ਨਾ ਵੀ ਪਾਓ, ਕਿਹੜਾ ਕੋਈ ਦੇਖਦਾ ਹੈ, ਮੈਂ ਆਪ ਕਿਹੜੇ ਕਦੇ ਵੇਖੇ ਹਨ।' ਪੰਜ ਸੱਤ ਦਿਨ ਹਊ ਪਰੇ ਕੀਤਾ ਤਾਂ ਦੇਖਿਆ ਕੋ-ਵਰਕਰ ਜਦ ਲਾਗੇ ਢੁਕਦੇ ਹਨ ਤਾਂ ਉਨ੍ਹਾਂ ਦੇ ਨੱਕ ਵਿਚ ਕੋਈ ਤੇਜ਼ ਹਰਕਤ ਹੁੰਦੀ ਹੈ, ਜਿਵੇਂ ਨੂੰਹੇਂ ਡਿਗਦੇ ਹੋਣ, ਫਿਰ ਉਹ ਸਾਰਾ ਦਿਨ ਪਿੱਠ ਹੀ ਦਿਖਾਲੀ ਰਖਦੇ ਹਨ। ਆਪਣੇ ਤੇਜ਼-ਤ੍ਰਾਟ ਦਿਮਾਗ ਨੇ ਕਾਰਨ ਸਮਝ ਲਿਆ ਤੇ ਦਾਅ ਪੇਚਾਂ ਵਿਚ ਲੋੜੀਂਦੀ ਤਬਦੀਲੀ ਕਰ ਲਈ। ਆਪਾਂ ਘਰ ਦੇ ਵਾਸ਼ਰ ਵਿਚ ਧੋਤੇ ਹੋਏ ਕੱਪੜਿਆ ਨੂੰ ਆਪਣੇ ਮਿੱਤਰਾਂ, ਰਿਸ਼ਤੇਦਾਰਾਂ, ਵਾਕਿਫ਼ਕਾਰਾਂ ਦੇ ਘਰ ਲਿਜਾਣ ਲੱਗ ਪਏ, "ਆਹ ਡਰਾਇਰ ਦਾ ਮਾੜਾ ਜਿਹਾ ਪੇਚ ਢਿੱਲਾ ਹੈ, ਵੀਕਐਂਡ 'ਤੇ ਦੇਖਾਂਗਾ, ਮਾੜੇ ਜਿਹੇ ਕੱਪੜੇ ਸੁਕਾਉਣੇ ਹਨ, ਸੋ ਲੈਂਦਾ ਆਇਆ, ਉਂਜ ਵੀ ਅੱਜ ਕਲ੍ਹ ਘਰ ਵਾਲੀ ਤੋਂ ਬਿਨਾਂ ਘਰ ਸੁੰਨਾ ਸੁੰਨਾ ਲਗਦਾ ਹੈ।" "ਕੋਈ ਨਹੀਂ, ਕੋਈ ਨਹੀਂ ਜੀ, ਬਹਾਨੇ ਨਾਲ ਤੁਸੀਂ ਮਿਲ ਜਾਂਦੇ ਹੋ, ਲੰਗਰਪਾਣੀ ਏਧਰ ਹੀ ਛਕ ਜਾਇਆ ਕਰੋ।"

ਹਫਤਾ ਪਾਰ ਹੋ ਗਿਆ ਹੈ। ਪਰ ਯਾਦ ਰਹੇ ਮਸਲੇ ਦੇ ਸਦੀਵੀ ਹੱਲ ਲਈ ਆਪਣਾ ਠੰਡਾ ਦਿਮਾਗ ਅੰਦਰੋ-ਅੰਦਰੀ ਪੂਰਾ ਗਰਮਜੋਸ਼ੀ ਵਿਚ ਹੈ।

ਨਿਕਟਵਰਤੀਆਂ ਦੇ ਤੇਵਰਾਂ ਵਿਚ ਕੁਝ ਨਾਕਾਰਾਤਮਕ ਤਬਦੀਲੀ ਨੋਟ ਕਰਦਿਆਂ ਹੀ ਆਪਾਂ ਪੈਂਤੜੇ ਬਦਲ ਲਏ। ਕੁਝ ਦਿਨ ਮੈਲੇ ਕੱਪੜੇ ਲਾਂਡਰੀ ਵਿਚ ਲਿਜਾਣ ਦਾ ਸਿਲਸਿਲਾ ਸ਼ੁਰੂ ਕੀਤਾ ਪਰ ਕੁਝ ਹੀ ਡਾਲਰਾਂ ਤੋਂ ਹੱਥ ਧੋਤੇ ਹੋਣਗੇ, ਆਪਾਂ ਫੌਰਨ ਸੰਭਲ ਗਏ। ਸੋਚਿਆ ਹੁਣ ਵਕਤ ਆ ਗਿਆ ਹੈ ਡਰਾਇਰ ਬਾਰੇ ਕੋਈ ਠੋਸ ਕਾਰਵਾਈ ਕਰਨ ਦਾ; ਧਮਕ ਆ ਰਹੀ ਹੈ ਪਤਨੀ ਵੀ ਪਰਤ ਆਉਣ ਵਾਲੀ ਹੈ। ਪਤਾ ਹੈ ਕਿ ਕੁਝ ਝੜਨਾ ਤਾਂ ਪੈਣਾ ਹੀ ਹੈ ਪਰ ਪਤਨੀ ਵਾਂਗ ਡਾਲਰਾਂ 'ਤੇ ਡਾਕਾ ਨਹੀਂ ਮਰਵਾਉਣਾ। ਆਪਾਂ ਆਪਣੀਆਂ ਕਮਜ਼ੋਰੀਆਂ ਤੇ ਨਾਲਾਇਕੀਆਂ ਤੋਂ ਪੂਰੇ ਸੁਚੇਤ ਹਾਂ। ਮਸਲਨ ਏਨਾ ਪੜ੍ਹ ਲਿਖ ਕੇ ਵੀ ਆਪਾਂ ਬੜੇ ਅਣਤਕਨੀਕੀ ਯਾਨਿ ਕਾਰੀਗਧੇ ਕਿਸਮ ਦੇ ਬੰਦੇ ਹਾਂ, ਆਪਾਂ ਨੂੰ ਇਲ੍ਹ ਦਾ ਨਾਂ ਇਲ੍ਹ ਹੀ ਪਤਾ ਹੈ, ਕੁੱਕੜ ਨਹੀਂ। ਹਥੌੜੀ ਚੱਕੀਏ ਤਾਂ ਆਪਣੇ ਹੀ ਹੱਥ ਵਿਚ ਮਾਰ ਲਈਦੀ ਹੈ, ਪੇਚਕੱਸ ਆਪਣੇ ਹੱਥੋਂ ਉਲਟਾ ਚਲਣ ਲਗਦਾ ਹਾਂ, ਜੰਗ ਲੱਗਾ ਪਲਾਇਰ ਤਾਂ ਮੂੰਹ ਹੀ ਨਹੀਂ ਖੋ੍ਹਲਦਾ, ਪਾਨਿਆਂ ਦੇ ਬੇਹਿਸਾਬ ਨੰਬਰਾਂ ਦਾ ਲੇਖਾ ਆਪਣੇ ਖਾਨੇ ਵਿਚ ਨਹੀਂ ਪੈਂਦਾ। ਪਲਾਸਾਂ, ਚਾਬੀਆਂ, ਜ਼ੰਬੂਰਾਂ, ਵਰਮਿਆਂ, ਰੈਂਚਾਂ ਵਗੈਰਾ ਵਗੈਰਾ ਦੇ ਨਾਂ ਆਉਂਦੇ ਹਨ, ਏਨਾ ਥੋੜਾ ਹੈ। ਪਰ ਫਿਰ ਵੀ ਆਪਾਂ ਪੜ੍ਹ ਲਿਖ ਕੇ ਗਵਾਇਆ ਨਹੀਂ।

ਆਪਣੀਆਂ ਹੋਰ ਰਗਾਂ ਚਲਦੀਆਂ ਹਨ। ਆਪਾਂ ਤਕਨੀਕ ਤੋਂ ਕੋਰੇ ਤਕਨੀਕ ਦੀ ਥਾਂ ਤਰਕੀਬ ਤੋਂ ਕੰਮ ਲੈਂਦੇ ਹਾਂ।... ਮੈਂ ਦੋਹਾਂ ਹੱਥਾਂ 'ਤੇ ਢਿਡ ਦੀ ਸਹਾਇਤਾ ਨਾਲ ਪੀਲੇ ਪੰਨਿਆਂ ਵਾਲਾ ਪੋਥਾ ਚੁੱਕਦਾ ਹਾਂ ਤੇ ਇਕ ਬਿਜਲੀ ਦੇ ਉਪਕਰਣ ਮੁਰੰਮਤ ਕਰਨ ਵਾਲੀ ਫਰਮ ਨਾਲ ਸੰਪਰਕ ਕਰਦਾ ਹਾਂ। ਪਤਾ ਲੱਗਦਾ ਹੈ ਵਿਜ਼ਿਟ ਕਰਨ ਅਤੇ ਨੁਕਸ ਲੱਭਣ ਦੇ ਚਾਲੀ ਡਾਲਰ, ਖਰਾਬੀ ਠੀਕ ਕਰਨ ਦੇ ਮਿਹਨਤ ਦੇ ਹਿਸਾਬ ਪੈਸੇ, ਤੇ ਨਵੇਂ ਪੁਰਜ਼ੇ ਦੀ ਕੀਮਤ ਅਲੱਗ। ਮਤਲਬ ਕਿ ਲਾ ਪਾ ਕੇ ਦੋ ਸੈਂਕੜੇ ਤਕ ਗੱਲ ਅੱਪੜੂ। ਮਨ 'ਚ ਆਪਣੀ ਬੱਚਤ ਦੀ ਜੁਗਤ ਬਾਰੇ ਮੁਸਕਰਾਉਂਦਿਆਂ ਅਗਲੇ ਦਿਨ ਢਾਈ ਵਜੇ ਦੁਪਹਿਰ ਦੀ ਅਪਾਇੰਟਮੈਂਟ ਬਣਾ ਲਈ।

ਦੂਜੇ ਦਿਨ ਘਰੋ ਘਰੀ ਡਾਲਰ ਹੂੰਝਦਾ ਇਲੈਕਟਰੀਸ਼ੀਅਨ ਦੋ ਘੰਟੇ ਲੇਟ ਪੁੱਜਾ। ਇਸ ਦੌਰਾਨ ਆਪਾਂ ਆਪਣੀ ਸਕੀਮ ਨੂੰ ਫਾਈਨ ਟਿਊਨ ਕਰ ਲਿਆ। ਭਾਂਤ ਸਭਾਂਤੇ ਟੂਲਾਂ ਨਾਲ ਲੈਸ ਮਕੈਨਿਕ ਦੀ ਮੈਂ ਲਾਂਡਰੀ ਰੂਮ ਤਕ ਅਗਵਾਨੀ ਕੀਤੀ। ਪੇਚਕੱਸਾਂ-ਪਾਨਿਆਂ ਦੀ ਸਹਾਇਤਾ ਨਾਲ ਉਹ ਡਰਾਇਰ ਦਾ ਢੱਕਣ ਖੋਲ੍ਹਦਾ ਹੈ। ਮੋਟੀਆਂ ਪਤਲੀਆਂ ਤਾਰਾਂ ਤੇ ਹੋਰ ਪੁਰਜ਼ਿਆ ਦਾ ਗੋਰਖਧੰਦਾ ਦਿਖਾਈ ਦਿੰਦਾ ਹੈ ਜਿਸ ਨੂੰ ਦੇਖ ਮੇਰਾ ਸਿਰ ਚਕਰਾਉਂਦਾ ਹੈ, ਪਰ ਸੰਭਲਦਾ ਹਾਂ 'ਅਜ ਡਟੇ ਰਹਿਣਾ ਹੈ' ਮੈਂ ਦ੍ਰਿੜਾਉਂਦਾ ਹਾਂ। ਉਹ ਟਾਰਚ ਜਗਾ ਕੇ ਇਸ ਜਮਘਟੇ ਨੂੰ ਸਾਰ ਪਾਰ ਘੋਖਦਾ ਹੈ, ਟੈਸਟਰ ਨਾਲ ਬਿਜਲੀ ਚੈਕ ਕਰਦਾ ਹੈ। ਮੈਂ ਉਸਦੇ ਮੋਢੇ ਉਪਰ ਦੀ ਉਸਦੀ ਸਾਰੀ ਹਰਕਤ ਨੂੰ ਨੀਝ ਨਾਲ ਦੇਖਦਾ ਰਹਿੰਦਾ ਹਾਂ ਤੇ

ਮਨ ਵਿਚ ਨੋਟ ਤਿਆਰ ਕਰੀ ਜਾਂਦਾ ਹਾਂ। ਫਿਰ ਕੁਝ ਦੇਰ ਰਹੱਸ ਭਰੀ ਫਰੋਲਾ ਫਰਾਲੀ ਕਰਕੇ ਉਹ ਇਕ ਚੌਰਸ ਪੁਰਜਾ ਕਢ ਲਿਆਉਂਦਾ ਹੈ। ਏਧਰ ਉਧਰ ਗਹੁ ਨਾਲ ਵਾਚਦਾ ਜਾਂ ਵਾਚਣ ਦਾ ਢਕੌਂਸਲਾ ਕਰਦਾ ਉਹ ਘੋਸ਼ਣਾ ਕਰਦਾ ਹੈ,"ਇਸਦਾ ਥਰਮਲ ਫਿਊਜ਼ ਉਡ ਗਿਆ ਹੈ, ਨਵਾਂ ਪੁਆਉਣਾ ਪਵੇਗਾ।"

"ਅੱਛਾ" ਮੈਂ ਥੋੜੀ ਜਿਹੀ ਤਸੱਲੀ ਮਹਿਸੂਸ ਕਰਦਾ ਹਾਂ।

ਪੱਟਿਆ ਪਹਾੜ, ਨਿਕਲੀ ਚੂਹੇ ਦੀ ਮੁੱਛ। "ਕਿੰਨੇ ਕੁ ਪੈਸੇ ਲੱਗਣਗੇ ਨਵਾਂ ਫਿਊਜ਼ ਪੁਆਉਣ ਦੇ ?"




"65 ਡਾਲਰ-25 ਡਾਲਰ ਫਿਊਜ਼ ਦੀ ਕੀਮਤ, 40 ਡਾਲਰ ਮੇਰੀ ਮਿਹਨਤ"

"ਜੇ ਮੈਂ ਆਪ ਹੀ ਫਿਊਜ਼ ਪਾ ਲਵਾਂ?"

ਆਪਣੀ ਸਕੀਮ ਨੂੰ ਅਮਲੀ ਰੂਪ ਦਿੰਦਾ ਮੈਂ ਬੋਲਿਆ।

"ਜਿਵੇਂ ਤੁਹਾਡੀ ਮਰਜ਼ੀ, ਤਖਸ਼ੀਸ਼ ਦੇ ਮੇਰੇ ਬਣਦੇ ਪੈਸੇ ਦੇ ਦਿਉ" ਉਹ ਬੇਧਿਆਨੀ ਵਿਚ ਬੋਲਿਆ। ਨਿਰਸੰਦੇਹ ਅੰਦਰੋਂ ਉਹ ਜ਼ਰੂਰ ਔਖਾ ਹੀ ਹੋਇਆ ਹੈ। ਮੈਂ ਉਸ ਤੋਂ ਪੁਰਜੇ ਦਾ ਨਾਂ ਅਤੇ ਨੰਬਰ ਪੁਛ ਕੇ ਲਿਖਵਾਉਂਦਾ ਹਾਂ ਤੇ ਨੁਕਸ ਕੱਢਣ ਦੇ ਚਾਲੀ ਡਾਲਰ ਦਿੰਦਾ ਹੋਇਆ ਆਪਣੇ ਆਪ ਨੂੰ ਦਿਲਾਸਾ ਦਿੰਦਾ ਹਾਂ ਕਿ ਜੇ ਮੈਥੋਂ ਗੱਲ ਨਾ ਬਣੀ ਤਾਂ ਉਸਨੂੰ ਕਾਲ ਕਰਾਂਗਾ। ਉਹ ਥੈਂਕਸ ਕਹਿੰਦਾ ਹੋਇਆ ਡਰਾਇਰ ਨੂੰ ਮੁੜ ਜੋੜਨ ਲਗਦਾ ਹੈ। ਮੈਂ ਉਸਨੂੰ ਆਖਦਾ ਹਾਂ, 'ਇਸਨੂੰ ਇਵੇਂ ਖੁੱਲਾ ਹੀ ਰਹਿਣ ਦਿਉ', ਮੈਂ ਦੁਬਾਰਾ ਖੋਲਣ ਦੇ ਕਜ਼ੀਏ ਤੋਂ ਬਚਣਾ ਚਾਹੁੰਦਾ ਸਾਂ। "ਨਹੀਂ, ਅਸੀਂ ਕਾਨੂਨੀ ਤੌਰ 'ਤੇ ਇਸ ਨੂੰ ਅਧੇੜਿਆ ਨਹੀਂ ਛੱਡ ਸਕਦੇ।" ਮੈਂ ਕੀ ਕਰ ਸਕਦਾ ਸੀ। ਮੇਰੀ ਸਕੀਮ ਨੂੰ ਹਲਕੀ ਜਿਹੀ ਸੈਟਬੈਕ ਲੱਗੀ ਪਰ ਆਪਾਂ ਦ੍ਰਿੜ ਇਰਾਦੇ ਦੇ ਬੰਦੇ ਹਾਂ, ਆਖਰ ਚਾਲੀ ਪੰਜਾਹ ਡਾਲਰ ਬਚਾਉਣੇ ਹਨ। ਆਪਾਂ ਧਿਆਨ ਨਾਲ ਨੋਟ ਕਰ ਲਿਆ ਸੀ ਕਿ ਡਰਾਇਰ ਕਿਵੇਂ ਖੋ੍ਹਲਣਾ ਹੈ, ਕਿਹੜੇ ਸੰਦ ਵਰਤਣੇ ਹਨ, ਤੇ ਫਿਓਜ਼ ਕਿੱਥੇ ਟਿਕਾਉਣਾ ਹੈ। ਸਕੀਮ ਦੇ ਅਗਲੇ ਪੜਾਅ ਅਨੁਸਾਰ ਮੈਂ ਇੰਟਰਨੈਟ ਦੇ ਜ਼ਰੀਏ ਪਾਰਟ ਦਾ ਆਰਡਰ ਦਿੰਦਾ ਹਾਂ। ਜੋ ਚਾਰ ਪੰਜ ਦਿਨ ਬਾਅਦ ਪੁੱਜਣਾ ਹੈ। ਇਸ ਦੌਰਾਨ ਮੈਂ ਆਪਣੇ ਸੰਦ ਇਕੱਠੇ ਕਰਦਾ ਹਾਂ। ਟੈਸਟਰ ਖਰੀਦ ਲਿਆਉਂਦਾ ਹਾਂ, ਇਸ ਇਰਾਦੇ ਨਾਲ ਕਿ ਬਾਅਦ ਵਿਚ ਮੋੜ ਦੇਵਾਂਗਾ, ਆਖਰ ਅਮਰੀਕਾ ਹੈ ਇਸਦਾ ਫਾਇਦਾ ਚੁਕੋ। ਏਨੇ ਕੁ ਦਿਨ ਕੱਪੜੇ ਸੁਕਾਉਣ ਲਈ ਮੈਂ ਮਿਸ਼ੀਗਨ ਦੀ ਮਾਰਚ ਦੀ ਮਰੀ ਜਿਹੀ ਧੁਪ ਦਾ ਵੀ ਫਾਇਦਾ ਲੈਂਦਾ ਹਾਂ।... ਪੁਰਜਾ ਟਾਈਮ ਸਿਰ ਆ ਗਿਆ ਹੈ ਤੇ ਮੈਂ ਸੰਡੇ ਵਾਲੇ ਦਿਨ ਚਾਹ ਪੀ ਕੇ ਫਿਊਜ਼ ਫਿਟ ਕਰਨ ਵਿਚ ਜੁੱਟ ਜਾਂਦਾ ਹਾਂ।

ਵਾਰੇ ਵਾਰੇ ਜਾਈਏ ਆਪਣੇ ਆਪ 'ਤੇ ਕਿ ਬੜੀ ਸਫਲਤਾ ਸਹਿਤ ਮੈਂ ਡਰਾਇਰ ਨੂੰ ਖੋ੍ਹਲ ਲਿਆ ਹੈ। ਵੱਡੀ ਕਾਰੀਗਰੀ ਨਾਲ ਮੈਂ ਫਿਊਜ਼ ਦਾ ਪੁਰਜਾ ਮੱਖਣ 'ਚੋਂ ਵਾਲ ਵਾਂਗ ਬਾਹਰ ਕੱਢ ਲਿਆਉਂਦਾ ਹਾਂ।

ਹੁਣ ਉਲਟੀ ਕਾਰਵਾਈ ਕਰਦਾ ਹੋਇਆ ਨਵਾਂ ਪੁਰਜਾ ਥਾਂ ਸਿਰ ਫਿਟ ਕਰ ਕੇ ਪੂਰੀ ਤਸੱਲੀ ਨਾਲ ਡਰਾਇਰ ਮੁੜ ਅਸੈਂਬਲ ਕਰ ਦਿੰਦਾ ਹਾਂ। ਭਾਵੇਂ ਇਸ ਕਾਰਵਾਈ ਨਾਲ ਪਸੀਨੋਂ-ਪਸੀਨੀਂ ਹੋ ਜਾਂਦਾ ਹਾਂ ਪਰ ਮੇਰੀ ਖੁਸ਼ੀ ਤੇ ਸੰਤੁਸ਼ਟੀ ਦਾ ਕੋਈ ਅੰਤ ਨਹੀਂ। ਤਾਜ਼ਾ ਦਮ ਹੋਣ ਲਈ ਮੈਂ ਕੋਲਡ ਡਰਿੰਕ ਲੈਂਦਾ ਹਾਂ।

ਹੁਣ ਕੰਮ ਰਹਿ ਗਿਆ ਇਸ ਨੂੰ ਚਲਾ ਕੇ ਦੇਖਣ ਦਾ। ਅਚਾਨਕ ਖਿਆਲ ਆਉਂਦਾ ਹੈ ਕਿ ਮੈਂ ਤਾਂ ਬਿਜਲੀ ਦੇ ਭੇਦਾਂ ਤੋਂ ਅਣਜਾਣ ਹੀ ਬਹੁਤ ਹਾਂ। ਜੇ ਭਲਾ ਇਸ ਦੀ ਕੋਈ ਨਾੜ ਏਧਰ ਉਧਰ ਹੋ ਗਈ ਹੋਵੇ? ਮੈਨੂੰ ਝੁਣਝੁਣੀ ਆਉਂਦੀ ਹੈ। ਡਰਾਇਰ ਵੱਲ ਤੱਕਦਾ ਹਾਂ, ਇਹ ਇਕ ਬਰੂਦ ਤੇ ਖੜਾ ਬੰਬ ਨਜ਼ਰ ਆਉਣ ਲਗਦਾ ਹੈ। ਸਵਿਚ ਔਨ ਕਰਨ ਨਾਲ ਕਿਤੇ ਇਹ ਫਟ ਹੀ ਨਾ ਜਾਵੇ। ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕਣ ਲਗਦੀ ਹੈ। ਕਮਾਲ ਹੈ ਮੈਂ ਪਹਿਲਾਂ ਇਹ ਸੋਚਿਆ ਹੀ ਨਹੀਂ ਸੀ। ਕਿੱਥੇ ਮੈਂ ਏਡੇ ਵੱਡੇ ਕੰਮ ਨੂੰ ਹੱਥ ਪਾ ਬੈਠਾ। ਹੁਣ ਕੌਣ ਬੰਨ੍ਹੇਗਾ ਬਿੱਲੀ ਦੇ ਗਲ ਟੱਲੀ। ਪੰਗਾ ਲੈਣ ਤੋਂ ਪਹਿਲਾਂ ਸੋਚਣਾ ਸੀ। ਆਪਣੇ ਆਪ ਤੇ ਗੁੱਸਾ ਆਉਣ ਲਗਦਾ ਹੈ 'ਮੈਂ ਕਿਉਂ ਨਹੀਂ ਹੋਰਨਾਂ ਵਾਂਗ ਦੂਰ-ਦ੍ਰਿਸ਼ਟੀ ਵਾਲਾ?' ਪਰ ਜਿਵੇਂ ਤੁਹਾਨੂੰ ਪਹਿਲਾਂ ਹੀ ਦੱਸਿਆ ਹੈ, ਚੁਣੌਤੀ ਵਿਚੋਂ ਹੀ ਮੈਨੂੰ ਫੁਰਨੇ ਫੁਰਦੇ ਹਨ। ਮੇਰੇ ਦਿਮਾਗ ਵਿਚ ਅਚਾਨਕ ਕਦੇ ਕਦੇ ਚਾਨਣ ਦੀ ਲੀਕ ਜਿਹੀ ਚਮਕਦੀ ਹੈ ਨਹੀਂ ਤਾਂ ਇਹ ਅਕਸਰ ਹਨੇਰੀ ਗੁਫਾ ਵਿਚ ਹੀ ਬੰਦ ਰਹਿੰਦਾ ਹੈ। ਸਮੱਸਿਆ ਦਾ ਹੱਲ ਤਾਂ ਸਿੱਧਾ ਹੀ ਹੈ। ਜੇ ਘਰ ਫੂਕ ਕੇ ਹੀ ਤਮਾਸ਼ਾ ਦੇਖਣਾ ਹੈ ਤਾਂ ਦੂਰੋਂ ਹੀ ਦੇਖੋ ਅਰਥਾਤ ਇਸ ਭਿਆਨਕ ਡਰਾਇਰ ਦੇ ਨੇੜੇ ਖੜੋਵੋ ਹੀ ਨਾ, ਮੇਨ ਸਵਿਚ ਤੋਂ ਇਸ ਨੂੰ ਔਨ ਕਰੋ। ਮੈਂ ਇਵੇਂ ਹੀ ਕਰਦਾ ਹਾਂ। ਪਹਿਲਾਂ ਗਰਾਜ 'ਚ ਲੱਗਾ ਮੇਨ ਸਵਿਚ ਔਫ਼ ਕਰਦਾ ਹਾਂ ਤੇ ਫਿਰ ਡਰਾਇਰ ਦਾ ਸਵਿਚ ਆਨ ਕਰਕੇ ਦੂਰ ਗਰਾਜ ਵਿਚ ਜਾ ਕੇ ਮੇਨ ਸਵਿਚ ਔਨ ਕਰ ਦਿੰਦਾ ਹਾਂ। 'ਹੈਂ ?'

ਮੇਰੇ ਕੰਨ ਡਰਾਇਰ ਦੇ ਸੰਗੀਤਮਈ ਫਰਾਟਿਆਂ ਦੀ ਅਵਾਜ਼ ਸੁਣ ਰਹੇ ਹਨ। ਮੈਂ ਝੂਮਣ ਲਗਦਾ ਹਾਂ। ਮੈਂ ਵੀ ਕੀ ਹਾਂ ਕਦੇ ਮਾਸਾ ਕਦੇ ਸੇਰ, ਆਪਣੇ ਆਪ ਤੇ ਵਿਸ਼ਵਾਸ ਹੀ ਨਹੀਂ। ਖੈਰ ਮੈਂ ਨੱਚਦਾ ਹੋਇਆ ਡਰਾਇਰ ਵਲ ਵਧਦਾ ਹਾਂ ਪਰ ਇਕ ਹੋਰ ਡਰ ਸਿਰ ਚੁੱਕਣ ਲਗਦਾ ਹੈ! ਇਹ ਚੱਲ ਤਾਂ ਪਿਆ ਪਰ ਜੇ ਕਿਤੇ ਇਸ ਵਿਚ ਕਰੰਟ ਹੋਇਆ? ਇਸ ਹਾਲਤ ਵਿਚ ਮੈਂ ਇਸ ਨੂੰ ਹੱਥ ਨਹੀਂ ਲਾ ਸਕਦਾ। ਮੈਂ ਕਚੀਚੀਆ ਵੱਟਣ ਲਗਦਾ ਹਾਂ 'ਕੀ ਘੁਨਾ, ਡਰਪੋਕ, ਨਾਅਹਿਲ, ਕਿਸਮ ਦਾ ਆਦਮੀ ਹਾਂ ਮੈਂ, ਨਿਘਰਿਆ ਹੋਇਆ, ਖੋਟਾ ਪੈਸਾ। ਅਨਪੜ੍ਹ ਆਦਮੀ ਵੀ ਅਜ ਕਲ੍ਹ ਮਸ਼ੀਨਾਂ ਠੀਕ ਕਰ ਲੈਂਦੇ ਹਨ, ਕੀ ਹੈ ਮੇਰੀ ਔਕਾਤ!' ਮੈਂ ਆਪਣੇ ਆਪ ਨੂੰ ਬੁਰਾ ਭਲਾ ਕਹਿੰਦਾ ਹਾਂ। ਪਰ ਕੀ ਕਰਾਂ ਮੇਰਾ ਡਰ ਯਥਾਰਥਕ ਹੈ, ਜਾਇਜ਼ ਹੈ, ਮੈਨੂੰ ਚਲ ਰਹੇ ਸ਼ਕੀ ਡਰਾਇਰ ਨੂੰ ਹੱਥ ਲਾ ਕੇ ਟੈਸਟ ਕਰਨ ਦਾ ਪਰਾਕਰਮ ਨਹੀਂ ਕਰਨਾ ਚਾਹੀਦਾ, ਟੈਸਟਰ ਭਾਵੇਂ ਕੁਝ ਕਹਿੰਦਾ ਫਿਰੇ। ਅਜੀਬ ਦੁਬਿਧਾ ਵਿਚ ਫਸ ਗਿਆ ਹਾਂ। ਮੈਨੂੰ ਖਿਆਲ ਆਉਂਦਾ ਹੈ ਪ੍ਰਹਿਲਾਦ ਭਗਤ ਨੂੰ ਤਪਦੇ ਥੰਮ ਤੇ ਕੀੜੀ ਦਾ ਰੂਪ ਧਾਰਕੇ ਵਿਸ਼ਨੂੰ ਭਗਵਾਨ ਪ੍ਰਗਟ ਹੋਏ ਸਨ। ਮੈਂ ਡਰਾਇਰ ਨੂੰ ਚੁਫੇਰਿਓਂ ਘੋਖਦਾ ਹਾਂ ਕਿਤੇ ਕੋਈ ਕੀੜੀ ਤੁਰੀ ਜਾਂਦੀ ਦਿਸ ਜਾਵੇ। ਪਰ ਫਿਰ ਮੱਥਾ ਠਣਕਦਾ ਹੈ ਜੇ ਕੀੜੀ ਦਿਸ ਵੀ ਪਵੇ ਤਾਂ ਮੈਨੂੰ ਉਸ ਦੀ ਰੀਸ ਨਹੀਂ ਕਰਨੀ ਚਾਹੀਦੀ। ਮੈਨੂੰ ਖਿਆਲ ਆਇਆ ਕਿ ਬਿਜਲੀ ਦਾ ਕਰੰਟ ਤਾਂ ਹੀ ਵੱਜਦਾ ਹੈ ਜੇ ਤੁਹਾਡੇ ਸਰੀਰ ਦਾ ਕੋਈ ਅੰਗ ਧਰਤੀ ਨਾਲ ਵੀ ਲੱਗਾ ਹੋਵੇ। ਨਿਰਾਸ਼ਾ ਦੇ ਆਲਮ ਵਿਚ ਗਲ ਗਲ ਤੱਕ ਡੁਬ ਚੁੱਕਾ ਹਾਂ। ਹੁਣ ਕੀ ਕਰ ਸਕਦਾ ਹਾਂ? ਹਰ ਪੇਸ਼ਕਦਮੀ ਤੇ ਮੁਸ਼ਕਲਾਂ ਤੇ ਇਮਤਿਹਾਨ ਹਨ। ਐਪਰ ਇਹ ਵੀ ਸਹੀ ਹੈ, ਮੈਂ ਫੈਸਲਾ ਕੀਤਾ ਹੈ ਕਿ ਹਰ ਹਾਲਤ ਵਿਚ ਅਡੋਲ ਰਹਿਣਾ ਹੈ, ਥਿੜਕਣਾ ਨਹੀਂ। ਇਹ ਸੋਚਦਿਆਂ ਫਿਰ ਚਾਨਣ ਦੀ ਲੀਕ ਦਿਖਾਈ ਦਿੰਦੀ ਹੈ। ਲੱਕੜੀ ਦੇ ਫੱਟੇ ਤੇ ਖੜੇ ਹੋ ਕੇ ਡਰਾਇਰ ਨੂੰ ਹੱਥ ਲਾਇਆ ਜਾਵੇ। ਕਿਧਰੋਂ ਲੱਕੜੀ ਦਾ ਫੱਟਾ ਲਭ ਲਿਆਉਂਦਾ ਹਾਂ। ਪਰ ਹੌਂਸਲਾ ਫਿਰ ਜਵਾਬ ਦਿੰਦਾ ਲਗਦਾ ਹੈ। ਮੂਡ ਫਿਰ ਢਹਿੰਦੀਆਂ ਕਲਾਂ ਵਲ ਜਾਣ ਲਗਦਾ ਹੈ ਤਾਂ ਚਾਲੀ ਪੰਜਾਹ ਡਾਲਰ ਦੀ ਬੱਚਤ ਦਾ ਖਿਆਲ ਆਉਂਦਾ ਹੈ, ਦੁਨੀਆਂ ਹੌਸਲੇ ਤੋਂ ਬਿਨਾਂ ਤਰੱਕੀ ਨਹੀਂ ਕਰ ਸਕਦੀ ਤੇ ਜੋਖਮ ਤੋਂ ਬਿਨਾਂ ਬੱਚਤ ਨਹੀਂ ਹੋ ਸਕਦੀ। 'ਲੜਾਂਗੇ ਸਾਥੀ, ਡਰਾਇਰ ਦੀ ਲੜਾਈ ਤੋੜ ਤੱਕ ਪਹੁੰਚਾਉਣੀ ਹੈ।' ਮੈਂ ਦਿਮਾਗ ਵਿਚ ਪੈਦਾ ਹੋਈ ਚੜ੍ਹਦੀ ਕਲਾ ਦੇ ਅੰਤਰਗਤ ਡਰਾਇਰ ਨੂੰ ਉਂਗਲ ਦਾ ਪੋਟਾ ਛੁਹਾਉਂਦਾ ਹਾਂ, ਮੈਨੂੰ ਕੁਝ ਨਹੀਂ ਹੁੰਦਾ, ਫਿਰ ਪੂਰਾ ਹੱਥ ਲਾਉਂਦਾ ਹਾਂ, ਡਰਾਇਰ ਠੰਡਾ ਠਾਰ ਹੈ। ਮੈਂ ਹੋਰ ਹੌਸਲਾ ਫੜਦਾ ਹੋਇਆ ਫੱਟੇ ਨੂੰ ਪੈਰਾਂ ਤੋਂ ਵਗਾਹ ਮਾਰਦਾ ਹਾਂ, ਡਰਾਇਰ ਮੈਨੂੰ ਕੁਝ ਨਹੀਂ ਕਹਿੰਦਾ, ਵੱਢਣਾ ਤਾਂ ਕੀ ਹੈ। ਮੈਂ ਪੂਰਾ ਹੱਥ ਲਾਉਂਦਾ ਹੋਇਆ ਆਖਰਕਾਰ ਡਰਾਇਰ ਨੂੰ ਜੱਫੀ ਪਾ ਲੈਂਦਾ ਹਾਂ ਪਰ ਉਹ ਤਾਂ ਪੂਰਾ ਮਿਹਰਬਾਨ ਹੋਇਆ ਮੇਰਾ ਵਾਲ ਵੀ ਵਿੰਗਾ ਨਹੀਂ ਕਰਦਾ। ਬੱਸ ਆਪਣੀ ਘੂਕਰ ਵਿਚ ਮਸਤ ਹੈ। ਮੈਂ ਖੁਸ਼ੀ ਵਿਚ ਪਾਗਲ ਹੋਇਆ ਫਿਰਦਾ ਹਾਂ। ਐਵੇਂ ਮੈਂ ਆਪਣੇ ਵਫਾਦਾਰ ਦੋਸਤ ਦੀ ਨੀਅਤ 'ਤੇ ਸ਼ੱਕ ਕੀਤਾ। "ਉਹ ਮੇਰੇ ਪਿਆਰੇ ਡਰਾਇਰ, ਮੈਨੂੰ ਲੱਗਾ ਤੂੰ ਮੈਥੋਂ ਦੂਰ ਹੋ ਚਲਿਐਂ, ਮੈਥੋਂ ਭੁਲ ਹੋ ਗਈ ਸੀ, ਚੱਲ ਪਾ ਜੱਫੀ" ਮੈਂ ਉਸ ਨੂੰ ਹੋਰ ਘੁਟਦਾ ਹਾਂ। ਇਸ ਸਫਲਤਾ ਕਾਰਨ ਮੈਨੂੰ ਲੱਗਾ ਮੈਂ ਸੂਰਮੇ ਦੀ ਪਦਵੀ ਪਾ ਲਈ ਹੈ ਤੇ ਆਪਣੀ ਖੁਸ਼ੀ ਵਿਚ ਵਾਧਾ ਕਰਨ ਲਈ ਬੀਅਰ ਦਾ ਕੈਨ ਖੋਲਦਾ ਹਾਂ। ਨਾਲ ਹੀ ਵਾਸ਼ਰ ਵਿਚ ਧੋਤੇ ਕੱਪੜੇ ਪਾ ਕੇ ਟਾਇਮਰ ਸੈਟ ਕਰਦਾ ਹਾਂ। ਪਤਨੀ ਦੀ ਗ਼ੈਰ-ਹਾਜ਼ਰੀ, ਡਰਾਇਰ ਦੀ ਘੂਕਰ, ਬੀਅਰ ਦਾ ਨਸ਼ਾ, ਤੇ ਟੀ ਵੀ ਤੇ ਮੇਰਾ ਮਨਪਸੰਦ ਪ੍ਰੋਗਰਾਮ ਮਾਰਚ ਮੈਡਨੈਸ, ਲੋਹੜਾ ਹੀ ਹੈ।... ਸੈਟ ਹੋਏ ਟਾਇਮ ਤੇ ਡਰਾਇਰ ਬੰਦ ਹੋਣ ਦੀ ਆਵਾਜ਼ ਆਉਂਦੀ ਹੈ। ਮੈਂ ਸੁੱਕੇ ਕੱਪੜੇ ਕੱਢਣ ਲਈ ਡਰਾਇਰ ਦੀ ਵਿੰਡੋ ਖੋਹਲ ਕੇ ਹੱਥ ਪਾਉਂਦਾ ਹਾਂ। ਕੀ ਮਹਿਸੂਸ ਕਰਦਾ ਹਾਂ ਕੱਪੜੇ ਤਾਂ ਉਵੇਂ ਦੇ ਉਵੇਂ ਗਿੱਲੇ ਪਏ ਹਨ।... ਡਰਾਇਰ ਵਿਚ ਕੋਈ ਹੋਰ ਨੁਕਸ ਪੈ ਗਿਆ ਹੈ। ਤੇ ਕਲ੍ਹ ਨੂੰ ਪਤਨੀ ਨੇ ਇੰਡੀਆ ਤੋਂ ਆ ਜਾਣਾ ਹੈ, ਮੇਰਿਆ ਰੱਬਾ।

*ਅਚਾਨਕ ਖਿਆਲ ਆਉਂਦਾ ਹੈ ਕਿ ਮੈਂ ਤਾਂ ਬਿਜਲੀ ਦੇ ਭੇਦਾਂ ਤੋਂ ਅਣਜਾਣ ਹੀ ਬਹੁਤ ਹਾਂ। ਜੇ ਭਲਾ ਇਸ ਦੀ ਕੋਈ ਨਾੜ ਏਧਰ ਉਧਰ ਹੋ ਗਈ ਹੋਵੇ? ਮੈਨੂੰ ਝੁਣਝੁਣੀ ਆਉਂਦੀ ਹੈ। ਡਰਾਇਰ ਵੱਲ ਤੱਕਦਾ ਹਾਂ, ਇਹ ਇਕ ਬਰੂਦ ਤੇ ਖੜਾ ਬੰਬ ਨਜ਼ਰ ਆਉਣ ਲਗਦਾ ਹੈ। ਸਵਿਚ ਔਨ ਕਰਨ ਨਾਲ ਕਿਤੇ ਇਹ ਫਟ ਹੀ ਨਾ ਜਾਵੇ। ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕਣ ਲਗਦੀ ਹੈ। ਕਮਾਲ ਹੈ ਮੈਂ ਪਹਿਲਾਂ ਇਹ ਸੋਚਿਆ ਹੀ ਨਹੀਂ ਸੀ। ਕਿੱਥੇ ਮੈਂ ਏਡੇ ਵੱਡੇ ਕੰਮ ਨੂੰ ਹੱਥ ਪਾ ਬੈਠਾ। ਹੁਣ ਕੌਣ ਬੰਨ੍ਹੇਗਾ ਬਿੱਲੀ ਦੇ ਗਲ ਟੱਲੀ। ਪੰਗਾ ਲੈਣ ਤੋਂ ਪਹਿਲਾਂ ਸੋਚਣਾ ਸੀ। ਆਪਣੇ ਆਪ ਤੇ ਗੁੱਸਾ ਆਉਣ ਲਗਦਾ ਹੈ 'ਮੈਂ ਕਿਉਂ ਨਹੀਂ ਹੋਰਨਾਂ ਵਾਂਗ ਦੂਰ-ਦ੍ਰਿਸ਼ਟੀ ਵਾਲਾ?' ਪਰ ਜਿਵੇਂ ਤੁਹਾਨੂੰ ਪਹਿਲਾਂ ਹੀ ਦੱਸਿਆ ਹੈ, ਚੁਣੌਤੀ ਵਿਚੋਂ ਹੀ ਮੈਨੂੰ ਫੁਰਨੇ ਫੁਰਦੇ ਹਨ।*

# ਸੰਧੂ ਪੁੱਤ ਸਰਦਾਰਾਂ ਦਾ-ਸ਼ਮਸ਼ੇਰ ਸੰਧੂ

ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ
ਫੋਨ: 925-752-8025

***ਕੁਝ ਲੋਕ ਹੱਸਦੇ ਹਨ ਤਾਂ ਸੱਚੀਂ ਫੁੱਲ ਕਿਰਦੇ ਹਨ। ਕਈ ਰੰਗ ਦੇ ਕਾਲੇ ਤਾਂ ਹੁੰਦੇ ਹਨ, ਪਰ ਸੁਨੱਖੇ ਰੱਜ ਕੇ ਲੱਗਦੇ ਹਨ। ਅਸਲ ਵਿਚ ਸੋਹਣੇ ਹੋਣ ਵਿਚ ਨੈਣ-ਨਕਸ਼ਾਂ ਦਾ ਬਹੁਤਾ ਯੋਗਦਾਨ ਨਹੀਂ ਹੁੰਦਾ, ਬਹੁਤਾ ਯੋਗਦਾਨ ਸੁੰਦਰਤਾ ਤੇ ਗੁਣ ਦਾ ਹੁੰਦਾ ਹੈ। ਜਦੋਂ ਇਹ ਦੋਵੇਂ ਗੁਣ 'ਕੱਠੇ ਹੋਣ ਤਾਂ ਬੰਦਾ ਸੋਹਣਾ ਵੀ ਲੱਗਦਾ ਹੈ, ਪਿਆਰਾ ਵੀ ਤੇ ਸਿਆਣਾ ਵੀ। ਗੀਤਕਾਰੀ ਵਿਚ ਇਕ ਯੁੱਗ ਬਾਬੂ ਸਿੰਘ ਮਾਨ ਦੇ ਨਾਂ ਰਿਹੈ, ਨਰਿੰਦਰ ਬੀਬਾ ਨੇ ਚਰਨ ਸਿੰਘ ਸਫਰੀ ਨੂੰ ਸਤਿਕਾਰ ਯੋਗ ਬਣਾਇਆ, ਥਰੀਕਿਆਂ ਵਾਲੇ ਦੇਵ ਨੂੰ ਮਾਣਕ ਨੇ। ਬਿੰਦਰਖੀਆ ਤੇ ਸ਼ਮਸ਼ੇਰ ਸੰਧੂ ਇਕ ਦਹਾਕੇ ਤੱਕ 'ਤੂੰ ਮੇਰਾ ਮੈਂ ਤੇਰੀ' ਵਾਂਗ ਵਿਚਰੇ। ਇਕ ਸਮੇਂ ਅਜਿਹਾ ਲੱਗਾ ਕਿ ਗੀਤਕਾਰੀ ਦਾ ਸਿਖਰ ਹੀ ਸੰਧੂ ਹੈ। ਅਸਲ 'ਚ ਕੰਮ ਸੁਆਦਲਾ ਹੋ ਜਾਵੇ ਤਾਂ ਥਕੇਵਾਂ ਹੁੰਦਾ ਹੀ ਨਹੀਂ। ਥਕਾਉਂਦੀਆਂ ਤਾਂ ਥੁੜਾਂ ਵਿਚ ਪੈਦਾ ਹੋਈਆਂ ਮਜ਼ਬੂਰੀਆਂ ਹਨ। ਤਜ਼ਰਬਾ ਇਹੋ ਦੱਸਦਾ ਹੈ ਕਿ ਬਰਕਤਾਂ ਮਿਹਨਤ ਨਾਲ ਕਮਾਏ ਪੈਸੇ ਵਿਚ ਹੀ ਹੁੰਦੀਆਂ ਹਨ ਤੇ ਸ਼ੋਹਰਤ ਉਹ ਹੁੰਦੀ ਹੈ ਜੋ ਸਦੀਵੀ ਤੇ ਟਿਕੇ ਰਹਿਣ ਵਾਲੀ ਹੋਵੇ। ਪੰਜਾਬੀ ਗੀਤਕਾਰੀ ਵਿਚ ਆਈ ਚਲਾਈ ਹੁੰਦੀ ਰਹੀ ਹੈ। ਦਰਜਨਾਂ ਨਹੀਂ ਸੈਂਕੜੇ ਨਾਂ ਆਏ, ਪਰ ਚੇਤੇ 'ਚ ਕੁਝ ਲੋਕਾਂ ਨੇ ਵੱਸਣਾ ਹੁੰਦਾ ਹੈ, ਜਿਨ੍ਹਾਂ 'ਚੋਂ ਸ਼ਮਸ਼ੇਰ ਸੰਧੂ ਇਕ ਹੈ। ਕੁਝ ਲੋਕ ਘਰਾਂ 'ਚ ਤਾਂ ਰਹਿੰਦੇ ਹਨ ਪਰ ਇਹ ਮਜ਼ਬੂਰੀ, ਲਾਚਾਰੀ ਤੇ ਬੇਬਸੀ ਦੇ ਧੂੰਏ ਨਾਲ ਹੀ ਸਾਰੀ ਉਮਰ ਭਰੇ ਰਹਿੰਦੇ ਹਨ। ਇਥੇ ਕਈ ਵਾਰ ਆਕਸੀਜ਼ਨ ਦੀ ਘਾਟ ਸਾਹ ਸੂਤ ਲੈਂਦੀ ਹੈ। ਪਰ ਜਿਨ੍ਹਾਂ ਘਰਾਂ ਵਿਚ ਸ਼ੋਹਰਤ ਦਾ ਦੀਵਾ ਚੱਤੋ ਪਹਿਰ ਜਗਦਾ ਰਹਿੰਦਾ ਹੈ, ਸ਼ਮਸ਼ੇਰ ਉਥੇ ਰਹਿੰਦਾ ਹੈ। ਉਹਦੇ ਬਾਰੇ ਕਹਿਣਾ ਨਹੀਂ ਪੈਂਦਾ ਉਹ ਫਲਾਣੇ ਦਾ ਮਿੱਤਰ ਹੈ। ਅਸਲ ਵਿਚ ਗੁਰਦਾਸ ਮਾਨ ਤੱਕ ਸਾਰੇ ਉਸ ਦੇ ਮਿੱਤਰ ਹਨ। ਗਲਤ ਕੰਮ ਚੰਗੇ ਬੰਦਿਆਂ ਵੀ ਅਪਨਾਏ ਹਨ, ਪਰ ਸੰਧੂ ਨੇ ਟੀਸੀ ਦਾ ਬੇਰ ਕਿਸੇ ਸਹਾਰੇ ਨਹੀਂ ਆਪਣੇ ਬਲਬੂਤ ਤੋੜਿਆ ਹੈ। ਤਾਰੇ ਵਿਛੋੜੇ ਦੀ ਰਾਤ ਨੂੰ ਹੀ ਗਿਣੇ ਜਾਂਦੇ ਹਨ, ਸੁਹਾਗ ਰਾਤ ਵੇਲੇ ਚੰਨ ਚੜ੍ਹਿਆ ਵੀ ਹੋਵੇ ਤਾਂ ਕੋਈ ਬਾਹਰ ਵੇਖਣ ਨਹੀਂ ਆਉਂਦਾ। ਆਪਣੇ ਇਕ ਨੇੜਲੇ ਮਿੱਤਰ ਦੀ ਗੱਲ ਤੁਹਾਡੇ ਨਾਲ ਸਾਂਝੀ ਕਰਨ ਲੱਗਾ ਹਾਂ, ਲਗਦੈ ਚੰਗੀ ਲੱਗੇਗੀ।***

ਕਰਜ਼ਈ ਬੰਦਾ ਛੇਤੀ ਬੁੱਢਾ ਹੋ ਜਾਂਦਾ ਹੈ, ਇਸੇ ਲਈ ਬਹੁਤੇ ਅਮਰੀਕਨ ਆਪਣੀ ਜਵਾਨੀ 'ਤੇ ਸ਼ੱਕ ਕਰਨ ਲੱਗ ਜਾਂਦੇ ਹਨ। ਸਾਹਿਤਕਾਰ ਛੇਤੀ ਬੁਢਾਪੇ ਦੀ ਈਨ ਨਹੀਂ ਮੰਨਦੇ। ਇਸ ਗੱਲ ਦਾ ਮੈਨੂੰ ਉਦੋਂ ਅਹਿਸਾਸ ਹੋਇਆ ਜਦੋਂ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਖੂੰਡੀ ਦੇ ਸਹਾਰੇ ਮਸਾਂ ਮੋਹਨ ਸਿੰਘ ਮੇਲੇ ਦੇ ਮੰਚ 'ਤੇ ਚੜ੍ਹਿਆ ਪਰ ਗਾਉਣ ਵਾਲੀਆਂ ਬੀਬੀਆਂ ਨੂੰ ਟਿਕਟਿਕੀ ਲਾ ਕੇ ਬਹੁਤ ਦੇਰ ਤੱਕ ਵੇਖਦਾ ਰਿਹਾ। ਇਵੇਂ ਕਰੀਬ ਤੀਹ ਸਾਲਾਂ ਤੋਂ ਮੈਂ ਗਾਇਕੀ ਦੇ ਖੇਤਰ ਵਿਚ ਨੀਝ ਨਾਲ ਵਿਚਰਿਆ ਹਾਂ ਪਰ ਮੁਹੰਮਦ ਸਦੀਕ ਹਾਲੇ ਤੀਕਰ ਬੁਢਾ ਨਹੀਂ ਲੱਗਿਆ। ਉਹਦੀ ਸਹਿ ਗਾਇਕਾ ਰਣਜੀਤ ਕੌਰ ਭਾਣਾ ਮੰਨ ਗਈ ਹੈ। 'ਤੀਆਂ ਲੌਂਗੋਵਾਲ ਦੀਆਂ' ਤੋਂ ਮੈਂ ਸੁਰਿੰਦਰ ਸ਼ਿੰਦੇ ਨੂੰ ਜਾਣਦਾ ਹਾਂ ਪਰ ਉਹ ਹੋਰ ਜਵਾਨ ਹੋਈ ਜਾਂਦੈ, ਵੇਖਦਿਆਂ ਵੇਖਦਿਆਂ ਗੁਰਦਾਸ ਲਿਫਣ ਲੱਗ ਪਿਐ, ਮਾਣਕ ਵੀ, ਜੱਸੋਵਾਲ ਹਫ਼ ਗਿਐ, ਥਰੀਕਿਆਂ ਵਾਲਾ ਦੇਵ ਬੁਢਾਪੇ 'ਚ ਪਹੁੰਚਾ ਫਸਾ ਬੈਠਾ ਪਰ ਬਾਬੂ ਸਿੰਘ ਮਾਨ ਹਾਲੇ ਜਮ੍ਹਾਂ ਜਵਾਨੀ 'ਚ ਲਗਦੈ, ਤੇ ਜਿਹਦੀ ਗੱਲ ਮੈਂ ਕਰਨ ਲੱਗਾ ਹਾਂ, ਯਕੀਨ ਕਰਿਓ ਸ਼ਮਸ਼ੇਰ ਸਿੰਘ ਸੰਧੂ ਵੀ ਕਦੇ ਬੁੱਢਾ ਨਹੀਂ ਹੋਵੇਗਾ। ਸ਼ਮਸ਼ੇਰ ਨੂੰ ਕਈ ਪੱਤਰਕਾਰ ਦੇ ਤੌਰ 'ਤੇ ਜਾਣਦੇ ਨੇ, ਕਈ ਗੀਤਕਾਰ ਵਜੋਂ ਪਰ ਉਹਦੇ ਵਰਗਾ ਸਿਰੜੀ ਬੰਦਾ ਟਾਂਵਾ-ਟਲਾ ਹੀ ਹੋਵੇਗਾ।

ਸੱਚ ਇਹ ਹੈ ਕਿ ਗਾਇਕਾਂ ਬਾਰੇ ਲਿਖਣ ਲਈ ਪ੍ਰੇਰਿਤ ਹੋਣ ਦਾ ਇਕ ਰਾਜ ਸ਼ਮਸ਼ੇਰ ਸਿੰਘ ਸੰਧੂ ਹੀ ਹੈ। ਗੱਲ ਅਸੀਵਿਆਂ ਦੀ ਹੈ। ਉਦੋਂ 'ਅਜੀਤ' ਤੇ 'ਪੰਜਾਬੀ ਟ੍ਰਿਬਿਊਨ' 'ਚ ਮੈਂ ਵੀ ਛੱਪਣ ਲੱਗਾ ਸੀ। ਇਕ ਕਹਾਣੀਕਾਰ ਵਜੋਂ, ਥਰੀਕਿਆਂ ਵਾਲਾ ਦੇਵ ਬਣਨ ਦੀ ਚਾਹਨਾ ਮੇਰੇ ਅੰਦਰ ਪੈਦਾ ਹੋ ਚੁੱਕੀ ਸੀ। 'ਉੱਚਾ ਬੁਰਜ ਲਾਹੌਰ ਦਾ' ਵਾਲੀ, ਭਾਵ ਚਤਰ ਸਿੰਘ ਜੀਵਨ ਸਿੰਘ ਹੋਰਾਂ ਦੀ ਪ੍ਰਕਾਸ਼ਿਤ ਗੀਤਾਂ ਦੀ ਪੁਸਤਕ ਪਿੱਛੇ ਦੇਵ ਤੇ ਸ਼ਮਸ਼ੇਰ ਸੰਧੂ ਦੀ ਫੋਟੋ ਨੇ ਮੇਰੇ ਅੰਦਰ ਹੋਰ ਚਿਣਗ ਪੈਦਾ ਕਰ ਦਿਤੀ ਸੀ। ਕੁਲਦੀਪ ਮਾਣਕ ਦੀ ਫ਼ਿਲਮ 'ਬਲਵੀਰੋ ਭਾਬੀ' ਰਿਲੀਜ਼ ਹੋਈ ਸੀ। ਲੁਧਿਆਣੇ ਦੇ ਵਾਈਟ ਹਾਊਸ ਪੈਟਰੌਲ ਪੰਪ ਸਾਹਮਣੇ ਮਾਣਕ ਦੇ ਦਫ਼ਤਰ ਵਿਚ ਕੱਚੇ-ਪੱਕੇ ਗੀਤਾਂ ਦਾ ਚਿੱਠਾ ਲੈ ਕੇ ਪਹੁੰਚ ਗਿਆ। ਇਤਫਾਕ ਇਹ ਕਿ ਮਾਣਕ ਮੇਰੇ ਗੀਤ ਵੇਖੇ ਬਿਨਾਂ ਹੀ ਉਲਰ ਕੇ ਬੋਲਿਆ, 'ਗੀਤ ਜਿੰਨੇ ਕਹੇਂ ਰਿਕਾਰਡ ਕਰਵਾ ਦਿਆਂਗੇ ਪਰ ਤੂੰ ਅਖ਼ਬਾਰਾਂ 'ਚ ਲਿਖਦਾਂ, ਪਹਿਲਾਂ ਇਹ ਕੰਮ ਕਰ।' ਅਸਲ ਵਿਚ ਉਦੋਂ ਛਿੰਦੇ ਤੇ ਮਾਣਕ ਦਾ ਸਿਹਤਮੰਦ ਮੁਕਾਬਲਾ ਪਟਕੇ ਦੀ ਛਿੰਝ ਵਾਂਗ ਸ਼ੁਰੂ ਹੋ ਚੁੱਕਾ ਸੀ। ਹੋਇਆ ਇਉਂ ਸੀ ਕਿ ਮਾਣਕ ਅਮਰੀਕਾ ਜਾਣ ਲੱਗਿਆ ਐਚ.ਐਮ.ਵੀ. ਮੈਨੇਜਰ ਜਹੀਰ ਅਹਿਮਦ ਨੂੰ ਦੇਵ ਦੀ ਲਿਖੀ ਇਕ ਸਕਰਿਪਟ 'ਜਿਊਣਾ ਮੌੜ' ਸੁਣਾ ਕੇ ਗਿਆ। ਸਾਰਾ ਪ੍ਰੋਜੈਕਟ ਡਿਸਕਸ ਹੋਇਆ ਤੇ ਵਾਪਸੀ ਤੇ ਮਹੀਨੇ ਪਿਛੋਂ ਰਿਕਾਰਡ ਦਾ ਸਿਲਸਿਲਾ ਸ਼ੁਰੂ ਕਰਨ ਦੀ ਗੱਲ ਹੋਈ। ਇਹ ਉਹੀ ਦਿਨ ਸਨ ਜਦੋਂ ਐਚ. ਐਮ.ਵੀ. ਨਾਈਟ ਵਾਲੇ ਐਲ.ਪੀ. ਰਿਕਾਰਡ ਬੜੇ ਹਿੱਟ ਹੋਏ ਸਨ। ਜਦੋਂ ਏ.ਐਸ. ਕੰਗ ਤੇ ਕੇ.ਐਸ. ਕੂਨਰ ਵਰਗੇ ਨਵੇਂ ਨਵੇਂ ਗਾਇਕ ਬਣੇ ਸਨ। ਵਾਪਿਸ ਪਰਤਦਿਆਂ ਜਦੋਂ ਮਾਣਕ ਜਹੀਰ ਕੋਲ ਗਿਆ ਤਾਂ ਗੱਲ ਦਾ ਖਲਾਰਾ ਪੈ ਗਿਆ, 'ਭਾਈ ਮਾਣਕ ਉਹ ਜਿਉਣਾ ਮੌੜ ਤੋਂ ਹਮਨੇ ਸੁਰਿੰਦਰ ਸ਼ਿੰਦੇ ਦੀ ਆਵਾਜ਼ ਮੇਂ ਰਿਕਾਰਡ ਕਰ ਦੀਆ ਹੈ। ਆਪ ਕੁਝ ਔਰ ਸੋਚੀਏ।' ਮਾਣਕ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ ਤੇ ਅਗਲੇ ਹਫਤੇ ਜਿਊਣਾ ਮੌੜ ਤੇ ਸੁਰਿੰਦਰ ਸ਼ਿੰਦੇ ਨੇ ਰਿਕਾਰਡ ਕਾਇਮ ਕਰ ਦਿੱਤੇ। ਫਿਰ ਇਥੋਂ ਹੀ ਸ਼ਮਸ਼ੇਰ ਨਾਲ ਨਾਰਾਜ਼ਗੀ ਦੀ ਗੱਲ ਚੱਲੀ। ਮਾਣਕ ਸੋਚਦਾ ਸੀ ਸ਼ਮਸ਼ੇਰ ਮੇਰੇ ਬਰਾਬਰ ਸ਼ਿੰਦੇ ਨੂੰ ਖੜ੍ਹਾ ਕਰਨ ਵਿਚ ਪ੍ਰਮੁੱਖ ਰੋਲ ਅਦਾ ਕਰ ਰਿਹਾ ਹੈ, ਪਰ ਹੋ ਸਭ ਕੁਝ ਇਤਿਫਾਕਨ ਰਿਹਾ ਸੀ। ਸ਼ਹੀਦ ਭਗਤ ਸਿੰਘ ਵਾਲਾ ਉਸ ਗਾਇਆ ਤਾਂ ਮਾਣਕ ਨੇ ਰਾਤੋ ਰਾਤ ਦੋ ਗੱਭਰੂ ਪੰਜਾਬ ਦੇ ਕੈਸਿਟ ਤਿਆਰ ਕਰਵਾ ਕੇ ਬਰਾਬਰ ਪਟਕਾ ਗੱਡ 'ਤਾ। ਦੇਵ ਨੂੰ ਦੂਹਰਾ ਲਾਭ ਇਹ ਹੋਇਆ ਕਿ ਅਗਲੀ ਵਾਰ 'ਜੱਗਾ ਡਾਕੂ' ਇਕ ਮੈਟਰ ਦੋ ਗਾਇਕਾਂ ਨੇ ਗਾਇਆ ਤੇ ਇਕ ਤਰ੍ਹਾਂ ਨਾਲ ਸ਼ਿੰਦੇ ਤੇ ਮਾਣਕ ਦਾ ਸਿਹਤਮੰਦ ਮੁਕਾਬਲਾ ਸ਼ੁਰੂ ਹੋ ਗਿਆ। ਅਸਲ ਵਿਚ ਉਨ੍ਹੀਂ ਦਿਨੀਂ ਕੋਈ ਵੀ ਅਖ਼ਬਾਰ ਗਾਇਕਾਂ ਨੂੰ 'ਕੰਜਰਖਾਨਾ' ਦੱਸ ਕੇ ਛਾਪਣ ਦੇ ਰਉਂ ਵਿਚ ਨਹੀਂ ਸੀ। ਜਦੋਂ 'ਪੰਜਾਬੀ ਟ੍ਰਿਬਿਊਨ' ਚੱਲਿਆ ਤਾਂ ਪਹਿਲਾਂ ਸ਼ਮਸ਼ੇਰ ਨੇ ਇਨ੍ਹਾਂ ਬਾਰੇ ਗਜ ਗਜ ਲੰਬੇ ਲੇਖ ਲਿਖੇ ਤੇ ਡਾ. ਸਾਧੂ ਸਿੰਘ ਹਮਦਰਦ ਦੀ ਮੌਤ ਪਿੱਛੋਂ ਜਦੋਂ ਬਰਜਿੰਦਰ ਸਿੰਘ ਨੇ 'ਅਜੀਤ' ਸੰਭਾਲੀ ਤਾਂ ਡੇਢ ਫੁੱਟੇ ਆਰਟੀਕਲ ਪਹਿਲੀ ਵਾਰ ਗਾਇਕਾਂ ਬਾਰੇ ਮੈਂ ਲਿਖੇ। ਦਰਅਸਲ ਇਸ ਵਕਫ਼ੇ ਦੌਰਾਨ ਸ਼ਮਸ਼ੇਰ ਆਪਣੀਆਂ ਲਿਖਤਾਂ ਵਿਚ ਸ਼ਰਾਰਤੀ ਸੁਭਾਅ ਕਾਰਨ ਕਈ ਵਾਰ ਇਨ੍ਹਾਂ ਗਾਇਕਾਂ ਨਾਲ ਰੁੱਸਿਆ ਤੇ ਕਈ ਵਾਰ ਉਹਦੇ ਨਾਲ ਗਾਇਕ ਰੁੱਸੇ। ਪਰ ਆਪਾਂ ਰਾਜ਼ੀਨਾਮਾ ਕਰਾਉਣ ਵਿਚ ਲੱਗੇ ਰਹੇ। ਪਹਿਲੇ ਸ਼ੌਂਕੀ ਮੇਲੇ ਦੀ ਸ਼ਾਨ 'ਚ ਸ਼ਮਸ਼ੇਰ ਨੇ 'ਮਾਹਿਲਪੁਰ 'ਚ 'ਗੀਤ ਸੰਗੀਤ ਦੀ ਮੋਹਲੇਧਾਰ ਬਾਰਿਸ਼' ਸਿਰਲੇਖ ਅਧੀਨ ਲੇਖ ਲਿਖਿਆ। ਸਰਦੂਲ ਸਿਕੰਦਰ ਨੂੰ ਉਹਦੇ ਪਹਿਰਾਵੇ ਕਰਕੇ ਉਹਨੇ ਜੋਕਰ ਲਿਖ ਦਿੱਤਾ ਤੇ ਮਾਣਕ ਦੇ ਨਾਂ ਆਉਣ ਬਾਰੇ ਟਿੱਪਣੀ ਕਰ ਦਿੱਤੀ: "ਭੌਰੇ ਨੇ ਸਭ ਤੋਂ ਵਧ ਕਲਮ-ਘਸਾਈ ਮਾਣਕ ਬਾਰੇ ਕੀਤੀ ਸੀ। ਪਰ ਉਹ ਨਹੀਂ ਆਇਆ।" ਸਰਦੂਲ ਨਾਲ ਅਗਲੇ ਵਰ੍ਹੇ ਮੇਰੇ ਘਰ ਸ਼ਿਮਲੇ ਵਰਗਾ ਸਮਝੌਤਾ ਹੋਇਆ ਤੇ ਮਾਣਕ ਅਗਲੇ ਸਾਰੇ ਮੇਲਿਆਂ ਵਿਚ ਸਭ ਤੋਂ ਪਹਿਲਾਂ ਆਉਣ ਵਾਲਾ ਤੇ ਸਭ ਤੋਂ ਅਖੀਰ ਵਿਚ ਜਾਣ ਵਾਲਾ ਗਾਇਕ ਰਿਹਾ।

ਅਸਲ ਵਿਚ ਸ਼ਮਸ਼ੇਰ ਸੰਧੂ ਸੁਨੱਖਾ ਬੰਦਾ ਨਹੀਂ ਲੱਠਾ ਬੰਦਾ ਵੀ ਹੈ। ਜਦੋਂ ਫਿਲਮਾਂ ਬਾਰੇ ਲਿਖਣ ਵਾਲੇ ਬੜੇ ਸਨ, ਸਰਵਣ ਸਿੰਘ ਖੇਡਾਂ ਬਾਰੇ ਲਿਖ ਕੇ ਕੜਿੱਲ ਕੱਢੀ ਜਾਂਦਾ ਸੀ। ਉਦੋਂ ਪਾਸ਼ ਦੀ ਵਿਰੋਧਤਾ ਦੇ ਬਾਵਜੂਦ ਸ਼ਮਸ਼ੇਰ ਨੇ ਗਾਇਕਾਂ ਬਾਰੇ ਲਿਖਿਆ। ਹਾਲਾਂ ਕਿ ਪਾਸ਼ ਦੀ ਬੈਠਕ ਵਿਚ 'ਜੋੜੀ ਜਦੋਂ ਚੁਬਾਰੇ ਚੜ੍ਹਦੀ' ਵਰਗੇ ਗੀਤ ਵੱਜਣ ਲੱਗ ਪਏ ਸਨ। ਅੱਜ-ਕੱਲ੍ਹ ਤਾਂ ਜਣਾ ਖਣਾ ਹੀ ਗਾਉਣ ਵਾਲਿਆਂ ਬਾਰੇ ਚਾਹ ਦੇ ਕੱਪ ਵਾਂਗ ਲਿਖਣ ਲੱਗ ਪਿਆ ਹੈ ਪਰ ਸ਼ਮਸ਼ੇਰ ਨੇ ਇਨ੍ਹਾਂ ਬਾਰੇ ਲਿਖਣ ਵੇਲੇ ਆਪਣੀ ਕਾਮਰੇਡੀ ਨੂੰ ਲੱਤ ਮਾਰੀ। ਕਹਾਣੀਕਾਰ ਮਨ ਨੂੰ ਅਲਵਿਦਾ ਆਖੀ ਤੇ ਇਕ ਸਮਰੱਥ ਗੀਤਕਾਰ ਬਣਨ ਵਿਚ ਲੰਬੇ ਸਫਰ ਦੀ ਪੈੜ ਨੱਪ ਲਈ। ਜਦੋਂ ਉਹ ਗਾਇਕਾਂ ਬਾਰੇ ਲਿਖਦਾ ਸੀ, ਉਦੋਂ ਹੋਰ ਕੋਈ ਰਾਜੀ ਨਹੀਂ ਸੀ, ਮਾਣਕ ਦੇ ਕਹਿਣ ਤੇ ਮੈਂ ਆਪਣਾ ਕਹਾਣੀ ਲੇਖਕ ਹੋਣ ਦਾ ਭਰਮ ਤਿਆਗ ਕੇ ਇਨ੍ਹਾਂ ਦੇ ਵਿਹੜੇ ਵਿਚ ਜਾ ਵੜਿਆ ਤੇ ਇਕ ਤਰ੍ਹਾਂ ਨਾਲ ਅਸੀਂ ਦੋਵੇਂ ਕਰੀਬ ਡੇਢ ਦਹਾਕਾ ਗਾਇਕਾਂ ਦੀਆਂ ਬਾਤਾਂ ਪਾਉਣ ਵਿਚ ਰੁੱਝੇ ਰਹੇ।

ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਸੁਰਜੀਤ ਬਿੰਦਰਖੀਏ ਵਰਗੇ ਗਾਇਕ ਨੂੰ ਨਿਖਾਰਨ ਵਿਚ ਸ਼ਮਸ਼ੇਰ ਦੀ ਅਹਿਮ ਭੂਮਿਕਾ ਹੈ। 'ਦੁਪੱਟਾ ਤੇਰਾ ਸੱਤ ਰੰਗ ਦਾ...ਤੇਰੇ 'ਚ ਤੇਰਾ ਯਾਰ ਬੋਲਦਾ' ਵਰਗੇ ਹਿੱਟ ਗੀਤ ਸੰਧੂ ਨੇ ਦਿੱਤੇ ਹਨ। ਸਤਵਿੰਦਰ ਬਿੱਟੀ ਨੇ 'ਮੇਰੇ ਦਿਲ ਦੀ ਛਤਰੀ 'ਤੇ ਬਹਿ ਗਿਆ ਇਕ ਕਬੂਤਰ ਚੀਨਾ' ਨਾਲ ਉਹਨੂੰ ਸਿਖਰ ਵਿਖਾਈ ਹੈ। ਜਿਵੇਂ ਦੇਵ ਤੇ ਮਾਣਕ ਨਿਭੇ, ਬਾਬੂ ਸਿੰਘ ਮਾਨ ਤੇ ਮੁਹੰਮਦ ਸਦੀਕ ਚੱਲੇ, ਇਵੇਂ ਇੱਕ ਯੁਗ ਸ਼ਮਸ਼ੇਰ ਤੇ ਬਿੰਦਰਖੀਏ ਦੇ ਨਾਮ ਗਾਇਕੀ ਵਿਚ ਹਮੇਸ਼ਾ ਪ੍ਰਚਲਿਤ ਰਹੇਗਾ। ਹਾਲਾਂਕਿ ਸੰਧੂ ਚਾਹੁੰਦਾ ਸੀ ਕਿ ਉਹ ਇਕ ਵਧੀਆ ਕਹਾਣੀਕਾਰ ਬਣੇ ਤੇ ਸਿੱਖ ਨੈਸ਼ਨਲ ਕਾਲਜ ਬੰਗਾ ਵਿਚ ਪੰਜਾਬੀ ਪੜ੍ਹਾਉਂਦਿਆਂ ਉਹਨੇ ਜਿਹੜੀ ਕਿਤਾਬ 'ਕੋਈ ਦਿਓ ਜਵਾਬ' ਕਹਾਣੀਆਂ ਦੀ ਲਿਖੀ ਸੀ, ਉਹਨੂੰ ਪੜ੍ਹਨ ਤੇ ਜਾਣਨ ਵਾਲੇ ਜਾਣਦੇ ਹਨ ਕਿ ਸਮਾਜਿਕ ਤੇ ਯਥਾਰਤਵਾਦੀ ਕਹਾਣੀਆਂ ਲਿਖਣ ਵਿਚ ਸ਼ਮਸ਼ੇਰ ਦਾ ਕੋਈ ਬਦਲਵਾਂ ਰੂਪ ਨਹੀਂ ਹੈ। ਟੀ-ਸੀਰੀਜ਼ ਜ਼ਰੀਏ 'ਆਓ ਸਾਰੇ ਨੱਚੀਏ' ਤੱਕ ਹਿੱਟ ਪ੍ਰੋਗਰਾਮ ਦੇਣ ਵਾਲੇ ਸ਼ਮਸ਼ੇਰ ਸੰਧੂ ਬਾਰੇ ਇਕ ਮਾਤਰ ਧਾਰਨਾ ਹੈ ਕਿ ਉਹਨੇ ਜਿਸ ਵੀ ਕੰਮ ਨੂੰ ਹੱਥ ਪਾਇਆ ਹੈ ਪਾਰਸ ਬਣਾ ਦਿੱਤਾ ਹੈ। ਹਾਲਾਂਕਿ ਉਹਦਾ ਹੁਣ ਤੀਕਰ ਇਕ ਨੁਕਾਤੀ ਪ੍ਰੋਗਰਾਮ ਹਾਲੇ ਵੀ ਬਣ ਨਹੀਂ ਸਕਿਆ। ਉਹਨੇ ਇਕੋ ਵੇਲੇ ਕਈ ਵਿਸ਼ਿਆਂ ਤੇ ਹੱਥ ਅਜਮਾਈ ਕੀਤੀ ਹੈ। ਹਾਲਾਂਕਿ 'ਪੰਜਾਬੀ ਟ੍ਰਿਬਿਊਨ' ਕਹਾਣੀਕਾਰ ਗੁਲਜ਼ਾਰ ਸੰਧੂ ਦੇ ਹੱਥਾਂ 'ਚੋਂ ਨਿਕਲੀ, ਸ਼ਾਇਰ ਹਰਭਜਨ ਹਲਵਾਰਵੀ ਕੋਲ ਵੀ ਰਹੀ ਪਰ ਜਿਹੜਾ ਨਾਂ ਸ਼ਮਸ਼ੇਰ ਨੇ ਇਸ ਅਖ਼ਬਾਰ ਨੂੰ ਜਾਂ ਇਸ ਅਖਬਾਰ ਨੇ ਸ਼ਮਸ਼ੇਰ ਨੂੰ ਦਿੱਤਾ ਹੈ ਉਹਦੇ ਬਾਰੇ ਕਿਹਾ ਨਹੀਂ ਜਾ ਸਕਦਾ ਕਿ ਤਬਲਾ ਪੈਰਾਂ ਦੀ ਤਾਲ ਨਾਲ ਉੱਠ ਰਿਹਾ ਹੈ ਜਾਂ ਪੈਰ ਤਬਲੇ ਦੀ ਤਾਲ ਨਾਲ ਉੱਠ ਰਹੇ ਹਨ। ਉਹਦੇ ਆਲੋਚਕ ਵੀ ਇਸ ਗੱਲ ਨੂੰ ਮੰਨਦੇ ਹਨ ਕਿ ਕਿਸੇ ਗਾਇਕ ਬਾਰੇ ਫੀਚਰ ਲਿਖਣਾ ਹੋਵੇ, ਕਿਲਾ ਰਾਏਪੁਰ ਜਾਂ ਪ੍ਰੋ. ਮੋਹਨ ਸਿੰਘ ਮੇਲੇ ਦੀ ਰਿਪੋਰਟ ਲਿਖਣੀ ਹੋਵੇ ਸ਼ਮਸ਼ੇਰ ਵਰਗੀ ਲੱਛੇਦਾਰ, ਰੁਮਾਂਟਿਕ ਤੇ ਹਾਸਰਸ ਸ਼ਬਦਾਵਲੀ ਆਮ ਬੰਦਾ ਨਹੀਂ ਲਿਖ ਸਕਦਾ। ਅਸਲ ਵਿਚ ਅੱਖ ਬਚਾ ਕੇ ਸ਼ਰਾਰਤ ਕਰਨ ਦੀ ਜਿਹੜੀ ਆਦਤ ਸੁਰਜੀਤ ਨੂੰ ਸੀ, ਉਹੀ ਆਦਤ ਕਈ ਵਾਰ ਸ਼ਮਸ਼ੇਰ ਦੀ ਲੇਖਣੀ ਵਿਚੋਂ ਵੀ ਝਲਕਦੀ ਹੈ, ਉਹ ਕਈ ਵਾਰ ਬੰਦੇ ਨੂੰ ਮੂਧੇ ਮੂੰਹ ਸੁੱਟਣ ਵਿਚ ਦੇਰ ਨਹੀਂ ਲਾਉਂਦਾ। ਇਸੇ ਕਰਕੇ ਸਰਦੂਲ ਸਿਕੰਦਰ ਨਾਲ ਸਮਝੌਤਾ ਤਾਂ ਛੇਤੀ ਹੋ ਗਿਆ ਸੀ ਪਰ ਕੁਲਦੀਪ ਮਾਣਕ ਨਾਲ ਉਹਦੀ ਸ਼ਬਦੀ ਜੰਗਬੰਦੀ ਕਈ ਦਹਾਕਿਆਂ ਤੋਂ ਪਿੱਛੋਂ ਹੋਈ ਹੈ।

ਪੰਜਾਬੀ ਦੀ ਐਮ.ਏ. ਕਰਕੇ ਉਹ ਮਾਲਵੇ ਦੇ ਪਿੰਡ ਮਦਾਰਪੁਰਾ ਤੋਂ ਖਿਸਕ ਕੇ ਬੰਗਾ ਦੇ ਸਿੱਖ ਨੈਸ਼ਨਲ ਕਾਲਜ ਵਿਚ ਪੰਜਾਬੀ ਪੜ੍ਹਾਉਣ ਲੱਗ ਪਿਆ ਤੇ ਜਦੋਂ 'ਪੰਜਾਬੀ ਟ੍ਰਿਬਿਊਨ' ਛਪਣ ਲੱਗਾ ਤਾਂ ਇਧਰ ਉਹਨੇ ਸਬ ਐਡੀਟਰ ਵਜੋਂ ਨੌਕਰੀ ਕਰ ਲਈ। ਇਹੋ ਅਖਬਾਰ ਉਹਦੀ ਹਾਲੇ ਤੀਕਰ ਪਛਾਣ ਹੈ। 'ਲੋਕ ਸੁਰਾਂ 'ਤੇ ਸੁਰ ਦਰਿਆਓਂ ਪਾਰ ਦੇ' ਉਹਦੀਆਂ ਇਧਰਲੇ ਤੇ ਉਧਰਲੇ ਗਾਇਕਾਂ ਬਾਰੇ ਦੋ ਅਹਿਮ ਪੁਸਤਕਾਂ ਹਨ। ਮੰਟੋ ਤੋਂ ਪਿੱਛੋਂ ਜਾਂ ਸਰਵਣ ਸਿੰਘ ਤੋਂ ਬਾਅਦ ਜੇ ਰੇਖਾ ਚਿੱਤਰ ਪੜ੍ਹਨ ਦਾ ਸੁਆਦ ਲੈਣਾ ਹੈ ਤਾਂ ਇਨ੍ਹਾਂ ਦੋ ਪੁਸਤਕਾਂ ਦੀ ਚੀਰਫਾੜ ਆਪਣੀਆਂ ਅੱਖਾਂ ਥਾਣੀ ਜ਼ਰੂਰ ਕਰਿਓ ਫਿਰ ਪਤਾ ਲੱਗੇਗਾ ਕਿ ਇਹਨੂੰ ਕਹਿੰਦੇ ਨੇ ਸ਼ਮਸ਼ੇਰ ਸੰਧੂ।



ਥਰੀਕੇ ਵਾਲੇ ਦੇਵ ਨਾਲ ਰਲ ਕੇ ਉਹਨੇ ਪਾਕਿਸਤਾਨੀ ਪੰਜਾਬੀ ਗੀਤਾਂ ਦੀ ਇਕ ਕਿਤਾਬ ਪ੍ਰਕਾਸ਼ਿਤ ਕਰਵਾਈ। ਸੁਰਿੰਦਰ ਸ਼ਿੰਦੇ ਨੇ ਉਹਦਾ ਸਭ ਤੋਂ ਪਹਿਲਾਂ ਗੀਤ ਰਿਕਾਰਡ ਕਰਵਾਇਆ ਸੀ 'ਜਾਨੀ ਚੋਰ' ਤੇ ਫਿਰ ਉਹ ਗੀਤਕਾਰੀ ਵਿਚ ਕਾਫੀ ਦੇਰ ਚੁੱਪ ਰਹਿਣ ਤੋਂ ਪਿੱਛੋਂ ਬਿੰਦਰਖੀਏ ਤੱਕ ਤਕਰੀਬਨ ਚੁੱਪ ਹੀ ਰਿਹਾ। 'ਪੁੱਤ ਜੱਟਾਂ ਦੇ ਲਈ ਜਗਜੀਤ ਨੇ ਉਹਦੇ ਤੋਂ ਇਕ ਗੀਤ ਲਿਖਵਾਇਆ ਤੇ ਫਿਰ...ਦਰਜਨਾਂ ਕੈਸਿਟਾਂ, ਰੀਲ੍ਹਾਂ, ਐਲਬਮਾਂ ਸ਼ਮਸ਼ੇਰ ਨੇ ਪੰਜਾਬੀ ਗਾਇਕੀ ਦੀ ਝੋਲੀ ਪਾਈਆਂ। ਇਕ ਵੇਲੇ ਉਹਦਾ ਗੀਤ 'ਲੋਕ ਗੀਤ ਲੱਤਾਂ ਵਿਚ ਪੂਛ ਲੈ ਕੇ ਘੁੰਮਦੇ...ਜਾਂ 'ਕਿ ਗਾਉਣ ਵਾਲਿਆਂ ਨੂੰ ਡਿਸਕੋ ਬੁਖਾਰ ਹੋ ਗਿਆ...ਨਾਲ ਸਰਦੂਲ ਸਿਕੰਦਰ ਨੇ ਬਹਿ ਜਾ ਬਹਿ ਜਾ ਕਰਵਾਈ। ਚਰਨਜੀਤ ਅਹੂਜਾ ਉਦੋਂ ਪਹਿਲੀ ਵਾਰ ਸ਼ਮਸ਼ੇਰ ਦੀ ਲੇਖਣੀ ਦਾ ਉਪਾਸ਼ਕ ਬਣਿਆ। ਉਦੋਂ ਜਸਵੰਤ ਭੰਵਰੇ ਨੇ ਕਿਹਾ, ਸ਼ਮਸ਼ੇਰ ਤੋਂ ਏਡੀ ਵੱਡੀ ਪੁਲਾਂਘ ਦੀ ਆਸ ਨਹੀਂ ਸੀ। ਉਹ ਗੀਤਕਾਰੀ ਵਿਚ ਭੜਥੂ ਪਾਉਣ ਦੇ ਸਮਰੱਥ ਹੋ ਗਿਆ ਹੈ।

'ਬਦਲਾ ਜੱਟੀ ਦਾ' ਫਿਲਮ ਦੀ ਕਹਾਣੀ ਦੇ ਗੀਤ ਸ਼ਮਸ਼ੇਰ ਨੇ ਲਿਖੇ ਫੇਰ 'ਦਿਲ ਦਾ ਮਾਮਲਾ', 'ਧੀ ਜੱਟ ਦੀ', 'ਜ਼ਖਮੀ ਜੱਟ', 'ਜ਼ੋਰ ਜੱਟ ਦਾ', ਤੇ ਹੀਰ-ਰਾਂਝਾ ਫਿਲਮਾਂ ਲਈ ਉਹਨੇ ਗੀਤ ਲਿਖੇ। ਉਹਨੇ ਆਪਣੇ ਫੰਨ ਨਾਲ ਗੀਤਕਾਰੀ ਸਿਰੋਂ ਚੰਗੀ ਕਮਾਈ ਕੀਤੀ ਹੈ, ਹਾਲਾਂਕਿ ਪ੍ਰਚਲਿਤ ਕੰਪਨੀਆਂ ਐਚ.ਐਮ.ਵੀ. ਵਾਂਗ ਰਾਇਲਟੀ ਨਹੀਂ ਦਿੰਦੀਆਂ। ਇਸੇ ਕਰਕੇ ਗੀਤਕਾਰ ਭੁਖੇ ਮਰ ਰਹੇ ਹਨ। ਉਹ ਆਖਦਾ ਹੈ ਕਿ ਜਿਹੜੇ ਗਾਇਕ ਸਭਿਆਚਾਰ ਦੀ ਸੇਵਾ ਦਾ ਢਿੰਡੋਰਾ ਪਿੱਟ ਰਹੇ ਹਨ, ਅਸਲ ਵਿਚ ਉਹ ਅੰਦਰੋਂ ਖੋਖਲੇ ਤੇ ਡਰੇ ਹੋਏ ਹਨ। ਉਨ੍ਹਾਂ ਦੀ ਲੜਾਈ ਸਿਰਫ ਢਿੱਡ ਨਾਲ ਹੈ। ਸ਼ਮਸ਼ੇਰ ਜੁਗਾੜੀ ਹੈ, ਮੰਨੋਗੇ ਕਿ ਜਿਸ ਯੁੱਗ ਵਿਚ ਬੱਬੂ ਮਾਨ ਵਰਗਾ ਗਵੱਈਆ ਕਿਸੇ ਦੇ ਹੱਥ ਨਹੀਂ ਲੱਗ ਰਿਹਾ, ਉਸ ਯੁੱਗ ਵਿਚ ਸ਼ਮਸ਼ੇਰ ਉਹਦੇ ਤੋਂ ਪ੍ਰੋਗਰਾਮ ਤੇ ਗੀਤ ਰਿਕਾਰਡ ਕਰਵਾ ਰਿਹਾ ਹੈ। ਬਹੁਤ ਸਮਾਂ ਬਿੰਦਰਖੀਏ ਤੇ ਸ਼ਮਸ਼ੇਰ ਇਕੋ ਸਿੱਕੇ ਦੇ ਦੋ ਪਾਸੇ ਰਹੇ ਤੇ ਟਾਸ ਵਾਂਗ ਵਖਰੇਵਾਂ ਨਹੀਂ ਹੋਇਆ। ਉਹਦਾ ਸਦਾ ਬਹਾਰ ਗੀਤ ਹੰਸ ਦੇ ਨਾਂ ਹੈ:

ਨਾ ਧੁੱਪ ਰਹਿਣੀ ਨਾ ਛਾਂ ਬੰਦਿਆ,
ਨਾ ਪਿਓ ਰਹਿਣਾ ਨਾ ਮਾਂ ਬੰਦਿਆ,
ਹਰ ਸ਼ੈਅ ਨੇ ਆਖਿਰ ਮੁੱਕ ਜਾਣਾ,
ਇਕ ਰਹਿਣਾ ਰੱਬ ਦਾ ਨਾਂ ਬੰਦਿਆ...।

ਉਹ ਫ਼ਖਰ ਕਰਦਾ ਹੈ ਕਿ 'ਤਿੜਕੇ ਘੜੇ ਦੇ ਪਾਣੀ' ਵਾਂਗ ਇਹ ਗੀਤ ਉਹਦੀ ਅਮਰ ਤੇ ਸਰਵ ਪ੍ਰਵਾਨਿਤ ਰਚਨਾ ਹੈ।

ਸ਼ਮਸ਼ੇਰ ਦਾ ਗੋਰਾ ਨਿਸ਼ੋਹ ਰੰਗ ਹੈ। ਉਹ ਦਾੜ੍ਹੀ ਰੰਗਦੈ ਪਰ ਕਲਫ ਕਿਸ ਕੰਪਨੀ ਦੀ ਵਰਤਦੈ ਕਿਸੇ ਨੂੰ ਕੋਈ ਪਤਾ ਨਹੀਂ। ਦੂਰਬੀਨ ਲੈ ਕੇ ਨੇੜਿਓਂ ਵੀ ਵੇਖਿਓ ਤੁਹਾਨੂੰ ਉਹਦੀ ਦਾੜ੍ਹੀ ਦੇ ਰੰਗੇ ਹੋਣ ਦਾ ਅਹਿਸਾਸ ਨਹੀਂ ਹੋਵੇਗਾ। ਉਹ ਸੇਵਾ ਮੁਕਤ ਹੋਣ ਵਾਲੈ ਪਰ ਹਾਲੇ ਹੈ ਪੂਰਾ ਜੁਆਨ। ਦਾਰੂ ਉਹਦੀ ਵੀ ਪਹਿਲਾ ਸ਼ੌਂਕ ਹੈ। ਉਹ ਲੁਧਿਆਣੇ 'ਚ ਮਦਾਰਪੁਰ ਜੰਮਿਆ, ਬੰਗਾ ਲਾਗੇ ਗੁਣਾਚੌਰ ਪਿੰਡ 'ਚ ਸੁਖਬੀਰ ਕੌਰ ਨਾਲ ਵਿਆਹਿਆ ਗਿਆ। ਸਰਕਾਰੀ ਕਾਲਜ ਲੁਧਿਆਣੇ ਤੋਂ ਐਮ.ਏ. ਕੀਤੀ ਤੇ ਬੰਗਿਆਂ 'ਚ ਪ੍ਰੋਫੈਸਰ ਲੱਗਣ ਤੋਂ ਬਾਅਦ ਹੁਣ ਤੱਕ ਪੰਜਾਬੀ ਟ੍ਰਿਬਿਊਨ 'ਚ ਹੀ ਹੈ। ਉਹਨੇ ਧੀ ਤੇ ਪੁੱਤ ਵਿਆਹ ਲਏ ਹਨ।

ਸੱਚ ਇਹ ਵੀ ਹੈ ਕਿ 'ਪੰਜਾਬੀ ਟ੍ਰਿਬਿਊਨ' 'ਚ ਚਪੜਾਸੀ ਲੱਗਾ ਮਾਣ ਨੀ, ਇਸ ਅਖ਼ਬਾਰ ਸਿਰੋਂ ਬੜਿਆਂ ਨੇ ਰੋਟੀਆਂ ਸੇਕੀਆਂ ਹਨ। ਪਰ ਸ਼ਮਸ਼ੇਰ ਤੇ ਇਸ ਅਖ਼ਬਾਰ ਨੂੰ ਅਲਿਹਦਾ ਅਲਿਹਦਾ ਕਰਕੇ ਵੇਖਣਾ ਔਖਾ ਹੈ। ਉਹਨੇ ਜ਼ਿੰਦਗੀ ਇਸੇ ਅਖ਼ਬਾਰ ਦੇ ਲੇਖੇ ਨਹੀਂ ਲਾਈ ਸਗੋਂ ਇਥੋਂ ਹੀ ਮਾੜੇ ਬਾਣੀਏ ਜਿੰਨੀ ਖੱਟੀ ਵੀ ਖੱਟੀ ਹੈ।

ਸ਼ਮਸ਼ੇਰ ਜਦੋਂ ਬੁੱਲ੍ਹਾਂ 'ਚ ਹੱਸੇ ਤਾਂ ਖੈਰ ਨਹੀਂ ਹੁੰਦੀ, ਕਿਉਂਕਿ ਉਹ ਆਪਣੇ ਸੁਭਾਅ ਮੁਤਾਬਿਕ ਸ਼ਰਾਰਤ ਕਰਨੋਂ ਹਟ ਨਹੀਂ ਸਕਦਾ। ਸ਼ਮਸ਼ੇਰ ਅੱਖਾਂ ਤੋਂ ਪੂਰਾ ਬਿੱਲਾ ਹੈ, ਪਰ ਹੈ ਬੜਾ ਸਿਆਣਾ। ਮੈਂ ਮਾਣ ਕਰਦਾ ਹਾਂ ਕਿ ਅਸੀਂ ਇਕ ਖੇਤਰ ਵਿਚ ਸਰਗਰਮੀ ਨਾਲ ਵਿਚਰੇ ਹੀ ਨਹੀਂ, ਸਰਗਰਮੀ ਨਾਲ ਪੈੜਾਂ ਪਾਈਆਂ ਹਨ। ਦਰਅਸਲ ਉਹ ਸੱਤ ਵਾਰ 'ਡਿੱਗ ਕੇ ਅੱਠਵੀਂ ਵਾਰ ਸਫਲਤਾ ਨਾਲ ਉੱਠਣ ਦੇ ਭੇਦ ਨੂੰ ਜਾਣ ਗਿਆ ਹੈ।'

NirpalKaur.com
ਨਿਰਪਾਲ ਕੌਰ ਡਾਟ ਕੌਮ
A WEBSITE SHOWCASING THE TASTE OF PUNJABI FOOD
ਪੰਜਾਬਣ ਦੀ ਰਸੋਈ
ਖਿੱਚੇ ਇਸ ਦੀ ਖੁਸ਼ਬੋਈ
VISIT : WWW.NIRPALKAUR.COM
HOME COOKING, FASHION AND HEALTH

# ਦਰਬਾਰ ਸਾਹਿਬ 'ਤੇ ਹਮਲੇ ਤੋਂ ਬਾਅਦ ਤੁਰੇ ਕਾਫਲਿਆਂ ਦੇ ਨਾਲ



ਸੰਦੀਪ ਕੌਰ

*ਮੈਨੂੰ ਪਤਾ ਸੀ ਕਿ ਆਸ-ਪਾਸ ਦੇ ਪਿੰਡਾਂ ਵਿਚੋਂ ਸਾਰੇ ਜਥੇ ਗੁਰਦੁਆਰਾ ਟਾਹਲੀ ਸਾਹਿਬ ਪਿੰਡ ਭੰਗਾਲੀ ਇਕੱਠੇ ਹੋਣੇ ਹਨ। ਸਾਈਕਲ 'ਤੇ ਜਾ ਰਹੇ ਦੋ ਰਾਹੀਆਂ ਨੂੰ ਮੈਂ ਟਾਹਲੀ ਸਾਹਿਬ ਜਾਣ ਬਾਰੇ ਕਹਿ ਕੇ ਇਕ ਸਾਈਕਲ ਪਿੱਛੇ ਬੈਠ ਗਈ ਤੇ ਟਾਹਲੀ ਸਾਹਿਬ ਜਾ ਪਹੁੰਚੀ। ਟਾਹਲੀ ਸਾਹਿਬ ਪਹੁੰਚ ਕੇ ਇਕ ਹੋਰ ਮੁਸ਼ਕਲ ਦਾ ਪਤਾ ਲੱਗਾ। ਉਥੇ ਬਾਬਾ ਜੀ ਬੀਬੀਆਂ ਦੇ ਜਥੇ ਨੂੰ ਅੱਗੇ ਜਾਣ ਤੋਂ ਮਨ੍ਹਾ ਕਰ ਰਹੇ ਸਨ ਤੇ ਬੀਬੀਆਂ ਜਥੇ ਨਾਲ ਜਾਣ ਦੀ ਜ਼ਿਦ ਕਰਦੀਆਂ ਹੋਈਆਂ ਵੀ ਦੁਚਿੱਤੀ ਵਿਚ ਸਨ। ਮੈਂ ਕੁਝ ਚਿਰ ਨੀਝ ਲਾ ਕੇ ਸਾਰੇ ਘਟਨਾਕ੍ਰਮ ਨੂੰ ਵੇਖਦੀ ਰਹੀ ਤੇ ਸਮਝ ਗਈ ਕਿ ਬੀਬੀਆਂ ਹੁਣ ਇਸ ਤੋਂ ਅੱਗੇ ਨਹੀਂ ਜਾਣਗੀਆਂ ਤੇ ਇਥੋਂ ਹੀ ਪਿੱਛੇ ਮੁੜ ਜਾਣਗੀਆਂ। ਮੈਂ ਮਨ ਹੀ ਮਨ ਵਿਚ ਇਕ ਵਾਰ ਫਿਰ ਫੈਸਲਾ ਕੀਤਾ ਤੇ ਅਛੋਪਲੇ ਹੀ ਅਗਾਂਹ ਵਧ ਰਹੇ ਸਿੰਘਾਂ ਦੇ ਜਥੇ ਵਿਚ ਜਾ ਰਲੀ...ਤੇ ਕੁਝ ਵਿੱਥ ਬਣਾ ਕੇ ਪਿੱਛੇ ਪਿੱਛੇ ਤੁਰ ਪਈ।*

10 ਸਾਲ ਦੀ ਉਮਰ ਵਿਚ ਆਪਣੇ ਬੀਜੀ ਦੇ ਨਾਲ ਪਿੰਡ ਵਿਚੋਂ ਬੀਬੀਆਂ ਦੇ ਜਥੇ ਨਾਲ ਧਰਮ-ਯੁੱਧ ਮੋਰਚੇ ਵਿਚ ਗ੍ਰਿਫ਼ਤਾਰੀ ਦੇਣ ਜਾਣ ਲੱਗੇ ਮੈਂ ਸ਼ਾਇਦ ਇਹ ਨਹੀਂ ਸੀ ਜਾਣਦੀ ਕਿ ਦਿੱਲੀ ਤਖ਼ਤ ਦਾ ਅੜੀਅਲ ਵਤੀਰਾ ਇਸ ਧਰਮ ਯੁੱਧ ਨੂੰ ਕੁਝ ਵੱਖਰੇ ਹੀ ਰਾਹਾਂ 'ਤੇ ਪਾ ਦੇਵੇਗਾ ਤੇ ਉਨ੍ਹਾਂ ਰਾਹਾਂ ਨਾਲ ਮੇਰੀ ਏਨੀ ਜ਼ਿਆਦਾ ਸਾਂਝ ਬਣ ਜਾਵੇਗੀ। ਮੈਂ ਆਪਣੇ ਬੀਜੀ ਦੇ ਨਾਲ ਕਈ ਵਾਰੀ ਧਰਮ ਯੁੱਧ ਮੋਰਚੇ ਵਿਚ ਗ੍ਰਿਫ਼ਤਾਰੀ ਦਿੱਤੀ। ਸਾਨੂੰ ਅਕਸਰ ਲੁਧਿਆਣਾ ਜੇਲ੍ਹ ਵਿਚ ਹੀ ਰੱਖਿਆ ਜਾਂਦਾ ਅਤੇ ਇਕ ਦਿਨ ਰੱਖ ਕੇ ਅਗਲੇ ਦਿਨ ਛੱਡ ਦਿੱਤਾ ਜਾਂਦਾ।

ਇਸ ਧਰਮ ਯੁੱਧ ਵਿਚ ਆਇਆ ਅਹਿਮ ਮੋੜ ਸਮੁੱਚੀ ਸਿੱਖ ਕੌਮ ਲਈ ਦੁਖਦਾਈ ਸੀ। ਜਿਨ੍ਹਾਂ ਸਿੱਖਾਂ ਨੂੰ ਹਰਿਮੰਦਰ ਸਾਹਿਬ ਦੀ ਗੋਦ ਵਿਚ ਬੈਠ ਕੇ ਕੀਰਤਨ ਸਰਵਣ ਰਾਹੀਂ ਆਪਣੇ ਤਪਦੇ ਹਿਰਦੇ ਠਾਰਨ ਦਾ ਅਮਲ ਸੀ, ਹਰਿਮੰਦਰ ਸਾਹਿਬ 'ਤੇ ਚੜ੍ਹੇ ਟੈਂਕਾਂ ਦੀ ਖ਼ਬਰ ਨੇ, ਉਨ੍ਹਾਂ ਹਿਰਦਿਆਂ ਅੰਦਰ ਕਿੰਨੀ ਕੁ ਹਲਚਲ ਮਚਾਈ, ਇਸ ਤੱਥ ਨੂੰ ਕਿਸੇ 'ਗ਼ੈਰ' ਦਾ ਹਿਰਦਾ ਨਹੀਂ ਸਮਝ ਸਕਦਾ।

ਮੇਰੀ ਉਮਰ ਉਦੋਂ 12 ਸਾਲ ਦੀ ਸੀ। ਪਿੰਡ ਵਿਚ ਕਿਸੇ ਘਰ ਜੰਵ ਆਈ ਸੀ ਤੇ ਮੈਂ ਉਸ ਘਰ ਦੇ ਵਿਹੜੇ ਵਿਚ ਖਲੋਤੀ ਜੰਵ ਵੇਖ ਰਹੀ ਸਾਂ, ਜਦੋਂ ਮੇਰੀ ਛੋਟੀ ਭੈਣ ਨੇ ਕਾਹਲੀ ਨਾਲ ਦਰਬਾਰ ਸਾਹਿਬ 'ਚ ਫ਼ੌਜ ਦਾਖ਼ਲ ਹੋ ਜਾਣ ਬਾਰੇ ਮੈਨੂੰ ਆ ਕੇ ਦੱਸਿਆ। ਦਰਬਾਰ ਸਾਹਿਬ ਅੰਦਰ ਫ਼ੌਜ ਦੇ ਦਾਖਲ ਹੋਣ ਦੀ ਖ਼ਬਰ ਨਾਲ ਮੈਂ ਇਕ ਵਾਰ ਫਿਰ ਦਰਬਾਰ ਸਾਹਿਬ ਅੰਦਰ ਹੁੰਦੇ ਕੀਰਤਨ ਦੀ ਗੂੰਜਦੀ ਧੁਨ ਸੁਣੀ।

ਮੇਰੀ ਮਾਨਸਿਕਤਾ ਉਪਰ ਬੰਬ ਬਣ ਕੇ ਫਟੀ ਇਸ ਖ਼ਬਰ ਨਾਲ ਜੋ ਘਾਤਕ ਅਹਿਸਾਸ ਹੋਇਆ, ਉਹ ਮੈਨੂੰ ਅੱਜ ਵੀ ਯਾਦ ਹੈ, ਪਰ ਮੇਰੇ ਵਿਚ ਏਨੀ ਸਮਰੱਥਾ ਨਹੀਂ ਕਿ ਮੈਂ ਉਸ ਨੂੰ ਸ਼ਬਦਾਂ ਰਾਹੀਂ ਬਿਆਨ ਕਰ ਸਕਾਂ।

ਮੈਂ ਕਾਹਲੀ ਨਾਲ ਘਰ ਵਾਪਸ ਪਰਤ ਆਈ। ਧਰਮ ਯੁੱਧ ਮੋਰਚੇ ਵਿਚ ਇਸ ਅਹਿਮ ਮੋੜ ਪਿੱਛੋਂ ਪੰਥਕ ਕਾਫਲੇ ਦੇ ਨਾਲ ਤੁਰਨਾ ਮੈਂ ਆਪਣੀ ਜ਼ਿੰਮੇਵਾਰੀ ਮੰਨ ਰਹੀ ਸੀ।

ਸ੍ਰੀ ਹਰਿਮੰਦਰ ਸਾਹਿਬ 'ਤੇ ਫੌਜ ਦੇ ਹਮਲੇ ਦੀ ਖ਼ਬਰ ਪਿੰਡ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ ਸੀ ਤੇ ਇਸ ਨੇ ਸ੍ਰੀ ਹਰਿਮੰਦਰ ਸਾਹਿਬ ਪ੍ਰਤੀ ਡੂੰਘੀ ਸ਼ਰਧਾ ਰੱਖਣ ਵਾਲੇ ਹਿਰਦਿਆਂ ਵਿਚ ਅੱਗ ਦੇ ਭਾਂਬੜ ਬਾਲ ਦਿੱਤੇ ਸਨ। ਸਿੰਘਾਂ ਸਿੰਘਣੀਆਂ ਦੇ ਆਪ ਮੁਹਾਰੇ ਬਣ ਰਹੇ ਜਥੇ ਸ੍ਰੀ ਅੰਮ੍ਰਿਤਸਰ ਸਾਹਿਬ ਵਲ ਕੂਚ ਕਰਨ ਲਈ ਬੇਤਾਬ ਸਨ। ਮੈਂ ਤੁਰੰਤ ਸ੍ਰੀ ਅੰਮ੍ਰਿਤਸਰ ਵਲ ਤੁਰਨ ਵਾਲੇ ਜਥੇ ਸੰਗ ਰਲ਼ ਕੇ ਸ੍ਰੀ ਹਰਿਮੰਦਰ ਸਾਹਿਬ ਪਹੁੰਚਣ ਦਾ ਫੈਸਲਾ ਕਰ ਲਿਆ। ਉਹ ਹਰਿਮੰਦਰ ਜੋ ਹਰੇਕ ਸਿੱਖ ਨੂੰ ਜਾਨ ਤੋਂ ਵਧ ਪਿਆਰਾ ਹੈ। ਅੱਜ ਵੀ ਜਦੋਂ ਮੈਂ ਇਸ ਅਹਿਮ ਸਾਕੇ ਬਾਰੇ ਸਟੇਜ ਤੋਂ ਬੋਲੀ ਜਾਂਦੀ ਇਕ ਬੱਚੀ ਦੀ ਵੇਦਨਾ:

'ਉੱਠ ਜਾਗ ਨੀਂ ਮਾਏਂ ਸੁੱਤੀਏ
ਅੰਮ੍ਰਿਤਸਰ ਉੱਡਦੀ ਧੂੜ ਨੀਂ
ਮੇਰਾ ਸੋਹਣਾ ਤਖ਼ਤ ਅਕਾਲ ਦਾ
ਕਰ ਦਿੱਤਾ ਚਕਨਾਚੂਰ ਨੀਂ'

ਸੁਣਦੀ ਹਾਂ ਤਾਂ ਉਹ ਸਮਾਂ ਇਕ ਵਾਰ ਫਿਰ ਯਾਦਾਂ 'ਚ ਸਾਕਾਰ ਹੋ ਉੱਠਦਾ ਹੈ।

'ਗੁਰਦੁਆਰੇ ਅਨਾਊਂਸਮੈਂਟ ਹੋ ਗਈ ਸੀ, ਜਥੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਲ ਜਾ ਰਹੇ ਹਨ, ਜਿਸ ਨੇ ਵੀ ਜਾਣਾ ਹੈ, ਪਿੰਡ ਦੇ ਮੋੜ 'ਤੇ ਇਕੱਠੇ ਹੋ ਜਾਓ।'

ਮੈਂ ਹਮੇਸ਼ਾ ਗ੍ਰਿਫ਼ਤਾਰੀ ਦੇਣ ਲਈ ਬੀਜੀ ਦੇ ਨਾਲ ਹੀ ਜਾਇਆ ਕਰਦੀ ਸਾਂ, ਪਰ ਉਹ ਤਾਂ ਪਿੰਡ ਵਿਚ ਬੀਬੀਆਂ ਦੀ ਜਥੇਦਾਰਨੀ ਹੋਣ ਕਾਰਨ 2 ਜੂਨ ਨੂੰ ਹੀ ਪੰਜ ਬੀਬੀਆਂ ਦਾ ਜਥਾ ਲੈ ਕੇ ਪਿੰਡੋਂ ਸ੍ਰੀ ਦਰਬਾਰ ਸਾਹਿਬ ਲਈ ਗਏ ਹੋਏ ਸਨ, ਸੋ ਮੈਨੂੰ ਆਪਣੇ ਤੌਰ 'ਤੇ ਜਥੇ ਵਿਚ ਰਲ ਕੇ ਸ੍ਰੀ ਅੰਮ੍ਰਿਤਸਰ ਜਾਣਾ ਪੈਣਾ ਸੀ। ਦਾਰਜੀ (ਮੇਰੇ ਡੈਡੀ) ਪਿੰਡ ਦੇ ਹੋਰ ਮੋਹਤਬਰ ਬੰਦਿਆਂ ਦੇ ਨਾਲ ਘਰ-ਘਰ ਜਾ ਕੇ ਸ੍ਰੀ ਦਰਬਾਰ ਸਾਹਿਬ ਉੱਪਰ ਫੌਜੀ ਹਮਲੇ ਬਾਰੇ ਦੱਸਦਿਆਂ ਦਰਬਾਰ ਸਾਹਿਬ ਵਲ ਮਾਰਚ ਕਰਨ ਦਾ ਸੁਨੇਹਾ ਦੇਣ ਲੱਗੇ ਤਾਂ ਮੈਂ ਵੀ ਘਰੋਂ ਨਿਕਲ ਤੁਰੀ। ਦਾਰਜੀ ਦੀ ਨਜ਼ਰ ਮੇਰੇ 'ਤੇ ਪਈ ਤਾਂ ਉਹ ਸ਼ਾਇਦ ਮੇਰੀ ਮਨੋਅਵਸਥਾ ਨੂੰ ਤਾੜ ਗਏ। ਉਨ੍ਹਾਂ ਨੇ ਉਸੇ ਵੇਲੇ ਮੇਰਾ ਰਾਹ ਰੋਕ ਲਿਆ ਤੇ ਪੁੱਛਣ ਲੱਗੇ :

"ਤੂੰ ਕਿੱਧਰ?"

ਮੈਨੂੰ ਕੋਈ ਜਵਾਬ ਨਾ ਅਹੁੜਿਆ।

"ਬੇਟਾ ਤੂੰ ਨੀਂ ਜਾਣਾ, ਤੂੰ ਘਰ ਬਹਿ ਜਾ ਕੇ..." ਉਨ੍ਹਾਂ ਨੇ ਮੈਨੂੰ ਪੱਕੀ ਕੀਤੀ।

"ਜੇ ਤੁਸੀਂ ਜਾਓਗੇ ਫਿਰ ਮੈਂ ਵੀ ਜਾਊਂ..." ਮੈਂ ਸੋਚ ਕੇ ਜਵਾਬ ਦਿੱਤਾ।

"ਨਈਂ...ਤੁਹਾਡੀ ਮੰਮੀ ਪਹਿਲਾਂ ਗਈ ਹੋਈ ਆ....ਮੈਂ ਨੀਂ ਜਾਣਾ। ਮੈਂ ਘਰੇ ਈ ਰਹਿਣੈਂ...।" ਉਨ੍ਹਾਂ ਨੇ ਭਰੋਸਾ ਦਿੱਤਾ ਤੇ ਮੇਰੇ ਤੋਂ ਵਾਪਸ ਜਾਣ ਦਾ ਭਰੋਸਾ ਲੈ ਕੇ ਉਹ ਅਗਾਂਹ ਤੁਰ ਪਏ।

ਉਨ੍ਹਾਂ ਦੇ ਤੁਰਨ ਪਿੱਛੋਂ ਮੈਂ ਵੀ ਪਿੱਛੇ ਨੂੰ ਤੁਰ ਪਈ ਤੇ ਵਾਪਸ ਘਰ ਜਾਣ ਦੀ ਬਜਾਏ ਪਿੰਡ ਦੇ ਮੋੜ 'ਤੇ ਜਾ ਪਹੁੰਚੀ, ਜਿੱਥੇ ਲੋਕ ਇਕੱਠੇ ਹੋ ਰਹੇ ਸਨ। ਮੈਂ ਜਥੇ ਦੇ ਨਾਲ ਹਰ ਹਾਲਤ ਵਿਚ ਜਾਣ ਦਾ ਦ੍ਰਿੜ੍ਹ ਫੈਸਲਾ ਕਰ ਚੁੱਕੀ ਸਾਂ। ਮੈਂ ਆਪਣਿਆਂ ਜਾਣੂ ਨਜ਼ਰਾਂ ਤੋਂ ਬੱਚਦੀ ਭੀੜ ਵਿਚ ਰਲ਼ ਗਈ।

ਅਰਦਾਸ ਕਰਕੇ ਜਦੋਂ ਜਥਾ ਤੁਰਿਆ ਤਾਂ ਮੈਨੂੰ ਉਦੋਂ ਪਹਿਲਾ ਝਟਕਾ ਲੱਗਾ, ਜਦੋਂ ਸਾਡੀ ਗੁਆਂਢਣ ਚਾਚੀ ਪੂਰੋ ਨੇ ਇਕਦਮ ਪਤਾ ਨਹੀਂ ਕਿਹੜੇ ਪਾਸਿਓਂ ਆ ਕੇ ਮੇਰੀ ਬਾਂਹ ਫੜ ਲਈ ਤੇ ਝਿੜਕਦੀ ਹੋਈ ਘਰ ਵਾਪਸ ਜਾਣ ਲਈ ਕਹਿਣ ਲੱਗੀ। ਇਹ ਪਹਿਲੀ ਰੁਕਾਵਟ ਸੀ। ਮੈਂ ਰੋਣ ਲੱਗ ਪਈ ਤੇ ਜਥੇ ਦੇ ਨਾਲ ਜਾਣ ਲਈ ਜ਼ਿੱਦ ਕਰਨ ਲੱਗੀ। ਉਸ ਨੇ ਕਿਹਾ, "ਤੇਰੀ ਮੰਮੀ ਕਹੂ ਕਿ ਤੁਸੀਂ ਪਿੱਛੇ ਮੇਰੇ ਨਿਆਣੇ ਈ ਨੀਂ ਸੰਭਾਲੇ...।"

ਮੇਰਾ ਹਠ ਵੇਖ ਕੇ ਉਹ ਮੇਰੀ ਬਾਂਹ ਫੜ ਕੇ ਮੈਨੂੰ ਮੇਰੇ ਘਰ ਵਲ ਲੈ ਤੁਰੀ। ਘਰ ਵਿਚ ਇਸ ਵੇਲੇ ਮੇਰੇ ਦਾਦੀ ਜੀ ਸਨ। ਚਾਚੀ ਪੂਰੋ ਨੇ ਮੈਨੂੰ ਮੇਰੇ ਦਾਦੀ ਜੀ ਦੇ ਹਵਾਲੇ ਕੀਤਾ ਅਤੇ ਰੋਕ ਕੇ ਰੱਖਣ ਦੀ ਪੱਕੀ ਕਰ ਕੇ ਵਾਪਸ ਚਲੀ ਗਈ। ਮੈਂ ਦਾਦੀ ਜੀ ਨੂੰ ਯਕੀਨ ਦਿਵਾਇਆ ਕਿ ਮੈਂ ਕਿਤੇ ਨਹੀਂ ਜਾਂਦੀ। ਜਦੋਂ ਪਿੰਡੋਂ ਜਥਾ ਤੁਰ ਗਿਆ ਤਾਂ ਫਿਰ ਮੇਰੀ ਨਿਗਰਾਨੀ ਹੋਣੀ ਬੰਦ ਹੋ ਗਈ। ਮੌਕਾ ਵੇਖ ਕੇ ਮੈਂ ਫਿਰ ਘਰੋਂ ਨਿਕਲ ਤੁਰੀ। ਮੈਨੂੰ ਪਤਾ ਸੀ ਕਿ ਆਸ-ਪਾਸ ਦੇ ਪਿੰਡਾਂ ਵਿਚੋਂ ਸਾਰੇ ਜਥੇ ਗੁਰਦੁਆਰਾ ਟਾਹਲੀ ਸਾਹਿਬ ਪਿੰਡ ਭੰਗਾਲੀ ਇਕੱਠੇ ਹੋਣੇ ਹਨ। ਸਾਈਕਲ 'ਤੇ ਜਾ ਰਹੇ ਦੋ ਰਾਹੀਆਂ ਨੂੰ ਮੈਂ ਟਾਹਲੀ ਸਾਹਿਬ ਜਾਣ ਬਾਰੇ ਕਹਿ ਕੇ ਇਕ ਸਾਈਕਲ ਪਿੱਛੇ ਬੈਠ ਗਈ ਤੇ ਟਾਹਲੀ ਸਾਹਿਬ ਜਾ ਪਹੁੰਚੀ।

ਟਾਹਲੀ ਸਾਹਿਬ ਪਹੁੰਚ ਕੇ ਇਕ ਹੋਰ ਮੁਸ਼ਕਲ ਦਾ ਪਤਾ ਲੱਗਾ। ਉਥੇ ਬਾਬਾ ਜੀ ਬੀਬੀਆਂ ਦੇ ਜਥੇ ਨੂੰ ਅੱਗੇ ਜਾਣ ਤੋਂ ਮਨ੍ਹਾ ਕਰ ਰਹੇ ਸਨ ਤੇ ਬੀਬੀਆਂ ਜਥੇ ਨਾਲ ਜਾਣ ਦੀ ਜ਼ਿਦ ਕਰਦੀਆਂ ਹੋਈਆਂ ਵੀ ਦੁਚਿੱਤੀ ਵਿਚ ਸਨ। ਮੈਂ ਕੁਝ ਚਿਰ ਨੀਝ ਲਾ ਕੇ ਸਾਰੇ ਘਟਨਾਕ੍ਰਮ ਨੂੰ ਵੇਖਦੀ ਰਹੀ ਤੇ ਸਮਝ ਗਈ ਕਿ ਬੀਬੀਆਂ ਹੁਣ ਇਸ ਤੋਂ ਅੱਗੇ ਨਹੀਂ ਜਾਣਗੀਆਂ ਤੇ ਇਥੋਂ ਹੀ ਪਿੱਛੇ ਮੁੜ ਜਾਣਗੀਆਂ। ਮੈਂ ਮਨ ਹੀ ਮਨ ਇਕ ਵਾਰ ਫਿਰ ਫੈਸਲਾ ਕੀਤਾ ਤੇ ਅਛੋਪਲੇ ਹੀ ਅਗਾਂਹ ਵਧ ਰਹੇ ਸਿੰਘਾਂ ਦੇ ਜਥੇ ਵਿਚ ਜਾ ਰਲੀ...ਤੇ ਕੁਝ ਵਿੱਥ ਬਣਾ ਕੇ ਪਿੱਛੇ ਪਿੱਛੇ ਤੁਰ ਪਈ।

ਕੁਝ ਸਮਾਂ ਤਾਂ ਕਿਸੇ ਨੇ ਨਾ ਗੌਲਿਆ, ਪਰ ਜਦੋਂ ਦੋ ਕੁ ਕਿਲੋਮੀਟਰ ਦਾ ਪੰਧ ਤੈਅ ਹੋ ਗਿਆ ਤਾਂ ਮੇਰੇ ਅੱਗੇ ਅੱਗੇ ਤੁਰ ਰਹੇ ਦੋ ਬਜ਼ੁਰਗਾਂ ਨੂੰ ਸ਼ਾਇਦ ਪਤਾ ਲੱਗ ਗਿਆ ਕਿ ਇਹ ਕੁੜੀ ਕਿਤੇ ਹੋਰ ਨਹੀਂ, ਬਲਕਿ ਜਥੇ ਦੇ ਨਾਲ ਹੀ ਜਾ ਰਹੀ ਹੈ। ਉਹ ਦੋ ਬਜ਼ੁਰਗ ਰੁਕ ਗਏ ਤੇ ਮੇਰੀ ਉਡੀਕ ਕਰਨ ਲੱਗ ਪਏ।

ਮੈਂ ਸਮਝ ਗਈ ਕਿ ਇਹ ਵੀ ਹੁਣ ਮੈਨੂੰ ਰੋਕਣਗੇ। ਬਾਕੀ ਜਥਾ ਰਵਾਂ-ਰਵੀਂ ਤੁਰਿਆ ਜਾ ਰਿਹਾ ਸੀ। ਮੈਂ ਰੁਕ ਜਾਂਦੀ ਜਾਂ ਕੁਝ ਦੇਰ ਲਈ ਆਸੇ ਪਾਸੇ ਹੋ ਜਾਂਦੀ ਤਾਂ ਜਥੇ ਤੋਂ ਨਿੱਖੜ ਜਾਣ ਦਾ ਡਰ ਵੀ ਸੀ। ਸੋ, ਮੈਂ ਹੌਸਲਾ ਕੀਤਾ ਅਤੇ ਕਾਹਲੀ ਕਾਹਲੀ ਕਦਮ ਪੁੱਟਦੀ ਹੋਈ ਉਨ੍ਹਾਂ ਦੋਹਾਂ ਬਜ਼ੁਰਗਾਂ ਨੂੰ ਨਜ਼ਰ-ਅੰਦਾਜ਼ ਕਰਦਿਆਂ ਜਥੇ ਦੇ ਵਿਚ ਰਲਣ ਲਈ ਜਦੋਂ ਉਨ੍ਹਾਂ ਦੇ ਕੋਲ ਦੀ ਲੰਘੀ ਤਾਂ ਇਕ ਬਜ਼ੁਰਗ ਨੇ ਛੇਤੀ ਨਾਲ ਅੱਗੇ ਵਧ ਕੇ ਮੇਰੀ ਬਾਂਹ ਫੜ ਲਈ ਤੇ ਝਿੜਕਦਿਆਂ ਕਹਿਣ ਲੱਗਾ, "ਤੂੰ ਕੁੜੀਏ ਕਿਧਰ ਨਾਲ ਤੁਰੀ ਆਉਨੀ ਐਂ...ਜਾਹ ਪੁੱਤ ਘਰ ਮੁੜ ਜਾਹ ਪਿੱਛੇ ਘਰ ਦੇ ਉਡੀਕਦੇ ਹੋਣਗੇ।"

ਮੈਂ ਪਟਾਕ ਦੇਣੇ ਪਹਿਲਾਂ ਹੀ ਸੋਚਿਆ ਹੋਇਆ ਜਵਾਬ ਦਿੱਤਾ, "ਮੇਰਾ ਸਾਰਾ ਪਰਿਵਾਰ ਈ ਜਥੇ ਦੇ ਨਾਲ ਆ...। ਮੈਂ ਕੱਲੀ ਨੀਂ ਘਰ ਰਹਿਣਾ...।"

ਉਹ ਕੁਝ ਚਿਰ ਆਪਸ ਵਿਚ ਸਲਾਹ ਕਰਦੇ ਰਹੇ ਤੇ ਫਿਰ ਇਕ ਕਹਿਣ ਲੱਗਾ ਕਿ ਰਾਹ 'ਚ ਆਪਾਂ ਇਹਨੂੰ ਆਪਣੇ ਫਲਾਣੇ ਰਿਸ਼ਤੇਦਾਰ ਦੇ ਘਰ ਛੱਡ ਦਿਆਂਗੇ ਤੇ ਵਾਪਸ ਜਾਂਦੇ ਹੋਏ ਨਾਲ ਲੈ ਜਾਵਾਂਗੇ। ਸ਼ਾਇਦ ਇਹ ਦੋਵੇਂ ਬਜ਼ੁਰਗ ਹੀ ਸਨ, ਜੋ ਵਾਪਸ ਮੁੜਨ ਦੀ ਉਮੀਦ ਰੱਖਦੇ ਸਨ, ਬਾਕੀ ਜਥੇ ਵਿਚੋਂ ਕੋਈ ਵੀ ਵਾਪਸ ਮੁੜਨ ਦੀ ਤਾਂਘ ਰੱਖ ਕੇ ਨਹੀਂ ਸੀ ਤੁਰਿਆ। ਮੈਂ ਥੋੜ੍ਹਾ ਅੱਗੇ ਜਾ ਕੇ ਭੱਜ ਕੇ ਉਨ੍ਹਾਂ ਬਜ਼ੁਰਗਾਂ ਤੋਂ ਅੱਗੇ ਲੰਘ ਗਈ ਤੇ ਜਥੇ ਦੇ ਵਿਚ ਜਾ ਰਲੀ।

ਇਸ ਜਥੇ ਦਾ ਥਾਂ-ਥਾਂ 'ਤੇ ਬੜੇ ਹੀ ਜਜ਼ਬਾਤੀ ਢੰਗ ਨਾਲ ਸਵਾਗਤ ਹੋ ਰਿਹਾ ਸੀ ਤੇ ਕੁਝ ਛਕਣ ਛਕਾਉਣ ਦਾ ਜ਼ੋਰ ਲਾ ਕੇ ਵਿਦਾਇਗੀ ਵੀ ਬੜੇ ਜਜ਼ਬਾਤੀ ਢੰਗ ਨਾਲ ਹੋ ਰਹੀ ਸੀ। ਲੰਗਰਾਂ ਦਾ ਤਾਂ ਇੰਤਜ਼ਾਮ ਨਹੀਂ ਸੀ, ਪਰ ਰਾਹ 'ਚ ਆਉਂਦੇ ਖਰਬੂਜਿਆਂ ਦੇ ਖੇਤਾਂ ਵਾਲੇ ਕਿਸਾਨਾਂ ਦੀ ਖੁੱਲ੍ਹੀ ਪੇਸ਼ਕਸ਼ ਹੋ ਰਹੀ ਸੀ ਕਿ ਜਿੰਨੇ ਮਰਜ਼ੀ ਖਰਬੂਜੇ ਤੋੜ ਕੇ ਖਾਓ।

ਮੈਨੂੰ ਅਜੀਬ ਲੱਗ ਰਿਹਾ ਸੀ। ਅਸੀਂ ਅਕਸਰ ਪਿੰਡ ਵਿਚਲੇ ਸੂਬੇਦਾਰ ਦੇ ਬਾਗ ਵਿਚੋਂ ਅੰਬ ਤੋੜ ਲੈਂਦੇ ਤਾਂ ਰਾਜੂ ਨਾਂ ਦਾ ਇਕ ਲੜਕਾ ਡੰਡਾ ਲੈ ਕੇ ਸਾਡੇ ਪਿੱਛੇ ਭੱਜਦਾ ਸੀ। ਪਰ ਅੱਜ ਕੀ ਹੋ ਗਿਆ ਸੀ ਕਿ ਖੇਤਾਂ ਵਾਲੇ ਖੁੱਲ੍ਹੀ ਛੁੱਟੀ ਦੇ ਰਹੇ ਸਨ ਕਿ ਬੇਸ਼ੱਕ ਸਾਰਾ ਖੇਤ ਉਜਾੜ ਦਿਓ, ਪਰ ਕਿਸੇ ਨੂੰ ਕੁਝ ਵੀ ਖਾਣ ਦੀ ਇੱਛਾ ਨਹੀਂ ਸੀ। ਕੁਝ ਖਾਣ ਨੂੰ ਚਿੱਤ ਨਹੀਂ ਸੀ ਕਰਦਾ। ਪਰ ਖਾਣ ਲਈ ਜ਼ੋਰ ਲਾਉਣ ਵਾਲਾ ਹਰ ਸ਼ਖਸ ਹੀ ਸ਼ਾਇਦ ਜਾਣਦਾ ਸੀ ਕਿ ਇਹ ਕਾਫਲਾ ਉਨ੍ਹਾਂ ਦਾ ਹੀ ਹੈ, ਜਿਨ੍ਹਾਂ ਦੀ ਭੁੱਖ ਮਰ ਚੁੱਕੀ ਹੈ।

ਮੈਨੂੰ ਕਈ ਲੋਕਾਂ ਨੇ ਕੁਝ ਖਾ ਲੈਣ ਲਈ ਕਿਹਾ, ਪਰ ਖਾਣ ਦੀ ਹੋਸ਼ ਕਿਸਨੂੰ ਸੀ? ਮੈਂ ਮਨ ਵਿਚ ਸੋਚਦੀ ਜਾ ਰਹੀ ਸੀ ਕਿ ਦੋ ਤਰੀਕ ਨੂੰ ਬੀਬੀਆਂ ਦਾ ਜਥਾ ਲੈ ਕੇ ਗਏ ਮੇਰੇ ਬੀਜੀ ਨੂੰ ਵੀ ਮਾਰ ਦਿੱਤਾ ਗਿਆ ਹੋਊ ਜਾਂ ਉਹ ਅਜੇ ਜਿਊਂਦੇ ਹੋਣਗੇ? ਜੇ ਜਿਊਂਦੇ ਹੋਣਗੇ ਤਾਂ ਕੀ ਮੈਂ ਉਨ੍ਹਾਂ ਨੂੰ ਲੱਭ ਲਵਾਂਗੀ? ਮੈਂ ਉੱਡ ਕੇ ਸ੍ਰੀ ਦਰਬਾਰ ਸਾਹਿਬ ਪਹੁੰਚ ਜਾਣਾ ਚਾਹੁੰਦੀ ਸਾਂ, ਪਰ ਇਹ ਸੰਭਵ ਨਹੀਂ ਸੀ। ਇਉਂ ਜਾਪਦਾ ਸੀ ਜਿਵੇਂ ਪਿੰਡਾਂ ਦੇ ਪਿੰਡ ਹੀ ਇਕ 'ਲੋਕ ਹੜ੍ਹ' ਬਣ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਵਲ ਵਗ ਤੁਰੇ ਹੋਣ। ਨਾਲ ਦੇ ਬਜ਼ੁਰਗਾਂ ਨੇ ਦੋ ਤਿੰਨ ਖਰਬੂਜੇ ਤੋੜ ਕੇ ਆਪਣੇ ਕੋਲ ਰੱਖ ਲਏ, ਕਹਿੰਦੇ 'ਇਹ ਕੁੜੀ ਨੂੰ ਭੁੱਖ ਲੱਗੀ ਤਾਂ ਖੁਆ ਦਿਆਂਗੇ...।' ਉਹ ਰਾਹ 'ਚ ਮੈਨੂੰ ਖਾਣ ਲਈ ਕਹਿੰਦੇ ਰਹੇ, ਪਰ ਮੈਂ ਨਾ ਖਾਧੇ। ਅਖੀਰ ਉਨ੍ਹਾਂ ਨੇ ਆਪ ਹੀ ਖਾ ਲਏ।

ਤੇ ਫਿਰ ਇਕ ਥਾਂ ਜਾ ਕੇ ਇਹ ਮਨੁੱਖੀ ਹੜ੍ਹ ਰੁਕ ਕੇ ਇਕੱਠਾ ਹੋ ਰਿਹਾ ਸੀ। ਕਹਿ ਰਹੇ ਸਨ ਕਿ ਇਥੋਂ ਅੰਮ੍ਰਿਤਸਰ ਬਾਈਪਾਸ ਤਿੰਨ ਕਿਲੋਮੀਟਰ ਦੂਰ ਹੈ। ਇਥੇ ਕੁਝ ਪ੍ਰਭਾਵਸ਼ਾਲੀ ਪਤਵੰਤੇ ਤਕਰੀਰਾਂ ਕਰ ਰਹੇ ਸਨ। ਇਨ੍ਹਾਂ ਤਕਰੀਰਾਂ ਵਿਚ 'ਜੋਸ਼' ਦੇ ਨਾਲ ਨਾਲ 'ਹੋਸ਼' ਤੋਂ ਕੰਮ ਲੈਣ ਬਾਰੇ ਕਿਹਾ ਜਾ ਰਿਹਾ ਸੀ।

ਹਰ ਇਕ ਬੁਲਾਰਾ ਕਹਿ ਰਿਹਾ ਸੀ ਕਿ ਇਸ ਥਾਂ ਤੋਂ ਅੱਗੇ ਪਹਿਲਾਂ ਜੋ ਵੀ ਗਿਆ ਹੈ, ਉਹ ਫੌਜ ਨੇ ਮਾਰ ਦਿੱਤਾ ਹੈ। ਅਣਿਆਈ ਮੌਤੇ ਮਰਨ ਦੀ ਬਜਾਏ ਸੰਤਾਂ ਦੇ ਇਸ ਹੁਕਮ ਦੀ ਪਾਲਨਾ ਕੀਤੀ ਜਾਵੇ ਕਿ ਦਰਬਾਰ ਸਾਹਿਬ 'ਤੇ ਹਮਲੇ ਦੀ ਖ਼ਬਰ ਸੁਣ ਕੇ ਆਪੋ-ਆਪਣੇ ਪਿੰਡਾਂ ਵਿਚ ਐਕਸ਼ਨ ਅਰੰਭ ਕਰ ਦਿੱਤਾ ਜਾਵੇ।

ਮੈਂ ਧਿਆਨ ਨਾਲ ਇਕ ਇਕ ਤਕਰੀਰ ਸੁਣਦੀ ਰਹੀ। ਮੈਨੂੰ ਮਹਿਸੂਸ ਹੋ ਗਿਆ ਕਿ ਸਾਰੇ ਜਥੇ ਇਥੋਂ ਵਾਪਸ ਤੁਰ ਜਾਣਗੇ। ਵਿਚੋਂ ਕੁਝ ਲੋਕ ਅਜਿਹੇ ਵੀ ਸਨ, ਜਿਹੜੇ ਕਿਸੇ ਵੀ ਹਾਲਤ ਵਿਚ ਵਾਪਸ ਪਰਤਣ ਲਈ ਰਾਜ਼ੀ ਨਹੀਂ ਸਨ। ਉਨ੍ਹਾਂ ਨੇ ਮੇਰੀ ਟੁੱਟਦੀ ਆਸ ਦੀ ਕਿਰਨ ਨੂੰ ਮੁੜ ਜਗਾ ਦਿੱਤਾ ਤੇ ਮੈਂ ਉਨ੍ਹਾਂ ਦੇ ਗਰੁੱਪ ਦੇ ਨੇੜੇ ਜਾ ਖਲੋਤੀ। ਅਚਾਨਕ ਹੀ ਮੇਰਾ ਆਪਣੇ ਪਿੰਡ ਦੇ ਸਿੰਘਾਂ ਨਾਲ ਸਾਹਮਣਾ ਹੋ ਗਿਆ। ਚਾਚੇ ਕੰਤੇ ਨੇ ਮੈਨੂੰ ਤੁਰੰਤ ਪਛਾਣ ਲਿਆ ਤੇ ਉਨ੍ਹਾਂ ਵਿਚੋਂ 'ਬਾਪੂ ਅਕਾਲੀ' ਕਹਿ ਕੇ ਬੁਲਾਏ ਜਾਂਦੇ ਬਜ਼ੁਰਗ ਨੇ ਆ ਕੇ ਮੈਨੂੰ ਗੁੱਟ ਤੋਂ ਫੜ ਲਿਆ ਤੇ ਕਹਿਣ ਲੱਗਾ, 'ਓ ਕੁੜੀਏ, ਬੀਬੀਆਂ ਦਾ ਜਥਾ ਤਾਂ ਕਦੋਂ ਦਾ ਮੁੜ ਗਿਐ...ਤੂੰ ਐਥੋਂ ਤੱਕ ਕਿਵੇਂ ਆ ਗਈ?'


ਮੈਂ ਕਈ ਬਹਾਨੇ ਲਾ ਕੇ ਗੁੱਟ ਛੁਡਾਉਣ ਦੀ ਕੋਸ਼ਿਸ਼ ਕੀਤੀ, ਪਰ ਬਾਪੂ ਅਕਾਲੀ ਨੇ ਮੇਰਾ ਗੁੱਟ ਹੋਰ ਘੁੱਟ ਕੇ ਫੜ ਲਿਆ। ਮੈਂ ਸਮਝ ਗਈ ਕਿ ਹੁਣ ਕੋਈ ਚਾਰਾ ਨਹੀਂ। ਵੈਸੇ ਬੁਲਾਰਿਆਂ ਵਲੋਂ ਜੋ ਸੰਤਾਂ ਦੇ ਹੁਕਮ ਦਾ ਵਾਰ ਵਾਰ ਹਵਾਲਾ ਦਿੱਤਾ ਜਾਂਦਾ ਸੀ, ਉਸ ਨੇ ਵੀ ਮੇਰੇ ਮਨ 'ਤੇ ਕੁਝ ਅਸਰ ਕੀਤਾ ਸੀ।

ਸ਼ਾਇਦ ਇਹੀ ਕਾਰਨ ਸੀ ਜਿਸ ਨਾਲ ਮੇਰੇ ਕਦਮ 'ਰੀਐਕਸ਼ਨ' ਵਾਲੇ ਰਾਹਾਂ 'ਤੇ ਤੁਰਨ ਲਈ ਉਦੋਂ ਤੱਕ ਬੇਤਾਬ ਰਹੇ ਜਦੋਂ ਤੱਕ ਮੈਂ ਜੁਝਾਰੂ ਕਾਫਲੇ ਨਾਲ ਨਾ ਜਾ ਰਲੀ।

ਪਿੰਡੋਂ ਜਥੇ ਨਾਲ ਧਰਮ ਯੁੱਧ ਮੋਰਚੇ ਲਈ ਜਾਣ ਸਮੇਂ ਮੈਂ ਸਰਸਰੀ ਤੌਰ 'ਤੇ ਕਈ ਵਾਰ ਸੰਤਾਂ ਦੇ ਦਰਸ਼ਨ ਕੀਤੇ ਸਨ, ਪਰ ਜਦੋਂ ਉਹ ਨਾਸਰਕੇ ਪਿੰਡ ਧਰਮ ਪ੍ਰਚਾਰ ਲਈ ਆਏ ਸਨ ਤਾਂ ਉਦੋਂ ਮੈਨੂੰ ਖੁੱਲ੍ਹ ਕੇ ਉਨ੍ਹਾਂ ਦੇ ਵਿਚਾਰ ਸੁਣਨ ਦਾ ਮੌਕਾ ਨਸੀਬ ਹੋਇਆ ਸੀ।

ਵਾਪਸ ਜਾ ਰਹੇ ਕਾਫਲੇ ਵਿਚ ਮਜਬੂਰੀ ਵਿਚ ਮੈਂ ਤੁਰੀ ਜਾ ਰਹੀ ਸੀ, ਪਰ ਮੇਰਾ ਮਨ ਕਿਸੇ ਹੋਰ ਹੀ ਰਾਹ 'ਤੇ ਦੌੜ ਰਿਹਾ ਸੀ।

ਧਰਮ ਯੁੱਧ ਦੇ ਕਾਫਲੇ ਦੀਆਂ ਪੈੜਾਂ ਵਿਚ ਇਸ ਤੋਂ ਪਹਿਲਾਂ ਵੀ ਮੇਰੇ ਆਪਣੇ ਕਦਮਾਂ ਦੀ ਪੈੜ ਦੇ ਸ਼ਾਮਲ ਹੋਣ ਦੀ ਹਕੀਕਤ ਵਿਚ ਇਕਰਾਰਨਾਮਾ ਸੀ, ਜੋ ਇਸ ਅਹਿਮ ਮੋੜ ਤੋਂ ਬਾਅਦ ਵੀ ਇਸ ਧਰਮ ਯੁੱਧ ਵਿਚ ਹਿੱਸਾ ਲੈਣ ਲਈ ਪ੍ਰੇਰਿਤ ਕਰ ਰਿਹਾ ਸੀ।





# ਇਰਾਨੀਆਂ ਵਰਗਾ ਹੁਸਨ ਦੁਨੀਆਂ 'ਚ ਹੋਰ ਕਿਤੇ ਨਹੀਂ

## ਸਫ਼ਰ ਜ਼ਿੰਦਗੀ ਦਾ

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ*

ਇਰਾਨੀਆਂ ਵਰਗਾ ਹੁਨਰ ਜਹਾਨ ਵਿਚ ਕਿਤੇ ਨਹੀਂ। ਏਨੇ ਸ਼ੈਦਾਈ ਕਿ ਪੇਪਰ ਕਲਿੱਪ ਵੀ ਬਗੈਰ ਪੇਂਟਿੰਗ ਤੋਂ ਨਹੀਂ ਮਿਲਦੇ। ਹਰੇਕ ਘਰ ਵਿਚ ਪੂਰੇ ਫਰਸ਼ ਕਾਲੀਨਾ ਨਾਲ ਢਕੇ ਹੋਏ। ਪਹਿਲਵੀ ਬਾਦਸ਼ਾਹ ਦਾ ਮਹਲ ਦੰਗ ਕਰ ਦੇਣ ਵਾਲਾ ਹੈ। ਇਕ ਦਿਨ ਵਿਚ ਦੇਖਣ ਵਾਲਾ ਨਹੀਂ ਇਹ। ਜੇ ਹਰ ਚੀਜ਼ ਧਿਆਨ ਨਾਲ ਦੇਖਣੀ ਹੋਵੇ ਤਾਂ ਘੱਟੋ ਘੱਟ ਇਕ ਹਫ਼ਤਾ ਚਾਹੀਦਾ ਹੈ। ਸੰਸਾਰ ਦੇ ਹਰੇਕ ਦੇਸ਼ ਵਿਚੋਂ ਆਈਆਂ ਸੁਗਾਤਾਂ ਸਜੀਆਂ ਪਈਆਂ ਹਨ। ਕਿਸ ਕਿਸ ਦਿਨ, ਕਿਸ ਕਿਸ ਦੇਸ਼ ਬਾਬਤ, ਕੀ ਕੀ ਫੈਸਲੇ ਲਏ ਗਏ ਤੇ ਕਿਸ ਕਿਸ ਕਮਰੇ ਵਿਚ, ਤੁਹਾਨੂੰ ਦੱਸਿਆ ਜਾਂਦਾ ਹੈ। ਲੈਨਿਨ, ਸਟਾਲਿਨ, ਚਰਚਿਲ, ਰੂਜ਼ਵਾਲਟ, ਮਸੋਲਿਨੀ ਨਾਲ ਵਿਚਾਰ ਵਟਾਂਦਰੇ ਕਰਨ ਦੀਆਂ ਬਾਦਸ਼ਾਹ ਦੀਆਂ ਫੋਟੋਆਂ ਮੈਨੂੰ ਜ਼ੁਬਾਨੀ ਯਾਦ ਰਹਿ ਗਈਆਂ, ਕਿਉਂਕਿ ਇਹ ਸਾਰੇ ਹੁਕਮਰਾਨ ਸਾਡੀਆਂ ਯਾਦਾਂ ਵਿਚ ਵਸੇ ਹੋਏ ਹਨ। ਰਥ, ਘੋੜਿਆਂ ਦੇ ਸਾਜ਼, ਜ਼ੇਵਰ, ਸ਼ਰਾਬ ਦੀਆਂ ਸੁਰਾਹੀਆਂ ਤੇ ਪੈਮਾਨੇ, ਸੰਗੀਤ ਦੇ ਸਾਜ਼, ਤੁਹਾਨੂੰ ਥਾਂ ਤੋਂ ਹਿੱਲਣ ਨਹੀਂ ਦਿੰਦੇ। ਇਰਾਨੀਆਂ ਦੇ ਗਲੀਚੇ ਦੇਖ ਕੇ ਮੈਨੂੰ ਆਪਣੇ ਡਰਾਇੰਗ ਰੂਮ ਵਿਚਲਾ ਕਾਲੀਨ ਪੁਰਾਣਾ ਰੁਮਾਲ ਲੱਗਿਆ। ਤਿੰਨ ਇਰਾਨੀ ਪ੍ਰੋਫੈਸਰਾਂ ਦੇ ਪਰਿਵਾਰ ਜੂਨ ਦੇ ਅਖੀਰਲੇ ਹਫ਼ਤੇ ਮੇਰੇ ਘਰ ਆਉਣਗੇ ਤਾਂ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਪਹਿਲਾਂ ਇਹ ਕਾਲੀਨ ਮੈਂ ਵਲ੍ਹੇਟ ਕੇ ਕਿਸੇ ਪਾਸੇ ਲੁਕਾ ਦਿਆਂਗਾ। ਮੇਰਾ ਕਾਲੀਨ ਸੁਹਣਾ ਹੈ, ਮਹਿੰਗਾ ਹੈ, ਇਰਾਨੀਆਂ ਨੂੰ ਦਿਖਾਉਣ ਦੇ ਕਾਬਲ ਨਹੀਂ। ਕਾਲੀਨਾ ਦੇ ਵੱਡੇ ਸ਼ੋਅ ਰੂਮਜ਼ ਵਿਚ ਜਾਉ। ਤੁਹਾਡੇ ਸਾਹਮਣੇ 15 ਜਰਬ 8 ਇੰਚ ਦੇ ਨਮੂਨਿਆਂ ਵਾਲੀ ਐਲਬਮ ਰੱਖਣਗੇ। ਐਲਬਮ ਵਿਚ ਫੋਟੋਆਂ ਨਹੀਂ, ਅਸਲੀ ਕਾਲੀਨ ਹਨ, ਨਿੱਕੇ ਨਿੱਕੇ। ਤੁਸੀਂ ਨਮੂਨੇ ਦੀ ਚੋਣ ਕਰੋ ਤੇ ਸਾਈਜ਼ ਦੱਸੋ। ਹਫ਼ਤੇ ਬਾਅਦ ਤੁਹਾਡੀ ਪਸੰਦ ਦਾ ਕਾਲੀਨ ਮਿਲ ਜਾਏਗਾ ਜਾਂ ਤੁਹਾਡੇ ਦੇਸ਼ ਭੇਜ ਦੇਣਗੇ। ਕਾਲੀਨਾ ਦੇ ਇਹ ਨਿੱਕੇ ਨਿੱਕੇ ਨਮੂਨੇ ਵੀ ਵਿਕਦੇ ਹਨ, ਦੋ-ਦੋ ਸੌ ਦਾ ਇਕ। ਮੈਂ ਤਾਂ ਦਸ ਨਮੂਨੇ ਖਰੀਦ ਲਿਆਇਆ, ਸੁਹਣੇ ਫਰੇਮਾਂ ਵਿਚ ਜੜਾ ਕੇ ਦੋਸਤਾਂ ਨੂੰ ਦੇ ਦਿੱਤੇ।

ਪ੍ਰੋਫੈਸਰ ਖਲੀਲ ਗੰਬਰੀ ਨੇ ਕਿਹਾ-"ਦੇਸ਼ ਜਾਣ ਤੋਂ ਪਹਿਲਾਂ ਮਾਸੂਮਾ ਦੇ ਹਰਮ ਵਿਚੋਂ ਪ੍ਰਸ਼ਾਦ ਲੈ ਕੇ ਜਾਇਉ।" ਪਰ ਫਿਰ ਉਹ ਖਾਮੋਸ਼ ਹੋ ਗਿਆ। ਮੈਨੂੰ ਕਹਿਣ ਲੱਗਾ, "ਤੁਹਾਡੇ ਭਾਰਤੀ ਸਾਥੀ ਮੁਹੰਮਦ ਹਬੀਬ ਨੂੰ ਤਾਂ ਅੰਦਰ ਜਾਣ ਦੀ ਆਗਿਆ ਮਿਲ ਜਾਏਗੀ, ਪਰ ਤੁਹਾਨੂੰ ਨਹੀਂ, ਗੈਰ ਮੁਸਲਮਾਨ ਦੇ ਦਾਖਲੇ ਉਪਰ ਪਾਬੰਦੀ ਹੈ। ਹਾਂ ਤੁਹਾਡੀ ਬੀਵੀ ਚਲੀ ਜਾਏ। ਇਹਦਾ ਕਿਹੜਾ ਪਤਾ ਲੱਗਣੈ। ਤੁਸੀਂ ਨਾਂ ਹੀ ਜਾਇਉ, ਕਿਉਂਕਿ ਜਦੋਂ ਤੁਹਾਨੂੰ ਰੋਕ ਦਿਤਾ ਗਿਆ, ਤੁਸੀਂ ਬੁਰਾ ਮਨਾਓਗੇ, ਇਹ ਬੇਅਦਬੀ ਹੋਏਗੀ ਇਕ ਸ਼ਾਨਦਾਰ ਮਹਿਮਾਨ ਦੀ।"

ਮੈਂ ਕਿਹਾ, "ਮੈਂ ਹਰ ਹਾਲਤ ਵਿਚ ਅੰਦਰ ਜਾਣ ਦਾ ਯਤਨ ਕਰਾਂਗਾ। ਜੇ ਵਾਪਸ ਪਰਤਾ ਦਿਤਾ ਗਿਆ ਤਾਂ ਬੁਰਾ ਨਹੀਂ ਮਨਾਵਾਂਗਾ, ਕਿਉਂਕਿ ਤੁਹਾਡੀਆਂ ਰਵਾਇਤਾਂ ਦਾ ਅਦਬ ਕਰਨਾ ਮੇਰਾ ਫਰਜ਼ ਹੈ।"

ਖਲੀਲ ਦੀ ਇੱਛਾ ਦੇ ਵਿਰੁਧ, ਉਸਦੇ ਵਰਜਣ ਦੇ ਬਾਵਜੂਦ ਮੈਂ ਆਪਣੇ ਸਾਥੀ ਅਤੇ ਬੀਵੀ ਸਮੇਤ ਅੰਦਰਲਾ ਦਰਵਾਜ਼ਾ ਪਾਰ ਕਰਨ ਲੱਗਾ ਤਾਂ ਛੇ ਫੁੱਟ ਲੰਮੇ ਇਕ ਬਜ਼ੁਰਗ ਨੇ ਮੇਰੀ ਬਾਂਹ ਨੂੰ ਫੁੱਲਾਂ ਦੀ ਟਾਹਣੀ ਛੁਹਾਈ, ਪੂਰੇ ਸਤਿਕਾਰ ਨਾਲ ਆਪਣੀ ਛਾਤੀ 'ਤੇ ਹੱਥ ਰੱਖ ਕੇ ਝੁਕਿਆ, ਫਿਰ ਫੁੱਲਾਂ ਲੱਦੀ ਟਾਹਣੀ ਨਾਲ ਦਰਵਾਜ਼ੇ ਵਲ ਇਸ਼ਾਰਾ ਕੀਤਾ, ਅਰਥ ਸੀ, ਬਾਹਰ ਵਲ ਵਾਪਸ ਜਾਉ। ਏਨੇ ਸਲੀਕੇ ਨਾਲ ਵੀ ਕੋਈ ਵਾਪਸ ਜਾਣ ਲਈ ਕਹਿ ਸਕਦੈ... ਮੈਂ ਸੋਚਿਆ, ਚੰਗਾ ਕੀਤਾ ਕਿ ਇਥੇ ਆਉਣ ਦਾ ਫੈਸਲਾ ਕੀਤਾ। ਇਰਾਨੀਆਂ ਦੀ ਇਹ ਇਕ ਦਿਲਕਸ਼ ਅਦਾ ਦੇਖ ਸਕਿਆ। ਮੈਂ ਤਕਰੀਬਨ ਹਰ ਰੋਜ਼ ਹੀ ਬੀਬੀ ਮਾਸੂਮਾ ਦੇ ਦਰਬਾਰ ਕੋਲੋਂ ਦੀ ਲੰਘਦਾ ਕਿਉਂਕਿ ਮੈਨੂੰ ਮਾਂ ਗੁਜਰੀ ਯਾਦ ਆਉਂਦੀ ਰਹਿੰਦੀ। ਜਿਹੋ ਜਿਹੇ ਹਸਨ ਹੁਸੈਨ, ਉਹੋ ਜਿਹੇ ਸਾਹਿਬਜ਼ਾਦੇ। ਨਾਂ ਤੇ ਥਾਂ ਬਦਲ ਬਦਲ ਕੇ ਹੀਰੋ ਸਾਨੂੰ ਦਿਖਾਈ ਦੇ ਜਾਂਦੇ ਹਨ।

ਸੁਨਹਿਰੀ ਮਿਸ਼ਰੀ ਦਾ ਪ੍ਰਸ਼ਾਦ। ਮੈਂ ਹੀਰਿਆਂ ਵਰਗੀ ਦੇਸੀ ਮਿਸ਼ਰੀ ਤਾਂ ਦੇਖੀ ਸੀ, ਪਰ ਇਥੇ ਸੁਨਹਿਰੀ ਮਿਸ਼ਰੀ ਕਿਵੇਂ?

ਅਨਸਾਰੀ ਨੇ ਦੱਸਿਆ-ਜੀ ਇਸ ਵਿਚ ਕੇਸਰ ਮਿਲਾਇਆ ਹੋਇਆ ਹੈ। ਕੇਸਰੀ ਮਿਸ਼ਰੀ ਕੇਵਲ ਇਰਾਨ ਵਿਚ ਮਿਲੇਗੀ। ਸਾਰੀ ਦੁਨੀਆ ਜਿੰਨਾ ਕੇਸਰ ਪੈਦਾ ਕਰਦੀ ਹੈ, ਉਸ ਤੋਂ ਦੁੱਗਣਾ ਕੇਵਲ ਇਰਾਨ ਵਿਚ ਹੁੰਦਾ ਹੈ। ਹਰੇਕ ਰੇਸਤਰਾਂ ਵਿਚ ਕੇਸਰੀ ਮਿਸ਼ਰੀ ਦੇ ਮਰਤਬਾਨ ਹਨ, ਹੁਕਮ ਕਰੋ ਕਿ ਚੀਨੀ ਦੀ ਥਾਂ ਮਿਸ਼ਰੀ ਦੀ ਚਾਹ ਦਿਉ, ਹਾਜ਼ਰ ਹੈ। ਵਧੀਕ ਸਫਰ ਬੱਸਾਂ ਵਿਚ ਕੀਤਾ, ਲੋਕਲ ਵੀ, ਦੂਰ ਵੀ। ਹਰੇਕ ਬਸ ਏ.ਸੀ.। ਪਿਛਲਾ ਅੱਧਾ ਹਿੱਸਾ ਔਰਤਾਂ ਲਈ ਅਗਲਾ ਅੱਧ ਮਰਦਾਂ ਲਈ। ਆਟੋਮੈਟਿਕ ਤਾਕੀਆਂ ਵੀ ਵੱਖ ਵੱਖ। ਇਕ ਅਜਨਬੀ ਮੁਸਲਮਾਨ ਮੁਸਾਫਰ ਮੇਰੇ ਤੋਂ ਅਗਲੀ ਸੀਟ ਉਪਰ ਬੈਠਾ ਸੀ। ਉਹ ਉਠਿਆ, ਅਰਜ਼ ਕੀਤੀ - ਜੀ ਤੁਸੀਂ ਇਸ ਸੀਟ 'ਤੇ ਆ ਜਾਓ ਮੇਰੇ ਵਾਲੀ 'ਤੇ। ਮੈਂ ਤੁਹਾਡੀ ਸੀਟ 'ਤੇ ਬੈਠ ਜਾਵਾਂਗਾ। ਇਸ ਨਾਲ ਕੀ ਫਰਕ ਪੈਂਦੈ? ਮੈਂ ਪੁੱਛਿਆ। ਉਸਨੇ ਕਿਹਾ - ਜੀ ਮੈਂ ਤੁਹਾਡੇ ਵਲ ਪਿੱਠ ਕਰਕੇ ਨਹੀਂ ਬੈਠ ਸਕਦਾ। ਮੈਨੂੰ ਇਹ ਬਦਸਲੂਕੀ ਲਗਦੀ ਹੈ।

ਇਹੋ ਜਿਹੇ ਵਾਕ ਆਮ ਸੁਣਨ ਨੂੰ ਮਿਲਦੇ-ਕੁਦਮ ਕਿਸ਼ਵਰ ਸ਼ੁਮਾ, ਵਤਨ ਸ਼ੁਮਾ ਕੁਜਸ? (ਤੁਸੀਂ ਕਿਥੋਂ ਆਏ? ਵਤਨ ਕਿਹੜਾ ਹੋਇਆ?) ਆਯਾ ਸ਼ੁਮਾ ਅਜ਼ ਹਿੰਦੁਸਤਾਂ ਆਮਾਦਿ (ਕੀ ਤੁਸੀਂ ਹਿੰਦੁਸਤਾਨ ਤੋਂ ਆਏ ਹੋ?) ਆਯਾ ਸ਼ੁਮਾ ਰੂਹਾਨੀ ਇ ਹਿੰਦੁਸਤਾਂ ਹਸਤੀਤ? (ਕੀ ਤੁਸੀਂ ਹਿੰਦੁਸਤਨ ਦੇ ਮੌਲਵੀ ਹੋ?) ਬੇਸ਼ੁਮਾ ਵ ਕਿਸ਼ਵਰੇਤਾਨ ਦੂਰੁਤ ਮੀ ਫਰਿਸਤਮ (ਤੁਹਾਨੂੰ ਤੇ ਤੁਹਾਡੇ ਦੇਸ਼ ਨੂੰ ਸਲਾਮ) ਖ਼ੁਦਾ ਸ਼ੁਮਾ ਰਾ ਖ਼ੁਸ਼ਨੀ ਗਹਿਦਾਰਤ (ਖ਼ੁਦਾ ਤੁਹਾਨੂੰ ਤੇ ਤੁਹਾਡੇ ਦੇਸ਼ ਨੂੰ ਸੁਖੀ ਰੱਖੇ।) ਕੁੜੀਆਂ ਦੀਆਂ ਟੋਲੀਆਂ ਨੀਵੀਂ ਪਾਈ ਤੁਰਦੀਆਂ ਦਿਸਦੀਆਂ, ਹੌਲੀ ਹੌਲੀ ਗੱਲਾਂ ਕਰਦੀਆਂ, ਚੋਰੀ ਜਿਹੇ ਤੁਹਾਡੇ ਵਲ ਦੇਖ ਕੇ ਫਿਰ ਨੀਵੀਂ ਪਾ ਲੈਣਗੀਆਂ, ਜਿਵੇਂ ਕਿਸੇ ਵੱਡੇ ਰਸੂਖ ਵਾਲੇ ਸਰਦਾਰ ਦੀ ਹਵੇਲੀ ਵਿਚੋਂ ਔਰਤਾਂ, ਕੁੜੀਆਂ ਅੰਦਰ ਬਾਹਰ ਜਾਂਦੀਆਂ ਹੋਣ। ਅੱਖਾਂ ਵਿਚ, ਤੋਰ ਵਿਚ, ਬੋਲਾਂ ਵਿਚ ਟਿਕਾਉ, ਸੰਕੋਚ, ਸ਼ਰਮ ਤੇ ਲਿਆਕਤ। ਮੇਰੀ ਪਤਨੀ ਕਦੀ ਕਹਿ ਵੀ ਦਿੰਦੀ- ਮੇਰੇ ਘਰ ਧੀ ਨਹੀਂ। ਇਕ ਹੋਣੀ ਚਾਹੀਦੀ ਸੀ, ਪਰ ਇਨ੍ਹਾਂ ਕੁੜੀਆਂ ਵਰਗੀ। ਸਹਿਜੇ, ਕੋਈ ਕੋਈ ਲਾਗਿਓਂ ਲੰਘਦਾ ਆਖ ਜਾਂਦਾ-ਖੁਸ਼ ਆਮਦੀਦ ਈਮਾਮਿ ਹਿੰਦੁਸਤਾਂ, ਖੁਸ਼ ਆਮਦੀਦ। ਇਕ ਬੰਦਾ ਸਲਾਮ ਅਰਜ਼ ਕਰਨ ਤੋਂ ਬਾਅਦ ਮੇਰੇ ਲਾਗੇ ਖਲੋਤਾ ਰਿਹਾ, ਦੋ ਕੁ ਮਿੰਟ ਕੁਝ ਵਾਕ ਬੋਲਦਾ ਰਿਹਾ, ਫਿਰ ਮੇਰੀ ਦਾਹੜੀ ਚੁੰਮ ਕੇ ਚਲਾ ਗਿਆ। ਮੈਂ ਰੂਹਾਨੀ ਨੂੰ ਪੁੱਛਿਆ-ਕੀ ਕਹਿੰਦਾ ਸੀ ਇਹ ਭਾਈ? ਉਸਨੇ ਦੱਸਿਆ-ਤੁਹਾਡਾ ਸੁਆਗਤ ਕੀਤਾ, ਫਿਰ ਤੁਹਾਡੇ ਦੇਸ਼ ਦੀ ਖੈਰ ਮੰਗੀ, ਤੁਹਾਡੇ ਪਰਿਵਾਰ ਲਈ ਦੁਆਵਾਂ ਦਿਤੀਆਂ, ਫਿਰ ਕਿਹਾ- ਮੈਨੂੰ ਪੱਕਾ ਯਕੀਨ ਹੈ, ਜਿਵੇਂ ਸਾਡੇ ਈਮਾਮਾਂ ਨੇ ਸਾਡੀ ਸ਼ਾਨ ਬਰਕਰਾਰ ਰੱਖੀ, ਤੂੰ ਆਪਣੀ ਕੌਮ ਦੀ ਸ਼ਾਨ ਹਰ ਸੂਰਤ ਵਿਚ ਬਰਕਰਾਰ ਰੱਖੇਂਗਾ, ਤੇਰੀ ਸ਼ਕਲ ਸੂਰਤ ਬਿਲਕੁਲ ਸਾਡੇ ਈਮਾਮਾਂ ਵਰਗੀ ਹੈ। ਤੂੰ ਵੱਡੀਆਂ ਨੇਕੀਆਂ ਦਾ ਮਾਲਕ ਹੈਂ।

ਇਹ ਧੱਕੇ ਨਾਲ ਮੈਨੂੰ ਮਹਾਨ ਬਣਾਉਣ ਲੱਗੇ ਹੋਏ ਹਨ। ਪਛਤਾਉਣਗੇ ਆਖਰ ਜਦੋਂ ਦੇਖਣਗੇ ਦੁਆਵਾਂ ਪੁਰ ਅਸਰ ਨਹੀਂ ਹੋਈਆਂ। ਮਿਰਜ਼ਾ ਗਾਲਿਬ ਨੇ ਕਿਹਾ ਨਹੀਂ ਸੀ?-ਇਕ ਮੁੱਦਤ ਚਾਹੀਦੀ ਹੈ ਹਾਉਕੇ ਦਾ ਅਸਰ ਹੋਣ ਵਾਸਤੇ। ਉਦੋਂ ਤੱਕ ਕੌਣ ਜਿਉਂਦਾ ਰਹੇਗਾ?

ਤਹਿਰਾਨ ਦਿਖਾਉਣ ਲਈ ਡਰਾਈਵਰ ਟੈਕਸੀ ਲੈ ਕੇ ਪੁੱਜ ਗਿਆ। ਮੈਂ ਰਸਤੇ ਵਿਚ ਉਸਨੂੰ ਨਾਮ ਪੁੱਛਿਆ, ਪੱਚੀ ਸਾਲਾ ਗੁਲਾਬੀ ਮੂੰਹ ਵਾਲਾ ਡਰਾਇਵਰ ਬੋਲਿਆ-ਜੀ ਹੁਸੈਨ।

ਮੈਂ ਕਿਹਾ, ਇਹ ਕੀ ਹੋਇਐ ਤੁਹਾਨੂੰ? ਜਿਸ ਮੁੰਡੇ ਨੂੰ ਵੀ ਮੈਂ ਨਾਮ ਪੁੱਛਿਆ-ਉੱਤਰ ਮਿਲਿਆ -ਹੁਸੈਨ।

ਉਹ ਹੱਸ ਪਿਆ। ਕਹਿਣ ਲੱਗਾ-ਠੀਕ ਆਖਿਆ ਤੁਸਾਂ। ਬਹੁਤ ਮੁੰਡਿਆਂ ਦੇ ਨਾਮ ਹੁਸੈਨ ਨੇ ਤੇ ਕੁੜੀਆਂ ਦੇ ਨਾਮ ਫਾਤਿਮਾ। ਅਸੀਂ ਹੁਸੈਨ ਅਤੇ ਫਾਤਿਮਾ (ਹਜ਼ਰਤ ਅਲੀ ਦੀ ਬੀਵੀ, ਪੈਗੰਬਰ ਮੁਹੰਮਦ ਦੀ ਧੀ ਤੇ ਕਰਬਲਾ ਦੇ ਸ਼ਹੀਦ ਹਸਨ ਤੇ ਹੁਸੈਨ ਦੀ ਮਾਂ) ਦੇ ਤਾਂ ਸ਼ੈਦਾਈ ਹੋਏ ਪਏ ਹਾਂ।

ਗੱਲਾਂ ਕਰਦਿਆਂ ਚੜ੍ਹਦੇ ਵਲ ਮੈਂ ਕਾਰ ਦੀ ਤਾਕੀ ਵਿਚੋਂ ਵੱਡੀ ਝੀਲ ਦੇਖੀ ਤਾਂ ਹੁਸੈਨ ਨੂੰ ਕਾਰ

**ਹਰਪਾਲ ਸਿੰਘ ਪੰਨੂ**

ਰੋਕਣ ਲਈ ਕਿਹਾ ਕਿ ਫੋਟੋਆਂ ਖਿਚੀਏ।

ਉਹ ਬੋਲਿਆ-ਕਾਹਨੂੰ ਜੀ ਝੀਲ ਨਹੀਂ ਇਹ, ਦੋਜਖ ਹੈ ਇਹ ਤਾਂ। ਇਹ ਲੂਣ ਦੀ ਉਪਰਲੀ ਤਹਿ ਹੈ ਜਿਹੜੀ ਪਾਣੀ ਵਾਂਗ ਲਿਸ਼ਕ ਰਹੀ ਹੈ। ਦਲਦਲ ਹੈ ਇਹ। ਭੁਲੇਖੇ ਨਾਲ ਕੋਈ ਬੰਦਾ ਜਾਂ ਜਾਨਵਰ ਉਧਰ ਚਲਾ ਜਾਵੇ ਬਸ ਗਿਆ ਸਦਾ ਲਈ। ਬਾਦਸ਼ਾਹ ਪਹਿਲਵੀ ਦੂਜਾ ਆਪਣੇ ਦੁਸ਼ਮਣਾਂ ਨੂੰ ਹੈਲੀਕਾਪਟਰ ਵਿਚੋਂ ਇਸੇ ਦੋਜਖ ਵਿਚ ਸੁਟਵਾ ਦਿਆ ਕਰਦਾ ਸੀ। ਹੁਣ ਪੂਰੀ ਅਹਿਤਿਆਤ ਵਰਤਦਿਆਂ ਜਦੋਂ ਅਸੀਂ ਲੂਣ ਪੁਟਦੇ ਹਾਂ ਤਾਂ ਕੋਈ ਕੋਈ ਲਾਸ਼ ਏਨੀ ਤਾਜ਼ੀ ਨਿਕਲਦੀ ਹੈ, ਜਿਵੇਂ ਇਹ ਹੁਣੇ ਸੁੱਤਾ ਹੋਵੇ, ਬਸ ਹੁਣ ਜਾਗ ਪਏਗਾ।

ਮੈਂ ਟੋਕਿਆ-ਹੁਸੈਨ ਇਹ ਤੇਰੀ ਗੱਲ ਠੀਕ ਨ੍ਹੀਂ। ਲੂਣ ਵਿਚ ਤਾਂ ਲਾਸ਼ ਗਲ ਜਾਂਦੀ ਐ।

ਉਹ ਬੋਲਿਆ-ਨਹੀਂ ਜੀ, ਲੂਣ ਲਾਸ਼ ਨੂੰ ਖਰਾਬ ਹੋਣ ਤੋਂ ਸੰਭਾਲਦਾ ਹੈ। ਆਪਣੇ ਜਿਸਮ ਦਾ ਸਭ ਤੋਂ ਨਾਜ਼ੁਕ ਅੰਗ ਅੱਖਾਂ ਨੇ। ਲੂਣੇ ਹੰਝੂ ਇਨ੍ਹਾਂ ਦੀ ਹਿਫਾਜ਼ਤ ਕਰਦੇ ਨੇ, ਗਾਲਦੇ ਨਹੀਂ।



ਮੈਂ ਰੂਹਾਨੀ ਨੂੰ ਕਿਹਾ-ਥੋੜੀ ਜਿਹੀ ਫਾਰਸੀ ਤਾਂ ਸਿਖਾ ਭਰਾ ਮੈਨੂੰ। ਫਰਜ਼ ਕਰੋ ਮੈਂ ਕੁੰਮ ਜਾਣਾ ਹੋਵੇ, ਫਾਰਸੀ ਵਿਚ ਕਿਵੇਂ ਪੁੱਛਾਂਗੇ-ਕਿ ਕੁੰਮ ਨੂੰ ਕਿਹੜੀ ਬੱਸ ਜਾਂਦੀ ਹੈ?

ਉਹ ਕਹਿਣ ਲੱਗਾ-ਦੁਨੀਆਂ ਦੇ ਸਾਰੇ ਮੌਲਵੀ ਕੁੰਮ ਵਿਚ ਪੈਦਾ ਹੁੰਦੇ ਨੇ। ਕੁੰਮ ਵਿਚ ਜਾਂਦੇ ਨੇ ਤੇ ਕੁੰਮ ਤੋਂ ਆਉਂਦੇ ਨੇ। ਜਿਸ ਬਸ ਵਲ ਪੰਜ ਸਤ ਮੌਲਵੀ ਤੁਰੇ ਜਾਂਦੇ ਹੋਣ ਸਮਝੋ ਉਹ ਬਸ ਕੁੰਮ ਜਾ ਰਹੀ ਹੈ। ਸਾਡੇ ਨੇੜੇ ਕੁੰਮ ਜਾਣ ਵਾਲੀ ਬਸ ਰੁਕੀ ਤਾਂ ਮੈਂ ਦੇਖਿਆ, 40 ਸਵਾਰੀਆਂ ਵਿਚੋਂ 37 ਮੌਲਵੀ ਸਨ।

ਰੂਹਾਨੀ ਬੜਾ ਹਸਮੁਖ ਜੁਆਨ ਹੈ। ਤਿੰਨ ਸਾਲ ਪਹਿਲਾਂ ਇਹ ਮੇਰੀ ਯੂਨੀਵਰਸਿਟੀ ਵਿਚ ਆਇਆ ਸੀ, ਚਿਤਰਕਾਰ ਵੀ ਹੈ। ਉਸਨੇ ਮੈਨੂੰ ਇਕ ਇਰਾਨੀ ਲਤੀਫਾ ਸੁਣਾਇਆ। ਇਕ ਮੌਲਵੀ ਕੋਲ ਹਰ ਰੋਜ਼ ਇਕ ਬੰਦਾ ਜਾਇਆ ਕਰੇ ਕਿ ਮੇਰੇ ਘਰ ਜਿੰਨ ਆਉਂਦਾ ਹੈ, ਤਵੀਤ ਦਿਉ। ਮੌਲਵੀ ਨੇ ਬਥੇਰਾ ਸਮਝਾਇਆ ਕਿ ਇਹ ਤੇਰਾ ਵਹਿਮ ਹੈ, ਜਿੰਨ ਭੂਤ ਦਾ ਖਿਆਲ ਦਿਮਾਗੋਂ ਕੱਢ ਦੇਹ। ਪਰ ਉਹ ਨਹੀਂ ਹਟਿਆ ਤਾਂ ਇਕ ਦਿਨ ਮੌਲਵੀ ਨੇ ਚਾਰ ਤਵੀਤ ਦੇ ਕੇ ਕਿਹਾ-ਅਪਣੇ ਘਰ ਦੇ ਚਾਰੇ ਕੋਨਿਆਂ ਵਿਚ ਇਹ ਤਵੀਤ ਦੱਬ ਦੇਈਂ। ਬਸ ਜਿੰਨ ਆਉਣੋਂ ਹਟ ਜਾਏਗਾ। ਉਸ ਬੰਦੇ ਨੇ ਇਵੇਂ ਕੀਤਾ। ਜਿੰਨ ਆਉਣ ਤੋਂ ਹਟ ਗਿਆ। ਇਹ ਦੱਸਣ ਲਈ ਕਿ ਜਿੰਨ ਆਉਣੋਂ ਹਟ ਗਿਆ ਹੈ ਤੇ ਸ਼ੁਕਰਾਨਾ ਕਰਨ ਲਈ ਉਹ ਫਿਰ ਮੌਲਵੀ ਦੇ ਘਰ ਚਲਾ ਗਿਆ। ਮੌਲਵੀ ਨੂੰ ਦੱਸਿਆ ਕਿ ਜਿੰਨ ਆਉਣ ਤੋਂ ਹਟ ਗਿਆ ਹੈ ਜੀ।

ਮੌਲਵੀ ਬੋਲਿਆ-ਇਸ ਦਾ ਮਤਲਬ ਇਹ ਹੋਇਆ ਕਿ ਤੂੰ ਜਿੰਨ ਤੋਂ ਵਧੀਕ ਖਤਰਨਾਕ ਹੈਂ। ਉਹੀ ਚਾਰ ਤਵੀਤ ਜਿਹੜੇ ਤੈਨੂੰ ਦਿਤੇ, ਮੈਂ ਆਪਣੇ ਘਰ ਦੇ ਦੁਆਲੇ ਚਾਰ ਕੋਨਿਆਂ ਵਿਚ ਦੱਬੇ ਤਾਂ ਕਿ ਤੂੰ ਆਉਣੋਂ ਹਟ ਜਾਏਂ। ਤੇਰੇ ਘਰ ਜਿੰਨ ਆਉਣੋਂ ਹਟ ਗਿਆ, ਪਰ ਮੇਰੇ ਘਰ ਆਉਣੋਂ ਤੂੰ ਨਹੀਂ ਹਟਦਾ।

ਕੁਝ ਮੌਲਵੀ ਏਨੀ ਵਾਰ ਦੇਰ ਤਕ ਜ਼ਮੀਨ ਉਪਰ ਸਜਦਾ ਕਰਦੇ ਰਹਿੰਦੇ ਹਨ ਕਿ ਉਨ੍ਹਾਂ ਦੇ ਮੱਥੇ ਉਪਰ ਅੱਟਣ ਅਤੇ ਦਾਗ ਪੈ ਜਾਂਦਾ ਹੈ। ਇਨ੍ਹਾਂ ਮੌਲਵੀਆਂ ਦਾ ਸਤਿਕਾਰ ਵਧੀਕ ਹੋਣ ਕਰਕੇ ਕੋਈ ਕੋਈ ਮੌਲਵੀ ਚਮਚਾ ਗਰਮ ਕਰਕੇ ਅਪਣੇ ਮੱਥੇ ਉਪਰ ਦਾਗ ਦੇ ਲੈਂਦਾ ਹੈ ਤਾਂ ਉਸਦੀ ਵੀ ਬੱਲੇ ਬੱਲੇ। ਹਬੀਬ ਨੇ ਗੰਬਰੀ ਨੂੰ ਪੁੱਛਿਆ-ਪ੍ਰੋਫੈਸਰ ਸਾਹਿਬ, ਤੁਸੀਂ ਬਾਦਸ਼ਾਹ ਦੀ ਹਕੂਮਤ ਨੂੰ ਠੀਕ ਸਮਝਦੇ ਹੋ ਕਿ ਹੁਣ ਵਾਲੀ ਇਸਲਾਮੀ ਹਕੂਮਤ?

ਗੰਬਰੀ ਨੇ ਕਿਹਾ-ਤੁਹਾਡਾ ਸਵਾਲ ਕਿਉਂਕਿ ਸਿਆਸੀ ਹੈ, ਸਿਆਸੀ ਉਤਰ ਦਿਆਂਗਾ। ਇਰਾਨ ਦਾ ਇਕ ਧੜਾ ਆਖਦਾ ਹੈ ਪੂਰੀ ਆਜ਼ਾਦੀ ਚਾਹੀਦੀ ਹੈ, ਦੂਜਾ ਆਖਦਾ ਹੈ ਪੂਰੀ ਇਸਲਾਮੀ ਹਕੂਮਤ, ਤੀਜਾ ਧੜਾ ਆਖਦਾ ਹੈ-ਨਹੀਂ ਰਲਵਾਂ ਮਿਲਵਾਂ ਇੰਤਜ਼ਾਮ ਚਾਹੀਦਾ ਹੈ। ਮੈਂ ਤਿੰਨਾ ਨਾਲ ਸਹਿਮਤ ਨਹੀਂ। ਹਾਲੇ, ਜਦੋਂ ਕਿ ਮੈਂ ਖ਼ੁਦ ਨਾਲ ਵੀ ਸਹਿਮਤ ਨਹੀਂ ਤਾਂ ਹੋਰਨਾਂ ਤਿੰਨਾਂ-ਤੇਰਾਂ ਨਾਲ ਕਿਉਂ ਸਹਿਮਤ ਹੋਵਾਂ?

ਗੰਬਰੀ ਨੂੰ ਮੈਂ ਪੁੱਛਿਆ-ਹਿੰਦੁਸਤਾਨੀ ਧਰਮਾਂ ਬਾਰੇ ਤੁਹਾਡਾ ਕੀ ਪ੍ਰਭਾਵ ਹੈ? ਉਸ ਕਿਹਾ-ਸਾਰੇ ਸਾਮੀ ਧਰਮ ਨਕਾਬਪੋਸ਼ ਹਨ। ਹਿੰਦੁਸਤਾਨੀ ਮਜ਼ਹਬ ਇਨ੍ਹਾਂ ਦੇ ਮੁਕਾਬਲੇ ਕਿਤੇ ਖੁੱਲ੍ਹਦਿਲੇ ਹਨ। ਇਕ ਤਾਂ ਉਹ ਘੜੀਆਂ ਹੁੰਦੀਆਂ ਹਨ, ਜਿਨ੍ਹਾਂ ਦੀਆਂ ਕੇਵਲ ਸੂਈਆਂ ਅਤੇ ਡਾਇਲ ਦਿੱਸਦਾ ਹੈ, ਇਕ ਉਹ ਘੜੀਆਂ ਹਨ, ਜਿਹੜੀਆਂ ਪਾਰਦਰਸ਼ੀ ਹਨ, ਸਾਰੀ ਮਸ਼ੀਨਰੀ ਚੱਲਦੀ ਦਿੱਸਦੀ ਹੈ। ਹਿੰਦੁਸਤਾਨੀ ਵਧੀਕ ਪਾਰਦਰਸ਼ੀ ਹਨ।

ਉਹ ਬੁੱਧ ਮੱਤ ਪੜ੍ਹਾਉਂਦਾ ਹੈ। ਮੈਂ ਪੁੱਛਿਆ-ਤੁਹਾਨੂੰ ਕੀ ਲਗਦੈ ਕਿ ਬੁੱਧ ਮੱਤ ਬਾਕੀ ਸਭਨਾਂ ਤੋਂ ਵਧੀਕ ਪਾਰਦਰਸ਼ੀ ਹੈ?

ਉਸ ਕਿਹਾ-ਨਹੀਂ, ਹਿੰਦੂ ਮੱਤ ਵਧੀਕ ਪਾਰਦਰਸ਼ੀ ਹੈ। ਇਸ ਵਿਚ ਸਰਬੋਤਮ ਰੂਹਾਨੀ ਉਡਾਣ ਤੋਂ ਲੈ ਕੇ ਆਦਮਜ਼ਾਤ ਦੀ ਨੀਵੀਂ ਤੋਂ ਨੀਵੀਂ ਰਸਾਤਲ ਅਤੇ ਬਦੀ ਮੌਜੂਦ ਹੈ ਤੇ ਇਹ ਸਾਰੇ ਦਾ ਸਾਰਾ ਧਰਮ ਦਾ ਹਿੱਸਾ ਹੈ। ਧਨ-ਦੇਵੀ (ਲੱਛਮੀ) ਦੀ ਪੂਜਾ ਵੀ ਹੁੰਦੀ ਹੈ, ਕਾਮ-ਅੰਗਾਂ ਦੀ ਵੀ। ਗੰਬਰੀ ਕਹਿਣ ਲੱਗਾ, ਛੱਡੋ ਇਹ ਗੱਲਾਂ ਭਾਈ। ਥੱਕ ਜਾਵਾਂਗੇ। ਤੁਹਾਨੂੰ ਇਰਾਨ ਦਾ ਲੋਕ ਗੀਤ ਸੁਣਾਉਂਦਾ ਹਾਂ। ਉਸਨੇ ਗਾ ਕੇ ਜੋ ਟੱਪੇ ਸੁਣਾਏ ਉਨ੍ਹਾਂ ਦੇ ਇਹ ਅਰਥ ਹਨ:

ਗੋਰੀ:ਪਰਦੇਸ ਚੱਲਿਆ ਮਾਹੀਆ ਮੇਰੇ ਲਈ ਕੀ ਲਿਆਏਂਗਾ?

ਜੁਆਨ:ਇਤਰ ਅਤੇ ਵੰਗਾਂ, ਗੋਰੀਏ ਇਤਰ ਤੇ ਸੁਹਣੀਆਂ ਵੰਗਾਂ।

ਗੋਰੀ:ਪਰ ਤੂੰ ਤਾਂ ਦਾਰੇ (ਡੇਰੀਅਸ) ਦਾ ਸਿਪਾਹੀ ਸੁਣੀਂਦਾ ਹੈਂ, ਤੇਰੇ ਨਾਲ ਮੇਰਾ ਕੀ ਸਬੰਧ ਸਿਪਾਹੀਆ?

ਜੁਆਨ:ਨਾ ਗੋਰੀਏ ਨਾ। ਕਿਸੇ ਨੇ ਚੁਗਲੀ ਕੀਤੀ ਹੈ ਮੇਰੀ। ਮੈਂ ਤਾਂ ਰੂਮੀ ਅਤੇ ਸ਼ੀਰਾਜ਼ੀ ਦੇ ਦੇਸ਼ ਦਾ ਬਾਸ਼ਿੰਦਾ ਹਾਂ, ਮੇਰਾ ਦਾਰੇ ਨਾਲ ਕੀ ਵਾਸਤਾ? ਦਾਰਾ ਵਡਪਰਤਾਪੀ ਬਾਦਸ਼ਾਹ ਸੀ।

ਬੇਸ਼ਕ ਇਰਾਨੀ ਗੋਰੀਆਂ ਨੂੰ ਰੂਮੀ ਅਤੇ ਸ਼ੀਰਾਜ਼ੀ ਪਸੰਦ ਨੇ। ਸ਼ੀਰਾਜ਼ੀ ਨੂੰ ਲੋਕ ਗੀਤਾਂ ਵਿਚ ਰੂਹਾਨੀਅਤ ਦਾ ਘੁੰਡ ਚੁੱਕਣ ਵਾਲਾ ਜੁਆਨ ਕਹਿ ਕੇ ਯਾਦ ਕੀਤਾ ਹੈ। ਗੰਬਰੀ ਹਸਮੁਖ ਆਦਮੀ ਹੈ, ਉਸਨੇ ਹਾਫਿਜ਼ ਦਾ ਸ਼ਿਅਰ ਸੁਣਾਇਆ-ਜਿਸ ਗਲੀ ਵਿਚ ਮੇਰੀ ਮਹਿਬੂਬਾ ਵਸਦੀ ਹੈ, ਉਧਰ ਨਾ ਜਾਈਂ। ਜੇ ਕਿਤੇ ਦਿਸ ਪਈ ਫਿਰ ਉਸ ਵਲ ਦੇਖਦਾ ਤੁਰਿਆ ਜਾਏਂਗਾ ਤੇ ਕੰਧਾਂ ਨਾਲ ਟਕਰਾਂਦਾ ਫਿਰੇਂਗਾ। ਇਹ ਸੁਣ ਕੇ ਕਹਿਣ ਲੱਗਾ-ਪੱਗਾਂ ਬੰਨ੍ਹੀਆਂ ਹੋਈਆਂ ਹੋਣ ਕਰਕੇ ਸਿੱਖ ਬਚੇ ਰਹਿਣਗੇ, ਬਾਕੀ ਜਹਾਨ ਮਾਰਿਆ ਜਾਏਗਾ, ਸਿਰ ਭਨਾ ਕੇ।

ਮਿਫਤਾਹ ਨੇ ਦੱਸਿਆ-ਅੰਗਰੇਜ਼ ਗੋਰੇ ਗੋਰੀਆਂ ਇਥੇ ਆ ਕੇ ਇਰਾਨ ਇਰਾਨੀਆਂ ਬਾਬਤ ਅੰਗਰੇਜ਼ੀ ਵਿਚ ਲਿਖੀਆਂ ਕਿਤਾਬਾਂ ਮੰਗਦੇ ਹਨ। ਜਿਹੜੀਆਂ ਕਿਤਾਬਾਂ ਅਸੀਂ ਉਨ੍ਹਾਂ ਨੂੰ ਦਿੰਦੇ ਹਾਂ, ਲੈ ਕੇ ਹੱਸ ਪੈਂਦੇ ਨੇ ਤੇ ਕਹਿੰਦੇ ਨੇ-ਇਹ ਤਾਂ ਅਸੀਂ ਲਿਖੀਆਂ ਹਨ। ਜੋ ਤੁਸੀਂ ਲਿਖਿਆ, ਉਹ ਦਿਉ। ਅਸੀਂ ਅੰਗਰੇਜ਼ੀ ਵਿਚ ਜਦੋਂ ਕੁਝ ਲਿਖਿਆ ਹੀ ਨਹੀਂ ਫਿਰ ਦੇਈਏ ਕੀ?

ਖੁਰਸ਼ੀਦ ਨੇ ਦੱਸਿਆ ਕਿ ਸਾਅਦੀ ਅਤੇ ਹਾਫਿਜ਼ ਨੂੰ ਇਸ ਗਲ ਦਾ ਕੋਈ ਅਫ਼ਸੋਸ ਨਹੀਂ - ਕਿ ਫਾਰਸੀ ਵਿਚ ਅਰਬੀ ਦੇ ਲਫਜ਼ ਰਲ ਰਹੇ ਹਨ। ਉਨ੍ਹਾਂ ਵਾਸਤੇ ਖਿਆਲ ਸਰਬੋਤਮ ਹੈ, ਬੋਲੀ ਨਹੀਂ ਪਰ ਫਿਰਦੌਸੀ ਨੂੰ ਅਰਬੀ ਨਾਲ ਨਫ਼ਰਤ ਹੈ। ਅਪਣੇ ਸ਼ਾਹਨਾਮੇ ਵਿਚ ਉਸਨੇ ਅਰਬਾਂ ਨੂੰ ਮੋਟੀਆਂ ਮੋਟੀਆਂ ਗਾਲਾਂ ਕੱਢੀਆਂ ਹਨ। ਸ਼ਾਹਨਾਮਾ-ਇ-ਫਿਰਦੌਸੀ ਦੇ ਦੋ ਸ਼ਿਅਰ ਸੁਣੋ:

ਬਸੇ ਰੰਜ ਬੁਰਦਮ ਦਰ ਈਂ ਸਾਲਿਸੀ।
ਅਜ਼ਮ ਜ਼ਿੰਦਾ ਕਰਦਮ ਬਦੀਂ ਪਾਰਸੀ।
ਨਮੀਰਮ ਅਜ਼ੀਂ ਪਸ ਕਿ ਮਨ ਜ਼ਿੰਦਾ ਅਮ।
ਕਿ ਤੁਖ਼ਮਿ ਸੁਖ਼ਨ ਰਾ ਪਰਾ ਕੰਦਾ ਅਮ।
(ਇਨ੍ਹਾਂ ਤੀਹ ਸਾਲਾਂ ਵਿਚ ਬੜੇ ਕਸ਼ਟ ਝੱਲੇ।

ਮੈਂ ਆਪਣਾ ਮੁਲਕ ਅਪਣੀ ਫਾਰਸੀ ਜਿਉਂਦੇ ਕਰ ਦਿਤੇ। ਮਰਾਂਗਾ ਨਹੀਂ ਹੁਣ, ਕਿਉਂਕਿ ਫਾਰਸੀ ਜ਼ਬਾਨ ਦੇ ਬੀਜ ਮੈਂ ਪੂਰੇ ਇਰਾਨ ਵਿਚ ਖਿਲਾਰ ਦਿਤੇ ਹਨ। ਫਿਰਦੌਸ ਸ਼ਹਿਰ ਦਾ ਨਾਮ ਹੁਣ ਤੂਸ ਹੈ। ਫਿਰਦੌਸ ਮਾਇਨੇ ਸੁਰਗ, ਪਹਿਲਾਂ ਵਿਗੜ ਕੇ ਇਹ ਫਿਰਤੂਸ ਬਣ ਗਿਆ ਤੇ ਆਖਰ ਅੱਜ ਤੂਸ ਰਹਿ ਗਿਆ। ਇਕ ਵੱਡੀ ਸੜਕ ਉਤੇ ਗੱਡੇ ਹੋਏ ਸਾਈਨ ਬੋਰਡ ਉਪਰ ਤੀਰ ਦੱਸ ਰਿਹਾ ਸੀ ਕਿ ਇਹ ਰਸਤਾ ਅੱਰਾਕ ਨੂੰ ਜਾਂਦਾ ਹੈ। ਅੰਗਰੇਜ਼ੀ ਵਿਚ ਗਰਗਾਫਾ ਲਿਖਿਆ ਪੜ੍ਹਕੇ ਮੈਂ ਪੁਛਿਆ-ਇਰਾਕ ਦੇ ਸਪੈਲਿੰਗ ਗਲਤ ਕਿਉਂ ਲਿਖੇ ਹੋਏ ਹਨ? ਮੈਨੂੰ ਦੱਸਿਆ ਗਿਆ ਕਿ ਇਹ ਰਸਤਾ ਇਰਾਕ ਨੂੰ ਨਹੀਂ, ਅੱਰਾਕ ਨੂੰ ਜਾਂਦਾ ਹੈ। ਅੱਰਾਕ ਇਰਾਨ ਦਾ ਉਹ ਸੂਬਾ ਹੈ, ਜਿਥੋਂ ਦੇ ਘੋੜੇ ਸਾਰੇ ਜਹਾਨ ਵਿਚ ਮਸ਼ਹੂਰ ਹਨ। ਲਉ ਜੀ, ਕਮਾਲ ਹੋਈ। ਸਾਰੇ ਪੁਰਾਣੇ ਪੰਜਾਬੀ ਗ੍ਰੰਥਾਂ ਵਿਚ ਅੱਰਾਕੀ ਘੋੜਿਆਂ ਦਾ ਜ਼ਿਕਰ ਹੈ, ਕਿਤੇ ਕਿਤੇ ਰਾਕੀ ਵੀ ਲਿਖਿਆ ਮਿਲਦਾ ਹੈ, ਪਰ ਇਰਾਕੀ ਨਹੀਂ। ਮੈਂ ਸਮਝਦਾ ਹੁੰਦਾ ਸਾਂ ਕਿ ਪੰਜਾਬੀ ਬਾਬਿਆਂ ਨੇ ਇਰਾਕੀ ਲਫ਼ਜ਼ ਵਿਗਾੜ ਕੇ ਅੱਰਾਕੀ ਲਿਖ ਦਿੱਤਾ ਹੈ। ਮੇਰੇ ਪਿੰਡ ਕੋਈ ਘੋੜਾ ਖਰੀਦ ਕੇ ਲਿਆਉਂਦਾ ਤਾਂ ਪੁਛਿਆ ਜਾਂਦਾ-ਅੱਰਾਕੀ ਕਿੰਨੇ ਦਾ ਲਿਆਇਐਂ ਬਈ? ਘੋੜੇ ਦਾ ਮਾਲਕ ਖੁਸ਼ ਹੋ ਜਾਂਦਾ ਕਿ ਪੁਛਣ ਵਾਲਾ ਢੀਚਕ ਟੈਰ ਨੂੰ ਅੱਰਾਕੀ ਦੱਸ ਰਿਹੈ।

ਕੁੰਮ ਦੀ ਉਚੀ ਪਹਾੜੀ ਉਪਰ ਪੈਗੰਬਰ ਖਿਜ਼ਰ ਦੀ ਦਰਗਾਹ ਹੈ। ਹੇਠਾਂ ਤੋਂ ਉਪਰ ਤੱਕ ਆਉਣ ਜਾਣ ਦਾ ਘੰਟਾ ਕੁ ਲਗਦਾ ਹੈ। ਤਕਰੀਬਨ ਹਰ ਸ਼ਾਮ ਅਸੀਂ ਦਰਗਾਹ ਚਲੇ ਜਾਂਦੇ। ਚਾਅ ਨਾਲ ਲੋਕ ਮਿਲਦੇ। ਇਕ ਦਿਨ ਮੈਂ ਆਪਣੀ ਬੀਵੀ ਨੂੰ ਕਿਹਾ ਕਿ ਮੈਂ ਇਥੇ ਬੈਠਦਾ ਹਾਂ, ਤੂੰ ਜਾਣੈ ਤਾਂ ਜਾ ਆ। ਉਹ ਚਲੀ ਗਈ।

*(ਬਾਕੀ ਅਗਲੇ ਅੰਕ 'ਚ)*

ਕਹਾਣੀ

# ਮਾਸਟਰ ਜ਼ੈਡ

ਮਾਸਟਰ ਜ਼ੈਲ ਸਿੰਘ ਉਰਫ਼ ਜ਼ੈਡ ਹੁਣ ਰਿਟਾਇਰ ਹੋ ਚੁੱਕਾ ਹੈ। ਗੋਡਿਆਂ ਦੀ ਨਾਮੁਰਾਦ ਬਿਮਾਰੀ ਨੇ ਬੇਸ਼ੱਕ ਉਹਨੂੰ ਚੰਗੇ ਭਲੇ ਨੂੰ ਢਿਲਕੂ ਡਾਂਸ ਕਰਨ ਲਾ ਦਿੱਤਾ ਹੈ, ਪਰ ਉਹਦੀ ਕਾਂ ਅੱਖ ਦਾ ਨਿਸ਼ਾਨਾ ਅਜੇ ਵੀ ਕਾਇਮ ਏ। ਕਦੇ ਕਦਾਈਂ ਸ਼ਹਿਰ 'ਚੋਂ ਗੁਜ਼ਰਦਿਆਂ ਜਦ ਉਹ ਮੇਰੀ ਨਜ਼ਰੀਂ ਪੈਂਦਾ ਤਾਂ ਪਹਿਲਾਂ ਤਾਂ ਉਹਦੇ ਸਰੀਰ ਦੇ ਹਿਲ-ਹੁਲਾਰੇ ਜਿਹੇ ਦੇਖ ਕੇ ਮੇਰੇ ਮਨ 'ਚ ਤਰਾਸਦੀ ਜਿਹੀ ਦੇ ਭਾਵ ਉਪਜਦੇ। ਹੌਲੀ ਹੌਲੀ ਅੱਖਾਂ ਦੇ ਪਰਦੇ ਅੱਗੇ ਪਿੱਛਾਂਹ ਨੂੰ ਰੀਲ੍ਹ ਘੁੰਮਦੀ। ਉਹ ਮੇਰੇ ਸਾਹਮਣੇ ਆ ਖੜ੍ਹਦਾ-ਮਠਿਆਈ ਦੀ ਭਰੀ ਪਲੇਟ ਲੈ ਕੇ, ਕਦੇ ਬਾਬਾ ਅਦਲੀ ਦੀ ਜਗ੍ਹਾ ਵਲ ਨੂੰ ਹੱਥ ਜੋੜੀ, ਸਿਰ ਝੁਕਾਈ ਤੁਰਦਾ ਨਜ਼ਰ ਆਉਂਦਾ। ਅਗਲੇ ਪਲ ਜਰਨੈਲ ਮੋਰ੍ਹੇ ਖੜ੍ਹਾ ਜੁੱਤੀ ਪਾਲਿਸ਼ ਕਰਵਾ ਰਿਹਾ ਹੁੰਦਾ। ...ਬੱਸ ਸਟੈਂਡ 'ਤੇ ਪਏ ਟੋਏ ਨੂੰ ਨਮਸਕਾਰ ਕਰਦਾ ਕਿੰਨਾ ਭੋਲਾ ਪੰਛੀ ਜਿਹਾ ਨਜ਼ਰ ਆਉਂਦਾ।....ਕਦੇ ਭੋਗਾਂ, ਵਿਆਹਾਂ ਦੇ ਕਾਰਡ ਦਿਖਾਉਂਦਾ ਫਿਰ ਰਿਹਾ ਹੁੰਦਾ। ਉਹਦੇ ਬਾਰੇ ਤਰ੍ਹਾਂ-ਤਰ੍ਹਾਂ ਦੇ ਸੀਨ ਸਾਹਮਣੇ

**ਜੋਗੇ ਭੰਗਲ**

ਆਉਂਦਿਆਂ ਹੀ, ਨਾ ਚਾਹੁੰਦਿਆਂ ਹੋਇਆਂ ਵੀ ਮੇਰਾ ਹਾਸਾ ਨਿਕਲ ਜਾਂਦਾ। ਕਦੇ-ਕਦੇ ਉਹਦੀਆਂ ਹਰਕਤਾਂ ਮੈਨੂੰ ਤੈਸ਼ ਵਿਚ ਵੀ ਲੈ ਆਉਂਦੀਆਂ।... ਭੋਲਿਆ, ਦੇਖੀਂ ਕਿਤੇ...। ਇਹ ਹੁਣ ਸ਼ਹਿਰ ਦਾ ਪ੍ਰੈਜੀਡੈਂਟ ਆ। ਸੋਚ ਕੇ ਮੈਂ ਆਪਣੇ ਆਪ ਨੂੰ ਨਾਰਮਲ ਸਥਿਤੀ 'ਚ ਲਿਆਉਣ ਦਾ ਯਤਨ ਕਰਦਾ ਹਾਂ।

ਅੱਜ ਤੋਂ ਦਸ ਕੁ ਸਾਲ ਪਹਿਲੀ ਗੱਲ ਹੋਣੀ। ਕੁਝ ਕੁ ਸਹੂਲਤ ਕਰਕੇ ਮੈਂ ਬਦਲੀ ਜ਼ੈਡ ਵਾਲੇ ਸਕੂਲ 'ਚ ਕਰਵਾ ਲਈ। ਜਾਂਦਿਆਂ ਹੀ ਮੈਨੂੰ ਉਹਦੇ ਬਾਰੇ ਬੜੀਆਂ ਅਜੀਬੋ ਗਰੀਬ ਗੱਲਾਂ ਸੁਣਨ ਨੂੰ ਮਿਲੀਆਂ। ਜ਼ਿਆਦਾਤਰ ਗੱਲਾਂ ਮਾਸਟਰ ਦਿਨੇਸ਼ ਅਤੇ ਰਮੇਸ਼ ਦੀ ਜੋੜੀ ਰਾਹੀਂ ਮੇਰੇ ਨੋਟਿਸ ਵਿਚ ਆਈਆਂ। ਸ਼ੁਰੂ ਸ਼ੁਰੂ ਵਿਚ ਮੈਨੂੰ ਉਨ੍ਹਾਂ ਗੱਲਾਂ ਦਾ ਕੋਈ ਸਿਰ ਪੈਰ ਜਿਹਾ ਨਹੀਂ ਸੀ ਲੱਭ ਰਿਹਾ, ਜਿਨ੍ਹਾਂ ਨੇ ਮੇਰੇ ਅੰਦਰ ਕਈ ਤਰ੍ਹਾਂ ਦੇ ਸ਼ੰਕੇ ਅਤੇ ਸਵਾਲ ਖੜ੍ਹੇ ਕਰ ਦਿੱਤੇ ਸਨ। ਉਂਜ ਮਾਸਟਰ ਜੈਲ ਸਿੰਘ ਉਰਫ ਜ਼ੈਡ ਮੈਨੂੰ ਹੁਲੀਏ ਗੱਲਬਾਤ ਤੋਂ ਤਾਂ ਬੜਾ ਭਲਾ, ਨਿੱਘਾ ਜਿਹਾ ਮਹਿਸੂਸ ਹੋਇਆ ਸੀ। ਹੌਲੀ-ਹੌਲੀ ਮੇਰੀਆਂ ਅੱਖਾਂ ਅੱਗਿਉਂ ਪਰਦਾ ਸਰਕਣ ਲੱਗਾ। ਉਹਦੇ ਧੁਰ ਤੱਕ ਜਾਣ ਲਈ ਮੈਂ ਉਹਦੇ ਨੇੜੇ ਹੁੰਦਾ ਗਿਆ। ਪਤਾ ਨਹੀਂ ਕਿਉਂ ਮੈਂ ਨਾ ਪੜ੍ਹਾਉਣ ਵਾਲੇ ਨੂੰ ਪੜ੍ਹਨਾ ਚਾਹੁੰਦਾ ਸੀ।

"ਇਹ ਜ਼ੈਡ ਕੀ ਹੋਇਆ?" ਆਖਿਰ ਮੈਨੂੰ ਆਪਣੇ ਮਨ ਦਾ ਬੋਝ ਹਲਕਾ ਕਰਨ ਲਈ ਪੁੱਛਣਾ ਹੀ ਪਿਆ। ਸੁਣ ਕੇ ਪਹਿਲਾਂ ਤਾਂ ਦੋਵੇਂ ਮਾਸਟਰ ਉੱਚੀ-ਉੱਚੀ ਹੱਸੇ। ਉਨ੍ਹਾਂ ਦੇ ਹਾਸੇ ਨੇ ਦਫ਼ਤਰ ਮੂਹਰੇ ਟਹਿਲ ਰਹੀਆਂ ਘੁੱਗੀਆਂ ਦੇ ਜੋੜੇ ਨੂੰ ਉੱਡਣ ਲਈ ਮਜ਼ਬੂਰ ਕਰ ਦਿੱਤਾ।

"ਬਾਊ ਜੀ, ਕੀ ਦੱਸੀਏ। ਇਹਦੀਆਂ ਸਭ ਗੱਲਾਂ ਈ ਇਕ ਅਚੰਭਾ ਨੇ।" ਦਿਨੇਸ਼ ਨੇ ਆਲੇ ਦੁਆਲੇ ਨਜ਼ਰ ਦੁੜਾਉਂਦਿਆਂ ਕਿਹਾ।

"ਵੈਸੇ ਤਾਂ ਇਹਦੀ ਹਰ ਹਰਕਤ ਆਪਣੇ ਆਪ 'ਚ ਇਕ ਕਹਾਣੀ ਆ। ਜੇ ਕੋਈ ਇਥੇ ਕਹਾਣੀਕਾਰ ਹੋਵੇ ਤਾਂ ਸਾਲ 'ਚ ਇਹਦੀਆਂ ਲਿਚਗੜਿਚੀਆਂ 'ਤੇ ਇਕ ਕਹਾਣੀ ਸੰਗ੍ਰਹਿ ਲਿਖ ਸਕਦਾ।" ਰਮੇਸ਼ ਨੇ ਵੀ ਗੱਲ ਕਰਕੇ ਆਪਣੀ ਹਾਜ਼ਰੀ ਲਵਾਈ।

"ਜ਼ੈਡ ਨਾਂ ਇਹਦਾ ਆਪਣਾ ਈ ਗਲ 'ਚ ਪਵਾਇਆ ਪਟਾ ਆ। ਅਖੇ ਬਹੁਤ ਘੱਟ ਲੋਕਾਂ ਦੇ ਨਾਂ ਜ਼ੈਡ ਨਾਲ ਬਣਦੇ ਆ। ਉਨ੍ਹਾਂ ਖੁਸ਼ਕਿਸਮਤਾਂ 'ਚੋਂ ਇਕ ਆ।...ਜਿੱਦਾਂ ਦਾ ਇਹ ਪੜ੍ਹਾਂਦਾ, ਸਾਰਿਆਂ ਨੂੰ ਪਤਾ ਈ ਆ। ਹੌਲੀ ਹੌਲੀ ਕਹਿਣ ਵਾਲਿਆਂ ਨੇ ਇਹਨੂੰ ਟ੍ਰੇਨਿੰਗ ਵੇਅ ਨਾਲ ਜ਼ੈਡ ਕਹਿਣਾ ਸ਼ੁਰੂ ਕਰ 'ਤਾ। ਤੇ ਹੁਣ ਇਹ ਭੜੂਆ ਪਿੱਟਦਾ ਕਿਉਂਕਿ ਆਪਣੇ ਹੱਥੀਂ ਦਿੱਤੀਆਂ ਗੰਢਾਂ ਦੰਦਾਂ ਨਾਲ ਖੋਲ੍ਹਣੀਆਂ ਪੈਂਦੀਆਂ।" ਦਿਨੇਸ਼ ਨੇ ਦੱਸਿਆ।

ਇਕ ਦਿਨ ਮੈਨੂੰ ਆਪਣੇ ਸਾਹਮਣੇ ਦਿਓ ਕੱਦ ਜਿਹਾ ਜਰਨੈਲ ਖੜ੍ਹਿਆ ਦਿੱਸਿਆ। ਪਰੇ ਖੜ੍ਹੀ ਦੁਬਕੀ ਜਿਹੀ ਉਹ ਭੋਲੀ ਚਿੜੀ ਜਿਹੀ ਕੁੜੀ, "ਆਹ ਪ੍ਰੈਕਟੀਕਲ ਦੇ ਨੰਬਰਾਂ ਦਾ ਕੀ ਮਾਜਰਾ ਆ?" ਜੋੜੀ ਨੂੰ ਦੇਖਦਿਆਂ ਹੀ ਮੇਰੇ ਮੂੰਹੋਂ ਨਿਕਲਿਆ। ਸਕੂਲ 'ਚ ਉਸ ਸਮੇਂ ਇਹ ਵੀ ਇਕ ਤੰਦੂਰ ਕਾਂਡ ਵਾਂਗ ਭੱਖਦੀ ਖ਼ਬਰ ਸੀ।

ਦੋਵੇਂ ਮਾਸਟਰ ਹੱਸਣੋਂ ਨਾ ਰਹਿ ਸਕੇ। ਫਿਰ ਦਿਨੇਸ਼ ਸੀਰੀਅਸ ਜਿਹਾ ਹੋ ਕੇ ਬੋਲਿਆ, "ਜੇ ਸਈ੍ਹ ਪੁੱਛਦੇ ਓਂ ਤਾਂ ਇਹਦੇ 'ਚ ਮਾਸਟਰਾਂ ਆਲੀ ਗੱਲ ਈ ਕੋਈ ਨਈਂ।"

"ਇਹਨੂੰ ਕਿਥੇ ਕਿਥੇ ਰੋਈਏ, ਇਹ ਬੜਾ ਆਪਣੀ ਭੈਣ ਦਾ ਦੀਨਾ। ਅੰਗਰੇਜ਼ਾਂ ਆਲੀ ਪਾਲਸੀ ਵਰਤਦਾ। ਪਾੜੋ ਤੇ ਰਾਜ ਕਰੋ। ਮਾਸਟਰਾਂ ਦੇ ਗਰੁੱਪ ਤਾਂ ਇਹ ਬਣਾਂਦਾ ਈ ਬਣਾਂਦਾ। ਅਗਾਂਹ ਪਿੰਡ 'ਚ ਲੋਕਾਂ ਦੇ ਵੀ ਬਣਾਉਂਦਾ। ਹੋਰ ਤਾਂ ਹੋਰ ਨਿਆਣਿਆਂ 'ਚ ਪਾਟੋ ਧਾੜ ਪਾਈ ਹੋਈ ਆ।" ਰਮੇਸ਼ ਨੇ ਦਿਨੇਸ਼ ਦੀ ਗੱਲ ਨੂੰ ਅਗਾਂਹ ਤੋਰਿਆ।


"ਇਕ ਇਹਨੇ ਜਰਨੈਲ ਪਾਲਿਆ ਆ। ਉਹ ਗਰੁਪ ਬਣਾ ਕੇ ਨਿਆਣਿਆਂ ਨੂੰ ਅਗਾਂਹ ਕਮਾਂਡ ਦਿੰਦਾ। ਜਰਨੈਲ ਦੀ ਕਮਾਂਡ ਇਹਦੇ ਕੋਲ ਆ। ਇਹ ਬਾਲਮੀਕੀਆਂ ਦਾ ਮੁੰਡਾ। ਜਿਹੜਾ ਸਕੂਲ 'ਚੋਂ ਉੱਚਾ ਲੰਮਾ। ਧੁੱਪ 'ਚ ਨਿਕਲਦਾ ਦਿਓ ਜਿਹਾ ਮੁੰਡਾ ਲੱਗੇ, ਸਮਝ ਲਿਉ ਓਹੀ ਜਰਨੈਲ ਆ। ਅਜੇ ਉਹਨੂੰ ਪੰਜਾਬੀ ਦੀ ਪੈਂਤੀ ਵੀ ਭੁੱਲਦੀ ਆ। ਦਸਵੀਂ ਦੇ ਸਾਇੰਸ ਪ੍ਰੈਕਟੀਕਲ 'ਚੋਂ ਜਰਨੈਲ ਦੇ 25 'ਚੋਂ ਲੱਗੇ 24 ਨੰਬਰ ਤੇ ਉਂਜ ਥਿਊਰੀ 'ਚੋਂ ਫੇਲ੍ਹ। ਦੂਜੇ ਪਾਸੇ ਦੇਖੋ ਕੀ ਕੀਤਾ। ਇਕ ਕੁੜੀ ਵਿਚਾਰੀ 4 ਨੰਬਰ ਘੱਟ ਹੋਣ ਕਾਰਨ ਮੈਰਿਟ 'ਚ ਆਉਣੋਂ ਰਹਿ ਗਈ। ਕਾਰਨ, ਉਹਦੇ ਪ੍ਰੈਕਟੀਕਲ 'ਚੋਂ ਲੱਗੇ ਸਿਰਫ 9 ਨੰਬਰ। ਥਿਊਰੀ 'ਚੋਂ ਉਹਦੇ 75 ਚੋਂ 73 ਨੰਬਰ...ਹੈ ਕੁ ਨਹੀਂ ਦਿਨੇ ਨ੍ਹੇਰ।

ਫੇ ਇਹਦੀ ਭੜੂਏ ਦੀ ਦਲੀਲ ਸੁਣੋ....ਅਖੇ ਉਹ ਪ੍ਰੈਕਟੀਕਲ 'ਚੋਂ ਹੁਸ਼ਿਆਰ ਸੀ। ਇਹ ਤੋਂ ਕੋਈ ਕੰਨੋਂ ਫੜ ਕੇ ਪੁੱਛੇ ਪਈ ਤੂੰ ਬਈ ਪ੍ਰੈਕਟੀਕਲ ਕਰਾਏ ਕਦ ਸੀ।" ਦਿਨੇਸ਼ ਅਸਲ ਗੱਲ ਕਹਿਣੋਂ ਨਾ ਜਕਿਆ।

"ਪਰ ਕੁੜੀ ਦੇ 9 ਨੰਬਰ ਲਾਣ ਪਿੱਛੋਂ ਇਹਦੀ ਕੀ ਦਲੀਲ ਸੀ" ਮੈਂ ਅਗਾਂਹ ਜਾਨਣਾ ਚਾਹਿਆ।

"ਲੈ ਉਹ ਸੁਣ ਲੈ।....ਇਹ ਉਸ ਕੁੜੀ ਨੂੰ ਵਾਰ ਵਾਰ ਸਾਇੰਸ ਰੂਮ 'ਚ ਕੱਲੀ ਨੂੰ ਸੱਦਦਾ ਸੀ। ਇਕ ਵਾਰ ਕੁੜੀ ਨੇ ਕਿਤੇ ਜਕਦੀ ਜਕਦੀ ਨੇ ਇਹਨੂੰ ਕਹਿ ਤਾ...ਸਰ ਜੀ, ਮੈਨੂੰ ਕੱਲੀ ਨੂੰ ਨਾ ਸੱਦਿਆ ਕਰੋ ਅਤੇ ਇੰਨਾ ਕਹਿ ਕੇ ਉਹ ਰੋ ਪਈ।" ਰਮੇਸ਼ ਨੇ ਖੁਲਾਸਾ ਕੀਤਾ।

"ਗੱਲਾਂ ਜਿੰਨੀਆਂ ਮਰਜ਼ੀ ਸੁਣ ਲਉ। ਅਖੇ ਅਸੀਂ ਵੀ ਕਦੀ ਪੜ੍ਹਾਂਦੇ ਹੁੰਦੇ ਤੇ।" ਗੁੱਸੇ 'ਚ ਦਿਨੇਸ਼ ਨੇ ਸਾਂਗ ਜਿਹੀ ਲਾਉਂਦਿਆਂ ਕਿਹਾ, "ਇਹ ਤੋਂ ਪੁੱਛੇ ਪਈ ਹੁਣ ਤੈਨੂੰ ਪੜ੍ਹਾਣ ਨੂੰ ਕੀ ਬਿੱਲੀ ਛਿੱਕ ਗਈ। ਆਪਣੇ ਨਿਆਣੇ ਤਾਂ ਪਬਲਿਕ ਸਕੂਲਾਂ 'ਚ ਪੜ੍ਹਾ ਲਏ। ਹੁਣ ਗੌਰਮਿੰਟ ਸਕੂਲਾਂ ਦੇ ਅਮਾਤੜ ਧਮਾਤੜ ਪੜ੍ਹਾਣ ਦੀ ਕੀ ਲੋੜ ਆ।"



"ਇਹ ਸਾਲਾ ਲੁੱਚਾ ਵੀ ਆ। ਲੁੱਚੀਆਂ ਹਰਕਤਾਂ ਕਰਕੇ ਇਧਰ ਆ ਕੇ ਸ਼ਰਨ ਲੈਣੀ ਪਈ ਇਹਨੂੰ। ਕਾਲਾ ਮੂੰਹ ਤੇ ਗਧੇ ਦੀ ਸਵਾਰੀ ਤੋਂ ਬਚ ਬਚਾ ਕੇ ਹੇਠ ਉੱਤਾ ਕਰਕੇ ਖਿਸਕ ਆਇਆ। ਮੈਂਖਿਆ ਮਹੀਨਾ ਭਰ ਅਗਲਿਆਂ ਸਕੂਲੇ ਨ੍ਹੀਂ ਵੜਨ ਦਿੱਤਾ। ਪਤਾ ਨਈਂ ਕਿਹਦੇ ਕਿਹਦੇ ਪੈਰੀਂ ਪਿਆ ਹੋਊ। ਕਿਨ੍ਹਾਂ ਕਿਨ੍ਹਾਂ ਅੱਗੇ ਨੱਕ ਰਗੜੇ। ਆਖਿਰ ਇਹਦੇ ਅੱਗੇ ਪੱਲਾ ਫੈਲਾਅ ਕੇ, ਖ਼ੈਰ ਲੈ ਕੇ ਇਸ ਸਕੂਲ ਨੂੰ ਭਾਗ ਲਾਣ ਆ ਬਹੁੜਿਆ।" ਰਮੇਸ਼ ਨੇ ਵਿਅੰਗ ਕੱਸਦਿਆਂ ਦੱਸਿਆ।

"ਯਾਰ! ਇਹਨੂੰ ਸ਼ੂਗਰ ਵੀ ਹੋਊ?...ਇਹ ਸ਼ੂਗਰ ਦਾ ਕੀ ਚੱਕਰ ਆ?"

ਮੇਰੇ ਪ੍ਰਸ਼ਨ ਸੁਣ ਕੇ ਉਹ ਐਸਾ ਹੱਸੇ ਕਿ ਆਲੇ ਦੁਆਲੇ ਦੀਆਂ ਕਲਾਸਾਂ 'ਚ ਬੈਠੇ ਨਿਆਣਿਆਂ ਦੇ ਕੰਨ ਖੜ੍ਹੇ ਹੋ ਗਏ।

"ਬਾਊ ਜੀ, ਬਾਊ ਜੀ ਮੇਰੀ ਸਰਕਾਰ, ਇਹੀ ਤਾਂ ਸਾਰਾ ਚੱਕਰ ਆ। ਜਾਂ ਐਂ ਸਮਝ ਲਉ ਕਿ ਇਹ ਇਹਦਾ ਸੁਦਰਸ਼ਨ ਚੱਕਰ ਆ। ਬਾਕੀਆਂ ਨੂੰ ਸ਼ੂਗਰ ਦੇ ਚੱਕਰ 'ਚ ਪਾ ਕੇ ਆਪ ਚੱਕਰ 'ਚੋਂ ਬਾਹਰ ਨਿਕਲ ਜਾਂਦਾ।" ਦਿਨੇਸ਼ ਨੇ ਦੱਸਿਆ।

"ਹੈਂ! ਉਹ ਕਿੱਦਾਂ?....ਮੂਹਰੇ ਕੋਈ ਮੂਰਖ ਬੈਠੇ ਆ।"

ਇੰਨੇ ਨੂੰ ਅਗਲਾ ਪੀਰੀਅਡ ਸ਼ੁਰੂ ਹੋਣ ਦੀ ਘੰਟੀ ਵੱਜੀ। ਕਲਾਸਾਂ, ਮਾਸਟਰਾਂ 'ਚ ਆਉਣ ਜਾਣ ਦੀ ਥੋੜ੍ਹੀ ਹਿਲਜੁਲ ਹੋਈ।

"ਇਹਦੇ ਮਨ 'ਚ ਭੁਲੇਖਾ ਬਾਊ ਜੀ। ਇਸ ਮੂਰਖ ਦੀ ਮੂਰਖਤਾ ਨੂੰ ਸਭ ਸਮਝਦੇ ਆ।...ਤੁਸੀਂ ਬਾਊ ਜੀ ਥੋੜ੍ਹਾ ਚਿਰ ਫਾਈਲਾਂ ਨਾਲ ਮੱਥਾ ਮਾਰੋ, ਜਦ ਨੂੰ ਅਹੀਂ ਕਲਾਸਾਂ 'ਚ ਹੋ ਆਈਏ। ਆ ਕੇ ਕਰਦੇ ਆਂ ਮਿੱਠੇ ਦਾ ਮਿੱਠਾ ਤੇ ਫਿੱਕੇ ਦਾ ਫਿੱਕਾ।" ਦਿਨੇਸ਼ ਨੇ ਆਪਣੇ ਚਿੱਤੋਂ ਮੁਹਾਵਰੇ ਨੂੰ ਬਦਲਵੇਂ ਰੂਪ 'ਚ ਪੇਸ਼ ਕਰਦਿਆਂ ਮਿੱਠਾ ਜਿਹਾ ਵਿਅੰਗ ਕੀਤਾ।

"ਬਾਊ ਜੀ, ਇਸੇ ਲਈ ਤਾਂ ਮੈਂ ਵਾਰ ਵਾਰ ਕਹਿਨਾਂ ਬਚੋ ਬਚੋ ਬਚੋ, ਇਸ ਘਾਹ ਦੇ ਸੱਪ ਤੋਂ ਜਿੰਨਾ ਬਚ ਹੁੰਦਾ ਬਚੋ। ਨਈ ਤਾਂ ਇਹਦੇ ਜਾਲ 'ਚ ਫਸੋ ਫਸੋ ਫਸੋ।" ਰਮੇਸ਼ ਇੰਜ ਕਹਿੰਦਿਆਂ ਦਿਨੇਸ਼ ਨੂੰ ਨਾਲ ਲੈ ਕੇ ਤੁਰਦਾ ਤੁਰਦਾ ਰੁਕ ਗਿਆ, "ਹੁਣੇ ਥੋੜ੍ਹੇ ਮਿੰਟਾਂ ਨੂੰ ਤੁਹਾਡੇ ਲਾਗੇ ਸਟੋਰ ਦੇ ਕਮਰੇ 'ਚ ਨਿਆਣਿਆਂ ਨੇ ਦੁੱਧ ਗਰਮ ਕਰਨ ਆਉਣਾ। ਆਪਣੇ ਵਾਲੇ ਪਾਸਿਉਂ ਝੀਥ ਥਾਣੀਂ ਦੇਖ ਲਿਉ ਡਰਾਮਾ।"

"ਹੈਂ!" ਮੇਰੇ ਲਈ ਇਕ ਹੋਰ ਪ੍ਰਸ਼ਨ ਜਿਹਾ ਖੜ੍ਹਾ ਕਰਕੇ ਉਹ ਕਲਾਸਾਂ ਵਲ ਚਲੇ ਗਏ। ਅਜੇ ਪੰਦਰਾਂ ਕੁ ਮਿੰਟ ਹੀ ਹੋਏ ਹੁਣੇ ਆ ਗਿਆ ਨੂੰ ਕਿ ਮੈਨੂੰ ਲਾਗੇ ਘੁਸਰ ਮੁਸਰ ਜਿਹੀ ਸੁਣਨ ਲੱਗੀ। ਮੈਂ ਝੀਥ ਰਾਹੀਂ ਦੇਖਿਆ, ਨਿਆਣੇ ਦੁੱਧ ਗਰਮ ਕਰਕੇ ਗਿਲਾਸਾਂ 'ਚ ਪਾ ਰਹੇ ਸਨ। ਇੰਨੇ ਨੂੰ ਜ਼ੈਡ ਚੁਪਕੇ ਚੁਪਕੇ ਜਿਹੇ ਉਸ ਕਮਰੇ 'ਚ ਦਾਖਲ ਹੋਇਆ। ਗਿਲਾਸ ਲਗਭਗ ਅੱਧੇ ਅੱਧੇ ਦੁੱਧ ਨਾਲ ਭਰੇ ਪਏ ਸਨ। ਇਹਨੇ ਆਉਂਦਿਆਂ ਆਪਣਾ ਪੂਰਾ ਗਿਲਾਸ ਭਰਾ ਲਿਆ ਅਤੇ ਗਿਲਾਸ ਲੈ ਕੇ ਪਰੇ ਨੂੰ ਖਿਸਕ ਗਿਆ। ਮੇਰੇ ਦਿਮਾਗ 'ਚ ਇਕ ਪ੍ਰਸ਼ਨ ਹੋਰ ਖੜ੍ਹਾ ਹੋ ਗਿਆ, "ਇਹ ਕੀ?" ਮੈਂ ਅਜੇ ਸੋਚ ਹੀ ਰਿਹਾ ਸੀ ਕਿ ਰਮੇਸ਼ ਮੇਰੇ ਸਰ੍ਹਾਣੇ ਆ ਖੜ੍ਹਿਆ, "ਕਿਉਂ ਸਮਝੇ ਕੁਛ?"

"ਨਈਂ, ਮੈਂ ਨ੍ਹੀਂ ਸਮਝਿਆ ਇਹਦੀ ਪਾਲਿਸੀ।" ਰਮੇਸ਼ ਹੱਸਿਆ, "ਤੁਸੀਂ ਹੌਲੀ ਹੌਲੀ ਸਮਝੋਗੇ ਇਹਦੀ ਕਮੀਨਗੀ।...ਬਾਕੀਆਂ ਨਾਲੋਂ ਦੁੱਧ ਡਬਲ ਪੀਣਾ, ਪੈਸੇ ਬਰਾਬਰ ਦੇਣੇ ਆ।...ਤੁਸੀਂ ਪੁੱਛੋਗੇ ਕਿਉਂ?...ਕਿਉਂਕਿ ਉਹ ਮੋਰ੍ਹਿਉਂ ਹੀਂ ਹੀਂ ਹੀਂ ਕਰਦਾ ਕਹੇਗਾ....ਮੈਂ ਮਿੱਠਾ ਘੱਟ ਲੈਨਾ, ਹਿਸਾਬ ਬਰਾਬਰ।"

"ਪਰ ਮਿੱਠਾ ਤਾਂ ਬਾਕੀਆਂ ਜਿੰਨਾ ਲੈ ਗਿਆ। ਇਹਨੇ ਤਾਂ ਫਿੱਕਾ ਦੁੱਧ ਜੋ ਪਰੇ ਰੱਖਿਆ ਸੀ, ਪਾ ਕੇ ਆਪਣਾ ਗਿਲਾਸ ਭਰਿਆ। ਇਹ ਐਂ ਫਿੱਕਾ ਕਰਕੇ ਪੀਂਦਾ।"

...ਹਾਂ ਹਾਂ....ਠੀਕ ਸਮਝੇ। ਆਪਣੇ ਚਿੱਤੋਂ ਇਹ ਖ਼ੁਦ ਉੱਲੂ, ਸਾਨੂੰ ਚੰਗੇ ਭਲਿਆਂ ਨੂੰ ਉੱਲੂ ਬਣਾਂਦਾ।...ਅਖੇ ਮੈਨੂੰ ਸ਼ੂਗਰ ਆ। ਕੱਖ ਨ੍ਹੀਂ ਹੈ ਬਾਊ ਜੀ ਇਹਨੂੰ, ਸਭ ਇਹਦੇ ਡਰਾਮੇ ਆ। ਦੇਖੋ ਨਾ, ਤੁਹਾਨੂੰ ਸਿਹਤ ਲੱਗਦੀ ਆ ਇਹਦੀ ਸ਼ੂਗਰ ਆਲੀ। ਦੈਂਗੜੇ ਅਰਗਾ ਪਿਆ।"

"ਇਕ ਕੁੱਤੇ ਦੀ ਪੂਛ ਹੁੰਦੀ ਆ। ਦੂਜਾ ਕੁੱਤੇ ਦੀ ਪੂਛ ਦਾ ਵਿਚਕਾਰਲਾ ਵਾਲ਼ ਹੁੰਦਾ। ਬੱਸ, ਇਹ ਉਹੀ ਵਿਚਲਾ ਵਾਲ ਆ।" ਪਤਾ ਨਈਂ ਦਿਨੇਸ਼ ਕਦੋਂ ਆ ਬਹੁੜਿਆ। ਜਿਵੇਂ ਆਉਂਦਿਆਂ ਉਹਨੇ ਰਮੇਸ਼ ਦੀ ਮਾੜੀ ਮੋਟੀ ਗੱਲ ਸੁਣ ਲਈ ਸੀ।

"ਦੋਵੇਂ ਮੀਆਂ ਬੀਵੀ ਕਮਾਂਦੇ ਆ, ਫੇਰ ਐਨੀ ਭੁੱਖ ਕਾਹਤੋਂ ਖਿਲਾਰੀਊ ਆ?"

"ਬਾਊ ਜੀ, ਕਮਾਂਦੇ ਛੱਡਿਆ, ਭਾਈਏ ਦੀ ਜਾਇਦਾਦ ਵਾਧੂ ਆ। ਫੇ ਇਹਦੇ ਘਰਆਲੀ ਕੱਲੀ ਕੱਲੀ ਆ। ਉਧਰਲਾ ਮਾਲ ਵੀ ਇਹਦਾ ਈ ਆ।" ਰਮੇਸ਼ ਨੇ ਵੇਰਵਾ ਦਿੱਤਾ।

"ਪਰ ਦੂਜੇ ਪਾਸੇ ਕਮੀਨਗੀ ਦੀ ਹੱਦ ਦੇਖੋ।... ਮੂਤ 'ਚੋਂ ਮੱਛੀਆਂ ਫੜ ਕੇ ਪਤਾ ਨਹੀਂ ਖ਼ੁਦ ਨੂੰ ਕੀ ਫੰਨੇ ਖਾਂ ਸਮਝਦਾ। ਅਸਲ 'ਚ ਇਹ ਰੱਜ ਕੇ ਵੀ ਭੁੱਖ ਆ।" ਦਿਨੇਸ਼ ਨੇ ਨਹਿਲੇ 'ਤੇ ਦਹਿਲਾ ਜੜ ਦਿੱਤਾ।

"ਯਾਰ! ਮੈਨੂੰ ਇਕ ਹੋਰ ਸਮਝ ਨ੍ਹੀਂ ਆਉਂਦੀ ਕਿ ਇਹਨੂੰ ਸਟੇਟ ਐਵਾਰਡ ਮਿਲਣ ਪਿੱਛੇ ਕੀ ਰਾਜ ਹੋਊ?"

"ਬਾਊ ਜੀ, ਬਾਊ ਜੀ ਤੁਸੀਂ ਵੀ ਭੋਲੇ ਦੇ ਭੋਲੇ ਰਹੇ।...ਇਹ ਸਾਲਾ ਫੁੱਲ ਜੁਗਾੜੀਆ ਆ। ਇਹਨੇ ਥੱਲਿਉਂ ਉੱਪਰ ਤੱਕ ਆਪਣਾ ਜ਼ੈਡ ਜਾਲ ਵਿਛਾਇਆ ਹੋਇਆ।" ਦਿਨੇਸ਼ ਨੇ ਸਪੱਸ਼ਟ ਕੀਤਾ।

"ਅਸਲ 'ਚ ਇਕ ਹੋਰ ਕਾਰਨ ਵੀ ਹੈਗਾ ਇਹਦੇ ਪਿੱਛੇ। ਇਥੇ ਇਕ ਐਗਰੀਕਲਚਰ ਇੰਸਪੈਕਟਰ ਦਾ ਮੁੰਡਾ ਪੜ੍ਹਦਾ ਸੀ। ਉਹ ਸੀ ਬੜਾ ਸ਼ਾਈਨਿੰਗ। ਉਹਨੇ ਸਾਇੰਸ ਪ੍ਰਦਰਸ਼ਨੀ 'ਚ ਇਕ ਨਵਾਂ ਨਕੋਰ ਮਾਡਲ ਤਿਆਰ ਕਰਕੇ ਪੰਜਾਬ 'ਚੋਂ ਬਾਜੀ ਮਾਰ ਲਈ। ਬੱਸ, ਉਦੋਂ ਜ਼ੈਡ ਦੇ ਐਸੀ ਪੂਛ ਹੱਥ ਆਈ ਕਿ ਇਸਨੇ ਐਵਾਰਡ ਮਿਲਣ ਤੱਕ ਛੱਡੀ ਨਈਂ। ਉਸ ਮੁੰਡੇ ਦੇ ਪਿਉ ਦੀ ਮਦਦ ਨਾਲ ਸਾਇੰਸ ਦੇ ਲੇਖ ਲਿਖ ਕੇ ਅਖ਼ਬਾਰ 'ਚ ਲੁਵਾ ਲਏ। ਉਹਨੂੰ ਕਹਿ ਸੁਣ ਕੇ ਸਾਇੰਸ ਲਬਾਰਟਰੀ ਐਨ ਫਿਟ ਫਾਟ ਕਰ ਲਈ।....ਆਪੇ ਫਾਈਲ ਤਿਆਰ ਕਰਕੇ ਉੱਪਰ ਪਚਾ 'ਤੀ। ਉਥੇ ਪਹਿਲੋਂ ਅੱਟੀ ਸੱਟੀ ਲਗੀਊ ਜੀ।" ਰਮੇਸ਼ ਨੇ ਉਹਦੇ ਸਟੇਟ ਐਵਾਰਡ ਦੀ ਵੀ ਪੋਲ ਖੋਲ੍ਹ ਦਿੱਤੀ।

"ਹੈਂ!"

"ਬਾਊ ਜੀ! ਇਹਨੇ ਸਟੇਟ ਐਵਾਰਡ ਈ ਨਈਂ ਜਿੱਤਿਆ, ਇਕ ਹੋਰ ਕਾਰਾ ਵੀ ਕੀਤਾ!" ਦਿਨੇਸ਼ ਅਗ੍ਹਾਂ ਦੀ ਦੱਸਣ ਲੱਗਾ।

"ਅੱਛਾ! ਉਹ ਕੀ?"

"ਮਨਮੋਹਣ ਮਾਸਟਰ ਦਾ ਕਾਤਲ ਵੀ ਇਹੀ ਆ।"

"ਐਨੇ ਵਧੀਆ ਮਾਸਟਰ ਨਾਲ ਇਹਦਾ ਕੀ ਲੈਣਾ ਦੇਣਾ ਸੀ?...ਨਾਲੇ ਜ਼ੈਡ ਸਾਨੂੰ ਐਨੇ ਜੋਗਾ ਤਾਂ...ਹਾਂ ਊਂ ਕਿਸੇ ਹੋਰ ਕੋਲੋਂ ਕਰਵਾ ਸਕਦਾ ਇਹ ਕਾਰਾ।"

"ਬਾਊ ਜੀ ਸਮਝੇ ਨ੍ਹੀਂ!...ਮਨਮੋਹਣ ਸੀ ਥੋੜ੍ਹਾ ਭਾਵੁਕ ਤੇ ਜਜ਼ਬਾਤੀ ਬੱਸ, ਐਮੇਂ ਕਿਤੇ ਮਨ ਨੂੰ ਲਾ ਬੈਠਾ। ਦਿਲ ਦਾ ਮਰੀਜ਼ ਉਹ ਪਹਿਲੋਂ ਸੀ।...ਜਿੱਦਣ ਇਹਨੂੰ ਭੜੂਏ ਨੂੰ ਐਵਾਰਡ ਮਿਲਿਆ। ਉਸ ਤੋਂ ਦੂਜੇ ਦਿਨ ਅਖ਼ਬਾਰ 'ਚ ਖਬਰ ਪੜ੍ਹੀ। ਪੜ੍ਹਦੇ ਸਾਰ ਮੋਰ੍ਹ ਨੂੰ ਢੇਰੀ ਹੋ ਗਿਆ।...ਬੱਸ ਹਸਪਤਾਲੋਂ ਪੂਰਾ ਹੋਇਆ ਪਰਤਿਆ।"

"ਪਰ ਦਿਨੇਸ਼ ਜੀ ਐਨੀ ਕੁ ਗੱਲ 'ਤੇ....।"

"ਬਾਊ ਜੀ, ਉਹਦੇ ਲਈ ਇਹ ਬਹੁਤ ਬੜੀ ਗੱਲ ਸੀ।...ਉਹ ਸਾਡੇ ਆਂਗ ਨਈਂ ਸੀ ਸੋਚਦਾ। ਉਹ ਸੋਚਦਾ ਸੀ ਜੇ ਐਂ ਈ ਚੱਲਦਾ ਰਿਹਾ ਤਾਂ ਮੁਲਕ ਦਾ ਕੀ ਬਣੂੰ। ਕਦੋਂ ਤੱਕ ਗਧੇ ਗਊਆਂ ਬਣੀ ਜਾਣਗੇ।"

"ਇਹ ਦਿਨੇਸ਼ ਦੀ ਗੱਲ ਬਿਲਕੁਲ ਦਰੁਸਤ ਆ।...ਯਾਨਿ ਜੀ, ਜ਼ੈਡ ਦਾ ਸਟੇਟ ਐਵਾਰਡ ਮਨਮੋਹਣ ਦੀ ਮੌਤ ਦਾ ਬਹਾਨਾ ਬਣ ਗਿਆ। ਇਹੀ ਗੱਲ ਉਹਨੂੰ ਲੈ ਡੁੱਬੀ ਕਿ ਜ਼ੈਡਾਂ ਨੂੰ ਐਵਾਰਡ।"

ਮੈਂ ਕਿਤੇ ਇਕ ਵਿਆਹ 'ਤੇ ਗਿਆ। ਮੋਰ੍ਹੇ ਮੇਜ਼ 'ਤੇ ਸ਼ਰਾਬ ਸੀ, ਕਬਾਬ ਸੀ ਅਤੇ ਸਾਹਮਣੇ ਨੱਚ ਰਿਹਾ ਸ਼ਬਾਬ ਦੇਖ ਕੇ ਮੈਨੂੰ ਉਹ ਦਿਨ ਯਾਦ ਆ ਗਿਆ, ਜਦੋਂ ਜ਼ੈਡ ਮੇਰੇ ਕੋਲ ਦਫ਼ਤਰ 'ਚ ਝਿਲਮਿਲ ਕਰਦੇ ਕਾਰਡ ਲੈ ਕੇ ਆਇਆ ਸੀ। ਉਹ ਜਣੇ ਖਣੇ ਨੂੰ ਦਿਖਾਉਂਦਾ ਆਪਣੇ ਆਪ 'ਚ ਬਾਗੋ ਬਾਗ ਹੁੰਦਾ ਸੀ, "ਬਾਊ ਜੀ! ਪਿੰਡ ਵਾਲੇ ਆਪਣਾ ਬੜਾ ਮਾਨ ਕਰਦੇ ਜੇ। ਵਿਆਹ ਹੋਏ ਜਾਂ ਖੰਡ ਪਾਠ, ਉਨ੍ਹਾਂ ਸਾਨੂੰ ਸੱਦਣਾ ਈ ਸੱਦਣਾ।...ਤੁਸੀਂ ਦੱਸੋ ਨਾ ਦੱਸੋ, ਕਾਰਡ ਤੁਹਾਨੂੰ ਵੀ ਆਇਆ ਜੇ।"

"ਆਹੋ, ਮਾਸਟਰ ਜੀ, ਮੇਰੀ ਵੀ ਉਨ੍ਹਾਂ ਨਾਲ ਥੋੜ੍ਹੀ ਜਿਹੀ ਰਿਸ਼ਤੇਦਾਰੀ ਆ।"

"ਤੁਹਾਡੀ ਤੇ ਇਕ ਅੱਧ ਹੋਏਗੀ, ਸਾਡਾ ਤਾਂ ਸਮਝੋ ਸਾਰਾ ਪਿੰਡ ਈ ਰਿਸ਼ਤੇਦਾਰ ਜੇ।" ਉਹ ਖੁਸ਼ੀ 'ਚ ਫੁੱਲ ਕੇ ਢੋਲ ਹੋਇਆ ਪਰੇ ਖੜ੍ਹੇ ਸੇਵਾਦਾਰਾਂ ਕੋਲ ਆਪਣੇ ਸੋਹਲੇ ਗਾਉਣ ਲੱਗਾ।

"ਆਹੋ, ਕਰਦੇ ਆ ਇਹਦਾ ਬੜੇ ਪਰੋਹਤ ਦਾ।...ਉਹੀ ਜਿਨ੍ਹਾਂ ਦੇ ਨਿਆਣਿਆਂ ਨੂੰ ਟਿਊਸ਼ਨਾਂ ਪੜ੍ਹਾਂਦਾ ਨਾਲੇ ਉਨ੍ਹਾਂ ਨੂੰ ਪਾਸ ਕਰਾਣ ਦਾ ਠੇਕਾ ਚੱਕਦਾ।" ਰਮੇਸ਼ ਜੋ ਪਰੇ ਕਲਾਸ ਵਿਚ ਸੀ, ਮੈਨੂੰ ਸੁਣਾਉਣ ਦੇ ਲਹਿਜੇ ਜਿਹੇ ਨਾਲ ਬੋਲਿਆ।

ਮਾਸਟਰ ਜ਼ੈਡ ਘੁੰਮਦਾ ਘੁੰਮਾਉਂਦਾ ਆਖਿਰ ਧੁੱਪੇ ਬੈਠੇ ਮਾਸਟਰ ਲਾਭ ਸਿੰਘ ਉਰਫ ਵਾਈ ਕੋਲ ਜਾ ਬੈਠਾ। ਉਹ ਦੋ ਕੁਰਸੀਆਂ ਡਾਹੀ ਲੱਤਾਂ ਪਸਾਰ ਕੇ ਬੈਠਾ ਅੱਖਾਂ ਮੀਟੀ ਬੜੇ ਅਨੰਦ ਨਾਲ ਧੁੱਪ ਸੇਕ ਰਿਹਾ ਸੀ। ਉਹਦੀ ਕਲਾਸ 'ਕੇਲੇ' ਦਾ ਮਾਡਲ ਬਣਾਉਣ 'ਚ ਮਸਤ ਸੀ। ਮਨੀਟਰ ਡੰਡਾ ਲੈ ਕੇ ਉਨ੍ਹਾਂ ਦੇ ਸਿਰ 'ਤੇ ਸੀ। ਇਕ ਪਲੇਟ ਵਿਚ ਪਰੇ ਹੋਰ ਕੇਲੇ ਪਏ ਸਨ। ਵਾਈ ਬਾਰੇ ਇਹ ਮਸ਼ਹੂਰ ਸੀ ਕਿ ਉਹ 'ਕੇਲੇ' ਦੇ ਮਾਡਲ ਵਧ ਬਣਾਉਂਦਾ ਸੀ। ਕਲਾਸ 'ਚੋਂ ਪੈਸੇ ਇਕੱਠੇ ਕਰਕੇ ਕੇਲੇ ਲਿਆਉਣਾ ਨਿਆਣਿਆਂ ਦਾ ਕੰਮ ਸੀ। ਨਿਆਣਿਆਂ ਦੇ ਮਾਡਲ ਬਣਾ ਲੈਣ ਤੋਂ ਬਾਅਦ ਕੇਲੇ ਖਾਣਾ ਮਾਸਟਰ ਵਾਈ ਅਤੇ ਜ਼ੈਡ ਦਾ ਕੰਮ ਸੀ। ਲੋਕਾਂ ਨੇ ਵਾਈ ਦੀ ਛੇੜ ਪਾਈ ਹੋਈ ਸੀ, 'ਨਿਆਣਿਉਂ! ਬਣਾਉ ਕੇਲਾ, ਡਰੈਂਗ ਮਾਹਟਰ ਵਿਹਲਾ।" ਇਹਨੂੰ ਵਿਚਾਰੇ ਵਾਈ ਨੂੰ ਨੀਂਦ ਸਕੂਲੇ ਆ ਕੇ ਕੱਢਣੀ ਪੈਂਦੀ ਸੀ, ਕਿਉਂਕਿ ਕਈ ਵਾਰ ਰਾਤ ਨੂੰ ਪਾਠ ਦੀ ਰੌਲ ਲਾਈ ਹੁੰਦੀ। ਨਾਲੇ ਜ਼ੈਡ ਅਤੇ ਵਾਈ ਦੀ ਆਪਣੀ ਥਿਊਰੀ ਸੀ ਕਿ ਸਰਕਾਰ ਪੜ੍ਹਾਣ ਦੇ ਵੀ ਉਨੇ ਪੈਸੇ ਦਿੰਦੀ ਜੇ ਜਿੰਨੇ ਨਾ ਪੜ੍ਹਾਣ ਦੇ। ਫੇ ਨਫ਼ਾ ਨਾ ਪੜ੍ਹਾਣ 'ਚ ਹੋਇਆ। ਇਹ ਦੋਵੇਂ ਤਾਂ ਨਫ਼ੇ ਵਾਲਾ ਕੰਮ ਕਰਨਗੇ। ਦੂਜਾ ਉਹ ਸੁਪਨੇ ਲੈਂਦੇ ਕਿ ਕਦੋਂ ਇਹ ਸਕੂਲ ਵਿਕੇ ਤੇ ਅਸੀਂ ਖਰੀਦੀਏ। ਆਪਣੇ ਮੀਟਰਾਂ ਨਾਲ ਮਾਪ ਕੇ ਪੜ੍ਹਾਣ ਲਈ ਪਟੋਲ੍ਹੇ ਜਿਹੇ ਰੱਖੀਏ। ਇੱਦਾਂ ਦੇ ਦੇਸੀ ਮੋਸ਼ੀਆਂ ਨੂੰ ਆਪਣਾ ਪਾਣੀ ਭਰਨ ਲਾਈਏ।

ਜ਼ੈਡ ਅਤੇ ਵਾਈ ਦੂਜਿਆਂ ਦੀਆਂ ਜੜ੍ਹਾਂ 'ਚ ਬਹਿਣ ਲਈ ਘਿਉ ਖਿਚੜੀ ਸਨ। ਇਹ ਦੋਵੇਂ ਗਿਆਨੀ ਉਂਜ ਇਕ ਦੂਜੇ ਦੀਆਂ ਜੜ੍ਹਾਂ ਵੱਢਣ ਨੂੰ ਵੀ ਸ਼ੇਰ ਸਨ। ਦੋਵਾਂ ਦੀਆਂ ਜਾਤਾਂ ਅਲੱਗ ਅਲੱਗ ਹੋਣ ਕਰਕੇ ਇਕ ਦੂਜੇ ਦੀ ਜਾਤ 'ਤੇ ਖੂਬ ਚਿੱਕੜ ਉਛਾਲਦੇ। ਇਹ ਡਰਾਇੰਗ ਵਾਲੇ ਵਾਈ ਦੀ ਉਦਾਂ ਸਕੂਲ 'ਚ ਦਖਲ-ਅੰਦਾਜ਼ੀ ਘੱਟ ਸੀ। ਇਹ ਬੱਸ ਆਪਣਾ ਉੱਲੂ ਸਿੱਧਾ ਰੱਖਦਾ। ਪਰ ਜਿੱਦਣ ਇਹਨੂੰ ਦਿਨ ਦੇ ਸਮੇਂ ਪਾਠ ਦੀ ਰੌਲ ਲਾਉਣ ਲਈ ਫਰਲੋ ਨਾ ਮਿਲੇ, ਉਦਣੇ ਇਹ ਵਿੰਗਾ। ਜਦੋਂ ਦੋਵਾਂ ਦੇ ਮੁਫ਼ਾਦ ਇਕੱਠੇ ਹੋ ਜਾਂਦੇ, ਇਹ ਦੋਵੇਂ ਗਿਆਨੀ ਮੁੱਕਾ ਬਣ ਕੇ ਹੈਡਮਾਸਟਰ ਦੁਆਲੇ ਜਾ ਤਣਦੇ। ਪਰ ਮੋਰ੍ਹੇ

ਮੁਖੀ ਕਿਹੜਾ ਘੱਟ ਸੀ। ਪ੍ਰਸ਼ਾਦੇ ਉਹਨੇ ਵੀ ਦੋਹਾਂ ਲਈ ਤਿਆਰ ਰੱਖੇ ਹੁੰਦੇ। ਜਦ ਉਹ ਦੇਖਦਾ ਕਿ ਪਾਣੀ ਗਲ ਤੱਕ ਆਉਣ ਲੱਗਾ, ਤਦ ਸੇਵਾਦਾਰ ਨੂੰ ਕਹੇਗਾ, "ਲਿਆਈਂ ਸੇਵਿਆ ਜ਼ਰਾ ਕੱਢ ਕੇ ਇਹਨਾਂ ਦੀਆਂ ਮਿਸਲਾਂ, ਸਾਬ੍ਹ ਕਿਤਾਬ ਕਰੇ ਲਈਏ।" ਬੱਸ, ਇਨ੍ਹਾਂ ਦੋਵਾਂ ਦੀ ਉਦੋਂ ਮਾਂ ਮਰ ਜਾਂਦੀ। ਮੁਖੀ ਕਹਿੰਦਾ, "ਇਹ ਜਿੰਨ ਆ ਜੋ ਮੈਂ ਡੱਬੀ 'ਚ ਬੰਦ ਕਰਕੇ ਰੱਖੇ ਹੋਏ। ਦੱਸਣ ਕੁਸਕ ਕੇ। ਪੈਰਾਂ 'ਚ ਲਿਟਾ ਕੇ ਛੱਡੂੰ।"...ਪਰ ਫੇਰ ਵੀ ਜ਼ੈਡ ਵਾਈ ਤੋਂ ਕਈ ਕਦਮ ਅੱਗੇ ਸੀ। ਆਪਣੇ ਨਾਲ ਨਹੀਂ ਸੀ ਰਲਣ ਦਿੰਦਾ ਉਹ ਮਾਸਟਰ ਲਾਭ ਸਿੰਘ ਵੀ ਬੇਸ਼ੱਕ ਸੀ ਤਾਂ ਨੁਕਸਾਨ ਸਿੰਘ ਹੀ, ਪਰ ਫਿਰ ਵੀ ਮੁਖੀ ਉਹਨੂੰ ਬਹੁਤ ਖ਼ਤਰਨਾਕ ਨਹੀਂ ਸੀ ਸਮਝਦਾ। ਮਾਸਟਰ ਜ਼ੈਡ ਅਤੇ ਵਾਈ ਦੀ ਆਪਣੇ ਆਪ 'ਚ ਇਕ ਅਜੀਬੋ ਗਰੀਬ ਜਿਹੀ ਜੋੜੀ ਸੀ। ਆਪਣੇ ਆਪਣੇ ਮਤਲਬ ਲਈ ਉਹ ਦੋਵੇਂ ਗਧੇ ਨੂੰ ਵੀ ਆਪਣਾ ਪਿਉ ਬਣਾਉਣ ਲਈ ਇਕ ਮਿੰਟ ਲਾਉਂਦੇ। ਕਈ ਵਾਰ ਹੈਡ ਬਾਂਦਰ ਬਣ ਕੇ ਉਨ੍ਹਾਂ ਦੋਵਾਂ ਨੂੰ ਬਿੱਲੀਆਂ ਵਾਂਗ ਨਚਾਉਂਦਾ। ਵਿਆਹ ਦਾ ਅਲੋਪ ਹੋਇਆ ਸੀਨ ਫੇਰ ਸਾਹਮਣੇ ਆ ਰਿਹਾ ਹੈ। ਜ਼ੈਡ ਮੈਨੂੰ ਮੱਲੋਮਲੀ ਨਾ ਚਾਹੁੰਦਿਆਂ ਵੀ ਪਿੰਡ 'ਚ ਵਿਆਹ 'ਤੇ ਲਿਜਾ ਰਿਹਾ ਸੀ।...ਹੈਂ! ਇਹ ਕੀ?" ਮੈਂ ਤਾਂ ਹੱਕਾ ਬੱਕਾ ਰਹਿ ਗਿਆ ਦੇਖ ਕੇ। ਜਾਂਦਿਆਂ ਹੀ ਬਰਫੀ, ਗੁਲਾਬ ਜਾਮਣਾਂ, ਰਸਗੁੱਲਿਆਂ ਨਾਲ ਪਲੇਟ ਭਰ ਲਈ। ਬੱਸ, ਛੱਕ ਗਿਆ ਮਿੱਟੋ ਮਿੱਟੀ। ਥੋੜ੍ਹੇ ਚਿਰ ਬਾਅਦ ਖਾਣ ਪੀਣ ਦਾ ਪ੍ਰੋਗਰਾਮ ਸ਼ੁਰੂ ਹੋਇਆ, ਇਹ ਫੇਰ ਮੋਰ੍ਹੇ। ਮੈਂ ਆਖਿਆ ਮੀਟ ਸ਼ਰਾਬ ਦੇ ਵੱਟ ਕੱਢ ਦਿੱਤੇ। ਦੋ ਕੁ ਪੈੱਗ ਮੈਨੂੰ ਵੀ ਨਾਂਹ ਨਾਂਹ ਕਰਦੇ ਨੂੰ ਲੁਆ ਦਿੱਤੇ। ਮੈਂ ਵੀ ਰੰਗ 'ਚ ਹੋ ਗਿਆ। "ਮਾਸਟਰ ਜੀ ਤੁਹੀਂ ਤਾਂ ਸ਼ੂਗਰ ਦੇ...।"

"ਉਹ ਨਈਂ ਨਈਂ ਬਾਊ ਜੀ, ਤੁਹੀਂ ਨ੍ਹੀਂ ਸਮਝ ਸਕਦੇ। ਇਹ ਕੋਈ ਆਪਣਾ ਹਿਸਾਬ ਕਿਤਾਬ ਜਾ ਦਾ ਸਬੱਬ ਬਣਨਾ। ਹੁਣ ਖਾ ਪੀ ਲਿਆ। ਸਮਝੋ ਅਗਲੇ ਕਿਹੇ ਪ੍ਰੋਗਰਾਮ ਤੱਕ ਵਰਤ ਏ।...ਇਹ ਸ਼ੂਗਰ ਵੀ ਤਾਕਤ ਹੁੰਦੀ ਜੇ। ਇਹ ਵੀ ਸਿਹਤ ਲਈ ਜ਼ਰੂਰੀ ਏ।"

"ਚਲੋ, ਮੰਨ ਲਿਆ ਮਾਰਾਜ਼, ਤੁਹੀਂ ਆਖਿਰ ਸੈਂਸ ਮਾਸਟਰ ਆਂ, ਆਪਾਂ ਠਹਿਰੇ ਇਕ ਬਾਊ।"

ਨਾ ਚਾਹੁੰਦਿਆਂ ਹੋਇਆ ਵੀ ਮੇਰਾ ਹਾਸਾ ਨਿਕਲਣੋ ਨਾ ਹਟੇ। ਮੈਂ ਸੋਚਿਆ ਕਿ ਹੁਣ ਇਹ ਟੱਲੀ ਆ ਤੇ ਟੱਲੀ ਆਂਗ ਟਣਕੂ।

"ਮੇਰੇ ਯਾਰ! ਉਹ ਪ੍ਰੈਕਟੀਕਲ ਦੇ ਨੰਬਰਾਂ ਦਾ ਕੀ ਚੱਕਰ...।"

"ਇਨ੍ਹਾਂ ਮਾਹਟਰਾਂ ਦੀ ਮਾਂ ਦਾ ਸਿਰ.... ਐਹ ਜਿਹੜੀ ਦੇਸੀ ਮੇਸ਼ੀ ਦੀ ਜੋੜੀ ਜੇ, ਹੈ ਬੜੀ ਖਤਰਨਾਕ। ਇਹ ਸਭ ਇਨ੍ਹਾਂ ਦੀ ਚੁੱਕ ਸੀ। ਦੂਜਾ ਉਹ ਜਿਹੜੀ ਇਕ ਚਿੜੀ ਜਿਹੀ ਦੇ ਮੈਂ 9 ਨੰਬਰ ਲਾਏ ਸੀ, ਮੈਂ ਇਕ ਆਰੀ ਕਿਤੇ ਸਾਇੰਸ ਰੂਮ 'ਚ ਸੱਦੀ। ਮੋਰ੍ਹਿਊਂ ਬਣਾ ਸਵਾਰ ਕੇ ਕਹਿੰਦੀ, "ਮਾਸਟਰ ਜੀ ਮੈਨੂੰ ਕੱਲੀ ਨੂੰ ਸੈਂਸ ਰੂਮ 'ਚ ਨਾ ਸੱਦਿਆ ਕਰੋ। ਦੱਸੋ ਮੈਂ ਸ਼ੂਗਰ ਦਾ ਮਰੀਜ਼, ਤੇਰੇ ਕੀ ਮੈਂ ਫੁੱਲ ਤੋੜ ਲੈਣੇ ਸੀ।" ਇੰਜ ਕਹਿੰਦਾ ਬੇਸ਼ਰਮ ਜਿਹਾ ਹੱਸਦਾ ਹੋਰ ਪੈੱਗ ਇਕੋ ਸਾਹੇ ਚਾੜ੍ਹੀ ਗਿਆ।

"ਫੇ ਤਾਂ ਘਰ ਆਲੀ ਨਾਲ ਵੀ ਭੈਣ ਭਰਾ ਵਾਂਗ ਰਹਿੰਦੇ ਹੋਣੇ ਆਂ।" ਮੈਂ ਵੀ ਥੋੜ੍ਹਾ ਸਰੂਰ 'ਚ ਆ ਗਿਆ ਸੀ।

"ਬਾਊ ਜੀ ਹਾਸੇ ਨਾਲ ਹਾਸਾ ਰਿਹਾ। ਪਰ ਜਿਨ੍ਹਾਂ ਨੇ ਸਾਡੀਆਂ ਲੱਤਾਂ ਘੁੱਟਣੀਆਂ ਸਾਡੇ ਕਿਹਾ ਛਾਤੀ ਡਾਹੁਣੀ ਏ। ਹੋਰ ਸਾਡੀ ਸੇਵਾ 'ਚ ਹਾਜ਼ਰ ਰਹਿਣਾਂ, ਉਨ੍ਹਾਂ ਦੇ ਨੰਬਰ ਤਾਂ ਫੇ ਲੱਗਣੇ ਲੱਗਣੇ ਜੇ।"

"ਇਹ ਰਮੇਸ਼....ਦਿਨੇਸ਼....।"

"ਦੋਵੇਂ ਕੁੱਤੇ ਹਰਾਮਜ਼ਾਦੇ, ਇਕ ਨੰਬਰ ਦੇ। ਉਹ ਠੀਕ ਜੇ, ਨਵਾਂ ਨਵਾਂ ਖ਼ੂਨ ਜੇ। ਪੜ੍ਹਾਂਦੇ ਜੇ ਅਜੇ। ਬਾਊ ਜੀ, ਅਹੀਂ ਵੀ ਕਦੇ ਪੜ੍ਹਾਂਦੇ ਹੁੰਦੇ ਸੇ। ਆਖਰ ਸਟੇਟ ਐਵਾਰਡ ਕੋਈ ਚੀਜ਼ ਜੇ।"

"ਇਹ ਸਟੇਟ ਐਵਾਰਡ ਤੁਹਾਨੂੰ....।"

"ਐਮੀਂ ਨ੍ਹੀਂ ਮਿਲਿਆ ਬਾਊ ਜੀ ਬੜੇ ਵੇਲਨ ਵੇਲਨੇ ਪੈਂਦੇ ਜੇ। ਕਈਆਂ ਦੀਆਂ ਛਨਨੀਆਂ ਭਰਨੀਆਂ ਪੈਂਦੀਆਂ। ਚਲੋ, ਸਾਡਾ ਤਾਂ ਸਹੁਰਿਆਂ ਵਲੋਂ ਇਕ ਮੰਤਰੀ ਰਿਸ਼ਤੇਦਾਰ ਸੀ। ਅਗਲੇ ਨੇ ਆਪ ਕਿਹਾ ਕਿ ਫਾਈਲ ਤਿਆਰ ਕਰਕੇ ਦੇ।"

"ਅੱਛਾ ਅੱਛਾ!"

"ਬਾਕੀ ਅਹੀਂ ਜਦ ਸੀ ਤਾਂ ਅਸੀਂ ਅਸੀਂ ਸੀ। ਹੁਨ ਤਾਂ ਆਹ ਸਾਲੀ ਸ਼ੂਗਰ ਜਿਹੀ ਕਰਕੇ ਥਕੇਮਾਂ ਜਿਹਾ ਹੋ ਜਾਂਦਾ।" ਐਂ ਕਹਿ ਕੇ ਉਹਨੇ ਉਠਣਾ ਚਾਹਿਆ, ਪਰ ਕੁਰਸੀ 'ਚ ਫਸ ਕੇ ਡਿੱਗ ਪਿਆ। ਮਸਾਂ ਜੇ ਕੁਰਸੀ 'ਚੋਂ ਕੱਢ ਕੇ ਬਿਠਾਇਆ ਬਿਠਾਇਆ ਤਾਂ ਮੋਰ੍ਹੇ ਪਏ ਮੇਜ਼ 'ਤੇ ਢੇਰੀ ਹੋ ਗਿਆ।

ਉੱਧਰ ਵਿਆਹ ਦਾ ਚੱਲ ਰਿਹਾ ਸ਼ੋਅ ਆਪਣੀਆਂ ਆਖਰੀ ਸਿਖਰਾਂ 'ਤੇ ਸੀ। ਸਟੇਜ ਮੋਰ੍ਹੇ ਭੰਗੜੇ ਪਾਉਂਦੇ ਸ਼ਰਾਬੀਆਂ ਦੇ ਪੈਰ ਮੱਲੋ ਮੱਲੀ ਸਟੇਜ ਦੇ ਉੱਤੇ ਵਲ ਵਧ ਰਹੇ ਸਨ। ਇਕ ਦੋ ਨੇ ਤਾਂ ਸਟੇਜ 'ਤੇ ਧਾਵਾ ਬੋਲ ਵੀ ਦਿੱਤਾ ਸੀ। ਮਗਰੇ ਸਟੇਜ 'ਤੇ ਚੜ੍ਹਨ ਲਈ ਹੋਰਾਂ ਨੇ ਵੀ ਲਾਈਨ ਜਿਹੀ ਲਾ ਲਈ ਸੀ। ਹੁਣ ਉਹ ਨਾਚੀਆਂ ਦੇ ਸਿਰਾਂ ਤੋਂ ਨੋਟ ਵਾਰਨ ਲੱਗੇ ਸਨ। ਉਹ ਰਬੜ ਦੀਆਂ ਗੁੱਡੀਆਂ ਜਿਹੀਆਂ ਨਜ਼ਰ ਆਉਂਦੀਆਂ, ਕੁਝ ਕੁ ਮੁਸਕਰਾਉਂਦੀਆਂ, ਕੁਛ ਸ਼ਰਮਾਉਂਦੀਆਂ, ਸਟੇਜ ਦੇ ਪਿੱਛੇ ਵਲ ਨੂੰ ਖਿਸਕ ਰਹੀਆਂ ਸਨ। ਸ਼ਰਾਬੀ ਉਨ੍ਹਾਂ ਨੂੰ ਆਪਣੇ ਕਲਾਵਿਆਂ ਵਿਚ ਭਰਨ ਲਈ ਉਤਾਵਲੇ ਸਨ। ਹੋਰ ਲੋਕ ਖਾ ਪੀ ਕੇ ਵਾਪਸ ਘਰਾਂ ਨੂੰ ਜਾਣ ਲਈ ਕਾਹਲੇ ਸਨ। ਬੱਸ, ਕੁਝ ਕੁ ਜ਼ੈਡ ਜਿਹੇ ਪੰਜ ਸੱਤ ਟੇਢੇ ਹੋਏ ਪਏ ਸਨ। ਉਨ੍ਹਾਂ ਦੁਆਲੇ ਮੱਖੀਆਂ ਭਿਣਭਿਣਾ ਰਹੀਆਂ ਸਨ। ਮੈਂ ਜ਼ੈਡ ਦੇ ਮੂੰਹ 'ਤੇ ਪਾਣੀ ਦੇ ਛਿੱਟੇ ਜਿਹੇ ਮਾਰੇ। ਹਿਲਾ ਜੁਲਾ ਕੇ ਕਾਇਮ ਜਿਹਾ ਕੀਤਾ।

***ਮਾਸਟਰ ਜ਼ੈਡ ਘੁੰਮਦਾ ਘੁੰਮਾਉਂਦਾ ਆਖਿਰ ਧੁੱਪੇ ਬੈਠੇ ਮਾਸਟਰ ਲਾਭ ਸਿੰਘ ਉਰਫ ਵਾਈ ਕੋਲ ਜਾ ਬੈਠਾ। ਉਹ ਦੋ ਕੁਰਸੀਆਂ ਡਾਹੀ ਲੱਤਾਂ ਪਸਾਰ ਕੇ ਬੈਠਾ ਅੱਖੀਂ ਮੀਟੀ ਬੜੇ ਅਨੰਦ ਨਾਲ ਧੁੱਪ ਸੇਕ ਰਿਹਾ ਸੀ। ਉਹਦੀ ਕਲਾਸ 'ਕੇਲੇ' ਦਾ ਮਾਡਲ ਬਣਾਉਣ 'ਚ ਮਸਤ ਸੀ। ਮਨੀਟਰ ਡੰਡਾ ਲੈ ਕੇ ਉਨ੍ਹਾਂ ਦੇ ਸਿਰ 'ਤੇ ਸੀ। ਇਕ ਪਲੇਟ ਵਿਚ ਪਰੇ ਹੋਰ ਕੇਲੇ ਪਏ ਸਨ। ਵਾਈ ਬਾਰੇ ਇਹ ਮਸ਼ਹੂਰ ਸੀ ਕਿ ਉਹ 'ਕੇਲੇ' ਦੇ ਮਾਡਲ ਵਧ ਬਣਾਉਂਦਾ ਸੀ। ਕਲਾਸ 'ਚੋਂ ਪੈਸੇ ਇਕੱਠੇ ਕਰਕੇ ਕੇਲੇ ਲਿਆਉਣਾ ਨਿਆਣਿਆਂ ਦਾ ਕੰਮ ਸੀ। ਨਿਆਣਿਆਂ ਦੇ ਮਾਡਲ ਬਣਾ ਲੈਣ ਤੋਂ ਬਾਅਦ ਕੇਲੇ ਖਾਣਾ ਮਾਸਟਰ ਵਾਈ ਅਤੇ ਜ਼ੈਡ ਦਾ ਕੰਮ ਸੀ। ਲੋਕਾਂ ਨੇ ਵਾਈ ਦੀ ਛੇੜ ਪਾਈ ਹੋਈ ਸੀ, 'ਨਿਆਣਿਉਂ! ਬਣਾਉ ਕੇਲਾ, ਡਰੈਂਗ ਮਾਹਟਰ ਵਿਹਲਾ।" ਇਹਨੂੰ ਵਿਚਾਰੇ ਵਾਈ ਨੂੰ ਨੀਂਦ ਸਕੂਲੇ ਆ ਕੇ ਕੱਢਣੀ ਪੈਂਦੀ ਸੀ, ਕਿਉਂਕਿ ਕਈ ਵਾਰ ਰਾਤ ਨੂੰ ਪਾਠ ਦੀ ਰੌਲ ਲਾਈ ਹੁੰਦੀ। ਨਾਲੇ ਜ਼ੈਡ ਅਤੇ ਵਾਈ ਦੀ ਆਪਣੀ ਥਿਊਰੀ ਸੀ ਕਿ ਸਰਕਾਰ ਪੜ੍ਹਾਣ ਦੇ ਵੀ ਉਨੇ ਪੈਸੇ ਦਿੰਦੀ ਜੇ ਜਿੰਨੇ ਨਾ ਪੜ੍ਹਾਣ ਦੇ। ਫੇ ਨਫ਼ਾ ਨਾ ਪੜ੍ਹਾਣ 'ਚ ਹੋਇਆ। ਇਹ ਦੋਵੇਂ ਤਾਂ ਨਫ਼ੇ ਵਾਲਾ ਕੰਮ ਕਰਨਗੇ। ਦੂਜਾ ਉਹ ਸੁਪਨੇ ਲੈਂਦੇ ਕਿ ਕਦੋਂ ਇਹ ਸਕੂਲ ਵਿਕੇ ਤੇ ਅਸੀਂ ਖਰੀਦੀਏ। ਆਪਣੇ ਮੀਟਰਾਂ ਨਾਲ ਮਾਪ ਕੇ ਪੜ੍ਹਾਣ ਲਈ ਪਟੋਲ੍ਹੇ ਜਿਹੇ ਰੱਖੀਏ। ਇੱਦਾਂ ਦੇ ਦੇਸੀ ਮੇਸ਼ੀਆਂ ਨੂੰ ਆਪਣਾ ਪਾਣੀ ਭਰਨ ਲਾਈਏ। ਜ਼ੈਡ ਅਤੇ ਵਾਈ ਦੂਜਿਆਂ ਦੀਆਂ ਜੜ੍ਹਾਂ 'ਚ ਬਹਿਣ ਲਈ ਘਿਉ ਖਿਚੜੀ ਸਨ। ਇਹ ਦੋਵੇਂ ਗਿਆਨੀ ਉਂਜ ਇਕ ਦੂਜੇ ਦੀਆਂ ਜੜ੍ਹਾਂ ਵੱਢਣ ਨੂੰ ਵੀ ਸ਼ੇਰ ਸਨ। ਦੋਵਾਂ ਦੀਆਂ ਜਾਤਾਂ ਅਲੱਗ ਅਲੱਗ ਹੋਣ ਕਰਕੇ ਇਕ ਦੂਜੇ ਦੀ ਜਾਤ 'ਤੇ ਖ਼ੂਬ ਚਿੱਕੜ ਉਛਾਲਦੇ।***

ਕੁਝ ਕੁ ਪਲਾਂ ਬਾਅਦ ਹੀ ਉਹ ਆਪਣੇ ਪੈਰਾਂ 'ਤੇ ਖਲੋਂਦਾ, ਲੜਖੜਾਉਂਦਾ ਆਖਿਰ ਆਪਣੇ ਆਪ ਨੂੰ ਸੰਭਾਲ ਰਿਹਾ ਸੀ।

ਪ੍ਰੋਗਰਾਮ ਤੋਂ ਬਾਅਦ ਪਿੰਡੋਂ ਬਾਹਰ ਨਿਕਲੇ ਤਾਂ ਮੈਂ ਤਾਂ ਦੇਖ ਕੇ ਇਕਦਮ ਦੰਗ ਰਹਿ ਗਿਆ। "ਹੈਂ! ਇਹ ਤਾਂ ਘੋੜੇ ਅਰਗਾ ਆ। ਇਕ ਦਮ ਤੇਜ਼ ਹੋਇਆ ਮੈਥੋਂ ਕਿੰਨਾ ਅਗਾਂਹ ਲੰਘ ਗਿਆ। ਇਹਨੂੰ ਕੀ ਹੋ ਗਿਆ ਅਚਾਨਕ? ਕੀ ਕਰਨ ਜਾ ਰਿਹਾ ਇਹ?"

ਪਿੱਛੇ ਆਉਂਦਾ ਮੈਂ ਸੋਚੀ ਜਾਵਾਂ। ਇਹਨੇ ਅੱਗੇ ਜਾ ਕੇ ਮੁੜਦਿਆਂ ਪਹਿਲਾਂ ਜੁੱਤੀ ਲਾਹੀ ਮੂੰਹ 'ਤੇ ਪੋਲਾ ਜਿਹਾ ਹੱਥ ਫੇਰਿਆ। ਪੱਗ ਨੂੰ ਠੀਕ ਕੀਤਾ। ਫਿਰ ਹੱਥ ਜੋੜੀ ਅੱਧਾ ਕੁ ਫਰਲਾਂਗ ਪੋਲੇ ਪੋਲੇ ਪੈਰੀਂ ਅਗਾਂਹ ਨੂੰ ਵਧਿਆ। ਫੇਰ ਰਾਹ ਦੇ ਪੰਜਵੇਂ ਸਫੈਦੇ ਨੂੰ ਹੱਥ ਲਾ ਕੇ ਕਿੰਨਾ ਚਿਰ ਹੱਥ ਜੋੜੀਂ ਖੜ੍ਹਾ ਰਿਹਾ। ਫਿਰ ਲੰਮਾ ਪੈ ਕੇ ਮੱਥਾ ਟੇਕਿਆ। ਉਸ ਤੋਂ ਬਾਅਦ ਗੋਡਿਆਂ ਭਾਰ ਹੋ ਕੇ ਨਮਸਕਾਰ ਕੀਤਾ। ਫਿਰ ਹੱਥ ਜੋੜੀ ਪਿਛਲ ਕਦਮੀਂ ਪਿੱਛੇ ਆਇਆ। ਸਿੱਧਾ ਹੋਣ ਲੱਗਿਆ, ਇਕ ਵਾਰ ਫਿਰ ਸਿਰ ਨਿਵਾਇਆ ਅਤੇ ਸਿੱਧਾ ਹੋ ਕੇ ਸੰਭਲਿਆ, "ਬਾਊ ਜੀ! ਇਹ ਬਾਬਾ ਅਦਲੀ ਦੀ ਬੜੀ ਕਰਨੀ ਵਾਲੀ ਜਗ੍ਹਾ ਜੇ। ਜਦੋਂ ਮੇਰੀ ਬਦਲੀ ਇਥੇ ਸਕੂਲ 'ਚ ਹੋਣੀ ਸੀ, ਮੈਂ ਇਸੇ ਜਗ੍ਹਾ 'ਤੇ ਆ ਕੇ ਅਰਜ਼ ਗੁਜਾਰੀ ਸੀ। ਬਾਬਾ ਅਦਲੀ ਕਰ ਬਦਲੀ। ਬੱਸ ਮੰਨਤ ਉਦੇ ਪੂਰੀ। ਤੇ ਝੱਟ ਮੇਰੀ ਬਦਲੀ ਹੋ ਗਈ।" ਮੈਨੂੰ ਤਾਂ ਉਹਦੀਆਂ ਹਰਕਤਾਂ ਨੂੰ ਵੇਖ ਕੇ ਅਚੰਭਾ ਸੀ।

ਅੱਗੇ ਜਾ ਕੇ ਅੱਡੇ 'ਚ ਆਏ ਤਾਂ ਉਹਨੇ ਜੁੱਤੀਆਂ ਗੰਢਣ ਵਾਲੇ ਹੱਟੇ ਕੱਟੇ ਜਿਹੇ ਮੁੰਡੇ ਅੱਗੇ ਆਪਣੀ ਜੁੱਤੀ ਜਾ ਖੋਲ੍ਹੀ। ਧੁੱਪ ਨੇ ਮੁੰਡੇ ਦੇ ਕਾਲੇ ਰੰਗ ਨੂੰ ਹੋਰ ਚਮਕਾ ਦਿੱਤਾ ਸੀ। ਉਹਨੇ ਹੱਥ ਜੋੜਦਿਆਂ ਸਿਰ ਨਿਵਾਇਆ, ਪਰ ਬੋਲਿਆ ਕੁਝ ਨਾ। ਮੈਨੂੰ ਬੜਾ ਉਹ ਸੀਰੀਅਸ ਜਿਹਾ ਲੱਗਾ। "ਬਾਊ ਜੀ, ਤੁਹੀਂ ਵੀ ਕਰਾਉ ਪਾਲਿਸ਼, ਇਹ ਆਪਣਾ ਚੇਲਾ ਬਾਲਕਾ।" ਮੈਂ ਥੋੜ੍ਹਾ ਹੋਰ ਧਿਆਨ ਨਾਲ ਮੁੰਡੇ ਵਲ ਵੇਖਿਆ। "ਹੈਂ! ਇਹ ਕਿਤੇ ਜਰਨੈਲ ਤਾਂ ਨਈਂ?" ਮੈਂ ਆਪਣੇ ਆਪ ਨੂੰ ਪੁੱਛਿਆ।

ਇਸ ਤੋਂ ਪਹਿਲਾਂ ਕਿ ਮੈਂ ਉਹਨੂੰ ਪੁੱਛਦਾ। ਇੰਨੇ ਨੂੰ ਉਹਨੇ ਖ਼ੁਦ ਹੀ ਦੱਸਣਾ ਸ਼ੁਰੂ ਕਰ ਦਿੱਤਾ, "ਵਿਚਾਰੇ ਦਾ ਪਿਉ ਮਰ ਗਿਆ। ਤਿੰਨ ਕੁ ਮਹੀਨੇ ਪਹਿਲਾਂ ਸ਼ਾਮੀਂ ਕੰਮ ਤੋਂ ਮੁੜਦਾ ਟਰੱਕ ਦੀ ਲਪੇਟ 'ਚ ਆ ਗਿਆ। ਮਾੜੀ ਕੁ ਬਸ ਸੈਡ ਈ ਵੱਜੀ, ਥਾਏਂ...। ਬੰਦੇ 'ਚ ਹੈ ਵੀ ਕੀ ਜੇ।...ਐਮੀਂ ਮੇਰੀ ਮੇਰੀ ਕਰਦਾ ਫਿਰਦਾ, ਘੜੀ ਦਾ ਵਿਸਾਹ ਨ੍ਹੀਂ ਉਹਦਾ।" ਮੁੰਡਾ ਨੀਵੀਂ ਪਾਈ ਆਪਣੇ ਕੰਮ 'ਚ ਮਗਨ ਸੀ। "ਕਾਕਾ ਹੌਸਲਾ ਰੱਖ ਆਪਾਂ ਔੜੀ ਸੌੜੀ ਲਾਈ ਹਾਜਰ ਜੇ। ਬੱਸ, ਉਸ ਉੱਪਰ ਵਾਲੇ 'ਤੇ ਭਰੋਸਾ ਰੱਖ।" ਜ਼ੈਡ ਨੇ ਉਹਨੂੰ ਥਾਪੀ ਜਿਹੀ ਦਿੱਤੀ। ਅਸੀਂ ਲਿਸ਼ਕਦੀਆਂ ਜੁੱਤੀਆਂ ਪਾ ਕੇ ਤੁਰਨ ਲੱਗੇ ਤਾਂ ਮੈਂ ਪੈਸੇ ਦੇਣ ਲਈ ਬਟੂਆ ਕੱਢਿਆ। ਜ਼ੈਡ ਨੇ ਮੇਰਾ ਹੱਥ ਫੜ ਲਿਆ, "ਬਾਊ ਜੀ ਇਹ ਆਪਨਾ ਜਰਨੈਲ ਆ। ਚੇਲਾ ਬਾਲਕਾ ਆ ਆਪਨਾ ਇਹਦੇ ਨਾਲ ਆਪਣਾ ਪਿਆਰ ਜੇ। ਔਰ ਪਿਆਰ 'ਚ ਕੋਈ ਮੁੱਲ ਨਈਂ ਹੁੰਦਾ।"

"ਅੱਛਾ ਅੱਛਾ! ਉਹ ਪ੍ਰੈਕਟੀਕਲ ਦੇ ਨੰਬਰਾਂ ਆਲਾ। ਤੁਹਾਡੀ ਫੌਜ ਦਾ ਜਰਨੈਲ।" ਮੈਨੂੰ ਸੋਚ ਸੋਚ ਕੇ ਮਾਸਟਰ ਜ਼ੈਡ 'ਤੇ ਗੁੱਸਾ ਆ ਰਿਹਾ ਸੀ। ਨਾਲ ਨਾਲ ਹਾਸਾ ਵੀ ਆਉਂਦਾ ਸੀ ਇਹਦੀਆਂ ਹਰਕਤਾਂ 'ਤੇ। ਅੱਜ ਮੈਨੂੰ ਜਰਨੈਲ 'ਤੇ ਤਰਸ ਆ ਰਿਹਾ ਸੀ। ਮੈਂ ਗੁੱਸੇ 'ਚ ਭਰੇ ਪੀਤੇ ਨੇ ਵਿਅੰਗ ਜਿਹੇ ਨਾਲ ਪੁੱਛ ਹੀ ਲਿਆ, "ਦੇਖ ਲਉ, ਥੁਆਡੇ ਪੜ੍ਹਾਇਉ ਜੁੱਤੀਆਂ ਗੰਢਣ ਲੱਗ ਪਏ।"

ਉਹ ਬੜੀ ਬੇਸ਼ਰਮੀ ਨਾਲ ਹੱਸਿਆ। "ਬਾਊ ਜੀ, ਇਹ ਵੀ ਟੈਕਨੀਕਲ ਕੰਮ ਏ। ਪ੍ਰੈਕਟੀਕਲੀ ਪੂਰਾ ਮਾਹਿਰ ਬਨਾ ਕੇ ਭੇਜਿਆ।" ਮੈਂ ਉਹਦਾ ਜੁਆਬ ਸੁਣ ਕੇ ਚੁੱਪ ਜਿਹਾ ਹੋ ਗਿਆ ਕਿ ਇਹਦੇ ਨਾਲ ਬਹਿਸਣਾਂ ਫ਼ਜ਼ੂਲ ਹੈ। ਪਰ ਮੈਂ ਜਰਨੈਲ ਦਾ ਜਿਸਮ ਦੇਖ ਕੇ ਸੋਚਾਂ ਕਿ ਵਾਕਈ ਇਹ ਫੌਜ 'ਚ ਕਿਤੇ ਜਰਨੈਲ ਹੁੰਦਾ ਜਾਂ ਘੱਟੋ ਘੱਟ ਕਿਸੇ ਥਾਣੇ 'ਚ ਐਸ.ਐਚ.ਓ.। ਪਰ ਜ਼ੈਡਾਂ ਨੇ ਭਵਿੱਖ ਦੇ ਜਰਨੈਲਾਂ ਨੂੰ ਜ਼ੈਡ ਕਰਕੇ ਰੱਖ ਦਿੱਤਾ ਸੀ।

ਇਕ ਦਿਨ ਜ਼ੈਡ ਨੂੰ ਦੇਖ ਕੇ ਮੈਂ ਕਬੂਤਰ ਬਣ ਜਾਂਦਾ ਹਾਂ। ਉਹਦੇ ਹੱਥ 'ਤੇ ਬੈਠਾ ਹਾਂ। ਉਹ ਫੁਰਰ ਕਰਕੇ ਮੈਨੂੰ ਆਕਾਸ਼ 'ਚ ਉਡਾਉਂਦਾ ਹੈ।...ਮੈਨੂੰ ਯਾਦ ਹੈ, ਮੈਂ ਦਫ਼ਤਰੀ ਕੰਮ ਨਿਬੇੜ ਕੇ ਖੁਸ਼ ਜਿਹੇ ਮੂਡ 'ਚ ਬੈਠਾ। ਮਾਸਟਰ ਜ਼ੈਡ ਜਿਵੇਂ ਪਹਿਲੋਂ ਮੌਕੇ ਦੀ ਭਾਲ 'ਚ ਬੈਠੇ ਬੈਠੇ ਨੇ ਪਹਿਲਾਂ ਘਰੇਲੂ ਗੱਲਾਂ ਛੇੜੀਆਂ। ਗੱਲਾਂ ਗੱਲਾਂ 'ਚ ਮੇਰੇ ਘਰੇਲੂ ਹਾਲਾਤਾਂ ਦਾ ਜਾਇਜ਼ਾ ਲਿਆ। ਫਿਰ ਮੇਰੀ ਦੁਖਦੀ ਰਗ 'ਤੇ ਉਂਗਲ ਧਰੀ।

"ਬੜਾ ਮੁਸ਼ਕਲ ਜੇ ਬਾਊ ਜੀ ਇਸ ਮਹਿੰਗਾਈ 'ਚ ਫੇ ਵੀ ਮੈਂ ਸਮਝਦਾਂ, ਧੰਨ ਹੋ ਤੁਸੀਂ ਜੋ ਸਿੰਗਲ ਹੈਂਡ ਹੁੰਦੇ ਹੋਏ...। ਅਸੀਂ ਦੋ ਜੇ ਫੇ ਪੂਰੀ ਨਈਂ ਪੈਂਦੀ।....ਮੈਂ ਕਈ ਵਾਰੀ ਤੇਰੇ ਬਾਰੇ ਸੋਚਦਾਂ, ਕਿਉਂਕਿ ਆਪਾਂ ਜੇ ਤੇਰੇ ਦਿਲੋਂ ਹਮਦਰਦ। ਮੈਂ ਚਾਹੁੰਨਾ ਤੈਨੂੰ ਕਿਤੋਂ ਚਾਰ ਪੈਸੇ ਹੋਰ ਰਲਨ।...ਮੇਰੇ ਕੋਲ ਇਕ ਗੇਮ ਹੈਗੀ। ਐਰੇ ਗੈਰੇ ਨੂੰ ਦੱਸਦਾ ਨਈਂ।....ਸੋਚਦਾ ਹਾਂ, ਕੀ ਕੰਮ ਹੋਏਗਾ।....ਕੰਮ ਕੁਛ ਵੀ ਨਈਂ। ਮਿੱਤਰ! ਹਿੰਗ ਲੱਗੇ ਨਾ ਫਟਕੜੀ ਰੰਗ ਚੋਖਾ ਆਏ।" ਜ਼ੈਡ ਮੈਨੂੰ ਥਾਪੀਆਂ ਦੇ ਰਿਹਾ ਸੀ ਤੇ ਨਾਲ ਨਾਲ ਚੁਟਕੀਆਂ ਵਜਾ ਰਿਹਾ ਸੀ, "ਇਹ ਐਸੀ ਗੇਮ ਜੇ, ਬੱਸ ਇਕ ਵਾਰ ਚਾਬੀ ਦੇਣ ਦੀ ਲੋੜ ਏ। ਫੇ ਆਪੇ ਚੱਲਦੀ ਜੇ। ਜਦ ਹੌਲੀ ਹੋਨ ਲੱਗੇ, ਫੇਰ ਚਾਬੀ ਦੇ ਦਿਉ! ਤੁਸੀਂ ਅੱਗੇ ਅੱਗੇ ਹੋਨਾ, ਲੋਕਾਂ ਨੇ ਪੈੜ ਨੱਪਦਿਆਂ ਤੁਹਾਡੇ ਪਿੱਛੇ ਪਿੱਛੇ ਹੈ ਨਾ।...ਕੰਮ ਤੇਰਾ ਮੈਂ ਚਲਾਵਾਂਗਾ। ਵਾਦ੍ਹਾ ਰਿਹਾ।" ਮੇਰੇ ਹਾਵ ਭਾਵ ਪੜ੍ਹਦਿਆਂ ਉਹ ਕੁਝ ਪਲ ਲਈ ਰੁਕਿਆ। ਮੇਰੇ ਅੰਦਰ ਇਕ ਖੁਦਬਖੁਦ 'ਉਹ' ਕੰਮ ਕਰਨ ਦੀ ਭਾਵਨਾ ਜਿਹੀ ਠਾਠ੍ਹਾ ਮਾਰਨ ਲੱਗੀ। ਮੈਂ ਉਸ ਗੇਮ ਦਾ ਖਿਡਾਰੀ ਬਣਨ ਲਈ ਉਤਾਵਲਾ ਹੋ ਗਿਆ। ਮੈਨੂੰ ਲੱਗਾ ਜਿਵੇਂ ਮੈਂ ਇਸ ਕੰਮ ਲਈ ਬਿਲਕੁਲ ਫਿੱਟ ਹਾਂ। ਮੈਨੂੰ ਹੇਰ ਫੇਰ ਨਈਂ ਕਰਨੀ ਚਾਹੀਦੀ। ਇਹ ਜ਼ੈਡ ਨਈਂ, 'ਏ' ਆ ਮੇਰੇ ਲਈ ਜੋ ਫਰਿਸ਼ਤਾ ਬਣ ਕੇ ਮਿਲਿਆ। ਇਹਦਾ ਅਹਿਸਾਨ ਮੈਂ ਭੁੱਲ ਸਕਦਾਂ।...ਮਾਸਟਰ ਜ਼ੈਡ ਦੀਆਂ ਗੱਲਾਂ ਮੇਰੇ 'ਤੇ ਭਾਰੂ ਹੋ ਗਈਆਂ। ਮੈਂ ਪੂਰੇ ਦਾ ਪੂਰਾ ਉਸ ਵਲ ਝੁਕ ਗਿਆ ਸੀ। ਨਾਲੇ ਮੈਂ ਇਹ ਸੋਚੀਂ ਚਲਾਂ ਕਿ ਐਸਾ ਕਿਹੜਾ ਕੰਮ ਹੋਊ ਜੋ ਮੇਰੇ ਮਨ ਨੂੰ ਐਨਾ ਵਧੀਆ ਜਿਹਾ ਲੱਗਣ ਲੱਗ ਪਿਆ ਸੀ। ਜ਼ੈਡ ਜਿਵੇਂ ਮੈਨੂੰ ਭਾਂਪ ਗਿਆ ਸੀ।

"ਬਾਊ ਜੀ! ਐ ਨੌਕਰੀਆਂ ਨੁਕਰੀਆਂ ਕਿਆ ਜੇ।....ਟਾਈ ਛਾਈ ਲਾ ਕੇ ਐਨ ਟਿਪ ਟਾਪ ਨਜ਼ਰ ਆਉਗੇ। ਦਿਨਾਂ 'ਚ ਥੁਆਡੇ ਥੱਲੇ ਗੱਡੀਆਂ ਹੋਨੀਆਂ। ਐਸ ਦੋ ਟਕੇ ਦੀ ਨੌਕਰੀ ਨੂੰ ਤਾਂ ਤੁਸੀਂ ਆਪੇ ਠੋਕਰ ਮਾਰ ਦੇਨੀ ਜੇ।"

ਪਰ ਪਤਾ ਨਈਂ ਕਿਉਂ ਮੈਂ ਉਦੋਂ ਇਹ ਨਈਂ ਸੋਚ ਸਕਿਆ ਕਿ ਇਹਨੇ ਜ਼ੈਡ ਨੇ ਫਿਰ ਨੌਕਰੀ ਕਿਉਂ ਨਈਂ ਛੱਡੀ। ਮੇਰੇ ਸਿਰ 'ਚ ਪਤਾ ਨਈਂ ਉਹਨੇ ਕੀ ਧੂੜ ਦਿੱਤਾ ਸੀ।

"ਤੂੰ ਕਹੇਂਗਾ ਬਿਜਨੈਸ ਕੀ ਏ?...ਮੈਂ ਕਹਾਂਗਾ ਕੁਛ ਵੀ ਨਈਂ।...ਥੁਆਡੀ ਜ਼ੁਬਾਨ ਦਾ ਰਸ ਜੇ ਬੱਸ ਉਹ ਥੁਆਡੇ ਕੋ ਹੈਗਾ।....ਸਿੱਧੀ ਗੱਲ, ਬੰਦੇ ਨੂੰ ਗੱਲ ਨਾਲ ਕਾਇਲ ਕਰਨਾ, ਬਸ, ਇਹੀ ਇਹ ਬਿਜਨੈਸ ਜੇ।"

"ਪਰ ਸਰ ਕਰਨਾ ਕੀ ਆ?" ਮੇਰੇ ਅੰਦਰਲਾ ਲਾਵਾ ਆਖਿਰ ਬਾਹਰ ਆ ਹੀ ਗਿਆ ਸੀ।

ਜ਼ੈਡ ਹਾਅ ਹਾ ਹਾਅ। ਕਰਕੇ ਹੱਸਿਆ। ਪਤਾ ਨਈਂ ਆਪਣੀ ਜਿੱਤ 'ਤੇ ਜਾਂ ਮੇਰੀ ਬੇਵਕੂਫੀ 'ਤੇ ਕਿ ਮੈਂ ਸ਼ਿਕਾਰ ਚਿਤ ਕਰ ਦਿੱਤਾ। ਹੁਣ ਉਹਨੇ ਸੱਟ ਮਾਰਨੀ ਜਾਇਜ਼ ਸਮਝੀ।...."ਇਕ ਸਮਾਨ ਵੇਚਣ ਆਲੀ ਇੰਟਰਨੈਸ਼ਨਲ ਕੰਪਨੀ ਜੇ। ਤੁਸੀਂ ਉਹਦਾ ਮੈਂਬਰ ਬਣਨਾ। ਫੇ ਤੁਸੀਂ ਮੈਂਬਰ ਬਣਾਨੇ ਜੇ। ਉਨ੍ਹਾਂ ਮੈਂਬਰਾਂ ਨੇ ਅਗਾਂਹ ਹੋਰ ਆਪਨੇ-ਆਪਨੇ ਮੈਂਬਰ ਬਨਾਨੇ ਜੇ।.... ਬਸ, ਫਿਰ ਕੀ ਏ। ਆਖਿਰ ਇਕ ਲੰਮੀ ਲੜੀ ਬਣ ਜਾਨੀ, ਤੁਸੀਂ ਉਸੇ ਲੜੀ ਨੂੰ ਟਿਮਟਿਮ ਕਰਦੀ ਵੇਖਿਉ। ਤੁਹਾਡੇ ਚੁਫੇਰੇ ਚਾਨਣ ਚਾਨਣ ਚਾਨਣ....ਨੇਰ੍ਹਾ ਨ੍ਹੀਂ ਲੱਭੇਗਾ ਕਿਸੇ ਘਰ ਦੇ ਖੂੰਜੇ 'ਚ। ਫੇ ਦੁਨੀਆ ਹਊ ਥੁਹਾਡੀ ਮੁੱਠੀ 'ਚ...ਬੱਸ, ਜ਼ਰਾ ਮਨ ਮਜ਼ਬੂਤ ਕਰਕੇ ਮੈਦਾਨ 'ਚ ਨਿੱਤਰ ਆਉ।"

ਫਿਰ ਮੇਰਾ ਹੱਥ ਫੜ ਕੇ ਰੇਖਾਵਾਂ ਪੜ੍ਹਨ ਲੱਗਾ, "ਵਾਹ! ਕਿਆ ਬੁਲੰਦ ਸਿਤਾਰੇ ਜੇ। ਹੁਣ ਨਾ ਮਿੱਤਰਾ ਪਾਧ੍ਹਾ ਪੁੱਛੀ, ਤੇਰੀਆਂ ਦਸੇ ਘੇ 'ਚ ਜੇ।" ਅਚਾਨਕ ਜ਼ੈਡ ਦੀ ਨਿਗਾਹ ਰਮੇਸ਼ ਦਿਨੇਸ਼ ਦੀ ਜੋੜੀ 'ਤੇ ਪੈ ਗਈ, ਜੋ ਦਫਤਰ ਕੋਲੋਂ ਹੁਣੇ ਹੁਣੇ ਦੱਬੇ ਖੱਬੇ ਪੈਰੀਂ ਲੰਘੀ ਸੀ। ਜ਼ੈਡ ਦੇ ਮਨ 'ਚ ਪਤਾ ਨ੍ਹੀਂ ਕੀ ਆਇਆ। "ਲਉ ਬਾਊ ਜੀ, ਤੁਸੀਂ ਕਰੋ ਜਰਾ ਠੰਡੇ ਮਨ ਨਾਲ ਵਿਚਾਰ। ਮੈਂ ਆਇਆ ਜ਼ਰਾ ਕਲਾਸ 'ਚ ਗੇੜੀ ਜਿਹੀ ਦੇ ਕੇ। ਉੱਧਰ ਹੈਡ ਨੂੰ ਟੱਟੀਆਂ ਲੱਗੀਆਂ ਹੁਨੀਆਂ ਕਿ ਮੈਂ ਕਲਾਸ 'ਚ ਵੇਖਿਆ ਹੋਵੇ। ਸਾਲੇ ਕਲ੍ਹ ਦੇ ਛਲਾਰੂ, ਰਿਜ਼ਰਵੇਸ਼ਨਾਂ ਲੈ ਕੇ ਸਾਡੇ ਸਿਰਾਂ 'ਤੇ ਆ ਬੈਠੇ। ਇਦਾਂ ਦੇ, ਕਲ੍ਹ ਅਜੇ ਮੈਥੋਂ ਪੜ੍ਹ ਕੇ ਗਏ ਜੇ।" ਉਹ ਬੁੜ ਬੁੜ ਕਰਦਾ ਚੌੜਾ ਜਿਹਾ ਹੋ ਕੇ ਕਲਾਸ ਵਲ ਤੁਰ ਪਿਆ, ਜਿਵੇਂ ਇਹ ਦੱਸਣਾ ਚਾਹੁੰਦਾ ਹੋਵੇ ਕਿ ਮੈਂ ਨਈਂ ਇੱਦਾਂ ਦੇ ਹੈਡਮਾਸਟਰਾਂ ਨੂੰ ਕੁਛ ਮੰਨਦਾ। ਪਰ ਉਹਦੇ ਅੰਦਰਲੇ ਡਰ ਨੇ ਉਹਨੂੰ ਕਲਾਸ ਵਲ ਤੋਰ ਦਿੱਤਾ ਸੀ।

ਜ਼ੈਡ ਦੇ ਜਾਣ ਤੋਂ ਬਾਅਦ ਮੈਂ ਉਹਦੇ ਪਰਾਂ ਦੇ ਸਹਾਰੇ ਉਡਣ ਲੱਗਾ। ਅਜੇ ਮੈਂ ਬਹੁਤ ਉਚਾਈ 'ਤੇ ਨਹੀਂ ਸੀ ਗਿਆ। ਮੈਨੂੰ ਪਤਾ ਨਹੀਂ ਕਦੋਂ ਦਿਨੇਸ਼ ਤੇ ਰਮੇਸ਼ ਦੇ ਬੋਲਾਂ ਨਾਲ ਮੈਂ ਉਡਦਾ ਉਡਦਾ ਹੇਠਾਂ ਨੂੰ ਪਰਤ ਆਇਆ। ਪਤਾ ਨਹੀਂ ਕਿਵੇਂ ਉਨ੍ਹਾਂ ਨੇ ਬੁਝ ਲਿਆ ਜਾਂ ਉਨ੍ਹਾਂ ਦਾ ਤੁੱਕਾ ਚੱਲ ਗਿਆ।

"ਪਿਛਲੇ ਸਕੂਲ 'ਚ ਇਹਨੇ ਹੈਡ ਤੇ ਬਾਊ ਨੂੰ ਪੁੱਠੀਆਂ ਸਲਾਹਾਂ ਦੇ ਕੇ ਸਸਪੈਂਡ ਕਰਾ 'ਤਾ ਸੀ।" ਦਿਨੇਸ਼ ਨੇ ਸਿੱਧੀ ਸਿਰੇ ਦੀ ਜਾ ਸੁਣਾਈ।

"ਹੈਂ! ਸਸਪੈਂਡ!" ਮੇਰੇ ਜਿਵੇਂ ਇਕ ਦਮ ਖੰਭ ਝੜ ਗਏ।

"ਦਿਨੇਸ਼ ਬਿਲਕੁਲ ਠੀਕ ਕਹਿੰਦਾ। ਉਹ ਇੱਦਾਂ, ਜਿਥੇ ਇਹ ਜ਼ੈਡ ਪਹਿਲਾਂ ਪੜ੍ਹਾਂਦਾ ਸੀ, ਉਥੇ ਦੋ ਪੋਸਟਾਂ ਖਾਲੀ ਸੀ। ਇਕ ਕੋਈ ਮਾਸਟਰ ਵਿਦੇਸ਼ 'ਚ ਬੈਠਾ ਸੀ। ਲਈ ਛੁੱਟੀ ਉਹਦੀ ਖ਼ਤਮ ਹੋ ਚੁੱਕੀ ਸੀ। ਦੂਸਰੀ ਪੋਸਟ ਸੇਵਾਦਾਰ ਦੀ ਖਾਲੀ ਸੀ। ਜ਼ੈਡ ਨੇ ਹੈਡ ਤੇ ਬਾਊ ਨੂੰ ਸਬਜ਼ਬਾਗ ਦਿਖਾਏ ਕਿ ਇਹ ਮੁਰਲੀ ਮਹਿਕਮਾ ਆਂ, ਇਥੇ ਮੋਇਆ ਪੁੱਛਦਾ। ਤੁਸੀਂ ਆਲ ਇਨ ਆਲ ਹੋ। ਬਾਅਦ 'ਚ ਹਿੱਸਾ ਪੱਤੀ ਬਦਲੇ ਇਹਦੀ ਹੈੱਡ ਤੇ ਬਾਊ ਨਾਲ ਖੜਕ ਪਈ। ਕਿਤੇ ਆਡਿਟ ਪਾਰਟੀ ਸਕੂਲ ਆਈ, ਇਹੋ ਕਮੀਨਾ ਬਚ ਗਿਆ। ਬਾਊ ਜੀ, ਮੈਂ ਵਾਰ ਵਾਰ ਇਸੇ ਕਰਕੇ ਕਹਿਨਾ ਕਿ ਬਚੋ ਬਚੋ ਬਚੋ, ਇਸ ਗੰਦੇ ਆਂਡੇ ਤੋਂ ਬਚੋ।" ਇੰਨਾ ਕਹਿੰਦਾ ਰਮੇਸ਼ ਦਿਨੇਸ਼ ਨੂੰ ਗਲਵਕੜੀ ਜਿਹੀ ਪਾ ਕੇ ਪਰ੍ਹਾਂ ਨੂੰ ਲੈ ਗਿਆ। ਪਰ ਮੈਂ ਸੋਚਦਾਂ ਕਿ ਹੈਡ ਤੇ ਬਾਊ ਦਾ ਆਪਣਾ ਦਿਮਾਗ ਨਹੀਂ ਸੀ। "ਪਰ ਹੁਣ ਮੇਰੇ ਦਿਮਾਗ਼ ਨੂੰ ਕੀ ਹੋ ਗਿਆ ਸੀ। ਮੈਂ ਕਿਉਂ ਜ਼ੈਡ ਮਗਰ ਲੱਗ ਕੇ ਹਵਾ 'ਚ ਉੱਡਣ ਲੱਗਾ?"

ਮੈਨੂੰ ਯਾਦ ਹੈ ਉਹ ਦਿਨ ਭੁਲਾਇਆਂ ਨਹੀਂ ਭੁੱਲਦਾ। ਉਸ ਦਿਨ ਤਾਂ ਕਮਾਲ ਹੀ ਹੋ ਗਈ। ਛੁੱਟੀ ਵਾਲਾ ਦਿਨ ਲਾਗੇ ਸ਼ਹਿਰ ਕਰਕੇ ਮੈਂ ਕਿਤੇ ਘੁੰਮਦਾ ਘੁੰਮਾਉਂਦਾ ਸਬਜ਼ੀ-ਫਲ ਲੈਣ ਦੇ ਬਹਾਨੇ ਮੰਡੀ ਗਿਆ। ਬੱਸ ਅੱਡੇ ਕੋਲੋਂ ਲੰਘਣ ਲੱਗਾ ਤਾਂ ਅਚਾਨਕ ਮੇਰੀ ਨਜ਼ਰ ਅੱਡੇ ਵਲ ਨੂੰ ਘੁੰਮੀ ਤਾਂ ਕੀ ਦੇਖਦਾ ਕਿ ਇਥੋਂ ਹੁਣੇ ਹੁਣੇ ਬੱਸ ਤੁਰੀ ਸੀ, ਮਾਸਟਰ ਜ਼ੈਡ ਉਥੇ ਪਏ ਇਕ ਖੱਡੇ ਨੂੰ ਵਾਰ ਵਾਰ ਸਲਾਮ ਕਰੀ ਜਾਵੇ। ਮੈਂ ਆਪਣੀ ਨਿਗਾਹ ਚੁਫੇਰੇ ਘੁੰਮਾਈ ਆਲੇ ਦੁਆਲੇ ਕੋਈ ਮੰਦਿਰ, ਮੜ੍ਹੀ ਮਸੀਤ ਵੀ ਨਹੀਂ ਸੀ। "ਹੈਂ! ਇਸ ਥਾਂ ਨੂੰ ਸਲਾਮ ਕਰਨ ਦਾ ਕੀ ਮਤਲਬ ਹਊ!...ਕੋਈ ਨਾ ਕੋਈ ਮਕਸਦ ਤਾਂ ਜ਼ਰੂਰ ਆ। ਮਕਸਦ ਤੋਂ ਬਿਨਾ ਜ਼ੈਡ ਸਲਾਮ ਕਰ ਜਊ, ਐਂ ਨਈਂ ਹੋ ਸਕਦਾ।" ਮੈਂ ਸੋਚਦਾ ਸੋਚਦਾ ਆਖਿਰ ਉਹਦੇ ਨਜ਼ਦੀਕ ਜਾ ਖੜ੍ਹਾ ਹੋਇਆ। ਜ਼ੈਡ ਨੇ ਆਪਣੀ ਕਾਰਵਾਈ ਤੋਂ ਬਾਅਦ ਉਤਾਂਹ ਦੇਖਿਆ। ਬਿਨਾਂ ਸ਼ਰਮਿੰਦਾ ਹੋਇਆ ਹੱਸ ਪਿਆ। ਮਗਰੇ ਮੇਰਾ ਹਾਸਾ ਨਿਕਲ ਗਿਆ। ਇਸ ਤੋਂ ਪਹਿਲਾਂ ਕਿ ਮੈਂ ਉਹਨੂੰ ਪੁੱਛਦਾ ਕਿ ਇਹ ਕਿਹੜੇ ਬਾਬੇ ਦੀ ਮਸੀਤ ਆ, ਉਹ ਆਪੇ ਸਫਾਈ ਪੇਸ਼ ਕਰਨ ਲੱਗ ਪਿਆ, "ਮੇਰਾ ਕਾਕਾ ਆ ਨਾ ਚੰਡੀਗੜ੍ਹ ਇੰਜੀਨੀਅਰਿੰਗ ਕਰਦਾ। ਛੁੱਟੀਆਂ 'ਚ ਘਰ ਆਇਆ ਸੀ। ਇਸ ਥਾਂ ਜਿਹੜੀ ਬੱਸ ਖੜ੍ਹੀ ਸੀ, ਉਸੇ ਬੱਸੇ ਗਿਆ ਵਾਪਸ।"

"ਤਾਂ ਫੇ....।"

"ਤੁਸੀਂ ਨ੍ਹੀਂ ਸਮਝ ਸਕਦੇ ਬਾਊ ਜੀ। ਇਹਦਾ ਕੋਈ ਆਪਣਾ ਅਰਥ ਜੇ।"

"ਅੱਗੇ ਐਨਾ ਕੁਛ ਸਮਝਾਂਦੇ ਰਹੇ ਆਂ, ਇਹ ਵੀ ਸਮਝਾ ਦਿਊ।"

"ਬੱਸ ਦੁਆ ਕੀਤੀ ਸੀ ਪਰਮੇਸ਼ਵਰ ਅੱਗੇ। ਜਿਥੋਂ ਬੱਸ ਤੁਰੀ ਏ, ਇਹ ਥਾਂ ਮੇਰੇ ਲਈ ਮੱਕਾ ਏ। ਮਕਸਦ ਸੀ ਕਿ ਇਹ ਬੱਸ ਕਾਕੇ ਨੂੰ ਠੀਕ ਠਾਕ ਉਹਦੀ ਮੰਜ਼ਿਲ 'ਤੇ ਪੁਚਾ ਦੇਵੇ।" ਜਿਧਰ ਨੂੰ ਬਸ ਗਈ ਸੀ, ਜ਼ੈਡ ਨੇ ਉਸ ਵਲ ਨੂੰ ਸਿਰ ਝੁਕਾ ਦਿੱਤਾ। "ਚੰਗਾ ਮੇਰੀ ਸਰਕਾਰ, ਮੈਂ ਜ਼ਰਾ ਕਾਹਲੀ 'ਚ ਜੇ। ਘਰ ਦੇ ਬਾਕੀ ਮੈਂਬਰ ਡੀਕਦੇ ਹੁਨੇ ਜੇ। ਵਾਪਿਸ ਜਾ ਕੇ ਕਾਕੇ ਦੇ ਨਾਂ ਦਾ ਪ੍ਰਸ਼ਾਦ ਵੀ ਵੰਡਨਾ।" ਮੇਰੇ ਨਾਲ ਹੱਥ ਮਿਲਾ ਕੇ ਮੁੜਦੇ ਨੂੰ ਕੁਝ ਯਾਦ ਆ ਗਿਆ, "ਮੈਂ ਐਮ.ਸੀ. ਲਈ ਖੜਨਾ ਇਥੇ ਆਪਨੀ ਮਦਦ ਵੀ ਕਰਨੀ ਜੇ। ਹਵਾ ਸਬੱਬ ਨਾਲ ਆਪਨੀ ਪਾਰਟੀ ਦੀ ਚੱਲ ਰਹੀ ਏ। ਮੀਦ ਬੜੀ ਜੇ ਕਿ ਪ੍ਰੈਜੀਡੈਂਟੀ ਹੱਥ ਆ ਜਾਵੇਗੀ ਕਿਉਂ ਕਿ ਉੱਪਰ ਤੱਕ ਪਾਰਟੀ ਲੈਵਲ 'ਤੇ ਗੱਲ ਹੋ ਚੁੱਕੀ ਏ।"

"ਓ! ਅੱਛਾ! ਕਿਆ ਬਾਤਾਂ। ਵਧਾਈਆਂ ਜ਼ਰੂਰ ਕਰਾਂਗੇ ਜੀ, ਹੱਥੀਂ ਬੰਨ੍ਹੀਂ ਕਰਾਂਗੇ।" ਮੇਰੇ ਮੂੰਹੋਂ ਨਾ ਚਾਹੁੰਦਿਆਂ ਹੋਇਆ ਵੀ ਦੁਆ ਨਿਕਲ ਗਈ ਸੀ। ਮਾਸਟਰ ਜ਼ੈਡ ਜਾ ਚੁੱਕਾ ਸੀ, ਪਰ ਮੈਂ ਥਾਏਂ ਖੜ੍ਹਾ ਘਮੇਟਾ ਜਿਹਾ ਖਾ ਗਿਆ ਸੀ। ਆਪਣੇ ਆਪ ਨੂੰ ਸੰਭਾਲਦਾ ਮੈਂ ਸੜਕ ਦੇ ਕਿਨਾਰੇ ਜਾ ਬੈਠਾ। "ਜ਼ੈਡ ਔਰ ਪ੍ਰੈਜ਼ੀਡੈਂਟ।" ਇਹ ਗੱਲ ਮੈਨੂੰ ਅੰਦਰੋਂ ਅੰਦਰ ਚੀਰ ਗਈ ਸੀ। ਇਕ ਵਾਰ ਉਹ ਫੇਰ ਮੇਰੇ ਸਾਹਮਣੇ ਮਠਿਆਈ ਦੀ ਭਰੀ ਪਲੇਟ ਲੈ ਕੇ ਆ ਖੜ੍ਹਿਆ।

...ਉਹ ਹੁਣ ਜਰਨੈਲ ਸਾਹਮਣੇ ਜੁੱਤੀ ਪਾਲਿਸ਼ ਕਰਾਉਣ ਲਈ ਖੜ੍ਹਾ ਸੀ।....ਸਟੇਟ ਐਵਾਰਡ ਚੁੱਕੀ 'ਹੀ ਹੀ' ਕਰਦਾ ਸਟੇਜ਼ ਤੋਂ ਹੇਠਾਂ ਉੱਤਰ ਰਿਹਾ ਸੀ।... ਲੈ ਔਹ ਬਾਬਾ ਅਦਲੀ ਦੀ ਜਗ੍ਹਾ ਵਲ ਸੇਵਕ ਜਿਹਾ ਬਣਿਆ ਤੁਰਿਆ ਜਾ ਰਿਹਾ।...ਹੁਣ ਮੈਨੂੰ ਸਮਾਨ ਵੇਚਣ ਵਾਲੀ ਗੇਮ ਸਮਝਾ ਰਿਹਾ।... 'ਇਹ ਪ੍ਰੈਜੀਡੈਂਟ! ਸੋਚ ਸੋਚ ਕੇ ਮੇਰਾ ਸਿਰ ਘੁੰਮੀ ਜਾ ਰਿਹਾ ਸੀ।....ਲੈ ਸ਼ਹਿਰ ਹੀ ਜ਼ੈਡ ਦੁਆਲੇ ਘੁੰਮਣ ਲੱਗਾ।....ਇਹ ਕੀ?....ਸਾਰਾ ਦੇਸ਼ ਹੀ ਘੁੰਮਣ ਡਿਹਾ....ਮੈਂ ਆਖ਼ਿਰ ਚੱਕਰ ਖਾ ਕੇ ਬੈਠਾ ਬੈਠਾ ਹੀ ਡਿੱਗ ਪਿਆ ਸੀ।

# ਜ਼ਖ਼ਮੀ ਦਰਿਆ

## ਲੜੀਵਾਰ ਨਾਵਲ

ਕਰਮਜੀਤ ਸਿੰਘ ਕੁੱਸਾ

**ਭਾਗ - 1**

ਰਾਣੀ ਨੂੰ ਉਸ ਦੀ ਆਵਾਜ਼ ਵਿਚ ਕੁਝ ਰੜਕਿਆ। ਉਹ ਉੱਠ ਕੇ ਖਿੜਕ ਵਲ ਤੁਰ ਪਈ। ਬਲਵੰਤ ਕੁਰ ਨੇ ਮਗਰੋਂ ਵਾਜ਼ ਮਾਰੀ, ਪਰ ਉਹਨੇ ਉੱਤਰ ਨਹੀਂ ਦਿੱਤਾ। ਵਿਹੜਾ ਬੁਹਾਰਦੀ ਮਲਕੀਤੋ ਨੇ ਪਹਿਲਾਂ ਰਾਣੀ ਵਲ ਫੇਰ ਬਲਵੰਤ ਕੁਰ ਦੇ ਨੀਵੇਂ ਹੋਏ ਸਿਰ ਵਲ ਤੱਕਿਆ। ਪਾਲ ਪੱਗ ਬੰਨ੍ਹਦਾ ਬੰਨ੍ਹਦਾ ਬਾਹਰ ਆ ਕੇ ਝਾਕਿਆ। ਉਸ ਦੀਆਂ ਨਜ਼ਰਾਂ ਮਲਕੀਤੋ ਨਾਲ ਮਿਲੀਆਂ, ਦੋਵਾਂ ਦੀਆਂ ਅੱਖਾਂ ਵਿਚ ਕੁਝ ਉਕਰਿਆ ਹੋਇਆ ਸੀ। ਹਰਪਾਲ ਅੰਦਰ ਮੁੜ ਚਲਾ ਗਿਆ।

ਬਾਹਰੋਂ ਸਾਹਬ ਕੁਰ ਨੇ ਆ ਕੇ ਪੁਛਿਆ, "ਕੁੜੇ ਇਥੇ ਰਾਣੋ ਤਾ ਨ੍ਹੀਂ ਆਈ?"

"ਆਈ ਸੀ।" ਮਲਕੀਤੋ ਨੇ ਬਿਨਾਂ ਵੇਖਿਆ ਈ ਦੱਸਿਆ।

ਸਾਹਬ ਕੁਰ ਨੇ ਪਰ੍ਹਾਂ ਪਈ ਪੀਹੜੀ ਪੈਰ ਨਾਲ ਖਿੱਚ ਕੇ ਬਹਿੰਦਿਆਂ ਦੋਵੇਂ ਹੱਥ 'ਵਾ 'ਚ ਉਲਾਰੇ, "ਉਹਨਾਂ ਦੇ ਘਰ ਤਾਂ ਕੱਲ੍ਹ ਦਾ ਯਹਿਬਰਾ ਪਿਆ ਹੋਇਆ! ਭਜਨ ਕੁਰ ਮਿਲੀ ਸੀ, ਮਣ ਮਣ ਰੋਂਦੀ ਐ। ਐਹੋ ਜਿਹਾ ਕੁਸ਼ ਭਾਈ ਅਸੀਂ ਤਾਂ ਅੱਗੇ ਸੁਣਿਆ ਨਹੀਂ।"

"ਕੀ ਗੱਲ ਹੋ-ਗੀ?" ਉਹ ਤਿੰਨੇ ਉਸ ਵਲ ਇਕੱਠੇ ਝਾਕੇ।

"ਰਾਣੋ ਕਲੇਸ਼ ਪਾਈ ਬੈਠੀ ਐ!"

"ਕਿਉਂ?"

"ਆਂਹਦੀ ਵਿਆਹ ਨੀ ਕਰਾਉਣਾ।"

"ਲੂਲੇ ਲੰਗੜਿਆਂ ਨਾਲ ਕਿਉਂ ਕਰਾਵੇ।" ਪਾਲ ਬਾਹਰ ਆ ਗਿਆ, ਇਹ ਖਰਚ ਕਰਨ ਦੇ ਡਰੋਂ ਕਰਦੇ ਆ। ਉਹ ਭਾਵੇਂ ਸਾਰੀ ਉਮਰ ਉੱਥੇ ਨਰਕ ਭੋਗਦੀ ਰਹੇ। ਮੈਂ ਆਖਦਾਂ ਆਤਮੇ ਨੂੰ!"

"ਤੂੰ ਕਾਹਨੂੰ ਕੁਸ਼ ਆਖਣਾ ਐ।" ਸਾਹਬ ਕੁਰ ਨੇ ਪਾਲ ਨੂੰ ਘੂਰਿਆ, "ਆਪਾਂ ਨੂੰ ਕੀ? ਆਪਣੇ ਵਲੋਂ ਚੂਹੜਿਆਂ ਦੀ ਧੀ ਚਮਿਆਰ ਲੈ ਜਾਣ। ਐਵੇਂ ਲੋਕ ਗੱਲਾਂ ਬਣਾਉਣਗੇ।"

"ਕਿਉਂ ਬੇ ਜੀ, ਆਖਣਾ ਕਿਉਂ ਨਹੀਂ। ਇਕ ਬੰਦੇ ਦੀ ਜ਼ਿੰਦਗੀ ਤਬਾਹ ਹੋ ਰਹੀ ਹੋਵੇ ਤੇ ਅਸੀਂ ਕੋਲ ਬਹਿ ਕੇ ਤਮਾਸ਼ਾ ਵੇਖੀ ਜਾਈਏ!"

"ਵੇ, ਤੂੰ ਤਾਂ ਕਮਲ਼ਾ ਐਂ!" ਸਾਹਬ ਕੁਰ ਦੇ ਕਹਿਣ ਨਾਲ ਦੋਵੇਂ ਬਹੂਆਂ ਹੱਸ ਪਈਆਂ, "ਤੂੰ ਕੀਹਦੀ ਕੀਹਦੀ ਬਾਂਹ ਨਾ ਬੰਨੇਗਾ! ਪਹਿਲਾਂ ਕੀ ਇਹਨਾਂ ਨੇ ਸੋਢੀ ਸਰਦਾਰਾਂ ਦੇ ਵਿਆਹੀਆਂ। ਕੋਈ ਵਿੰਗੇ ਨੂੰ ਫੜਾ-ਤੀ, ਕੋਈ ਬਾਉਲੇ ਨੂੰ!"

"ਪਰ ਮੈਂ ਇਹ ਅਨਰਥ ਨਹੀਂ ਹੋਣ ਦੇਣਾ!"

ਸਾਹਬ ਕੁਰ ਨੇ ਪੀਹੜੀ ਤੋਂ ਤਪਾਕ ਨਾਲ ਉਠਦਿਆਂ ਪਾਲ ਨੂੰ ਝਿੜਕਿਆ, "ਤੂੰ ਰੋਟੀ ਖਾ ਕੇ ਰਾਮ ਨਾਲ ਕਾਲਜ ਜਾਹ। ਐਥੇ ਹੋਰ ਸਾਡੀ ਜਾਨ ਨੂੰ ਕੋਈ ਸਿਆਪਾ ਖੜਾ ਕਰ ਦੇਵੇਂਗਾ। ਤੈਨੂੰ ਨਿਆਣੇ ਨੂੰ ਕੀ ਚੱਜ ਐ?"

ਦੋਵੇਂ ਵਹੁਟੀਆਂ ਫੇਰ ਹੱਸ ਪਈਆਂ, ਪਾਲ ਉਹਨਾਂ ਨੂੰ ਭੱਜ ਕੇ ਪਿਆ, "ਤੁਸੀਂ ਕਾਹਤੋਂ ਦੰਦ ਕੱਢੀ ਜਾਨੀਓਂ।"

"ਵੇ ਹੁਣ ਤੂੰ ਸਾਨੂੰ ਹੱਸਣ ਵੀ ਨ੍ਹੀ ਦੇਣਾ।" ਬਹੂਆਂ ਨੇ ਉਸਨੂੰ ਮੋੜ ਕਰਿਆ, "ਦੇਖ ਬੇ ਜੀ, ਇਹ ਵੀ ਸਲਾਹਿਆ ਸਲਾਹਿਆ ਵਿਗੜ ਗਿਆ!"

"ਵਿਗੜ ਗਿਆ ਮੈਂ! ਆਖਕੇ ਉਹ ਫਟਾਫਟ ਵੱਡੀਆਂ ਵੱਡੀਆਂ ਬੁਰਕੀਆਂ ਮੂੰਹ 'ਚ ਪਾਉਣ ਲਗ ਪਿਆ, ਉਹਨਾਂ ਵਲ ਕੌੜਾ ਜਿਹਾ ਝਾਕਦਿਆਂ ਥਾਲੀ ਕੰਧ ਵਲ ਧੱਕ ਦਿੱਤੀ, ਉਹ ਮਾਮੂਲੀ ਖੜਕਾ ਕਰਕੇ ਚੁੱਪ ਕਰ ਗਈ। ਇਸ ਵਾਰ ਵਹੁਟੀਆਂ ਨਾਲ ਸਾਹਬ ਕੁਰ ਵੀ ਹੱਸ ਪਈ। ਬਲਵੰਤ ਕੁਰ ਨੇ ਥਾਲੀ ਚੁੱਕ ਲਈ, "ਵੇ ਥਾਲੀ ਦਾ ਕੀ ਕਸੂਰ ਐ?"

"ਤੂੰ ਚੁੱਪ ਕਰਕੇ ਰੋਟੀਆਂ ਪਕਾਈ ਜਾਹ!"

ਹਰਪਾਲ ਨੇ ਦਬਾਦਬ ਆਪਣਾ ਅੱਧੋਰਾਣਾ ਸਾਈਕਲ ਚੁੱਕਿਆ ਅਤੇ ਵਿਹੜੇ ਵਿਚੋਂ ਹੀ ਚੜ੍ਹ ਗਿਆ। ਆਥਣ ਸਵੇਰੇ ਹਰਪਾਲ ਰਾਣੋ ਨੂੰ ਮਿਲਣ ਬਾਰੇ ਯਤਨ ਕਰਦਾ, ਪਰ ਸਬੱਬ ਨਾ ਬਣਦਾ। ਫੱਗਣ ਚੇਤ ਦੀ ਰੁੱਤ ਵਿਚ ਰਾਣੋ ਦਾ ਵਿਆਹ ਧਰ ਦਿੱਤਾ ਸੀ। ਵਿਆਹ ਤੋਂ ਪੰਜ ਸੱਤ ਦਿਨ ਪਹਿਲਾਂ ਇਕ ਦਿਨ ਉਹ ਹਰਪਾਲ ਕੇ ਘਰ ਆਈ। ਹਰਪਾਲ ਅੰਦਰੋਂ ਨਿਕਲ ਕੇ ਬਾਹਰ ਵਿਹੜੇ ਵਿਚ ਮੰਜਾ ਡਾਹ ਕੇ ਪੜ੍ਹ ਰਿਹਾ ਸੀ, ਖਿੜਕ ਦੇ ਖੜਕਣ ਨਾਲ ਉਸ ਸਿਰ ਚੁੱਕ ਕੇ ਦੇਖਿਆ, ਰਾਣੀ ਨੀਵੀਂ ਪਾਈ ਅੱਧੀ ਕੁ ਚੁੰਨੀ ਮੂੰਹ ਉੱਤੇ ਕਰੀ ਬੇਥਾਹ ਸੋਗੀ ਦਿੱਖ ਵਿਚ ਸਿੱਧੀ ਚੌਂਕੇ ਵਲ ਤੁਰੀ ਜਾਂਦੀ ਸੀ। ਪਰ ਰਾਣੀ ਨੇ ਇਕ ਵਾਰ ਵੀ ਉਸ ਵਲ ਵੇਖਣ ਦਾ ਯਤਨ ਨਾ ਕੀਤਾ। ਹਰਪਾਲ ਦਾ ਮੂੰਹ ਉੱਡ ਗਿਆ। ਪਲ ਕੁ ਬੈਠਾ ਇਧਰ ਉਧਰ ਵੇਖਦਾ ਰਿਹਾ। ਫਿਰ ਮਲਕ ਮਲਕ ਤੁਰਦਿਆਂ ਕੱਚੀ ਕੰਧੋਲੀ ਨੂੰ ਹੱਥ ਪਾ ਕੇ ਖਲੋ ਗਿਆ, ਰਾਣੀ ਨੇ ਉਸ ਨੂੰ ਇਕ ਵਾਰ ਵੇਖ ਕੇ ਫਿਰ ਨੀਵੀਂ ਪਾ ਲਈ, ਸਾਹਬ ਕੁਰ ਚੁੱਲ੍ਹੇ ਮੂਹਰੇ ਬੈਠੀ ਛੋਲਿਆਂ ਦੇ ਸਾਗ ਹੇਠ ਮੱਠੀ ਮੱਠੀ ਅੱਗ ਬਾਲ ਰਹੀ ਸੀ, ਉਸ ਪਾਲ ਵਲ ਸਿਰ ਚੁੱਕ ਕੇ ਦੇਖਿਆ, ਉਸ ਦੀਆਂ ਅੱਖਾਂ ਵਿਚ ਬੱਗੋਂ ਤਾੜਕੇ ਸਾਹਬ ਕੁਰ ਨੇ ਰਾਣੀ ਦੇ ਝੁਕੇ ਸਿਰ ਵਲ ਨਜ਼ਰਾਂ ਫੇਰੀਆਂ।

"ਕੀ ਗੱਲ, ਰਾਣੀ ਇਉਂ ਗੋਡਿਆਂ ਵਿਚ ਸਿਰ ਦੇਈਂ ਬੈਠੀ ਐ।" ਹਰਪਾਲ ਨੇ ਰਾਣੀ ਕੋਲ ਆਣ ਕੇ ਪੁੱਛਿਆ।

"ਪੁੱਛ ਲੈ, ਭਾਈ!" ਸਾਹਬ ਕੁਰ ਨੇ ਰਾਣੀ ਵਲ ਵੇਖਿਆ।

"ਤੂੰ ਤਾਂ ਗੱਲ ਗੱਲ 'ਤੇ ਈ ਵੀਹ ਵੀਹ ਤੋਤਕੜੇ ਜੋੜਦਾਂ ਵੇ!"

"ਲੈ ਲੈ।" ਛੇਤੀ ਨਾਲ ਮਗਰ ਭਉਂਕੇ ਉਸ ਵੱਡੀ ਭਾਬੀ ਵਲ ਖਸਿਆਨਾ ਹੱਸ ਕੇ ਕਿਹਾ, ਪਰ ਭਾਬੀ ਦੀਆਂ ਅੱਖਾਂ ਵਿਚ ਚਮਕ ਸ਼ੀਸ਼ੇ ਵਾਂਗ ਲਿਸ਼ਕ ਰਹੀ ਸੀ।

"ਰਾਣੋ, ਜੇ ਤੂੰ ਮੇਰੀ ਨਣਦ ਐਂ ਤਾਂ, ਇਹਦੇ ਨਾਲ ਕਲਾਮ ਨਾ ਕਰੀਂ। ਇਹਨੇ ਸਮਝਿਆ ਬਈ ਚਲ, ਏਸੇ ਖੁੱਡ ਸਹਿਆ ਐ!"

"ਵਿਆਹ ਜੋਗੇ ਦੇ, ਅੜਾਟ ਭੋਗੇ ਦੇ।" ਪਾਲ ਉੱਚੀ ਉੱਚੀ ਹੱਸ ਪਿਆ, 'ਗੱਲ ਸਾਡੀ ਭੈਣ ਭਰਾ ਦੀ ਐ, ਤੈਨੂੰ ਐਵੇਂ ਉੱਚੜ ਪੈਰੀਂ ਲੱਗੀ ਐ।'

"ਲੱਗੇ ਨਾ, ਤੂੰ ਵਿਚਾਰੀ ਰਾਣੀ ਨੂੰ ਟਿੱਚ ਬਟਨ ਈ ਸਮਝਦਾ ਏਂ!"

"ਇਹ ਤੇਰੇ ਵਰਗੀ ਜੱਭਲ ਨਹੀਂ, ਜਿਹੜੀ ਤੇਰੇ ਮਗਰ ਲੱਗ ਜੂਗੀ!"

"ਦੇਖ ਲੈ, ਕੁੜੇ ਰਾਣੋ! ਤੈਨੂੰ ਅਜੇ ਵੀ ਜੱਭਲ ਈ ਦੱਸਦਾ ਐ! ਬੰਦੇ ਕੀਹਨੇ ਚੰਗੇ ਬਣਾਏ ਐ। ਇਹਨਾਂ ਤਾਂ ਆਪਣੀ ਗੱਲ ਈ ਸਿੱਧੀ ਰੱਖਣੀ ਐ।"

'ਮੈਂ ਕਿਤੇ ਬੰਦਾ ਆਂ, ਮੈਂ ਤਾਂ ਅਜੇ ਮੁੰਡਾ ਆਂ।' ਹਰਪਾਲ ਨੇ ਆਪਣੀਆਂ ਕਵਾਰੀਆਂ ਅੱਖਾਂ ਨਚਾਈਆਂ, ਰਾਣੀ ਨੇ ਸੁੜਾਕਾ ਮਾਰ ਕੇ ਆਖਿਆ, "ਭਾਬੀ ਤੂੰ ਇਹਦੇ ਨਾਲ ਖਹਿਬੜ ਨਾ, ਵਕਤ ਆਏ ਤੋਂ ਆਪਾਂ ਇਹਦਾ ਹਾਲ ਪੁੱਛਾਂਗੇ!'

ਹਰਪਾਲ ਨੇ ਰਾਣੀ ਵਲ ਤੱਕਿਆ, ਉਸ ਦੀਆਂ ਮੋਟੀਆਂ ਤਿਰਛੀਆਂ ਅੱਖਾਂ ਵਿਚ ਮੁਸਕਰਾਹਟ ਦਾ ਨਾਂ ਨਿਸ਼ਾਨ ਨਹੀਂ ਸੀ, ਪਰ ਗੰਨੀਆਂ ਨੂੰ ਲਾਲ ਸੋਜ਼ ਚੜ੍ਹੀ ਹੋਈ ਸੀ। ਉਸ ਉਠਦਿਆਂ ਸਾਹਬ ਕੁਰ ਨੂੰ ਹਰਪਾਲ ਵਲ ਸਿਰ ਦਾ ਇਸ਼ਾਰਾ ਕਰਦਿਆਂ ਆਖਿਆ, "ਮਾਸੀ, ਇਹਨੂੰ ਤਾਂ ਮੈਂ ਆਖਣਾ ਨਹੀਂ, ਤੈਨੂੰ ਕਹਿ ਚੱਲੀ ਆਂ, ਇਹ ਮੇਰੇ ਨਾਲ ਜਾਵੇ।"

"ਕੋਈ ਨਾ।" ਸਾਹਬ ਕੁਰ ਨੇ ਗੱਲ ਠੰਢੀ ਹੀ ਰੱਖਣੀ ਚਾਹੀ।

"ਰਾਣੋ, ਮੈਂ ਚੂਹੜਾ ਆਂ।" ਹਰਪਾਲ ਨੇ ਰਤਾ ਕੁ ਹੱਸ ਕੇ ਆਖਿਆ, "ਬਈ ਮੈਨੂੰ ਆਖਣ ਨਾਲ ਭਿੱਟ ਚੜ੍ਹਜੂ!"

"ਤੇਰੇ ਨਾਲ ਨਹੀਂ ਮੈਂ ਗੱਲ ਕਰਨੀ।" ਉਸ ਹਰਪਾਲ ਵਲ ਬਿਨਾ ਝਾਕਿਆਂ ਆਖਿਆ, "ਲੈ ਮਾਸੀ, ਹੁਣ ਤੂੰ ਜਾਣੇ, ਤੇਰਾ ਕੰਮ। ਜੇ ਕੰਮ ਨਾ ਹੋਇਆ, ਮੈਂ ਤੇਰੇ ਨਾਲ ਸਾਰੀ ਉਮਰ ਨਹੀਂ ਬੋਲਣਾ!"

"ਲੈ...ਕਾਹਨੂੰ!" ਸਾਹਬ ਕੁਰ ਨੇ ਬਹੁਤੀ ਹੀ ਮਿੱਠੀ ਹੋ ਕੇ ਕਿਹਾ, "ਕੁੜੀਆਂ ਤਾਂ ਧਿਆਣੀਆਂ ਹੁੰਦੀਆਂ! ਤੂੰ ਇਉਂ ਕਾਹਤੋਂ ਦਿਲਗੀਰ ਹੋਈ ਫਿਰਦੀ ਐਂ! ਧੀਏ, ਤੂੰ ਜਿਵੇਂ ਆਖੇਂਗੀ, ਉਵੇਂ ਕਰਾਂਗੇ।"

"ਨਹੀਂ, ਮੈਂ ਤੈਨੂੰ ਆਖਣਾ ਸੀ, ਆਖ ਚੱਲੀ ਆਂ-ਬੱਸ।" ਤੇ ਉਹ ਉਸੇ ਤਰ੍ਹਾਂ ਆਕੜ ਜਿਹੀ ਨਾਲ ਖਿੜਕ ਵਲ ਤੁਰ ਪਈ, ਹਰਪਾਲ ਉਸ ਨੂੰ ਹੈਰਾਨ ਪ੍ਰੇਸ਼ਾਨ ਖਲੋਤਾ ਵੇਖਦਾ ਰਿਹਾ। ਉਸ ਨੂੰ ਆਪਣਾ ਆਪ ਸੁੰਨ ਹੋਇਆ ਪ੍ਰਤੀਤ ਹੋਇਆ।

ਭਾਬੀ ਨੇ ਫੇਰ ਹੱਸ ਕੇ ਆਖਿਆ, "ਤੂੰ ਵਾਹ ਜਹਾਨ ਦੀ ਲਾ ਲੈ! ਰਾਣੀ ਜੇ ਤੇਰੇ ਨਾਲ ਗੱਲ ਕਰ ਗਈ!"

"ਨਾ ਕਰੇ!" ਹਰਪਾਲ ਦਾ ਬੋਲ ਕੁਰੱਖਤ ਸੀ। "ਮੇਰਾ ਇਹਦੇ ਬਿਨਾਂ ਗੱਡਾ ਖੜਾ ਐ!"

"ਨਾ ਵੇ।" ਸਾਹਬ ਕੁਰ ਨੇ ਮੁੰਡੇ ਨੂੰ ਅੱਖਾਂ ਤੇ ਮੂੰਹ ਨਾਲ ਘੂਰਿਆ, " ਉਹਨੇ ਕਿਤੇ ਏਥੇ ਬੈਠੀ ਰਹਿਣਾ ਐ। ਨਿਆਸਰੀ। ਜੇ ਉਹਦੇ ਭਰਾ ਭਰਜਾਈਆਂ ਕਿਸੇ ਕਰਮ ਦੇ ਹੁੰਦੇ, ਉਹ ਥੋਡੀ ਪੂਛ ਪੂਛ ਕਿਉਂ ਕਰੇ। ਤੂੰ ਐਵੇਂ ਵਿਚਾਰੀ ਨੂੰ ਲਾਹ ਲਾਹ ਸਿੱਟਦਾ ਐਂ!"

ਹਰਪਾਲ ਕੁਝ ਨਾ ਬੋਲਿਆ। ਉਸ ਨੇ ਜ਼ੋਰ ਜਬਤ ਨਾਲ ਹੀ ਆਪਣੇ ਆਪ ਨੂੰ ਘੁਟਿਆ ਹੋਇਆ ਸੀ। ਪੜ੍ਹਨ ਵਾਲੀ ਬੈਠਕ ਵਲ ਮੁੜਦਿਆਂ ਉਸ ਚਾਂਵਲੀ ਫਿਰਦੀ ਭਾਬੀ ਵਲ ਕਹਿਰਵਾਨ ਹੋ ਕੇ ਤੱਕਿਆ, ਪਰ ਉਸ ਦਾ ਇਧਰ ਧਿਆਨ ਨਹੀਂ ਸੀ। ਵਿਆਹ ਦੇ ਬੱਝੇ ਦਿਨ ਤੂਫਾਨ ਵਾਂਗ ਨੇੜੇ ਸਰਕ ਆਏ। ਇਹਨਾਂ ਦਿਨਾਂ ਵਿਚ ਠੰਢ ਘੱਟ ਗਈ ਸੀ, ਪਰ ਰੁੱਤ ਵਿਚ ਨਿਖਾਰ ਸੀ। ਵਿਆਹ ਵਿਚ ਹਰਪਾਲ ਮੋਹਰੀ ਸੀ, ਉਹ ਚਾਈਂ ਚਾਈਂ ਅੱਗੇ ਹੋ ਕੇ ਸਾਰਾ ਕੰਮ ਕਰ ਰਿਹਾ ਸੀ। ਹਰਪਾਲ ਆਪਣੇ ਘਰ ਕੋਈ ਚੀਜ਼ ਲੈਣ ਆਇਆ, ਉਸ ਦੇ ਮਗਰ ਹੀ ਸਾਹਬ ਕੁਰ ਆ ਗਈ, ਵਿਹੜੇ ਵੜ੍ਹਦਿਆਂ ਸਾਰ ਉਸ ਹੱਥ ਮਾਰ ਕੇ ਆਖਿਆ, "ਨੀ ਭਾਈ, ਰਾਣੀ ਨੂੰ ਕੋਈ ਰੂਪ ਚੜ੍ਹਿਐ, ਜਾਣੀਂ ਦੇਖ ਦੇਖ ਹੋਸ਼ ਭੁੱਲਦੀ ਐ।"

ਹਰਪਾਲ ਇਕਦਮ ਆਪਣੀ ਮਾਂ ਵਲ ਝਾਕਿਆ। ਉਦੋਂ ਹੀ ਬਰਾਤ ਦੇ ਢੁਕਣ ਦਾ ਰੌਲਾ ਪੈ ਗਿਆ। ਉਹ ਘਰ ਆ ਕੇ ਸਾਹਮਣੀ ਕੰਧ ਨਾਲ ਡੱਠੇ ਪਏ ਮੰਜੇ ਉੱਤੇ ਆ ਕੇ ਪੈ ਗਿਆ। ਸਾਹਬ ਕੁਰ ਨੇ ਐਵੇਂ ਸਰਸਰੀ ਪਾਲ ਵਲ ਵੇਖਿਆ, ਉਸ ਦਾ ਗੁਲਾਬੀ ਭਾਅ ਮਾਰਦਾ ਚਿਹਰਾ ਹੁਣ ਮਾਂਦਾ ਪਿਆ ਹੋਇਆ ਸੀ, ਉਹਨੇ ਚੱਪਲਾਂ ਲਾਹ ਕੇ ਪਾਲ ਵਾਲੇ ਮੰਜੇ ਉੱਤੇ ਬਹਿੰਦਿਆਂ ਸਿਰੋਂ ਚੁੰਨੀ ਲਾਹ ਕੇ ਮਮੂਲੀ ਉੱਠੇ ਵਾਲਾਂ ਨੂੰ ਸੂਤ ਕਰਦਿਆਂ ਕਿਹਾ, "ਪ੍ਰਾਹੁਣਾ ਤਾਂ ਭਾਈ ਜਮਾਂ ਭੂਤ ਐ, ਇਹ ਤਾਂ ਆਂਹਦੇ ਸੀ, ਮਾੜਾ ਜਿਆ ਬੱਜ ਐ। ਉਹਦੀ ਤਾਂ ਬਾਂਹ ਈ ਇੱਲ ਦੇ ਫਰ ਵਾਂਗੂ ਪਾਸੇ ਨੂੰ ਜਾਂਦੀ ਐ।"

ਹਰਪਾਲ ਉਸੇ ਤਰ੍ਹਾਂ ਅੱਧਾ ਕੁ ਲੇਟਿਆ ਰਤਾ ਕੁ ਹੱਸਿਆ।



"ਤੂੰ ਹੈਂ ਆ ਕੇ ਪੈ ਗਿਆ?"

"ਊਈ"

"ਕੰਮ ਧੰਦਾ ਕੌਣ ਕਰਾਊ ਉੱਥੇ। ਅਗਲੇ ਆਖਣਗੇ ਖਾ ਪੀ ਕੇ ਆਪਦੇ ਘਰ ਜਾ ਪਿਆ। ਨਾ ਪੁੱਤ, ਤੂੰ ਉਥੇ ਈ ਜਾਹ।"

"ਨਹੀਂ, ਕੰਮ ਦੀ ਤਾਂ ਕੋਈ ਗੱਲ ਨਹੀਂ।"

"ਫੇਰ ਗੱਲ ਕੀ ਐ?"

ਹਰਪਾਲ ਮੁੜ ਨਹੀਂ ਬੋਲਿਆ, ਉਹ ਹਾਲੇ ਵੀ ਸਰੀਰ ਵਿਚ ਝੋਲ ਜਿਹੀ ਪਾਈ ਕੰਧ ਨਾਲ ਢੋ ਲਾਈ ਉਦਾਸ ਪਿਆ ਸੀ, ਸਾਹਬ ਕੁਰ ਨੀਝ ਲਾ ਕੇ ਉਸ ਵਲ ਵੇਖਦੀ ਰਹੀ, ਭਾਬੀ ਨੇ ਪਾਲ ਦੀਆਂ ਅੱਧ ਕੁ ਨੀਵੀਆਂ ਅੱਖਾਂ ਵਲ ਦੇਖਿਆ।

"ਤੈਨੂੰ ਮੈਂ ਦੱਸਾਂ ਬੇ ਜੀ, ਇਹਦਾ ਪ੍ਰਾਹੁਣਾ ਦੇਖ ਕੇ, ਜੀਅ ਖੱਟਾ ਹੋ ਗਿਆ!"

"ਲੈ ਪੁੱਤ, ਆਪਾਂ ਨੂੰ ਕੀ? ਅਗਲੇ ਦੀ ਕੁੜੀ ਐ, ਭਾਵੇਂ ਕੁਸ਼ ਕਰਨ। ਮਾਂ ਪਿਉ ਤਾਂ ਹਾਰੇ ਪਏ ਐ! ਭਰਾ ਭਰਜਾਈ ਪੰਜ ਕਰਨ, ਪੰਜਾਹ ਕਰਨ। ਨਾਲੇ ਅੰਦਰੋਂ ਕਿਹੜਾ ਖੁਰਜ਼ੀਆਂ ਨਿਕਲਦੀਆਂ ਬਈ ਕੱਢ ਕੱਢ ਲਾਈ ਜਾਣ। ਮਾਂ ਉਹਦੀ ਤਾਂ ਰੋਂਦੀ ਨੀ ਝੱਲੀ ਜਾਂਦੀ। ਨਾਲੇ ਕੰਮ ਕਰਦੀ ਫਿਰਦੀ ਐ, ਮਾੜੀ ਮਾੜੀ ਗੱਲ 'ਤੇ ਅੱਖਾਂ ਭਰ ਲੈਂਦੀ ਐ!"

ਇਸ ਵਾਰ ਹਰਪਾਲ ਨੇ ਪਿਆਂ ਹੀ ਮਾਮੂਲੀ ਜਿਹੀਆਂ ਅੱਖਾਂ ਉਗਾਸ ਕੇ ਆਪਣੀ ਮਾਂ ਵਲ ਤੱਕਿਆ। "ਜੇ ਇਹਨਾਂ ਨੇ ਏਹੀ ਕੜ੍ਹੀ ਘੋਲਣੀ ਸੀ, ਕਿਸੇ ਗਰੀਬ ਘਰ ਕਰ ਦਿੰਦੇ।"

"ਗਊ ਉਥੇ ਈ ਛੱਡਣੀ ਚਾਹੀਦੀ ਐ, ਜਿੱਥੇ ਘਾਹ ਹੋਵੇ।" ਸਾਹਬ ਕੁਰ ਨੇ ਮੋੜ ਕਰਿਆ, "ਭੁੱਖੀ ਮਰਦੀ ਦਾ ਬਹੁਤਾ ਸੱਲ ਐ! ਹੁਣ ਤਾਂ ਐਵੇਂ ਦੋ ਚਾਰ ਦਿਨ ਮਨ ਨੂੰ ਲਾਉ! ਤੂੰ ਵੇਖੀਂ, ਇਸੇ ਪ੍ਰਾਹੁਣੇ ਦੇ ਸਾਹਾਂ ਨਾਲ ਜਿਊਗੀ।"

"ਮੇਰਾ ਮਨ ਤਾਂ ਬਹੁਤ ਖਰਾਬ ਹੋਇਆ!" ਹਰਪਾਲ ਸੱਚ ਮੁਚ ਉਦਾਸ ਹੋਇਆ ਬੈਠਾ ਸੀ, "ਸਾਲਾ ਕਾਂ, ਜਲੇਬੀ ਚੱਕ ਕੇ ਲੈ ਗਿਆ।"

ਭਾਬੀ ਤਿੜ ਤਿੜ ਹੱਸ ਪਈ, ਬਹੁਕਰ ਚੁੱਕ ਕੇ ਵਿਹੜੇ ਦੇ ਇਕ ਪਾਸਿਉਂ ਸੰਬਰਨ ਲੱਗ ਗਈ।

"ਤੇਰੇ ਖਿਆਲ ਮੂਜਬ ਕਾਂ ਨੂੰ ਭੁੱਖਾ ਈ ਮਰਨਾ ਚਾਹੀਦਾ ਐ।"

ਹਰਪਾਲ ਨੇ ਉਸ ਦੀ ਗੱਲ ਦਾ ਉੱਤਰ ਨਹੀਂ ਦਿੱਤਾ, ਸਾਹਬ ਕੁਰ ਉਹਨੂੰ ਸਮਝਾਉਂਦੀ ਰਹੀ, ਉਹ ਫੇਰ ਵਿਆਹ ਵਾਲੇ ਘਰ ਚਲਾ ਗਿਆ। ਅਨੰਦ ਕਾਰਜ ਸਮੇਂ ਵੀ ਹਰਪਾਲ ਦਾ ਚਿੱਤ ਪ੍ਰਾਹੁਣੇ ਵਲ ਵੇਖ ਵੇਖ ਉਦਾਸ ਹੋਈ ਜਾਂਦਾ ਸੀ।

ਬਰਾਤ ਦੇ ਰੋਟੀ ਖਾ ਕੇ ਉੱਠ ਜਾਣ ਮਗਰੋਂ ਰਾਣੋ ਨੇ ਪਾਲ ਨੂੰ ਅੰਦਰ ਸੱਦ ਕੇ ਤਿਆਰ ਹੋਣ ਲਈ ਆਖਿਆ। ਉਹ ਕੁਝ ਨਾ ਬੋਲਿਆ ਅਤੇ ਸਿੱਧਾ ਜਿਹਾ ਝਾਕਦਾ ਰਿਹਾ। ਰਾਣੀ ਗੋਟੇ ਲੱਗੀ ਸ਼ਗਨਾਂ ਵਾਲੀ ਸੂਹੀ ਚੁੰਨੀ ਵਿਚ ਸੱਚਮੁੱਚ ਹੁਸਨ ਦੀ ਰਾਣੀ ਲੱਗ ਰਹੀ ਸੀ। ਕੋਲ ਬੈਠੀਆਂ ਕੁੜੀਆਂ ਬੁੜ੍ਹੀਆਂ ਸਿੱਧਾ ਜੇਹਾ ਝਾਕਦੇ ਮੁੰਡੇ ਵਲ ਵੇਖਦੀਆਂ ਰਹੀਆਂ। ਆਖੀਰ ਵਿਚ ਰਾਣੋ ਦੀ ਮਾਂ ਨੇ ਰੋ ਰੇ ਕੇ ਨਾਸ ਮਾਰੀਆਂ ਅੱਖਾਂ ਚਾਦਰ ਦੇ ਲੜ੍ਹ ਨਾਲ ਪੂੰਝਦਿਆਂ ਭਾਰੇ ਬੋਲ ਨਾਲ ਆਖਿਆ,"ਪੁੱਤ ਜਾ ਕੇ ਤਿਆਰ ਹੋ ਲੈ, ਹੁਣ ਤੁਸੀਓਂ ਇਹਦੇ ਭਰਾ ਓਂ! ਉਸ ਬੁੜੀਆਂ ਵਲ ਭਉਂ ਕੇ ਕਿਹਾ, ਆਂਦਰਾਂ ਢਿੱਡ ਦੇ ਜੰਮਿਆਂ ਨੇ ਭੁੜਥਾ ਕੀਤੀਆਂ ਪਈਆਂ"

"ਬੱਸ, ਤੂੰ ਓਸ ਦਾਤੇ ਦਾ ਸ਼ੁਕਰ ਕਰ, ਤੇਰੀ ਧੀ ਬਾਰੋਂ ਉਠ ਖੜੋਤੀ! ਅਜੇ ਤਾਂ ਜੱਗ ਜਿਉਂਦਾ ਰਹੇ, ਜਿਹੜਾ ਤੈਨੂੰ ਡਿੱਗਦੀ ਢਹਿੰਦੀ ਨੂੰ ਸਹਾਰਾ ਤਾਂ ਦਿੰਦਾ ਐ। ਨਹੀਂ, ਦੁਨੀਆ ਤੇਰੇ ਨਾਲੋਂ ਵੀ ਦੁਖੀ ਪਈ ਐ!" ਘਰਾਂ 'ਚੋਂ ਇਕ ਬੁੜੀ ਬੋਲੀ।

ਰਾਣੋ ਦੀ ਵੱਡੀ ਭੈਣ ਨੇ ਕਾਹਲੀ ਜਿਹੀ ਨਾਲ ਅੰਦਰ ਆ ਕੇ ਆਖਿਆ, "ਬੇਬੇ, ਤੈਨੂੰ ਵੀਰਾ ਬੁਲਾਉਂਦਾ ਐ?" ਭਜਨ ਕੁਰ ਵਿਚਾਲੇ ਹੀ ਗੱਲ ਛੱਡ ਕੇ ਬਾਹਰ ਚਲੀ ਗਈ।

ਵਿਦਾ ਹੋਣ ਸਮੇਂ ਰਾਣੋ ਨੇ ਸਾਰੀਆਂ ਦੇ ਗਲ ਚਿੰਬੜ ਕੇ ਏਨੀਆਂ ਭੁੱਬਾਂ ਮਾਰੀਆਂ, ਕੋਲ ਖਲੋਤਿਆਂ ਦੀਆਂ ਅੱਖਾਂ ਵੀ ਸਿੰਮ ਪਈਆਂ, ਬੁੜ੍ਹੀਆਂ ਉਸ ਨੂੰ ਇਕ ਦੂਜੀ ਦੇ ਗਲੋਂ ਮਸਾਂ ਤੋੜਦੀਆਂ। ਬਾਹਰ ਵਿਹੜੇ ਵਿਚ ਪੈਂਟ ਕਮੀਜ਼ ਵਿਚ ਪਾਲ ਉਦਾਸ ਖਲੋਤਾ ਸੀ, ਉਹ ਧਾਹ ਕੇ ਉਸਦੇ ਗਲ ਲੱਗ ਗਈ। ਪਾਲ ਡਰਨੇ ਵਾਂਗ ਖਲੋਤਾ ਰਿਹਾ। ਖਬਰੇ ਰੋਣ ਨੇ ਉਸ ਦਾ ਅੰਦਰ ਹਿਲਾ ਦਿੱਤਾ। ਮੁਸ਼ਕਲ ਨਾਲ ਉਸ ਨੂੰ ਪਰ੍ਹਾਂ ਕਰਦਿਆਂ ਉਹਨੇ ਆਪਣੀਆਂ ਅੱਖਾਂ 'ਤੇ ਹੱਥ ਮਾਰ ਕੇ ਸਹਿਜ ਮਤੇ ਨਾਲ ਆਸੇ ਪਾਸੇ ਵੇਖਿਆ, ਜਾਣਦੀਆਂ ਬੁਝਦੀਆਂ ਜਨਾਨੀਆਂ ਉਸ ਵਲ ਖੋਚਰੀ ਨਜ਼ਰ ਝਾਕ ਰਹੀਆਂ ਸਨ।

ਬਰਾਤੀ ਹਨੇਰਾ ਪਏ ਤੋਂ ਪਿੰਡ ਪਹੁੰਚੇ। ਜਾਂਦਿਆਂ ਹੀ ਉਹਨਾਂ ਫੇਰ ਪੀਣੀ ਸ਼ੁਰੂ ਕਰ ਦਿੱਤੀ। ਰੋਟੀ ਖਾਣ ਸਮੇਂ ਪ੍ਰਾਹੁਣੇ ਦੇ ਚਾਚੇ ਨੇ ਉਸ ਨੂੰ ਹੋਰ ਪੀਣ ਤੋਂ ਵਰਜਿਆ, ਉਹ ਉਧੜ ਕੇ ਚਾਚੇ ਦੇ ਗਲ ਪੈ ਗਿਆ, "ਥੋਨੂੰ ਕੀ? ਕਿਉਂ ਟੋਕਦੇ ਓ? ਜਿਹੜਾ ਵੀ ਐ, ਮੈਨੂੰ ਪੜ੍ਹਾਉਣ ਲੱਗ ਜਾਂਦੈ! ਅੱਜ ਤਾਂ ਨਾ ਮੱਤਾਂ ਦਿਉ। ਫੇਰ ਦੇ ਲਇਉ। ਅੱਗੇ ਰੱਜੇ ਨਹੀਂ, ਸਿੱਖਿਆ ਦੇਂਦੇ!"

ਉਸ ਦੀ ਮਾਸੀ ਦੇ ਕਾਲਜ ਪੜ੍ਹਦੇ ਲਵੇ ਜਿਹੇ ਮੁੰਡੇ ਨੇ ਸਮਝਾਉਣ ਦੀ ਨੀਤ ਨਾਲ ਆਖਿਆ, "ਮਾਸੜ ਨੇ ਤਾਂ ਤੇਰੇ ਫਾਇਦੇ ਦੀ ਗੱਲ ਕੀਤੀ ਐ!"

"ਕੀ ਫਾਇਦੇ ਦੀ ਕੀਤੀ ਐ?" ਇਕਬਾਲ ਉਸ ਨੂੰ ਵੀ ਕੁਦਾੜ ਕੇ ਪੈ ਗਿਆ, ਮੈਂ ਸਵੇਰ ਦਾ ਵੇਖੀ ਜਾਨਾ ਆਂ! ਕੋਈ ਟੰਗ ਫੜ ਲੈਂਦੈ, ਕੋਈ ਬਾਂਹ! ਕਿਉਂ ਬਈ? ਮੈਂ ਕਮਲ਼ਾਂ! ਆਹ ਨਾ ਕਰੀਂ, ਅਹੁ ਨਾ ਕਰੀਂ।"

ਕਾਲਜੀਏਟ ਨੇ ਫੇਰ ਹੱਸ ਕੇ ਆਖਿਆ, "ਬਈ, ਤੈਨੂੰ ਤਾਂ ਅੱਜ ਖੁਸ਼ੀ ਵਿਚ ਭੰਗੜਾ ਪਾਉਣਾ ਚਾਹੀਦਾ ਏ! ਭਾਬੀ, ਹੇਮਾ ਨੂੰ ਮਾਤ ਪਾਉਂਦੀ ਐ!"

ਪਾਲ ਇਕ ਦਮ ਉਸ ਮੁੰਡੇ ਵਲ ਝਾਕਿਆ, ਪਰ ਉਹ ਮਸਕੀਨ ਸੁਰ ਵਿਚ ਹੱਸਦਾ, ਇਕਬਾਲ ਦੀ ਢੂਹੀ 'ਤੇ ਹੱਥ ਫੇਰ ਰਿਹਾ ਸੀ।

"ਜੇ ਉਹ ਵੀ ਨਹੀਂ ਜਰੀ ਜਾਂਦੀ, ਖੋਹ ਲਉ।"

ਢਾਣੀ ਵਿਚ ਹਾਸੜ ਮੱਚ ਗਈ, ਹਰਪਾਲ ਹੰਭਲਾ ਮਾਰ ਕੇ ਉੱਠਿਆ, ਇਕਬਾਲ ਦੇ ਚਾਚੇ ਨੇ ਉਸ ਦਾ ਹੱਥ ਫੜ੍ਹ ਕੇ ਜ਼ੋਰ ਨਾਲ ਆਖਿਆ, "ਬਿੱਲੂ, ਤੂੰ ਕਿੱਧਰ ਚਲਿਆ ਏਂ!"

"ਆਉਨਾ ਜੀ!" ਆਖਦਾ ਪਾਲ ਪਸ਼ੂਆਂ ਵਾਲੇ ਪਾਸੇ ਨੂੰ ਹੋ ਗਿਆ। ਚਾਚੇ ਨੇ ਕੋਲ ਬੈਠੇ ਇਕ ਪਠੀਰ ਜਿਹੇ ਮੁੰਡੇ ਦੇ ਨਾਲ ਜਾਣ ਲਈ ਹੁੱਝ ਮਾਰੀ, ਫੇਰ ਠਰੰਮੇ ਨਾਲ ਬੋਲਿਆ, "ਭਾਈ ਮੁੰਡਿਓ, ਉਂ ਤਾਂ ਤੁਸੀਂ ਪੜ੍ਹੇ ਲਿਖੇ ਓ! ਗੱਲ ਆਸਾ ਪਾਸਾ ਵੇਖ ਕੇ ਕਰਿਆ ਕਰੋ।"

ਕਾਲਜੀਏਟ ਤਾਂ ਕੁਝ ਨਾ ਬੋਲਿਆ, ਪਰ ਇਕਬਾਲ ਚੁੱਪ ਨਹੀਂ ਕੀਤਾ, ਪਤਾ ਨਹੀਂ ਫੇਰ ਉਹਨੂੰ ਕੀ ਹੋਇਆ, ਉਹ ਰੋਣ ਲੱਗ ਪਿਆ। ਚਾਚਾ ਜੇ ਕੁਝ ਆਖਦਾ, ਉਹ ਹੋਰ ਭੂਸਰਦਾ। ਆਖੀਰ ਕਾਲਜੀਏਟ ਨੇ ਚਾਚੇ ਦੀ ਬਾਂਹ ਟੁੰਬ ਕੇ ਉਸ ਨੂੰ ਉਠਾ ਦਿੱਤਾ?

ਹਰਪਾਲ ਦਾ ਮਨ ਇਹ ਸਾਰਾ ਕੁਝ ਵੇਖ ਕੇ ਬੇਹੱਦ ਭੈੜਾ ਪਿਆ, ਉਹ ਜਦੋਂ ਵੀ ਇਕਬਾਲ ਦੇ ਚਿਹਰੇ ਵਲ ਤਕਦਾ, ਉਸ ਨੂੰ ਕਿਚ ਕਿਚੀ ਆਉਂਦੀ। ਦੂਸਰੇ ਦਿਨ ਜਦੋਂ ਉਹ ਉੱਠਿਆ, ਦਿਨ ਚਿੱਟਾ ਚੜ੍ਹਿਆ ਹੋਇਆ ਸੀ। ਰਾਣੋ ਦੇ ਸਹੁਰਿਆਂ ਦੇ ਘਰ ਦੀ ਖਸਤਾ ਹਾਲਤ ਨੇ ਉਸ ਨੂੰ ਹੋਰ ਡਾਵਾਂ ਡੋਲ ਕਰ ਦਿੱਤਾ।

ਬਿਨਾ ਪਲੱਸਤਰ ਲੱਗੀਆਂ ਇੱਟਾਂ, ਜਿਹਨਾਂ ਵਿਚ ਕੋਈ ਕੋਈ ਪਿੱਲੀ ਇੱਟ ਝਾਕ ਰਹੀ ਸੀ। ਵਿਹੜੇ ਵਿਚ ਥਾਂ ਥਾਂ ਟੋਏ ਪੱਟੇ ਹੋਏ ਸਨ। ਇਕਬਾਲ ਦੇ ਦੋ ਵੱਡੇ ਭਰਾ ਸਨ, ਇਕ ਛੋਟਾ। ਥਾਂ ਪਰ ਥਾਂ ਲੱਗੇ ਫੁੱਲਦਾਰ ਬੂਟੇ ਘਰ ਦੀ ਸਜਾਵਟ ਵਧਾਉਣ ਦੀ ਜਗ੍ਹਾ ਕੋਝਾ ਬਣਾ ਰਹੇ ਸਨ। ਪਿੰਡ ਵਾਪਸ ਆਉਂਦਿਆਂ ਕਾਰ ਵਿਚ ਪਾਲ ਸਾਰਾ ਰਾਹ ਏਹੀ ਸੋਚਦਾ ਰਿਹਾ। ਬੁੜ੍ਹੀਆਂ ਕੁੜੀਆਂ ਨੇ ਉਸ ਨੂੰ ਰਾਣੋ ਦੇ ਸਹੁਰਿਆਂ ਬਾਰੇ ਪੁੱਛਿਆ, ਪਰ ਉਸ ਹੂੰ ਹਾਂ ਤੋਂ ਬਿਨਾਂ ਕੋਈ ਖਾਸ ਉਤਰ ਨਾ ਦਿੱਤਾ।

ਮਾਰਚ ਮੁੱਕਣ ਵਾਲਾ ਸੀ। ਕਿੰਨੇ ਦਿਨ ਹਰਪਾਲ ਚੁੱਪ ਚੁੱਪ ਹੀ ਫਿਰਦਾ ਰਿਹਾ। ਰਾਣੋ ਮੁਕਲਾਵੇ ਤੋਂ ਮਗਰੋਂ ਅਜੇ ਮੁੜ ਕੇ ਨਹੀਂ ਸੀ ਆਈ। ਕਈ ਵਾਰ ਉਸ ਆਪਣੇ ਆਪ ਨੂੰ ਸਮਝਾਉਣ ਦਾ ਯਤਨ ਕੀਤਾ, "ਉਹ ਕਿਉਂ ਐਵੇਂ ਫਜ਼ੂਲ ਕਿਸਮ ਦੀ ਚਿੰਤਾ ਸਹੇੜੀ ਫਿਰਦੈਂ!" ਫੇਰ ਵੀ ਉਸ ਨੂੰ ਖੁਤਖੁਤੀ ਲੱਗੀ ਹੋਈ ਸੀ। ਰਾਣੋ ਕਦੋਂ ਸਹੁਰਿਆਂ ਤੋਂ ਮੁੜੇ, ਉਹ ਉਸ ਦਾ ਹਾਲ ਚਾਲ ਪੁੱਛੇ। ਕਾਲਜੋਂ ਫ੍ਰੀ ਹੋਣ ਕਾਰਨ ਪਾਲ ਘਰ ਪੜ੍ਹਦਾ ਰਹਿੰਦਾ ਸੀ। ਇਕ ਦਿਨ ਰਾਣੋ ਸੱਚਮੁੱਚ ਆ ਗਈ। ਉਸ ਦਾ ਭਰਾ ਉਹਨੂੰ ਲੈ ਕੇ ਆਇਆ ਸੀ। ਹਰਪਾਲ ਜਾਣ ਬੁੱਝ ਕੇ ਉਹਨਾਂ ਦੇ ਘਰ ਮੂਹਰ ਦੀ ਲੰਘਿਆ। ਰਾਣੋ ਵਿਹੜੇ ਵਿਚ ਲਾਲ ਸੂਟ ਵਿਚ ਤਣੀਂ ਤੋਂ ਲਟਕਦੇ ਪਰਨੇ ਨਾਲ ਹੱਥ ਪੂੰਝ ਰਹੀ ਸੀ। ਅਚਾਨਕ ਉਹ ਪਾਲ ਵਲ ਝਾਕੀ ਤੇ ਖਿੜ ਕੇ ਹੱਥ ਜੋੜਦਿਆਂ ਬੋਲੀ, "ਸਾਸਰੀ ਕਾਲ।"

ਹਰਪਾਲ ਨੇ ਸਿਰ ਨਾਲ ਹੀ ਮੰਨ ਕੇ ਉਸ ਦੇ ਚਿਹਰੇ ਵਲ ਵੇਖਿਆ, ਉਹ ਗੋਟੇ ਵਾਲੀ ਰੱਤੇ ਦੁਪੱਟੇ ਵਿਚ ਇੰਨੀ ਖੁਸ਼ ਲੱਗਦੀ ਸੀ, ਪਾਲ ਹੋਰ ਕੁਝ ਕਹਿ ਹੀ ਨਾ ਸਕਿਆ। ਸੁੱਖ ਸਾਂਦ ਪੁੱਛ ਕੇ ਉਹ ਆਪਣੇ ਘਰ ਵਲ ਖਿੜਕ ਤੱਕ ਗੁੰਮ ਸੁੰਮ ਹੋਇਆ ਤੁਰ ਆਇਆ। ਰਾਣੋ ਉਸ ਦੀਆਂ ਅੱਖਾਂ ਅੱਗੇ ਹਾਲੇ ਵੀ ਗੋਟੇ ਵਾਲੀ ਝਿਲਮਿਲ ਕਰਨੀ ਚੁੰਨੀ ਵਿਚ ਖੁਸ਼ ਜਾਪ ਰਹੀ ਸੀ।

*(ਬਾਕੀ ਅਗਲੇ ਅੰਕ 'ਚ)*

## ਪਾਠਕਾਂ ਦਾ ਪੰਨਾ

# ਮਿਸ ਪੂਜਾ:ਕੌਣ ਸਹੀ ਤੇ ਕੌਣ ਗਲਤ?

ਪੰਜਾਬ ਟਾਈਮਜ਼ ਦੇ ਦੋ ਸਥਾਈ ਕਾਲਮ 'ਲਿਖਤੁਮ' ਤੇ 'ਗੱਲੀ-ਬਾਤੀ' ਬਿਨਾਂ ਸ਼ੱਕ ਪਾਠਕਾਂ ਦੇ ਬਹੁਤ ਹੀ ਪਸੰਦੀਦਾ ਕਾਲਮ ਹਨ ਤੇ ਸਾਰੇ ਰੂਹ ਨਾਲ ਪੜ੍ਹਦੇ ਹਨ। ਦੋਹੇਂ ਹੀ ਕਾਲਮਨਵੀਸ-ਤਰਲੋਚਨ ਸਿੰਘ ਦੁਪਾਲਪੁਰ ਤੇ ਐਸ. ਅਸ਼ੋਕ ਭੌਰਾ ਜ਼ਿਲ੍ਹਾ ਨਵਾਂ ਸ਼ਹਿਰ ਨਾਲ ਸਬੰਧ ਰੱਖਦੇ ਹਨ ਤੇ ਪਿੰਡ ਵੀ ਨੇੜੇ-ਨੇੜੇ ਹੀ ਹਨ। ਦੋਵੇਂ ਜਣੇ ਦੁਆਬੇ ਦੀ ਪੇਂਡੂ ਰੂਹ ਨੂੰ ਧੁਰ ਅੰਦਰੋਂ ਜਾਣਦੇ ਹਨ, ਦੋਹਾਂ ਦੀ ਸ਼ਬਦ ਚੋਣ ਤੇ ਅਮੁੱਕ ਸ਼ਬਦ ਭੰਡਾਰ ਕਮਾਲ ਦਾ ਹੈ। ਜੇ ਕਿਸੇ ਪਾਤਰ ਦੇ ਮੂੰਹੋਂ ਗੱਲ ਕਹਾਈ ਤਾਂ ਹਰੇਕ ਪੜ੍ਹਨ ਵਾਲੇ ਨੂੰ ਉਹ ਆਪਣੇ ਪਿੰਡ ਦਾ ਹੀ ਕੋਈ ਪਾਤਰ ਲੱਗਦਾ। ਅਮਰੀਕਾ ਆ ਕੇ ਦੋਵੇਂ ਜਣੇ ਜੁੜੇ ਵੀ ਇਕੋ ਹੀ ਅਖ਼ਬਾਰ ਨਾਲ, ਜਿਸ ਦੀ ਮਕਬੂਲੀਅਤ ਪਾਠਕ ਆਪ ਹੀ ਜਾਣਦੇ ਹਨ।

ਤਿੰਨ ਕੁ ਹਫਤੇ ਪਹਿਲਾਂ 'ਪੰਜਾਬ ਟਾਈਮਜ਼' ਵਿਚ ਦੋ ਕੁ ਮਹੀਨੇ ਦੀ ਗੈਰ-ਹਾਜ਼ਰੀ ਤੋਂ ਬਾਅਦ ਪਹਿਲਾ ਲੇਖ ਜੋ ਦੁਪਾਲਪੁਰ ਹੋਰਾਂ ਦਾ 'ਲਿਖਤੁਮ' ਕਾਲਮ ਵਿਚ "ਲੱਜ ਧੀਆਂ ਭੈਣਾਂ ਦੀ...." ਸਿਰਲੇਖ ਹੇਠ ਛਪਿਆ, ਜਿਸ ਵਿਚ ਉਨ੍ਹਾਂ ਨੇ ਮਿਸ ਪੂਜਾ ਦੇ ਗਾਏ ਗਾਣਿਆਂ ਉਤੇ ਟਿੱਪਣੀ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਜਿਹੋ ਜਿਹਾ ਇਨ੍ਹਾਂ ਗਾਣਿਆਂ ਦਾ ਮਤਲਬ ਨਿਕਲਦਾ, ਇਹ ਮੂੰਹੋ ਕੱਢਣੇ ਵੀ ਔਖੇ ਲਗਦੇ ਤੇ ਇਕ ਧੀਆਂ ਦਾ ਬਾਪ ਹੋਣ ਦੇ ਨਾਤੇ ਮੈਨੂੰ ਤਾਂ ਸੁਣਦੇ ਨੂੰ ਵੀ ਲੱਜ ਆਉਂਦੀ ਹੈ। ਪਰ ਉਹ ਕਿਹੋ ਜਿਹਾ ਬਾਪੂ ਹੋਵੇਗਾ, ਜਿਸਦੀ ਧੀ ਇਹੋ ਜਿਹਾ ਗਾਉਂਦੀ ਹੈ? ਉਸ ਭੈਣ ਦੇ ਭਰਾ ਦੀ ਅਣਖ ਕਿੱਥੇ ਦੱਬੀ ਪਈ ਹੋਊ ਜਿਹੜੀ ਗੀਤਾਂ 'ਚ ਆਪਣੇ ਆਸ਼ਕ ਨੂੰ ਸੀਟੀ ਮਾਰ ਕੇ ਸੱਦਣ ਦੀ ਗੱਲ ਕਰਦੀ ਹੈ। ਹੋਰ ਵੀ ਬੜਾ ਕੁਝ ਦੁਪਾਲਪੁਰ ਨੇ ਅੱਖਾਂ ਖੋਲ੍ਹਣ ਲਈ ਲਿਖਿਆ ਸੀ ਤੇ ਇਸ ਘਟੀਆ ਗਾਇਕੀ ਨੂੰ ਸਸਤੀ ਸ਼ੋਹਰਤ ਗਰਦਾਨਿਆ ਸੀ। ਇਹ ਸੀ ਉਨ੍ਹਾਂ ਦਾ ਮਿਸ ਪੂਜਾ ਨਾਂ ਦੀ ਕੁੜੀ ਦੇ ਗਾਏ ਗੀਤਾਂ ਬਾਰੇ ਨਜ਼ਰੀਆ।



ਹੁਣ 9 ਮਈ ਦੇ 'ਪੰਜਾਬ ਟਾਈਮਜ਼' ਵਿਚ 'ਗੱਲੀ-ਬਾਤੀ' ਕਾਲਮ ਵਾਲੇ ਅਸ਼ੋਕ ਭੌਰਾ ਦਾ 'ਮਿਸ ਪੂਜਾ' ਬਾਰੇ ਨਜ਼ਰੀਆ ਦੁਪਾਲਪੁਰ ਤੋਂ ਬਿਲਕੁਲ ਵੱਖਰਾ ਹੈ, ਉਹ ਪੂਜਾ ਦੀ ਗਾਇਕੀ ਨੂੰ ਵਰਲਡ ਰਿਕਾਰਡ ਵਜੋਂ ਦੇਖਦਾ ਹੈ ਤੇ ਉਸ ਦੀ ਇਸ ਪਿੜ ਵਿਚ ਬੁਲੰਦੀ ਨੂੰ ਉਸ ਵਲੋਂ ਸਿਰਫ 3 ਸਾਲਾਂ ਵਿਚ ਹੀ ਗਾਏ 1500 ਤੋਂ ਵੀ ਵਧ ਗੀਤਾਂ ਦੇ ਨਾਲ-ਨਾਲ ਕਮਾਏ ਪੈਸੇ ਨਾਲ ਵੀ ਜੋੜਦਾ ਹੈ। ਉਹ ਇਕ ਖਾਸ ਪੰਜਾਬੀ ਵਰਗ ਵਲੋਂ ਮਿਸ ਪੂਜਾ ਨੂੰ ਮਿਲ ਰਹੇ ਭਰਪੂਰ ਹੁੰਗਾਰੇ ਨੂੰ ਅੱਖੋਂ ਓਹਲੇ ਨਹੀਂ ਕਰਦਾ। ਸ੍ਰੀ ਭੌਰਾ ਨਾਲ ਹੋਈ ਮੁਲਾਕਾਤ ਵਿਚ ਪੂਜਾ ਕਹਿੰਦੀ ਹੈ ਕਿ ਉਹ ਤਾਂ ਗਾਇਕੀ ਵਿਚ ਆਈ ਹੀ ਆਪਣੇ ਬਾਪ ਦੀ ਹੱਲਾਸ਼ੇਰੀ ਨਾਲ ਹੈ ਤੇ ਉਹਦਾ ਭਰਾ ਹਰ ਵੇਲੇ ਹੁੰਦਾ ਹੀ ਨਾਲ ਹੈ। ਇਸ ਕਰਕੇ ਦੁਪਾਲਪੁਰ ਨੇ ਜਿਹੜੇ ਟੇਪ ਦੇ ਗਾਣੇ ਸੁਣੇ ਉਹ ਧੀ ਨੇ ਬਾਪ ਦੀ ਥਾਪਣਾ ਨਾਲ ਹੀ ਗਾਏ ਤੇ ਸ. ਦੁਪਾਲਪੁਰ ਨੂੰ ਐਵੇਂ ਲੱਜਾ ਆਉਂਦੀ ਰਹੀ। ਜਿਹੜੇ 1500 ਤੋਂ ਵਧ ਗੀਤ ਉਹ ਵੀ 3 ਸਾਲਾਂ ਵਿਚ ਉਸ ਨੇ ਗਾਏ ਉਹ ਸੱਚਮੁੱਚ ਹੀ ਵਰਲਡ ਰਿਕਾਰਡ ਹੋਣਾ। ਕਿਉਂਕਿ 3 ਸਾਲਾਂ ਦੇ 1100 ਕੁ ਦਿਨ ਬਣਦੇ ਤੇ ਇਸ ਹਿਸਾਬ ਨਾਲ ਇਹ ਕੁੜੀ ਹਰ ਦਿਨ ਬਿਨਾਂ ਨਾਗਾ ਇਕ ਤੋਂ ਵਧ ਗੀਤ ਗਾਉਂਦੀ ਜਾਂ ਰਿਕਾਰਡ ਕਰਾਉਂਦੀ ਹੋਵੇਗੀ। ਇਨ੍ਹਾਂ ਸੈਂਕੜੇ ਗੀਤਾਂ ਦਾ ਤਾਂ ਸ਼ਾਇਦ ਮਿਸ ਪੂਜਾ ਵੀ ਨਾਂ ਨਹੀਂ ਜਾਣਦੀ ਹੋਣੀ।

ਨਾਲੇ ਜੇ ਹਰ ਗੀਤ ਦਾ ਸਬਜੈਕਟ ਵੱਖਰਾ ਹੋਵੇ ਤੇ ਗੀਤ ਵਿਚ ਕੋਈ ਸਿਖਿਆ ਦਾ ਇਕ ਸੁਨੇਹਾ ਹੋਵੇ ਤਾਂ 1500 ਵੱਖਰੇ ਵਿਸ਼ੇ ਮਿਲਣੇ ਕਿੰਨੇ ਕੁ ਸੌਖੇ ਹੋਣਗੇ? ਇਹ ਤਾਂ ਪਾਰਖੂ ਅੱਖ ਵਾਲਾ ਕੋਈ ਭੌਰਾ ਸਾਹਿਬ ਵਰਗਾ ਸਾਹਿਤਕ ਅਤੇ ਰੰਗ-ਮੰਚ ਨਾਲ ਜੁੜਿਆ ਹੀ ਜਾਣਦਾ ਹੋਵੇਗਾ। ਕਿਉਂਕਿ ਜਿਸ ਸ਼ਿੱਦਤ ਤੇ ਕਾਮਯਾਬੀ ਨਾਲ ਅਸ਼ੋਕ ਭੌਰਾ ਨੇ ਸਾਡੇ ਇਲਾਕੇ ਵਿਚ ਢਾਡੀ ਅਮਰ ਸਿੰਘ ਸ਼ੌਂਕੀ ਯਾਦਗਾਰੀ ਮੇਲਾ ਕਈ ਸਾਲ ਕਰਵਾਇਆ, ਉਹ ਇਕ ਮਿਸਾਲ ਹੈ। ਉਸ ਮੇਲੇ ਦਾ ਜ਼ਿਕਰ ਸਿਰਫ ਪੰਜਾਬੀ ਸਾਹਿਤਕ ਗਲਿਆਰਿਆਂ ਵਿਚ ਹੀ ਨਹੀਂ ਬਲਕਿ ਪਾਸ਼ ਸਬੰਧੀ ਛਪੀ ਇਕ ਕਿਤਾਬ ਵਿਚ ਵੀ ਹੈ। ਮਤਲਬ ਰਜਿੰਦਰ ਰਾਹੀ ਦੀ ਕਿਤਾਬ 'ਜਿੱਥੇ ਪਾਸ਼ ਰਹਿੰਦਾ ਹੈ' ਵਿਚ ਵੀ ਉਸ ਮੇਲੇ ਅਤੇ ਅਸ਼ੋਕ ਭੌਰਾ ਦਾ ਜ਼ਿਕਰ ਹੈ। ਕਹਿਣ ਦਾ ਭਾਵ ਪਈ ਅਸ਼ੋਕ ਭੌਰਾ ਕਲਾਕਾਰ ਦੀ ਕਾਰਗੁਜ਼ਾਰੀ ਨੂੰ ਜਿਸ ਪੱਖੋਂ ਘੋਖ ਕਰ ਸਕਦੇ ਹਨ ਉਹ ਸ਼ਾਇਦ ਦੁਪਾਲਪੁਰ ਮਿਸ ਪੂਜਾ ਦੇ ਸਿਰਫ ਗੀਤ ਸੁਣ ਕੇ ਨਾ ਕਰ ਸਕੇ ਹੋਣ। ਕਿਉਂਕਿ ਭੌਰਾ ਸਾਹਿਬ ਨੇ ਲੇਖ ਵਿਚ ਲਿਖਿਆ ਹੈ ਕਿ ਕਈ ਪਹਾੜ ਨੇੜਿਉਂ ਵੀ ਸੁਹਣੇ ਲਗਦੇ। ਕਿੰਨਾ ਚੰਗਾ ਹੁੰਦਾ ਜੇ ਉਹ ਦੁਪਾਲਪੁਰ ਨੂੰ ਵੀ ਇਸ ਪਹਾੜੀ ਦੇ ਨੇੜਿਉਂ ਦਰਸ਼ਨ ਕਰਵਾ ਦਿੰਦੇ। ਸ਼ਾਇਦ ਅਗਲੇ ਲਿਖਤੁਮ ਕਾਲਮ ਵਿਚ ਉਨ੍ਹਾਂ ਦਾ ਬਦਲਿਆ ਨਜ਼ਰੀਆ ਦੇਖਣ ਨੂੰ ਮਿਲ ਸਕਦਾ।

ਅਸਲ 'ਚ ਮੇਰਾ ਨਾ ਤਾਂ ਗੀਤਾਂ ਨਾਲ ਬਹੁਤਾ ਵਾਸਤਾ ਹੈ ਤੇ ਨਾ ਹੀ ਮਿਸ ਪੂਜਾ ਦੀ ਗਾਇਕੀ ਨਾਲ। ਮੈਂ ਤਾਂ ਉਪਰੋਕਤ ਦੋਹਾਂ ਲੇਖਕਾਂ ਦੀਆਂ ਲਿਖਤਾਂ ਬੜੀ ਰੀਝ ਨਾਲ 'ਪੰਜਾਬ ਟਾਈਮਜ਼' ਵਿਚ ਪੜ੍ਹਦਾ ਹਾਂ ਤੇ ਕੁਝ ਲਿਖਣ ਦੀ ਵੀ ਕੋਸ਼ਿਸ਼ ਹੁੰਦੀ। ਇਨ੍ਹਾਂ ਕੋਲੋਂ ਇਕੋ ਸਵਾਲ, "ਕੌਣ ਸਹੀ ਹੈ" ਪੁੱਛਣ ਦੀ ਹਿਮਾਕਤ ਕਰ ਰਿਹਾ ਹਾਂ। ਪੁੱਛਣ ਦੀ ਤਾਂ ਸ਼ਾਇਦ ਇਸ ਵੇਲੇ ਵੀ ਮੇਰੇ ਵਰਗੇ ਵਿਚ ਹਿੰਮਤ ਨਾ ਹੁੰਦੀ, ਜੇਕਰ ਅੱਜ ਮੇਰੇ ਦੋ-ਤਿੰਨ ਦੋਸਤਾਂ ਵਿਚ ਇਸ ਵਿਸ਼ੇ 'ਤੇ ਗੱਲਬਾਤ ਨਾ ਹੋਈ ਹੁੰਦੀ। ਅਸਲ ਵਿਚ ਮੇਰੇ ਦੋ ਦੋਸਤਾਂ ਨੇ ਵੀ ਪਿਛੇ ਜਿਹੇ ਹੋਏ ਮਿਸ ਪੂਜਾ ਦੇ ਪ੍ਰੋਗਰਾਮ ਦੇਖੇ ਤੇ ਉਹਦੀ ਗਾਇਕੀ 'ਤੇ ਤਪਸਰਾ ਕਰਦੇ ਸਨ। ਮੈਂ ਤੇ ਮੇਰਾ ਤੀਜਾ ਮਿੱਤਰ ਤਾਂ ਸੁਣਦੇ ਹੀ ਸੀ। ਅਸੀਂ ਤਾਂ ਬੱਸ ਟੀ.ਵੀ. ਵਾਲੇ ਗੀਤ ਹੀ ਉਹਦੇ ਦੇਖੇ-ਸੁਣੇ ਸੀ, ਜਿਦਾਂ ਦੇ ਵੀ ਹੁੰਦੇ ਆ। ਸਾਡਾ ਇਕ ਮਿੱਤਰ ਕੁਝ ਜ਼ਿਆਦਾ ਹੀ ਪੂਜਾ ਦਾ ਫੈਨ ਲੱਗਦਾ ਸੀ ਤੇ ਉਹਨੇ ਸ਼ਾਇਦ ਫਰਿਜ਼ਨੋ ਵਿਚ ਹੋਇਆ ਮਿਸ ਪੂਜਾ ਦਾ ਪ੍ਰੋਗਰਾਮ ਦੇਖਿਆ ਵੀ ਫਰੀ ਹੀ ਸੀ। ਕਹਿੰਦਾ "ਐਵੇਂ ਲੋਕੀਂ ਕਹੀ ਜਾਂਦੇ ਆ ਕਿ ਮਿਸ ਪੂਜਾ ਗੰਦੇ ਗੀਤ ਗਾਉਂਦੀ, ਸਾਨੂੰ ਤਾਂ ਕੋਈ ਗੀਤ ਵੀ ਉਹਦਾ ਗੰਦਾ ਨਹੀਂ ਲੱਗਿਆ।" ਹੁਣ ਤੱਕ ਮੇਰਾ ਤੀਜਾ ਮਿੱਤਰ ਜੋ ਕਿ ਚੁੱਪਚਾਪ ਸੁਣਦਾ ਰਿਹਾ ਸੀ ਕਹਿਣ ਲਗਾ, "ਆਹੋ ਮੈਨੂੰ ਪਤਾ ਲੱਗਾ ਕਿ ਪੂਜਾ ਗੀਤ ਗਾਉਣ ਤੋਂ ਪਹਿਲਾਂ ਉਹਨੂੰ ਸਰਫ ਨਾਲ ਧੋ ਲੈਂਦੀ ਆ ਜਿਹੜੀ ਇੰਡੀਆ ਤੋਂ ਨਾਲ ਈ ਲਿਆਈ ਆ। ਇਸ ਕਰਕੇ ਗੰਦੇ ਨਹੀਂ ਲਗਦੇ ਹੋਣੇ।" ਇਸ ਗੱਲ 'ਤੇ ਅਸੀਂ ਸਾਰੇ ਖਿੜ ਖਿੜਾ ਕੇ ਹੱਸ ਪਏ।

*-ਮਣੈਲ ਸਿੰਘ ਸਰਾਂ*

# ਬਾਦਲ ਪਰਿਵਾਰ ਨੈਤਿਕਤਾ ਦੇ ਅਧਾਰ 'ਤੇ ਅਸਤੀਫਾ ਦੇਵੇ

ਲੋਕ ਸਭਾ ਦੇ ਨਤੀਜਿਆਂ ਨੇ ਜਿੱਥੇ ਐਨ.ਡੀ.ਏ. ਅਤੇ ਉਸਦੇ ਸਹਿਯੋਗੀਆਂ ਨੂੰ ਹੈਰਾਨੀ ਵਿਚ ਪਾ ਦਿੱਤਾ ਹੈ, ਉਥੇ ਡਾ. ਮਨਮੋਹਨ ਸਿੰਘ ਇਕ ਮਜ਼ਬੂਤ ਨੇਤਾ ਦੇ ਰੂਪ ਵਿਚ ਉਭਰੇ ਹਨ। ਅਡਵਾਨੀ ਆਪਣੇ ਚੋਣ ਭਾਸ਼ਣਾਂ ਵਿਚ ਡਾ. ਮਨਮੋਹਨ ਸਿੰਘ ਨੂੰ ਵਾਰ-ਵਾਰ ਕਮਜ਼ੋਰ ਪ੍ਰਧਾਨ ਮੰਤਰੀ ਦੇ ਰੂਪ 'ਚ ਪ੍ਰਚਾਰਦੇ ਰਹੇ। ਇਸ ਦੇ ਉਲਟ ਡਾ. ਮਨਮੋਹਨ ਸਿੰਘ ਆਪਣੀ ਸਿਹਤ ਦੀ ਪ੍ਰਵਾਹ ਕੀਤੇ ਬਗੈਰ ਸਾਰੇ ਮੁਲਕ ਵਿਚ ਸਟਾਰ ਪ੍ਰਚਾਰਕ ਦੇ ਰੂਪ ਵਿਚ ਵਿਚਰੇ। ਭਾਜਪਾ ਦੇ ਦਾਅਵੇ ਅਤੇ ਦਮਗਜ਼ੇ ਸਭ ਝੂਠੇ ਅਤੇ ਫਿੱਕੇ ਸਾਬਤ ਹੋਏ ਹਨ।

ਹਰਿਆਣਾ ਵਿਚ ਇਹ ਕਹਾਵਤ ਬੜੀ ਮਸ਼ਹੂਰ ਹੈ-'ਥੋਥਾ ਚਨਾ ਬਾਜੇ ਘਨਾ', ਜੋ ਅਕਾਲੀ ਆਗੂ ਅਤੇ ਡਿਪਟੀ ਮੁੱਖ ਮੰਤਰੀ 'ਤੇ ਢੁੱਕਦੀ ਹੈ। ਸਰਕਾਰੀ ਮਸ਼ੀਨਰੀ, ਪੈਸਾ, ਗੁੰਡਾ-ਬ੍ਰਿਗੇਡ ਦੇ ਜ਼ੋਰ 'ਤੇ ਜਿੱਥੇ ਹਰਸਿਮਰਤ ਕੌਰ ਬਾਦਲ ਅਤੇ ਉਸ ਦੇ ਪਤੀ ਸੁਖਬੀਰ ਸਿੰਘ ਬਾਦਲ ਜਿੱਤ ਸਕੇ ਹਨ, ਉੱਥੇ ਅਕਾਲੀਆਂ ਦੇ ਵੱਡੇ ਥੰਮ ਹਾਰੇ ਹਨ। ਕੁੱਲ ਮਿਲਾ ਕੇ ਪੰਜਾਬ ਦੀ ਜਨਤਾ ਨੇ ਅਕਾਲੀ-ਭਾਜਪਾ ਦਾ ਪੱਤਾ ਸਾਫ ਕੀਤਾ।

ਬਜ਼ੁਰਗ ਅਕਾਲੀ ਨੇਤਾ ਪ੍ਰਕਾਸ਼ ਸਿੰਘ ਬਾਦਲ ਨੂੰ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਅਸਤੀਫਾ ਦੇਣਾ ਚਾਹੀਦਾ ਹੈ। ਕੈਪਟਨ ਅਮਰਿੰਦਰ ਸਿੰਘ ਇਸ ਵਾਰੀ ਇਕੱਲਾ ਹੀ ਅਕਾਲੀਆਂ 'ਤੇ ਭਾਰਾ ਪਿਆ ਅਤੇ ਸਾਬਤ ਕਰ ਦਿੱਤਾ ਕਿ ਉਹ ਇਕੱਲਾ ਹੀ ਅਕਾਲੀਆਂ ਨੂੰ ਘੇਰਨ ਦੇ ਸਮਰੱਥ ਹੈ।

ਸਵਾਲ ਹੈ ਕਿ ਕੀ ਹੁਣ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਕਾਲੀ ਦਲ ਦੇ ਪ੍ਰਧਾਨ ਪਦ ਤੋਂ ਅਸਤੀਫਾ ਦੇਣਗੇ ਜਾਂ ਇਸ ਨੂੰ ਆਪਣੀ ਜਗੀਰ ਸਮਝਦੇ ਹੋਏ "ਦੋ ਪਈਆਂ ਵਿਸਰ ਗਈਆਂ" ਦੀ ਕਹਾਵਤ ਦੁਹਰਾਉਣਗੇ? ਸੁਖਬੀਰ ਬਾਦਲ ਨੇ ਜਿੱਥੇ ਅਕਾਲੀ ਦਲ ਦੇ ਗੌਰਵਮਈ ਇਤਿਹਾਸ ਦੇ ਉਲਟ ਕੰਮ ਕੀਤੇ, ਉੱਥੇ ਪੂਰੀ ਧੱਕੇਸ਼ਾਹੀ ਵਾਲੇ ਰਵੱਈਏ ਨਾਲ ਸ਼੍ਰੋਮਣੀ ਕਮੇਟੀ ਵਿਚ ਦਖਲਅੰਦਾਜ਼ੀ ਵੀ ਕੀਤੀ ਹੈ।

ਸੰਨ 1997 ਵਿਚ ਪ੍ਰੇਮ ਸਿੰਘ ਚੰਦੂਮਾਜਰਾ ਦੇ ਸੱਦੇ 'ਤੇ 10 ਮੈਂਬਰੀ ਇਕ ਵਫਦ ਜਿਸ ਵਿਚ ਮੇਰੇ ਸਮੇਤ ਕੁਝ ਡਾਕਟਰ, ਕੁਝ ਇੰਜੀਨੀਅਰ ਅਤੇ ਕੁਝ ਵਪਾਰੀ ਵੀਰ ਸ਼ਾਮਲ ਸਨ, ਸ. ਪ੍ਰਕਾਸ਼ ਸਿੰਘ ਬਾਦਲ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਮਿਲੇ ਅਤੇ ਗੁਰੂ ਰਾਮਦਾਸ ਹਸਪਤਾਲ ਵਿਚ ਇਕ ਰੋਜ਼ਾ ਫਰੀ ਮੈਡੀਕਲ ਕੈਂਪ ਵੀ ਲਗਾਇਆ ਅਤੇ ਬਾਦਲ ਸਾਹਿਬ ਦੇ ਸੱਦੇ 'ਤੇ ਚੰਡੀਗੜ੍ਹ ਵਿਚ ਉਨ੍ਹਾਂ ਨਾਲ ਦੁਪਹਿਰ ਦਾ ਖਾਣਾ ਵੀ ਲਿਆ। ਸੱਤ ਰੋਜ਼ਾ ਦੌਰੇ ਵਿਚ ਦੋਵੇਂ ਆਗੂ ਨੇਤਾਵਾਂ ਦੀ ਸੂਰ ਅਤੇ ਸੀਰਤ ਵਿਚ ਬਹੁਤ ਫਰਕ ਨਜ਼ਰ ਆਇਆ। ਜਿਥੇ ਜਥੇਦਾਰ ਟੌਹੜਾ, ਬੇਹਦ ਨਰਮ ਅਤੇ ਪੰਥਕ ਸੋਚ ਦੇ ਪਹਿਰੇਦਾਰ ਅਤੇ ਮਿਠਬੋਲੜੇ ਨੇਤਾ ਲੱਗੇ, ਉੱਥੇ ਬਾਦਲ ਸਾਹਿਬ ਹਮੇਸ਼ਾ "ਸਾਡੇ ਆਉਗੇ ਕੀ ਲਿਆਉਗੇ, ਅਸੀਂ ਆਵਾਂਗੇ ਕੀ ਦਿਉਗੇ" ਵਾਲੇ ਨੇਤਾ ਜਾਪੇ। ਉਨ੍ਹਾਂ ਦਾ ਫਰਜ਼ੰਦ ਤਾਂ ਚਾਰ ਕਦਮ ਅੱਗੇ ਹੀ ਹੋਵੇਗਾ।

*ਜਸਪਾਲ 'ਨੈਨ ਤੁਰ'*
*ਸੈਂਟਾ ਕਲਾਰਾ, ਕੈਲੇਫੋਰਨੀਆ*

# ਔਰਤਾਂ ਚੰਗੀਆਂ ਵੀ ਅਤੇ ਮੰਦੀਆਂ ਵੀ

'ਸੋ ਕਿਉ ਮੰਦਾ ਆਖੀਐ
ਜਿਤ ਜੰਮਹਿ ਰਾਜਾਨ।'

ਇਹ ਮਹਾਂਵਾਕ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਦੀ ਉਸ ਵੇਲੇ ਦੀ ਸਮਾਜਿਕ ਦਸ਼ਾ ਨੂੰ ਦੇਖ ਕੇ ਉਚਾਰਿਆ ਸੀ, ਕਿਉਂਕਿ ਗੁਰੂ ਨਾਨਕ ਦੇਵ ਜੀ ਮਨੁੱਖਤਾ ਦੇ ਰਾਖੇ ਬਣ ਕੇ ਆਏ ਸਨ। ਗੁਰੂ ਨਾਨਕ ਦੇਵ ਇਕੱਲੇ ਰੂਹਾਨੀ ਗੁਰੂ ਨਹੀਂ ਸਨ, ਸਗੋਂ ਇਕ ਮਾਨਵਵਾਦੀ, ਸਮਾਜਿਕ, ਸੁਧਾਰਵਾਦੀ ਤੇ ਕ੍ਰਾਂਤੀਕਾਰੀ ਗੁਰੂ ਅਤੇ ਰਹਿਬਰ ਸਨ। ਉਨ੍ਹਾਂ ਨੇ ਸਮਾਜਿਕ ਕੁਰੀਤੀਆਂ, ਵਿਤਕਰੇ, ਨਾ-ਬਰਾਬਰੀ, ਅਨਿਆਂ ਤੇ ਮਨੁੱਖ 'ਤੇ ਹੁੰਦੇ ਤਸ਼ੱਦਦ ਦੇ ਵਿਰੁਧ ਆਵਾਜ਼ ਬੁਲੰਦ ਕੀਤੀ, ਜਿਨ੍ਹਾਂ ਵਿਚ ਇਕ ਇਸਤਰੀ ਜਾਤੀ ਦੀ ਭੈੜੀ ਦਸ਼ਾ ਸੀ।

ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਇਸਤਰੀ ਦਾ ਸਮਾਜ ਵਿਚ ਕੋਈ ਸਤਿਕਾਰ ਨਹੀਂ ਸੀ। ਉਸ ਨੂੰ ਪੈਰ ਦੀ ਜੁੱਤੀ ਕਿਹਾ ਜਾਂਦਾ ਸੀ। ਇਥੇ ਹੀ ਬੱਸ ਨਹੀਂ, ਇਸਤਰੀ ਨੂੰ ਕਈ ਵਿਸ਼ੇਸ਼ਣਾਂ ਨਾਲ ਪੁਕਾਰਿਆ ਜਾਂਦਾ ਸੀ, ਜਿਵੇਂ ਇਸਤਰੀ ਦੀ ਗੁੱਤ ਪਿੱਛੇ ਮੱਤ। ਮੱਖੀ, ਮੱਛੀ, ਇਸਤਰੀ ਤਿੰਨੇ ਜਾਤ ਕੁਜਾਤ। ਮੁੰਡਾ, ਬੱਕਰੀ, ਇਸਤਰੀ ਤਿੰਨੇ ਉਜਾੜ ਦਾ ਬੰਨਾ। ਪ੍ਰਸਿੱਧ ਕਿੱਸਾਕਾਰ ਵਾਰਿਸ ਸ਼ਾਹ ਨੇ ਵੀ ਇਸਤਰੀ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਸਨ। ਜਿਵੇਂ ਉਨ੍ਹਾਂ ਆਖਿਆ ਸੀ, "ਇਸਤਰੀ, ਤਲਵਾਰ ਤੇ ਘੋੜਾ ਕਿਸੇ ਦੇ ਯਾਰ ਨਹੀਂ।" ਪ੍ਰਸਿੱਧ ਨਾਟਕਕਾਰ ਸ਼ੈਕਸਪੀਅਰ ਨੇ ਵੀ ਆਖਿਆ ਸੀ, "Oh fraility! Thy name is women."

ਇਸਤਰੀ ਨੂੰ ਸਮਾਜ ਵਿਚ ਕੋਈ ਸੁਤੰਤਰਤਾ ਵੀ ਨਹੀਂ ਸੀ। ਉਸ ਨੂੰ ਵਿਦਿਆ ਪ੍ਰਾਪਤ ਕਰਨ ਦੀ ਕੋਈ ਆਜ਼ਾਦੀ ਨਹੀਂ ਸੀ। ਇਥੋਂ ਤੱਕ ਕਿ ਕੁੜੀ ਆਪਣੇ ਪਸੰਦ ਦਾ ਵਰ ਵੀ ਨਹੀਂ ਟੋਲ ਸਕਦੀ ਸੀ। ਗੁਰੂ ਜੀ ਤੋਂ ਪਹਿਲਾਂ ਇਸਤਰੀ ਨੂੰ ਦੂਜਾ ਵਿਆਹ ਕਰਾਉਣ ਦੀ ਵੀ ਆਗਿਆ ਨਹੀਂ ਸੀ। ਜਦ ਪਤੀ ਮਰ ਜਾਂਦਾ ਸੀ ਤਾਂ ਪਤਨੀ ਨੂੰ ਨਾਲ ਹੀ ਚਿਖਾ ਵਿਚ ਸੜ ਕੇ ਮਰਨਾ ਪੈਂਦਾ ਸੀ। ਜਿਸ ਨੂੰ ਸਤੀ ਦੀ ਰਸਮ ਕਿਹਾ ਜਾਂਦਾ ਸੀ। ਇਸਤਰੀ ਦੀ ਇਹ ਦਸ਼ਾ ਦੇਖ ਕੇ ਗੁਰੂ ਨਾਨਕ ਦੇਵ ਜੀ ਹੋਰਾਂ ਨੇ ਉਕਤ ਮਹਾਂਵਾਕ ਉਚਾਰਿਆ ਸੀ। ਪਰ ਇਸ ਦਾ ਅਰਥ ਇਹ ਨਹੀਂ ਕਿ ਇਸਤਰੀ ਜੋ ਮਰਜ਼ੀ ਕਰੀ ਜਾਵੇ, ਉਸਨੂੰ ਮਾੜਾ ਕਹਿਣਾ ਹੀ ਨਹੀਂ। ਜਿਸ ਤਰ੍ਹਾਂ ਮਨੁੱਖ ਚੰਗੇ ਮਾੜੇ ਹਨ, ਉਸੇ ਤਰ੍ਹਾਂ ਇਸਤਰੀਆਂ ਵੀ ਚੰਗੀਆਂ-ਮਾੜੀਆਂ ਹਨ। ਜਿਵੇਂ ਗੁਰੂ ਜੀ ਨੇ ਮਨੁੱਖ ਦੀਆਂ ਦੋ ਵੱਡੀਆਂ ਕਿਸਮਾਂ ਦੱਸੀਆਂ ਹਨ-ਗੁਰਮੁਖਿ ਤੇ ਮਨਮੁਖਿ। ਗੁਰਮੁਖਿ ਦਾ ਸਬੰਧ ਚੰਗੇ ਮਨੁੱਖਾਂ ਨਾਲ ਹੈ ਅਤੇ ਮਨਮੁਖਿ ਦਾ ਸਬੰਧ ਭੈੜੇ ਮਨੁੱਖਾਂ ਨਾਲ। ਮਨਮੁਖਿ ਵਿਚ ਇਕੱਲੇ ਆਦਮੀ ਹੀ ਨਹੀਂ ਆਉਂਦੇ, ਉਸ ਵਿਚ ਇਸਤਰੀਆਂ ਵੀ ਆਉਂਦੀਆਂ ਹਨ। ਗੁਰੂ ਨਾਨਕ ਦੇਵ ਜੀ ਨੇ ਮਾੜੇ ਕਰਮ ਕਰਨ ਵਾਲੀ ਭਾਵ ਚਰਿੱਤਰਹੀਣ ਇਸਤਰੀ ਨੂੰ ਵੀ ਮਾੜਾ ਆਖਿਆ ਹੈ, ਜਿਵੇਂ ਉਹ ਆਖਦੇ ਹਨ,



-ਰੰਨਾ ਹੋਈਆਂ ਬੋਧੀਆਂ
ਪੁਰਖ ਹੋਇ ਸਈਯਾਦ
-ਮਨਮੁਖਿ ਮੈਲੀ ਕਾਮਨੀ
ਕੁਲੱਖਣੀ ਕੁਨਾਰਿ।
ਪਿਰੁ ਛੋਡਿਆ ਘਰਿ ਆਪਣਾ,
ਪਰ ਪੁਰਖੈ ਨਾਲਿ ਪਿਆਰੁ।
-ਕਲੀ ਅੰਦਰ ਨਾਨਕਾ ਜਿੰਨ ਦਾ ਆਉਤਾਰ।
ਪੁਤ ਜਿਨੂਰਾ ਧੀ ਜਿਨੂਰੀ
ਜੋਰੂ ਜਿਨਾ ਦਾ ਸਿਕਦਾਰ

ਪਰ ਸਾਡੇ ਕੁਝ ਪ੍ਰਚਾਰਕ ਅਤੇ ਧਾਰਮਿਕ ਆਗੂ ਇਸ ਮਹਾਂਵਾਕ ਦੇ ਅਰਥ ਹੁਣ ਤੱਕ ਗਲਤ ਹੀ ਕੱਢੀ ਜਾਂਦੇ ਹਨ ਕਿ ਸਿੱਖ ਧਰਮ ਵਿਚ ਗੁਰੂ ਜੀ ਨੇ ਇਸਤਰੀ ਨੂੰ ਮਾੜਾ ਕਿਹਾ ਹੀ ਨਹੀਂ ਅਤੇ ਉਹ 'ਸੋ ਕਿਉ ਮੰਦਾ ਆਖੀਐ, ਜਿਤ ਜੰਮਹਿ ਰਾਜਾਨ' ਦੀ ਉਦਾਹਰਣ ਦੇ ਦਿੰਦੇ ਹਨ।

ਸਾਨੂੰ ਪਾਰਖੂ, ਚੰਗੇ-ਮਾੜੇ, ਗਲਤ-ਠੀਕ ਦਾ ਪਤਾ ਹੋਣਾ ਚਾਹੀਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਤਿਹਾਸ ਵਿਚ ਕੁਝ ਇਸਤਰੀਆਂ ਅਜਿਹੀਆਂ ਹੋਈਆਂ ਹਨ, ਜਿਨ੍ਹਾਂ ਦੀ ਪ੍ਰਤਿਭਾ ਸਾਹਮਣੇ ਸਿਰ ਝੁਕ ਜਾਂਦਾ ਹੈ, ਜਿਵੇਂ ਮਾਈ ਭਾਗੋ, ਮਾਤਾ ਤ੍ਰਿਪਤਾ, ਝਾਂਸੀ ਦੀ ਰਾਣੀ, ਮਾਤਾ ਗੁਜਰ ਕੌਰ, ਰਾਣੀ ਜਿੰਦਾ ਆਦਿ। ਪਰ ਕੁਝ ਘਟਨਾਵਾਂ ਇਤਿਹਾਸ ਵਿਚ ਅਜਿਹੀਆਂ ਵੀ ਹੋਈਆਂ ਹਨ, ਜਿਨ੍ਹਾਂ ਨਾਲ ਮਨੁੱਖਤਾ ਦਾ ਬਹੁਤ ਘਾਣ ਹੋਇਆ। ਕੌਰਵਾਂ ਅਤੇ ਪਾਂਡਵਾਂ ਦੀ ਲੜਾਈ ਜਿਸ ਦਾ ਕਾਰਨ ਸਿਰਫ ਇਕ ਅਪ-ਸ਼ਬਦ ਦੀ ਵਰਤੋਂ ਸੀ। ਰਾਮ ਚੰਦਰ ਤੇ ਰਾਵਣ ਦੀ ਲੜਾਈ ਦਾ ਕਾਰਨ ਵੀ ਸੀਤਾ ਸੀ, ਜਿਸ ਨੇ ਰਾਮ ਚੰਦਰ ਦੀ ਆਗਿਆ ਦੀ ਪਾਲਣਾ ਨਹੀਂ ਕੀਤੀ ਸੀ। ਪੰਜਾਬੀ ਲੋਕ ਮਿਥਿਹਾਸ ਵਿਚ ਸਭ ਤੋਂ ਵੱਡੀ ਘਟਨਾ ਪੂਰਨ ਭਗਤ ਦੀ ਹੈ। ਲੂਣਾ ਨੇ ਪੂਰਨ ਭਗਤ ਨਾਲ ਕਿਸ ਪ੍ਰਕਾਰ ਵਤੀਰਾ ਕੀਤਾ। ਕਿਉਂ ਕੀਤਾ ਇਹ ਵੱਖਰਾ ਪ੍ਰਸ਼ਨ ਹੈ, ਪਰ ਜਿਹੜਾ ਵਤੀਰਾ ਅਤੇ ਝੂਠੀ ਤੋਹਮਤ ਲੂਣਾਂ ਨੇ ਪੂਰਨ ਉੱਤੇ ਲਾਈ ਉਹ ਅਣਮਨੁੱਖੀ, ਅਨੈਤਿਕ ਸੀ। ਉਸ ਦੀ ਝੂਠੀ ਤੋਹਮਤ ਨਾਲ ਪਿਤਾ ਨੇ ਪੁੱਤ ਨਾਲ ਜਿਹੜਾ ਵਤੀਰਾ ਕੀਤਾ ਉਹ ਵੀ ਅਕਹਿ, ਅਸਹਿ, ਅਣਮਨੁੱਖੀ, ਵਹਿਸ਼ੀਆਨਾ ਅਤੇ ਜ਼ਾਲਮ ਸੀ, ਜਿਸ ਦੇ ਪਿੱਛੇ ਕਾਰਨ ਇਸਤਰੀ ਲੂਣਾ ਸੀ।

ਮਦਰ ਡੇ ਸਬੰਧੀ ਇਕ ਸਮਾਗਮ ਵਿਚ ਕੁਝ ਬੁਲਾਰੇ ਇਸਤਰੀ ਦੀਆਂ ਸਿਫਤਾਂ ਭਾਵ ਹੱਕ ਵਿਚ ਬੋਲ ਰਹੇ ਸਨ ਅਤੇ ਆਖ ਰਹੇ ਸਨ ਕਿ ਕੁਝ ਸ਼ਾਇਰ ਲੂਣਾ ਦੀ ਵਿਰੋਧਤਾ ਕਿਉਂ ਕਰਦੇ ਹਨ। ਉਸ ਨੇ ਕੁਝ ਵੀ ਗਲਤ ਨਹੀਂ ਕੀਤਾ। ਜ਼ਿਆਦਾਤਰ ਬੁਲਾਰਿਆਂ ਨੇ ਇਸਤਰੀ ਦੇ ਹੱਕ ਵਿਚ ਅਤੇ ਹੋ ਰਹੀਆਂ ਵਧੀਕੀਆਂ ਬਾਰੇ ਗੱਲਾਂ ਕੀਤੀਆਂ, ਭਾਵ ਇਸਤਰੀਆਂ ਠੀਕ ਹਨ ਅਤੇ ਮਰਦ ਹੀ ਮਾੜੇ ਹਨ, ਪਰ ਬੀਬੀ ਗੁਰਬਖਸ਼ ਕੌਰ ਨੇ ਦੋਨੋਂ ਪੱਖਾਂ ਬਾਰੇ ਗੱਲ ਕੀਤੀ। ਇਸ ਜ਼ਿੰਦਗੀ ਵਿਚ ਹੱਕ ਤੇ ਫਰਜ਼ ਦੋਨੋਂ ਬਰਾਬਰ ਚੱਲਦੇ ਹਨ।

ਜਿਥੇ ਅੱਜ ਇਸਤਰੀ ਆਪਣੇ ਹੱਕਾਂ ਲਈ ਲੜ ਰਹੀ ਹੈ ਉਥੇ ਉਸ ਨੂੰ ਆਪਣੇ ਫਰਜ਼ਾਂ ਬਾਰੇ ਵੀ ਜਾਗਰੂਕ ਹੋਣਾ ਚਾਹੀਦਾ ਹੈ। ਇਸਤਰੀ ਇਕ ਭੈਣ ਹੈ, ਧੀ ਹੈ, ਪੁਤਰੀ ਹੈ ਤੇ ਫਿਰ ਮਾਂ ਹੈ, ਇਨ੍ਹਾਂ ਰੂਪਾਂ ਵਿਚ ਉਸ ਦੇ ਕੀ ਫਰਜ਼ ਹਨ? ਇਸ ਬਾਰੇ ਗੁਰਬਖਸ਼ ਕੌਰ ਹੋਰਾਂ ਨੇ ਆਪਣੇ ਵਿਚਾਰ ਦਿੱਤੇ ਅਤੇ ਉਹ ਇਹ ਕਹਿਣ ਤੋਂ ਵੀ ਨਹੀਂ ਝਿਜਕੇ ਕਿ ਭਰੂਣ ਹੱਤਿਆ ਪਿੱਛੇ ਮਰਦ ਨਹੀਂ ਸਗੋਂ ਇਸਤਰੀ ਹੈ। ਹਰ ਚੀਜ਼ ਦੇ ਦੋ ਪੱਖ ਹੁੰਦੇ ਹਨ। ਇਕ ਚੰਗਾ ਤੇ ਦੂਜਾ ਮਾੜਾ। ਦੋਨਾਂ ਪੱਖਾਂ ਬਾਰੇ ਗੱਲ ਕਰਨੀ ਚਾਹੀਦੀ ਹੈ।

*-ਮਾਸਟਰ ਨਿਰਮਲ ਸਿੰਘ ਲਾਲੀ*

## ਹਾਰਿਆ ਨੇਤਾ

**ਜਸਵਿੰਦਰ ਸਿੰਘ ਸ਼ੇਰਗਿੱਲ**

ਮੇਰੀ ਬਣੀ ਨਾਂ ਐਤਕੀਂ ਸਰਕਾਰ ਭਾਵੇਂ,
ਪੁੱਛ ਗਿੱਛ ਨਾ ਫੇਰ ਵੀ ਘਟਣ ਲੱਗੀ।
ਡੇਗ ਦਿਆਂਗੇ ਇਸ ਸਰਕਾਰ ਨੂੰ ਵੀ,
ਕੁਰਸੀ ਖੋਹ'ਲਾਂਗੇ ਕਿਤੇ ਨੀਂ ਭੱਜਣ ਲੱਗੀ।

'ਪੀ-ਆਰ' ਵਾਲੀ ਕਰੂੰਗਾ 'ਫਰਮ' ਹਾਇਰ,
ਜਿਹੜੀ ਦਿਊਗੀ ਅਕਸ਼ ਸੁਧਾਰ ਮੇਰਾ।
ਧੋਤੀ ਜਾਊ ਹਰ ਕਰਤੂਤ ਕਾਲੀ,
ਗੋਰਖ ਧੰਦਾ ਲੱਗੂ ਹਰ ਵਪਾਰ ਮੇਰਾ।

ਮਾਲਕ ਖਰੀਦ ਕੇ ਕਿਸੇ ਅਖਬਾਰ ਵਾਲਾ,
'ਬਰੇਨ-ਵਾਸ਼' ਕਰੂੰ ਸੂਬੇ ਦੇ ਪਾੜ੍ਹਿਆਂ ਦਾ।
ਖੁਦ ਨੂੰ ਦੱਸ ਕੇ ਮੈਂ ਦਰਦੀ ਪੰਥ ਵਾਲਾ,
ਮੁੱਲ ਵੱਟੂੰਗਾ ਪਏ ਹੋਏ ਪਾੜਿਆਂ ਦਾ।

ਫਿਰ ਆਊਗਾ ਮੌਸਮ ਜੁ 'ਲੈਕਸ਼ਨਾਂ ਦਾ,
ਉਦੋਂ ਵਿਕਣਗੇ ਲੋਕਾਂ ਦੇ ਚੁਣੇ ਹੋਏ।
ਵਾਂਗ ਮੱਛੀਆਂ ਫਸੂਗੀ ਕੌਮ ਮੇਰੀ,
ਤੇ ਜਾਲ ਹੋਣਗੇ ਮੇਰੇ ਹੀ ਬੁਣੇ ਹੋਏ।

ਕਹਿ ਕੇ 'ਖਤਰਾ ਪੰਥ ਨੂੰ' ਸੰਘ ਪਾੜੂੰ,
ਵੇਖੀਂ ਭੜਕਦੇ ਕਿਵੇਂ ਤੂੰ ਜੱਟ ਭੋਲੇ।
ਹਲ ਛੱਡ ਕੇ ਆਉਣਗੇ ਸੁਣਨ ਰੈਲੀ,
ਪੱਗਾਂ ਬੰਨ ਕੇ ਨੀਲੀਆਂ ਜੱਟ ਭੋਲੇ।

ਜੇ ਫੇਰ ਵੀ ਦਿਸੀ ਨਾਂ ਗੱਲ ਬਣਦੀ,
ਕੱਢੂੰ ਮੋਰਚੇ ਸਾਰੇ ਪੰਜਾਬ ਅੰਦਰ।
'ਏਅਰ ਕੰਡੀਸ਼ਨ' ਮੇਰੀ ਤਾਂ ਜੇਲ੍ਹ ਹੋਣੀ
ਬਾਕੀ ਸੜਨਗੇ ਜੇਲ੍ਹੀਂ ਪੰਜਾਬ ਅੰਦਰ।

ਚੰਡੀਗੜ੍ਹ ਵੀ ਅਜੇ ਤਾਂ ਮੰਗਣਾ ਏ,
ਫੇਰ ਮੰਗਾਂਗੇ ਖੁੱਸੇ ਹੋਏ ਪਾਣੀਆਂ ਨੂੰ।
ਚੁੱਪ ਰਿਹਾ ਤਾਂ ਹੋਣਗੇ ਜਾਹਰ ਘਪਲੇ,
ਫੇਰ ਛੇੜੂੰਗਾ ਚੁਰਾਸੀ ਦੀਆਂ ਕਹਾਣੀਆਂ ਨੂੰ।

ਕਾਂਗਰਸ ਜਿੱਤਦੀ, ਜਿੱਤਜੇ ਲੱਖ ਵਾਰੀ,
ਪਰ ਮੈਂ ਜਿੱਤਣ ਕਦੇ ਨਾ ਪੰਥ ਦੇਣਾ।
ਘੁੰਮਣ ਘੇਰੀਆਂ 'ਚ ਪਾ ਰੋਲ ਦੇਣਾ,
ਮੇਰੇ ਮਾਲਕਾਂ ਜਿੱਤਣ ਨਾ ਪੰਥ ਦੇਣਾ।

ਕਾਂਗਰਸੀਏ ਕਿਹੜਾ ਕੋਈ ਓਪਰੇ ਨੇ,
ਦੂਰੋਂ-ਨੇੜਿਓਂ ਲੱਗਣ ਓਹ ਸਾਕ ਮੇਰੇ।
ਨਾ ਕੁਝ ਮੈਂ ਕੀਤਾ, ਨਾ ਕੁਝ ਉਨ੍ਹਾਂ ਕਰਨਾ,
ਮਸਲੇ ਲਮਕਦੇ ਪੱਕੇ ਨੇ ਗਾਹਕ ਮੇਰੇ।

ਮੇਰੀ ਬਣੇ ਸਰਕਾਰ ਨਾ ਬਣੇ ਭਾਵੇਂ
ਬੱਤੀ ਲਾਲ ਰਹੂ ਸਦਾ ਹੀ ਕਾਰ ਉਤੇ।
ਜਿੰਨਾ ਚਿਰ ਨੇ ਗਰੀਬ ਅਨਪੜ੍ਹ ਲੋਕੀਂ,
ਸ਼ੱਕ ਨਾ ਕਰ ਕੋਈ ਗੁੱਝੇ ਵਾਰ ਉਤੇ।

# ਹਾਲੇ ਕੁਝ ਸਾਲ ਵਿਆਹ ਬਾਰੇ ਨਾ ਪੁੱਛੋ ਸ਼ਾਹਿਦ ਨੂੰ

ਨਵੇਂ ਦੌਰ ਦੇ ਨਾਇਕ ਕਿੰਨਾ ਵੀ ਉਛਲਦੇ ਰਹਿਣ, ਪਰ ਸਟਾਰਡਮ ਦੀ ਤਾਜ਼ਾ ਦੌੜ ਵਿਚ ਸ਼ਾਹਿਦ ਕਪੂਰ ਇਨ੍ਹਾਂ ਤੋਂ ਅੱਗੇ ਹੈ। ਸ਼ਾਹਿਦ ਦੇ ਚਿਹਰੇ 'ਤੇ ਇਹ ਮਾਣ ਸਾਫ਼ ਝਲਕਦਾ ਹੈ। ਸ਼ਾਹਿਦ ਨੇ ਇਕ ਗਲਬਾਤ ਦੌਰਾਨ ਕਿਹਾ ਕਿ ਉਹ ਕਰੀਨਾ ਤੋਂ ਲੈ ਕੇ ਆਪਣੀ ਨਵੀਂ ਫਰੈਂਡ ਪ੍ਰਿਯੰਕਾ ਚੋਪੜਾ ਤੱਕ, ਬਾਰੇ ਬੇਬਾਕ ਰਾਇ ਰੱਖਦੇ ਹਨ। ਜਦੋਂ ਉਸ ਨੂੰ ਫਿਲਮ 'ਕਮੀਨੇ' ਬਾਰੇ ਪੁੱਛਿਆ ਗਿਆ ਤਾਂ ਉਸ ਨੇ ਕਿਹਾ ਕਿ ਪਿਛਲੇ ਦੋ ਮਹੀਨੇ ਮੇਰੇ ਇਸੇ ਫਿਲਮ ਨੂੰ ਲੈ ਕੇ ਬੀਤੇ ਹਨ। ਇਹ ਲਗਭਗ ਪੂਰੀ ਹੋ ਚੁੱਕੀ ਹੈ ਅਤੇ ਜਲਦੀ ਹੀ ਰਿਲੀਜ਼ ਹੋਵੇਗੀ। ਇਸ ਵਿਚ ਮੈਂ ਪਹਿਲੀ ਵਾਰ ਡਬਲ ਰੋਲ ਕਰ ਰਿਹਾ ਹਾਂ। ਇਸ ਨੂੰ ਲੈ ਕੇ ਵੀ ਥੋੜਾ ਕ੍ਰੇਜ਼ੀ ਹਾਂ।

ਆਪਣੀ ਸਿੱਧੀ ਸਾਦੀ ਇਮੇਜ ਤੋਂ ਬਾਹਰ ਨਿਕਲਣ ਲਈ ਮੈਂ ਇਹ ਰਫ ਐਂਡ ਟਫ ਰੋਲ ਕਰਨਾ ਮਨਜ਼ੂਰ ਕੀਤਾ। ਮੈਂ ਇਸ ਗੱਲ ਤੋਂ ਮਨ੍ਹਾ ਨਹੀਂ ਕਰਾਂਗਾ ਕਿ ਦਰਸ਼ਕ ਤੁਹਾਡੀ ਇਕ ਇਮੇਜ ਨਾਲ ਪਿਆਰ ਕਰਨ ਲੱਗਦੇ ਹਨ। ਮੇਰੇ ਯੂਥ ਪ੍ਰਸ਼ੰਸਕ ਮੇਰੇ ਡਾਂਸ ਨੂੰ ਪਸੰਦ ਕਰਦੇ ਹਨ। ਉਸ ਤੋਂ ਬਾਅਦ ਦੀ ਜਨਰੇਸ਼ਨ ਨੂੰ ਮੇਰੀ ਸਿੱਧੀ ਸਾਦੀ ਇਮੇਜ ਪਸੰਦ ਹੈ।

ਜਿੱਥੋਂ ਤੱਕ ਮੇਰਾ ਸਵਾਲ ਹੈ, ਮੈਂ ਆਪਣੇ ਹਰ ਪ੍ਰਸ਼ੰਸਕ ਨੂੰ ਖੁਸ਼ ਕਰਨਾ ਚਾਹੁੰਦਾ ਹਾਂ। 'ਕਮੀਨੇ' ਵਿਚ ਉਹ ਸਭ ਕੁਝ ਹੈ, ਜਿਸ ਦੀ ਦਰਸ਼ਕ ਮੇਰੇ ਤੋਂ ਉਮੀਦ ਕਰਦੇ ਹਨ। ਆਪਣੀ ਗਰਲਫਰੈਂਡ ਕਰੀਨਾ ਬਾਰੇ ਉਹ ਕਹਿੰਦੇ ਹਨ ਕਿ ਕਰੀਨਾ ਨਾਲ ਹੁਣ 'ਮੇਰੀ ਐਕਸ ਗਰਲਫਰੈਂਡ' ਸ਼ਬਦ ਨਾ ਜੋੜੋ।

ਉਹ ਗੱਲਾਂ ਬਹੁਤ ਪੁਰਾਣੀਆਂ ਹੋ ਚੁੱਕੀਆਂ ਹਨ। ਮੈਨੂੰ ਨਹੀਂ ਲਗਦਾ ਕਿ ਮੀਡੀਆ ਪੁਰਾਣੀਆਂ ਜੜ੍ਹਾਂ ਖੋਜਣ ਲਈ ਹੀ ਕਰੀਨਾ ਦਾ ਨਾਮ ਮੇਰੇ ਨਾਲ ਜੋੜ ਦਿੰਦਾ ਹੈ। ਨਹੀਂ ਤਾਂ ਮੈਨੂੰ ਕੀ ਜ਼ਰੂਰਤ ਆ ਪਈ ਹੈ ਕਿ ਮੈਂ ਪਬਲੀਸਿਟੀ ਲਈ ਸਸਤੀ ਸ਼ੋਹਰਤ ਦਾ ਸਹਾਰਾ ਲਵਾਂ। ਫਿਰ ਮੇਰੇ ਕੋਲ ਟਾਈਮ ਕਿਥੇ ਹੈ ਇਹੋ ਜਿਹੀਆਂ ਗੱਲਾਂ ਲਈ! ਆਪਣੀ ਹੀਰੋਇਨ ਲਈ ਮੈਂ ਸਮਾਂ ਕੱਢ ਲੈਂਦਾ ਹਾਂ। ਇਕੱਠਿਆਂ ਕੰਮ ਕਰਨ ਕਾਰਨ ਮੈਂ ਆਪਣੀ ਹਰ ਫਿਲਮ ਦੀ ਪੂਰੀ ਕਾਸਟ ਨੂੰ ਆਪਣਾ ਦੋਸਤ ਬਣਾ ਲੈਂਦਾ ਹਾਂ। ਇਸ ਵਿਚ ਤੁਸੀਂ ਉਸ ਫਿਲਮ ਦੀ ਹੀਰੋਇਨ ਦਾ ਨਾਮ ਵੀ ਸ਼ਾਮਲ ਕਰ ਸਕਦੇ ਹੋ।


ਸ਼ਾਹਿਦ ਕਪੂਰ

ਜ਼ਾਹਿਰ ਹੈ ਇਸ ਵਜ੍ਹਾ ਨਾਲ ਉਸ ਨਾਲ ਗੱਲਬਾਤ ਵੀ ਹੁੰਦੀ ਰਹਿੰਦੀ ਹੈ। ਹੀਰੋਇਨਾਂ ਨਾਲ ਖੁੱਲ੍ਹ ਕੇ ਦੋਸਤੀ ਸਾਹਮਣੇ ਆਉਣ ਬਾਰੇ ਸ਼ਾਹਿਦ ਕਹਿੰਦਾ ਹੈ ਕਿ ਇਹ ਤਾਂ ਤੁਸੀਂ ਮੀਡੀਆ ਵਾਲੇ ਹੀ ਦਸ ਸਕਦੇ ਹੋ, ਨਹੀਂ ਤਾਂ ਆਪਣੇ ਮਰਦ ਦੋਸਤਾਂ ਦੇ ਮਾਮਲੇ ਵਿਚ ਵੀ ਮੈਂ ਬਹੁਤ ਨਰਮ ਦਿਲ ਹਾਂ।

ਹਾਲ ਹੀ ਵਿਚ ਇਕ ਖ਼ਬਰ ਆਈ ਸੀ ਕਿ ਤੁਸੀਂ ਵਰਸੋਵਾ ਦੀ ਆਪਣੀ ਬਿਲਡਿੰਗ ਵਿਚ ਪ੍ਰਿਯੰਕਾ ਚੋਪੜਾ ਨੂੰ ਫਲੈਟ ਦੁਆਇਆ ਹੈ, ਤਾਂ ਉਸ ਨੇ ਕਿਹਾ ਮੈਂ ਕੋਈ ਪ੍ਰਾਪਟੀ ਡੀਲਰ ਨਹੀਂ ਹਾਂ। ਪ੍ਰਿਯੰਕਾ ਕਿਥੇ ਫਲੈਟ ਖਰੀਦ ਰਹੀ ਹੈ, ਇਹ ਪੂਰੀ ਤਰ੍ਹਾਂ ਨਾਲ ਉਸ ਦੀ ਮਰਜ਼ੀ 'ਤੇ ਨਿਰਭਰ ਹੈ। ਇਕੱਠੇ ਕੰਮ ਕਰਨ ਕਾਰਨ ਸਾਡੇ ਵਿਚਾਲੇ ਇਕ ਜ਼ਬਰਦਸਤ ਟਿਊਨਿੰਗ ਹੈ। ਇਸ ਵਿਚਾਲੇ ਉਹ ਜੇਕਰ ਮੇਰੇ ਤੋਂ ਕੋਈ ਸਲਾਹ ਮੰਗਦੀ ਹੈ, ਤਾਂ ਮੈਂ ਕੁਝ ਤਾਂ ਕਹਾਂਗਾ ਹੀ। ਆਖਿਰ ਲੋਕ ਦੋਸਤਾਂ ਨਾਲ ਹੀ ਸਲਾਹ ਮਸ਼ਵਰਾ ਕਰਦੇ ਹਨ।

ਪ੍ਰਿਯੰਕਾ ਨਾਲ ਆਪਣੀ ਦੋਸਤੀ ਨੂੰ ਅਫੇਅਰ ਵਿਚ ਬਦਲਣ 'ਤੇ ਉਹ ਕਹਿੰਦੇ ਹਨ ਕਿ ਇਹੀ ਤਾਂ ਮਸਾਲਾ ਰਿਪੋਰਟਰਾਂ ਦਾ ਕਮਾਲ ਹੈ। ਸਾਨੂੰ ਦੋਵਾਂ ਨੂੰ ਇਕੱਠੇ ਦੇਖਦੇ ਹੀ ਉਹ ਕੋਈ ਨਵੀਂ ਖ਼ਬਰ ਬਣਾਉਣ ਲੱਗਦੇ ਹਨ। ਜ਼ਿਆਦਾਤਰ ਫਿਲਮਾਂ ਦੀਆਂ ਹੀਰੋਇਨਾਂ ਨਾਲ ਅਫੇਅਰ ਦੀਆਂ ਖ਼ਬਰਾਂ ਬਾਰੇ ਉਹ ਕਹਿੰਦਾ ਹੈ ਕਿ ਮੈਂ ਕਿਹਾ ਤਾਂ ਹੈ ਕਿ ਮੈਂ ਬਹੁਤ ਦੋਸਤਾਨਾ ਮਾਹੌਲ ਵਿਚ ਕੰਮ ਕਰਨਾ ਚਾਹੁੰਦਾ ਹਾਂ।

ਜਿਸ ਹੀਰੋਇਨ ਨਾਲ ਮੇਰੀ ਜ਼ਿਆਦਾ ਗੱਲਬਾਤ ਨਾ ਹੋਵੇ, ਉਸ ਨਾਲ ਮੈਂ ਸਹਿਜ ਰੂਪ ਨਾਲ ਕਿਵੇਂ ਡਾਇਲਾਗ ਬੋਲ ਸਕਦਾ ਹਾਂ। ਫਾਰ ਯੂਅਰ ਕਾਈਂਡ ਇਨਫਰਮੇਸ਼ਨ, ਮੈਂ ਆਪਣੇ ਕਿਸੇ ਵੀ ਦੋਸਤ ਨੂੰ ਨਹੀਂ ਭੁਲਾਉਂਦਾ। ਮੈਂ ਮੇਲ ਜਾਂ ਫੋਨ ਦੁਆਰਾ ਉਨ੍ਹਾਂ ਨੂੰ ਬਰਾਬਰ ਯਾਦ ਰੱਖਦਾ ਹਾਂ। ਪਰ ਕੋਈ ਜੇਕਰ ਮੇਰੇ ਨਾਲ ਦੋਸਤਾਨਾ ਸਬੰਧ ਵੀ ਨਹੀਂ ਰੱਖਣਾ ਚਾਹੁੰਦਾ ਹੈ ਤਾਂ ਇਹ ਪੂਰੀ ਤਰ੍ਹਾਂ ਨਾਲ ਉਸ ਦੀ ਮਰਜ਼ੀ 'ਤੇ ਨਿਰਭਰ ਹੈ। ਵਿਆਹ ਲਈ ਕੋਈ ਸਾਲ ਫਾਈਨਲ ਨਹੀਂ ਹੈ, ਪਰ ਹਾਂ, ਹਾਲੇ ਦੋ ਸਾਲ ਤੱਕ ਇਸ ਬਾਰੇ ਕੋਈ ਸਵਾਲ ਨਾ ਪੁੱਛੋ।

## ਅਮਿਤਾਭ ਹਨ ਧੋਨੀ ਦੇ ਵੱਡੇ ਪ੍ਰਸ਼ੰਸਕ

ਪਿਛਲੇ ਦਿਨੀਂ ਜਦੋਂ ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਮਹਿੰਦਰ ਸਿੰਘ ਧੋਨੀ ਨੂੰ 'ਪਦਮਸ਼੍ਰੀ' ਦਿੱਤਾ ਗਿਆ ਤਾਂ ਅਮਿਤਾਭ ਬੱਚਨ ਨੇ ਉਸਨੂੰ ਵਧਾਈ ਦਾ ਸੁਨੇਹਾ ਘੱਲਿਆ, ਪਰ ਧੋਨੀ ਨੇ ਅਮਿਤਾਭ ਦੇ ਸੁਨੇਹੇ ਦਾ ਜਵਾਬ ਤੱਕ ਦੇਣ ਦੀ ਲੋੜ ਨਹੀਂ ਸਮਝੀ।

ਜਦੋਂ ਕਰਨ ਜੌਹਰ ਦੀ ਮਾਂ ਦਾ ਹਾਲ-ਚਾਲ ਪੁੱਛਣ ਲਈ ਅਮਿਤਾਭ ਬੱਚਨ ਅਤੇ ਜਾਨ ਅਬ੍ਰਾਹਿਮ ਮੁੰਬਈ ਦੇ ਹਸਪਤਾਲ ਇਕੱਠੇ ਪਹੁੰਚੇ ਤਾਂ ਅਮਿਤਾਭ ਨੇ ਧੋਨੀ ਦੇ ਸਭ ਤੋਂ ਨਜ਼ਦੀਕੀ ਮੰਨੇ ਜਾਣ ਵਾਲੇ ਜਾਨ ਅਬ੍ਰਾਹਿਮ ਕੋਲ ਸ਼ਿਕਾਇਤ ਕੀਤੀ। ਇਸ 'ਤੇ ਜਾਨ ਨੇ ਤੁਰੰਤ ਧੋਨੀ ਨਾਲ ਅਮਿਤਾਭ ਦੀ ਗੱਲ ਕਰਵਾਉਣ ਲਈ ਕਿਹਾ ਪਰ ਉਸ ਵੇਲੇ ਆਈ.ਪੀ.ਐਲ. 'ਚ ਧੋਨੀ ਦੀ ਟੀਮ ਦਾ ਮੈਚ ਚੱਲ ਰਿਹਾ ਸੀ, ਇਸ ਲਈ ਅਮਿਤਾਭ ਨੇ ਜਾਨ ਨੂੰ ਰੋਕ ਦਿੱਤਾ। ਜਾਨ ਨੇ ਅਮਿਤਾਭ ਨੂੰ ਕਿਹਾ ਕਿ ਉਹ ਇਸ ਬਾਰੇ ਧੋਨੀ ਨਾਲ ਗੱਲ ਕਰੇਗਾ। ਉਂਜ ਅਮਿਤਾਭ ਨੇ ਆਪਣੇ ਬਲਾਗ 'ਚ ਲਿਖਿਆ ਹੈ ਕਿ ਧੋਨੀ ਉਸ ਵੇਲੇ ਕਾਫੀ ਬਿਜ਼ੀ ਹੋਵੇਗਾ ਅਤੇ ਉਨ੍ਹਾਂ ਨੂੰ ਉਦੋਂ ਤੱਕ ਕੋਈ ਸ਼ਿਕਾਇਤ ਨਹੀਂ ਹੈ, ਜਦੋਂ ਤੱਕ ਉਹ ਆਪਣੀਆਂ ਵਿਰੋਧੀ ਟੀਮਾਂ ਦੇ ਅਜਿਹੇ ਹੀ ਛੱਕੇ ਛੁਡਾਉਂਦਾ ਰਹੇ।

ਕਮਾਲ ਦੀ ਗੱਲ ਤਾਂ ਇਹ ਹੈ ਕਿ ਜਿਥੇ ਧੋਨੀ ਖੁਦ ਨੂੰ ਅਮਿਤਾਭ ਦਾ ਵੱਡਾ ਪ੍ਰਸ਼ੰਸਕ ਦੱਸਦਾ ਹੈ, ਉਥੇ ਹੀ ਅਮਿਤਾਭ ਵੀ ਧੋਨੀ ਦੇ ਵੱਡੇ ਪ੍ਰਸ਼ੰਸਕ ਮੰਨੇ ਜਾਂਦੇ ਹਨ। ਇਸ ਤੋਂ ਪਹਿਲਾਂ ਜਦੋਂ ਧੋਨੀ ਇਕ ਵਿਗਿਆਪਨ ਦੀ ਸ਼ੂਟਿੰਗ ਦੇ ਸਿਲਸਿਲੇ 'ਚ ਮੁੰਬਈ ਆਇਆ ਸੀ ਤਾਂ ਵੀ ਬਿਗ ਬੀ ਨੇ ਉਸ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਸੀ।

## ਸੈਫ ਪਿੱਛੋਂ ਕਰੀਨਾ ਨੇ ਜਿੱਤਿਆ ਦਿਲ

ਸੈਫ ਅਲੀ ਖਾਨ ਨੇ ਤਾਂ ਰਣਧੀਰ ਕਪੂਰ-ਬਬੀਤਾ ਦਾ ਦਿਲ ਕਦੋਂ ਦਾ ਜਿੱਤ ਲਿਆ, ਹੁਣ ਵਾਰੀ ਕਰੀਨਾ ਕਪੂਰ ਦੀ ਸੀ ਕਿ ਉਹ ਸੈਫ ਦੇ ਮਾਂ-ਪਿਓ ਨੂੰ ਆਪਣੇ ਹੱਕ ਵਿਚ ਕਰੇ। ਕਰੀਨਾ ਨੂੰ ਇਹ ਮੌਕਾ ਮਿਲਿਆ, ਤਾਂ ਉਸਨੇ ਉਸ ਦਾ ਪੂਰਾ ਫਾਇਦਾ ਚੁੱਕਿਆ। ਜੀ ਹਾਂ, ਕਰੀਨਾ-ਸੈਫ ਪਿਛਲੇ ਕੁਝ ਸਮੇਂ ਤੋਂ ਆਪਣੀ ਫਿਲਮ ਦੀ ਸ਼ੂਟਿੰਗ ਲੰਡਨ ਵਿਚ ਕਰ ਰਹੇ ਹਨ, ਜਿਥੇ ਸ਼ਰਮੀਲਾ ਟੈਗੋਰ ਨਾਲ ਛੁੱਟੀਆਂ ਮਨਾਉਣ ਮਨਸੂਰ ਅਲੀ ਖ਼ਾਨ ਵੀ ਪਹੁੰਚ ਗਏ।

ਫਿਰ ਕੀ ਸੀ, ਬੇਬੋ ਨੇ ਆਪਣੇ ਕਥਿਤ ਸੱਸ-ਸਹੁਰੇ ਨਾਲ ਬਹੁਤ ਸਾਰਾ ਸਮਾਂ ਬਿਤਾਉਣ ਦੇ ਨਾਲ-ਨਾਲ ਉਨ੍ਹਾਂ ਦੀ ਅਜਿਹੀ ਸੇਵਾ ਕੀਤੀ ਕਿ ਉਹ ਗੱਦਗੱਦ ਹੋ ਗਏ।

ਇਹੀ ਨਹੀਂ, ਕਰੀਨਾ ਦੇ ਵਿਵਹਾਰ ਨਾਲ ਸੈਫ ਦੇ ਮਾਂ-ਪਿਓ ਇਸ ਕਦਰ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਇਟਲੀ ਜਾਣ ਦਾ ਆਪਣਾ ਪ੍ਰੋਗਰਾਮ ਵੀ ਅੱਗੇ ਖਿਸਕਾ ਦਿੱਤਾ।

## ਕਰੀਨਾ ਨੇ ਯੋਗਾ ਨੂੰ ਲੋਕਪ੍ਰਿਆ ਬਣਾਇਆ

ਮੰਨੇ ਪ੍ਰਮੰਨੇ ਯੋਗਾ ਗੁਰੂ ਭਰਤ ਠਾਕੁਰ ਦਾ ਕਹਿਣਾ ਹੈ ਕਿ ਜਿੱਥੇ ਪੌਪ ਗਾਇਕਾ ਮੈਡੋਨਾ ਨੇ ਪੱਛਮ ਵਿਚ ਯੋਗਾ ਨੂੰ ਲੋਕਪ੍ਰਿਆ ਬਣਾਇਆ, ਉਥੇ ਬਾਲੀਵੁੱਡ ਵਿਚ ਇਹ ਕੰਮ ਕਰੀਨਾ ਕਪੂਰ ਨੇ ਕੀਤਾ। ਇਕ ਇੰਟਰਵਿਊ ਵਿਚ ਉਨ੍ਹਾਂ ਦੱਸਿਆ, "ਲੋਕਾਂ ਲਈ ਸਿਤਾਰੇ 'ਰੋਲ ਮਾਡਲ' ਹੁੰਦੇ ਹਨ। ਜਦ ਕਰੀਨਾ ਨੇ ਯੋਗਾ ਜ਼ਰੀਏ ਜ਼ੀਰੋ ਸਾਈਜ਼ ਹਾਸਲ ਕੀਤਾ ਤਾਂ ਸਾਰੇ ਲੋਕਾਂ ਨੇ ਮਹਿਸੂਸ ਕੀਤਾ ਕਿ ਯੋਗਾ ਉਨ੍ਹਾਂ ਨੂੰ ਬਦਲ ਸਕਦਾ ਹੈ ਅਤੇ ਉਨ੍ਹਾਂ ਦਾ ਇਸ ਵਲ ਝੁਕਾਅ ਵਧਿਆ। ਇਸੇ ਤਰ੍ਹਾਂ ਜਦ ਪੱਛਮ ਵਿਚ ਮੈਡੋਨਾ ਨੇ ਯੋਗਾ ਸ਼ੁਰੂ ਕੀਤਾ ਤਾਂ ਸਾਰੇ ਕਹਿਣ ਲੱਗੇ ਸੀ ਕਿ ਉਹ ਕੀ ਕਰ ਰਹੀ ਹੈ, ਪਰ ਜਦ ਉਨ੍ਹਾਂ ਨੇ ਉਸ ਦੇ ਸਰੀਰ ਅਤੇ ਚਿਹਰੇ 'ਤੇ ਇਸ ਦਾ ਪ੍ਰਭਾਵ ਦੇਖਿਆ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਯੋਗਾ ਦਾ ਕੀ ਅਸਰ ਹੈ।"

## ਰਣਬੀਰ ਦੀ ਸਿਨੇਮਾ ਪ੍ਰਤੀ ਜਾਣਕਾਰੀ ਕਮਾਲ ਦੀ-ਕੋਕਣਾ

ਰਾਸ਼ਟਰੀ ਪੁਰਸਕਾਰ ਜੇਤੂ ਅਭਿਨੇਤਰੀ ਕੋਕਣਾ ਸੇਨ ਸ਼ਰਮਾ ਸਿਨੇਮਾ ਪ੍ਰਤੀ ਰਣਬੀਰ ਕਪੂਰ ਦੀ ਜਾਣਕਾਰੀ ਤੋਂ ਇੰਨੀ ਪ੍ਰਭਾਵਿਤ ਹੈ ਕਿ ਉਨ੍ਹਾਂ ਸਾਹਮਣੇ ਖੁਦ ਨੂੰ ਨਿਊਕਮਰ ਸਮਝਦੀ ਹੈ। ਕੋਕਣਾ ਰਣਬੀਰ ਨਾਲ ਕਰਣ ਜੌਹਰ ਦੀ ਅਯਾਨ ਮੁਖਰਜੀ ਵਲੋਂ ਨਿਰਦੇਸ਼ਿਤ ਫਿਲਮ 'ਵੇਕਅੱਪ ਸਿਡ' ਵਿਚ ਕੰਮ ਕਰ ਰਹੀ ਹੈ। ਉਨ੍ਹਾਂ ਨੇ ਦੱਸਿਆ, "ਰਣਬੀਰ ਇਕ ਬਹੁਤ ਵੱਡੇ ਸਟਾਰ ਹਨ ਅਤੇ ਉਨੇ ਹੀ ਚੰਗੇ ਅਭਿਨੇਤਾ ਵੀ। ਉਨ੍ਹਾਂ ਬਾਰੇ ਸਭ ਤੋਂ ਚੰਗੀ ਗੱਲ ਤਾਂ ਇਹ ਹੈ ਕਿ ਉਨ੍ਹਾਂ ਨੂੰ ਸਿਨੇਮਾ ਦੀ ਪੂਰੀ ਜਾਣਕਾਰੀ ਹੈ। ਉਨ੍ਹਾਂ ਨੂੰ ਕੈਮਰੇ ਦੇ ਸਾਰੇ ਐਂਗਲਾਂ ਦਾ ਪਤਾ ਹੈ। ਉਨ੍ਹਾਂ ਸਾਹਮਣੇ ਮੈਂ ਖੁਦ ਨੂੰ ਨਿਊਕਮਰ ਸਮਝਦੀ ਹਾਂ। ਲੋਕ ਪਰਦੇ 'ਤੇ ਸਾਡੀ ਜੋੜੀ ਦੇਖਣ ਨੂੰ ਕਾਫੀ ਉਤਸੁਕ ਹਨ।"

# ਪਿਆਰ ਨਾਲ ਭਰਪੂਰ ਫਿਲਮ 'ਲੱਗਦੈ ਇਸ਼ਕ ਹੋ ਗਿਆ'

ਰੰਗ ਮੰਚ ਤੋਂ ਫਿਲਮ ਖੇਤਰ ਵਲ ਆਏ ਅੱਜ ਦੇ ਨੈਸ਼ਨਲ ਫਿਲਮ ਐਵਾਰਡ ਜੇਤੂ ਡਾਇਰੈਕਟਰ ਸੁਖਮਿੰਦਰ ਧੰਜਲ ਦੀ ਕਲਮ ਵੀ ਮਨੋਰੰਜਨ ਨੂੰ ਸਿਜਦਾ ਕਰਦੀ ਹੈ।

ਸੌ-ਸੌ ਵਾਰ ਸੋਚ ਕੇ ਫਿਲਮ ਦੀ ਸਟੋਰੀ ਲਾਈਨ ਲਿਖਣ ਵਾਲੇ ਸੁਖਮਿੰਦਰ ਧੰਜਲ ਨੇ 'ਮੇਲਾ' ਤੇ 'ਬਾਗੀ' ਵੱਖਰੀ ਤਰ੍ਹਾਂ ਦੀਆਂ ਦੋ ਪੰਜਾਬੀ ਫਿਲਮਾਂ ਡਾਇਰੈਕਟ ਕਰਕੇ ਡਾਇਰੈਕਸ਼ਨ ਦਾ ਰਾਂਝਣ ਬਣਨ ਦੀ ਗੱਲ ਨਿਭਾਅ ਕੇ ਦਿਖਾ ਦਿੱਤੀ ਹੈ। ਸੁਖਮਿੰਦਰ ਧੰਜਲ ਦੀ ਡਾਇਰੈਕਸ਼ਨ ਹੇਠ ਫਿਲਮ 'ਲੱਗਦੈ ਇਸ਼ਕ ਹੋ ਗਿਆ' ਦਰਸ਼ਕਾਂ ਦੀਆਂ ਅੱਖਾਂ ਦਾ ਨਜ਼ਾਰਾ ਬਣਨ ਲਈ ਵੱਡੀ ਪਬਲੀਸਿਟੀ ਅਤੇ ਨੈੱਟਵਰਕ ਨਾਲ ਰਿਲੀਜ਼ ਹੋਣ ਜਾ ਰਹੀ ਹੈ।

'ਸਰਹੱਦ' ਤੇ 'ਮਨ ਜੀਤੈ ਜਗਜੀਤ' ਵਰਗੇ ਸਫਲ ਸੀਰੀਅਲ ਵੀ ਡਾਇਰੈਕਟ ਕਰ ਚੁੱਕੇ ਸੁਖਮਿੰਦਰ ਧੰਜਲ ਦਾ ਕਹਿਣਾ ਹੈ ਕਿ ਉਸ ਦੀ ਇਹ ਫਿਲਮ ਅੱਜ ਦਾ ਨੌਜਵਾਨ ਵਰਗ ਜੋ ਹਾਈ-ਫਾਈ ਹੈ, ਹਰ ਤਰ੍ਹਾਂ ਦੀ ਤਕਨੀਕ ਨਾਲ ਜੁੜਿਆ ਹੈ ਤੇ ਪਿਆਰ ਨਾਲ ਦੁਨੀਆ ਨੂੰ ਜਿੱਤਣ ਦਾ ਮਾਦਾ ਰੱਖਦਾ ਹੈ, ਦੀ ਕਹਾਣੀ ਹੈ 'ਲੱਗਦੈ ਇਸ਼ਕ ਹੋ ਗਿਆ'।




ਮਹਿਲੀਂ ਵੱਸ ਕੇ ਕਿਸੇ ਗਰੀਬ ਦੇ ਪਿਆਰ ਦਾ ਝੁੱਗਾ ਨਾ ਢਾਹੋ। ਇਹ ਪਿਆਰਾ ਸੰਦੇਸ਼ ਦਿੰਦੀ ਇਸ ਫਿਲਮ 'ਚ ਧੰਜਲ ਅਨੁਸਾਰ ਦਰਸ਼ਕਾਂ ਨੂੰ 'ਬੌਬੀ', 'ਏਕ ਦੂਜੇ ਕੇ ਲੀਏ' ਤੇ 'ਕੁਛ-ਕੁਛ ਹੋਤਾ ਹੈ' ਦੀ ਇਕ ਤਰ੍ਹਾਂ ਨਾਲ ਝਲਕ ਦਿਸੇਗੀ। ਮਤਲਬ ਇਨ੍ਹਾਂ ਫਿਲਮਾਂ ਵਾਂਗ ਤਕਨੀਕ, ਫੋਟੋਗ੍ਰਾਫੀ, ਐਕਸ਼ਨ, ਡਾਂਸ, ਰੁਮਾਂਸ ਦੀ ਅਮੀਰੀ ਨਜ਼ਰ ਆਏਗੀ।

ਆਪਣੀ ਫਿਲਮ ਦੇ ਹੀਰੋ ਰੌਸ਼ਨ ਪ੍ਰਿੰਸ ਤੇ ਹੀਰੋਇਨ ਸ਼ਵੇਤਾ ਨਾਲ ਸਰਦਾਰ ਸੋਹੀ, ਵਿਜੇ ਟੰਡਨ, ਗੁਰਪ੍ਰੀਤ ਘੁੱਗੀ, ਉਪਾਸਨਾ ਸਿੰਘ, ਰਾਣਾ ਰਣਬੀਰ ਤੇ ਵਿਵੇਕ ਸ਼ੌਕ ਦੀ ਐਕਟਿੰਗ ਤੇ ਸਹਿਯੋਗ ਦੀ ਤਾਰੀਫ ਕਰਦਿਆਂ ਉਹ ਕਹਿੰਦਾ ਹੈ ਕਿ ਇਹ ਸਾਰੇ ਫਿਲਮ ਦੀ ਜਿੰਦ ਜਾਨ ਬਣੇ ਹਨ।

ਸੁਖਮਿੰਦਰ ਧੰਜਲ ਦੀ ਇਸ ਫਿਲਮ 'ਚ ਪਿਆਰ ਦੇ ਹਾਉਕੇ, ਮੁਹੱਬਤਾਂ ਦੇ ਹਾਸੇ ਤੇ ਕਾਮੇਡੀ ਦੇ ਚਾਅ ਸਭ ਕੁਝ ਤਾਂ ਮਿਲੇਗਾ ਹੀ, ਨਾਲ ਹੀ ਕਿਸੇ ਹਸੀਨ ਹਨੀਮੂਨ ਵਰਗੀਆਂ ਹਸੀਨ ਲੋਕੇਸ਼ਨਾਂ ਦੇਖ ਕੇ ਦਰਸ਼ਕਾਂ ਦੀਆਂ ਅੱਖੀਆਂ ਦੇ ਪੱਲੇ ਪਰੀਆਂ ਦਾ ਪਿਆਰ ਪਏਗਾ।

## ਇਤਰਾਜ਼ਯੋਗ ਤਸਵੀਰ ਕਾਰਨ ਵਿਵਾਦਾਂ ਵਿਚ ਮੈਡੋਨਾ

ਰੈਪਰ ਕੇਨੀ ਦੀ ਗਰਲਫ੍ਰੈਂਡ ਏਂਬਰ ਰੋਜ਼ ਨਾਲ ਖਿੱਚੀ ਗਈ ਇਕ ਵਿਵਾਦਗ੍ਰਸਤ ਤਸਵੀਰ ਦੇ ਜਨਤਕ ਹੋਣ ਨਾਲ ਪੌਪ ਗਾਇਕਾ ਮੈਡੋਨਾ ਇਕ ਵਾਰ ਫਿਰ ਵਿਵਾਦਾਂ ਵਿਚ ਆ ਗਈ ਹੈ। ਹਾਲ ਹੀ ਵਿਚ ਖਿੱਚੀ ਗਈ ਇਸ ਤਸਵੀਰ ਵਿਚ ਮੈਡੋਨਾ ਏਂਬਰ ਨਾਲ ਇਤਰਾਜ਼ਯੋਗ ਢੰਗ ਨਾਲ ਖੜੀ ਹੈ। 50 ਸਾਲਾ ਮੈਡੋਨਾ ਨੇ ਸ਼ਾਇਦ ਸੋਚਿਆ ਹੋਵੇਗਾ ਕਿ ਇਹ ਤਸਵੀਰ ਲੋਕਾਂ ਸਾਹਮਣੇ ਨਹੀਂ ਆਵੇਗੀ, ਪਰ ਏਂਬਰ ਨੇ ਇਸ ਨੂੰ ਸੋਸ਼ਲ ਨੈਟਵਰਕਿੰਗ ਸਾਈਟ ਟਵਿਟਰ ਦੇ ਆਪਣੇ ਅਕਾਊਂਟ ਵਿਚ ਲਾ ਦਿੱਤਾ ਹੈ, ਜਿਸ ਨਾਲ ਹੁਣ ਇਸ ਨੂੰ ਸਾਰੇ ਲੋਕ ਦੇਖ ਸਕਦੇ ਹਨ। 22 ਸਾਲਾ ਜੀਸਸ ਲੁਜ ਨਾਲ ਡੇਟਿੰਗ ਕਰ ਰਹੀ ਮੈਡੋਨਾ ਮਲਾਵੀ ਤੋਂ ਮਰਸੀ ਜੇਮਸ ਨੂੰ ਗੋਦ ਲੈਣ ਵਿਚ ਨਾਕਾਮ ਰਹਿਣ 'ਤੇ ਚਰਚਾ ਵਿਚ ਆਈ ਸੀ।



## ਬੰਦੂਕ ਦੀ ਨੋਕ 'ਤੇ ਵੀ ਨਗਨ ਸੀਨ ਨਹੀਂ-ਕੰਗਣਾ

ਬਾਲੀਵੁੱਡ ਅਦਾਕਾਰਾ ਕੰਗਣਾ ਰਣਾਵਤ ਨੇ ਕਿਹਾ ਹੈ ਕਿ ਉਹ ਕਦੇ ਵੀ ਕਿਸੇ ਵੀ ਫ਼ਿਲਮ ਵਿਚ ਨਗਨ ਸੀਨ ਨਹੀਂ ਕਰੇਗੀ। ਇਹ ਅਭਿਨੇਤਰੀ ਇਕ ਤੇਲਗੂ ਫ਼ਿਲਮ ਵਿਚ ਨਗਨ ਸੀਨ ਕਰਨ ਕਰਕੇ ਫ਼ਿਲਮ ਜਗਤ ਵਿਚ ਭਾਰੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਇਸੇ ਕਾਰਨ ਹੀ ਇਹ ਸਪੱਸ਼ਟੀਕਰਨ ਆਇਆ ਹੈ।

ਕੰਗਣਾ ਨੇ ਕਿਹਾ, "ਜੇ ਕੋਈ ਬੰਦੂਕ ਦੀ ਨੋਕ 'ਤੇ ਵੀ ਚਾਹੇ, ਤਾਂ ਵੀ ਮੈਂ ਕਿਸੇ ਫ਼ਿਲਮ ਵਿਚ ਨਗਨ ਸੀਨ ਨਾ ਦੇਵਾਂ।" ਉਸ ਨੇ ਦਾਅਵਾ ਕੀਤਾ ਹੈ ਕਿ ਉਹ ਰੂੜੀਵਾਦੀ ਪਰਿਵਾਰ ਵਿਚੋਂ ਆਈ ਹੈ ਤੇ ਅਜਿਹੇ ਅਸ਼ਲੀਲ ਸੀਨ ਦੇਣ ਦਾ ਸਵਾਲ ਹੀ ਨਹੀਂ। ਉਸ ਨੇ ਕਿਹਾ ਕਿ ਉਹ ਕਦੇ ਵੀ ਕਿਸੇ ਨੂੰ ਅਜਿਹੇ ਸੀਨ ਫਿਲਮਾਉਣ ਨਹੀਂ ਦੇਵੇਗੀ ਭਾਵੇਂ ਚੈੱਕ 'ਤੇ ਕਿੰਨੀਆਂ ਹੀ ਸਿਫਰਾਂ ਕਿਉਂ ਨਾ ਲਿਖ ਦਿੱਤੀਆਂ ਜਾਣ।

ਕੰਗਣਾ ਨੇ ਕਿਹਾ ਕਿ ਜਦੋਂ ਕਦੇ ਵੀ ਮੈਂ ਮਰਿਆਦਾ ਟੱਪੀ ਉਦੋਂ ਹੀ ਮੇਰੇ ਮਾਪੇ ਮੈਨੂੰ ਫ਼ਿਲਮ ਸਨਅਤ ਤੋਂ ਘਰ ਵਾਪਸ ਸੱਦ ਲੈਣਗੇ। ਉਸ ਨੇ ਐਨਾ ਕੁ ਜ਼ਰੂਰ ਮੰਨਿਆ ਕਿ ਆਪਣੇ ਸਰੀਰ ਦਾ ਸੁਹੱਪਣ ਦਿਖਾਉਣ ਵਿਚ ਕੋਈ ਹਰਜ ਨਹੀਂ ਕਿਉਂਕਿ ਉਸ ਨੇ ਕਸਰਤ ਕਰਕੇ ਆਪਣੇ ਸਰੀਰ ਨੂੰ ਬਹੁਤ ਦਿਲਕਸ਼ ਬਣਾਇਆ ਹੋਇਆ ਹੈ।

ਇਕ ਮਹੀਨੇ ਪਿੱਛੋਂ ਤੇਲਗੂ ਫਿਲਮ ਦੀ ਸ਼ੂਟਿੰਗ ਕਰਕੇ ਪਰਤੀ ਕੰਗਣਾ ਨੇ ਦੱਸਿਆ ਕਿ ਇਸ ਅਫਵਾਹ ਦਾ ਸ਼ੂਟਿੰਗ ਦੌਰਾਨ ਰੌਲਾ ਪੈ ਗਿਆ ਸੀ ਅਤੇ ਪੱਤਰਕਾਰਾਂ ਦੇ ਫ਼ਿਲਮ ਨਿਰਦੇਸ਼ਕ ਨੂੰ ਫੋਨ 'ਤੇ ਫੋਨ ਆਉਣ ਲੱਗੇ, ਜਿਸ ਕਰਕੇ ਨਿਰਦੇਸ਼ਕ ਪੁਰੀ ਜਗਨਨਾਥ ਦੀ ਤਬੀਅਤ ਵੀ ਖਰਾਬ ਹੋ ਗਈ ਸੀ। ਕੰਗਣਾ ਇਥੇ ਏਕਤਾ ਕਪੂਰ ਦੇ 'ਵਨਸ ਅਪੌਨ ਏ ਟਾਈਮ ਇਨ ਮੁੰਬਈ' ਲਈ ਵਿਸ਼ੇਸ਼ ਟਰਾਇਲ ਦੇਣ ਆਈ ਹੋਈ ਸੀ। ਉਸ ਨੇ ਦੱਸਿਆ ਕਿ ਏਕਤਾ ਨਾਲ ਕੰਮ ਕਰਨਾ ਵੱਡੀ ਚੁਣੌਤੀ ਹੈ।

## ਝੱਗ ਨਾਲ ਨਹਾਉਣ ਦੀ ਸ਼ੌਕੀਨ ਹੈ ਕੈਟਰੀਨਾ ਕੈਫ

ਕੈਟਰੀਨਾ ਕੈਫ ਕੋਲ ਇਸ ਵੇਲੇ ਨਾ ਸਿਰਫ ਫ਼ਿਲਮਾਂ ਦੀ ਲੰਬੀ ਸੂਚੀ ਹੈ, ਸਗੋਂ ਇਨ੍ਹਾਂ ਦੇ ਨਾਲ ਹੀ ਉਸ ਕੋਲ ਕਈ ਵਿਗਿਆਪਨ ਵੀ ਮੌਜੂਦ ਹਨ। ਇਨ੍ਹਾਂ ਹੀ ਵਿਗਿਆਪਨਾਂ 'ਚ ਇਕ ਵਿਗਿਆਪਨ ਸ਼ੈਂਪੂ ਅਤੇ ਕੰਡੀਸ਼ਨਰ ਦਾ ਵੀ ਸ਼ਾਮਲ ਹੈ। ਲੱਗਦੈ ਕਿ ਕੈਟਰੀਨਾ ਨੂੰ ਇਹ ਵਿਗਿਆਪਨ ਕਰਨ 'ਚ ਸੱਚਮੁੱਚ ਮਜ਼ਾ ਆਵੇਗਾ। ਕੈਟਰੀਨਾ ਦੇ ਨਜ਼ਦੀਕੀ ਸੂਤਰਾਂ ਮੁਤਾਬਿਕ ਬਚਪਨ 'ਚ ਕੈਟਰੀਨਾ ਨੂੰ ਝੱਗ ਨਾਲ ਖੇਡਣ ਦਾ ਬਹੁਤ ਮਜ਼ਾ ਆਉਂਦਾ ਸੀ। ਕੈਟਰੀਨਾ ਦਾ ਬਚਪਨ ਇੰਗਲੈਂਡ ਦੀ ਰਾਜਧਾਨੀ ਲੰਡਨ 'ਚ ਬੀਤਿਆ ਹੈ। ਇਕ ਜਾਣਕਾਰ ਨੇ ਦੱਸਿਆ ਕਿ ਲੰਦਨ 'ਚ ਕੈਟਰੀਨਾ ਅਤੇ ਉਸ ਦੀਆਂ 6 ਭੈਣਾਂ 'ਚ ਸਵੇਰੇ-ਸਵੇਰੇ ਉਨ੍ਹਾਂ ਦੇ ਦੋ ਬਾਥਰੂਮਾਂ ਨੂੰ ਵਰਤਣ ਦੀ ਹੋੜ ਲੱਗੀ ਰਹਿੰਦੀ ਸੀ। ਅਕਸਰ ਉਨ੍ਹਾਂ 'ਚੋਂ ਇਕ ਉੱਚੀ ਸਾਰੀ ਕਹਿੰਦੀ ਕਿ ਉਸ ਦਾ ਸ਼ੈਂਪੂ ਅਤੇ ਕੰਡੀਸ਼ਨਰ ਕਿਸਨੇ ਵਰਤਿਆ ਹੈ? ਤੇ ਹਰ ਕੋਈ ਨਾਂਹ 'ਚ ਜਵਾਬ ਦਿੰਦਿਆਂ ਵਿਚਾਰੀ ਕੈਟਰੀਨਾ ਵਲ ਦੇਖਣ ਲੱਗਦਾ। ਹੁਣ ਕਿਉਂਕਿ ਕੈਟਰੀਨਾ ਆਪਣੇ ਘਰੋਂ ਦੂਰ ਬਾਲੀਵੁੱਡ 'ਚ ਰਹਿੰਦੀ ਹੈ ਤਾਂ ਘੱਟੋ-ਘੱਟ ਇੰਨਾ ਤਾਂ ਯਕੀਨ ਕੀਤਾ ਜਾ ਸਕਦਾ ਹੈ ਕਿ ਕੈਟਰੀਨਾ ਨੂੰ ਝੱਗ ਨਾਲ ਨਹਾਉਣ ਲਈ ਹੁਣ ਆਪਣੀਆਂ ਭੈਣਾਂ ਦੇ ਗੁੱਸੇ ਦੀ ਸ਼ਿਕਾਰ ਨਹੀਂ ਹੋਣਾ ਪਵੇਗਾ।




Punjabi Pack only on DISH Network!
PUNJABI PACK
$19.99/mo.
jus punjabi
mh MH ONE
punjjabi TV
Call to Subscribe TODAY!
1-888-242-2276
dish NETWORK
INTERNATIONAL TV
All prices, packages and programming subject to change without notice. Local and state sales taxes may apply. Programming is available for single-family dwellings located in the continental United States. All DISH Network programming, and any other services that are provided, are subject to the terms and conditions of the promotional agreement and Residential Customer Agreement, which is available upon request. Hardware and programming sold separately. Customer must subscribe to minimum programming, including DishFAMILY, DishMÉXICO, TurboHD Bronze or a qualifying International package, or a $6.00/mo. Service Access fee will apply in addition to the monthly price for International programming. A second dish antenna may be required to view both International and American programming. Additional receivers must be activated in conjunction with a primary receiver, and are subject to a $5.00 or $7.00 per month programming access fee per receiver, depending on model selected. All services marks and trademarks belong to their respective owners. ©2009, DISH Network L.L.C. All rights reserved.


ਮੱਤ ਅਸੀਂ ਭੁਲੀਏ Lest We Forget ਮੱਤ ਅਸੀਂ ਭੁਲੀਏ Lest We Forget

ਸ਼੍ਰੋਮਣੀ ਅਕਾਲੀ ਦਲ (ਅ) ਵਲੋਂ ਅਮਰੀਕਨ ਗੁਰਦੁਆਰਾ ਕੌਂਸਲ ਅਤੇ ਸਮੂਹ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਸਾਕਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ 25ਵੀਂ ਦੁਖਦਾਈ ਯਾਦ ਵਿਚ

# ਸ਼ਹੀਦੀ ਕਾਨਫਰੰਸ


## 25th Anniversary of Sikh Genocide

Watch it LIVE online
www.akalidalamritsar.org






# ਮੱਤ ਅਸੀਂ ਭੁਲੀਏ



ਹਰ ਦਰਦਮੰਦ ਸਿੱਖ ਭੈਣ ਭਰਾ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਿੱਖ ਕੌਮ ਦੇ ਦਰਦ ਨੂੰ ਮਹਿਸੂਸ ਕਰਦਿਆਂ, ਸਿੱਖ ਕੌਮ ਦੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜ਼ਲੀਆਂ ਦੇਣ ਲਈ ਦੋਵੇਂ ਸਮਾਗਮਾਂ ਵਿੱਚ ਹੁੰਮ ਹੁੰਮਾਂ ਕੇ ਪਹੁੰਚੋ ਜੀ

## ਸੈਮੀਨਾਰ

ਕਦੋਂ: ਮਈ 30, 2009
ਕਿਥੇ: ਕਰਾਊਨ ਪਲਾਜ਼ਾ (ਯੂਨੀਅਨ ਸਿਟੀ)
ਸਮੂੰ: ਸ਼ਾਮ 5-9 ਵਜ੍ਹੇ ਤੱਕ
Crown Plaza Hotel
32083 Alvarado Niles Rd
Union City, CA 94587
(510) 489-2200

## ਪੰਥਕ ਕਾਨਫਰੰਸ

ਆਰੰਭ ਸ੍ਰੀ ਅਖੰਡ ਪਾਠ : ਮਈ 29, 2009
ਭੋਗ ਸ੍ਰੀ ਅਖੰਡ ਪਾਠ: ਮਈ 31, 2009
ਸੈਨਹੋਜ਼ੇ ਗੁਰਦੁਆਰਾ ਸਾਹਿਬ

## ਬੁਲਾਰੇ

1) ਪ੍ਰੋ. ਗੁਰਵਿੰਦਰ ਸਿੰਘ ਧਾਲੀਵਾਲ (ਬੀ ਸੀ ਕੈਨੇਡਾ)
2) ਸੁਖਮਿੰਦਰ ਸਿੰਘ ਹੰਸਰਾ (ਟਰਾਂਟੋ ਕੈਨੇਡਾ)
3) ਡਾ. ਗੁਰਦੀਪ ਸਿੰਘ ਜਗਬੀਰ (ਲੰਡਨ, ਯੂ ਕੇ)

ਇੰਨਾਂ ਤੋਂ ਇਲਾਵਾ ਹੋਰ ਕਈ ਬੁਲਾਰੇ ਦੇਸ਼ ਵਿਦੇਸ਼ ਤੋਂ ਬੁਲਾਰੇ ਪੁੱਜ ਰਹੇ ਹਨ

Tarsem Singh 559-331-1326
Harjot Singh 916-607-0168
Bupinder Singh Cheema 408-203-8054
Davinder singh 510-750-5757

ਬੇਨਤੀ ਕਰਤਾ:ਭਾਈ ਰਾਮ ਸਿੰਘ, ਪ੍ਰੀਤਮ ਸਿੰਘ ਜੋਗਾ ਨੰਗਲ, ਬਲਜੀਤ ਸਿੰਘ, ਹਰਮਿੰਦਰ ਸਿੰਘ, ਸੁਖਦੇਵ ਸਿੰਘ ਬੈਣੀਵਾਲ, ਤਾਰਾ ਸਿੰਘ, ਜਸਵੀਰ ਸਿੰਘ ਪਵਾਰ (ਰਾਜੂ), ਸਰਬਜੋਤ ਸਿੰਘ ਸਵੱਦੀ, ਅਮਰਦੀਪ ਸਿੰਘ, ਹਰਜੋਤ ਸਿੰਘ, ਕੁਲਜੋਤ ਸਿੰਘ, ਜ਼ਬਰਜੰਗ ਸਿੰਘ, ਪਰਮਿੰਦਰ ਸਿੰਘ, ਅਨੋਖ ਸਿੰਘ, ਰਜਿੰਦਰ ਸਿੰਘ ਟਾਂਡਾ, ਕਰਨੈਲ ਸਿੰਘ ਖਾਲਸਾ, ਕੁਲਵਿੰਦਰ ਸਿੰਘ ਪੰਨੂ, ਹਰਜਾਪ ਸਿੰਘ, ਦਲਜੀਤ ਸਿੰਘ ਖੈਰਾ, ਗੁਰਦੀਪ ਸਿੰਘ, ਈਸਰ ਸਿੰਘ, ਭੁਪਿੰਦਰ ਸਿੰਘ ਪਰਮਾਰ, ਰਾਜਿੰਦਰਪਾਲ ਸਿੰਘ, ਕਮਲਜੀਤ ਸਿੰਘ ਲੌਂਗੀਆ, ਗੁਰਮੀਤ ਸਿੰਘ, ਬਲਵਿੰਦਰ ਸਿੰਘ ਬਰਾੜ, ਸੁਖਵਿੰਦਰ ਸਿੰਘ ਗੋਗੀ, ਦਲਜੀਤ ਸਿੰਘ ਮਾਵੀ, ਰਜਿੰਦਰ ਸਿੰਘ ਰਾਜਾ, ਕਰਨੈਲ ਸਿੰਘ, ਦਰਸ਼ਨ ਸਿੰਘ ਸੰਧੂ, ਗੁਰਨਾਮ ਸਿੰਘ ਟਿੱਕਾ, ਭੁਪਿੰਦਰ ਸਿੰਘ ਮਰੇਲਕੋਟਲਾ ਅਤੇ ਮਨਦੀਪ ਸਿੰਘ ਧਾਮੀ।, ਮਹਿੰਦਰ ਸਿੰਘ ਸਰਪੰਚ, ਦਲਜੀਤ ਸਿੰਘ ਖਹਿਰਾ, ਕੁਲਵਿੰਦਰ ਸਿੰਘ ਪੰਨੂੰ, ਸੁਦੇਸ਼ ਸਿੰਘ ਅਟਵਾਲ, ਕਰਨੈਲ ਸਿੰਘ ਗਿੱਲ, ਗੁਰਦੀਪ ਸਿੰਘ, ਲਖਬੀਰ ਸਿੰਘ, ਮਲਕੀਤ ਸਿੰਘ।

ਮੱਤ ਅਸੀਂ ਭੁਲੀਏ Lest We Forget ਮੱਤ ਅਸੀਂ ਭੁਲੀਏ Lest We Forget